
Thinking Real Estate?



BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193



BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery



Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.



Landmark Realty
40600 Ann Arbor Rd., Suite# 150,
Plymouth, MI 48170
Call: 734-751-4455
rajsshergill@yahoo.com
Raj Shergill
*Associate Broker*



Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 12, March 21, 2020 20451 N. Plum Grove Rd., Palatine, IL 60074 Ph:847-359-0746, Fax:847-705-9388


## ਤਿੰਨ ਸਾਲ ਸੱਤਾ ਭੋਗਣ ਪਿੱਛੋਂ ਕੈਪਟਨ ਦੀ ਜਾਗ ਖੁੱਲ੍ਹੀ

**ਚੰਡੀਗੜ੍ਹ:** ਪੰਜਾਬ ਵਿਚ ਤਿੰਨ ਸਾਲ ਸੱਤਾ ਭੋਗਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਜਾਗ ਖੁੱਲ੍ਹ ਗਈ ਹੈ। ਤਿੰਨ ਸਾਲ ਪੂਰੇ ਹੋਣ ਉਤੇ ਕੈਪਟਨ ਨੇ ਆਪਣੇ ਕੁਝ ਮੰਤਰੀਆਂ ਸਮੇਤ ਪ੍ਰੈਸ ਕਾਨਫਰੰਸ ਕਰਕੇ ਅਗਲੇ ਦੋ ਸਾਲਾਂ ਵਿਚ ਸਾਰਿਆਂ ਦੇ ਉਲਾਂਭੇ ਲਾਹੁਣ ਦੀ ਫੜ੍ਹ ਮਾਰੀ ਹੈ ਪਰ ਅਗਲੇ ਸਾਲਾਂ ਲਈ ਸਰਕਾਰ ਦੀ ਕੀ ਰਣਨੀਤੀ ਹੋਵੇਗੀ, ਇਸ ਬਾਰੇ ਕੁਝ ਵੀ ਬੋਲਣ ਤੋਂ ਟਾਲਾ ਵੱਟਿਆ।

ਕੈਪਟਨ ਦੀ ਇਹ ਫੁਰਤੀ ਉਸ ਵੇਲੇ ਦੇਖਣ ਨੂੰ ਮਿਲੀ ਹੈ ਜਦੋਂ ਸੀਨੀਅਰ ਅਕਾਲੀ ਆਗੂ ਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਸਿਆਸੀ ਸਰਗਰਮੀਆਂ ਵਧਾਉਂਦੇ ਹੋਏ ਆਪਣੇ ਯੂ-ਟਿਊਬ ਚੈਨਲ 'ਜਿੱਤੇਗਾ ਪੰਜਾਬ' ਨਾਲ ਮੈਦਾਨ ਵਿਚ ਨਿੱਤਰੇ ਹਨ। ਇਸ ਤੋਂ ਪਹਿਲਾਂ ਸਿੱਧੂ ਦਿੱਲੀ ਵਿਚ ਰਾਹੁਲ ਗਾਂਧੀ ਅੱਗੇ ਵੀ ਕੈਪਟਨ ਸਰਕਾਰ ਦੀਆਂ ਨਾਲਾਇਕੀਆਂ ਦੀ ਦੁਹਾਈ ਪਾ ਕੇ ਆਏ ਹਨ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਆਪਣੀ ਹੀ ਸਰਕਾਰ ਦੀਆਂ ਨਾਲਾਇਕੀਆਂ ਦਾ ਰੌਲਾ ਪਾਉਣ ਵਾਲੇ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਸਣੇ ਕੁਝ ਮੰਤਰੀ ਕੈਪਟਨ ਦੇ ਸੋਹਲੇ ਗਾਉਂਦੇ ਨਜ਼ਰ ਆਏ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਤਿੰਨ ਸਾਲਾਂ ਵਿਚ ਪੰਜਾਬ ਦੇ ਚੋਣ ਮੈਨੀਫੈਸਟੋ ਵਿਚਲੇ 424 ਵਾਅਦਿਆਂ ਵਿਚੋਂ 225 ਪਹਿਲਾਂ ਹੀ ਪੂਰੇ ਕਰ ਦਿੱਤੇ ਗਏ ਹਨ, 96 ਨੂੰ ਅੰਸ਼ਿਕ ਰੂਪ ਵਿਚ ਲਾਗੂ ਕੀਤਾ ਗਿਆ ਹੈ ਤੇ ਬਾਕੀ 103 ਅਗਲੇ ਦੋ ਸਾਲਾਂ ਵਿਚ ਲਾਗੂ ਕਰ ਦਿੱਤੇ ਜਾਣਗੇ। ਹਾਲਾਂਕਿ ਕੈਪਟਨ ਇਹ ਤਾਂ ਨਹੀਂ ਦੱਸ ਸਕੇ ਕਿ ਸਰਕਾਰ ਨੇ ਕਿਹੜੇ-ਕਿਹੜੇ ਵਾਅਦੇ ਪੂਰੇ ਕਰ ਦਿੱਤੇ ਹਨ ਪਰ ਅਗਲੇ ਦੋ ਸਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ, ਖਣਨ, ਨਸ਼ਾ, ਟਰਾਂਸਪੋਰਟ ਮਾਫੀਆ, 2022 ਤੱਕ 20 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਟੀਚਾ ਪੂਰਾ ਕਰਨ ਤੇ ਕਿਸਾਨਾਂ ਦੀ ਕਰਜ਼ ਮੁਆਫੀ ਦਾ ਦਾਅਵਾ ਕਰ ਕੇ ਕਈ ਸਵਾਲ ਜ਼ਰੂਰ ਛੱਡ ਗਏ। ਸਵਾਲ ਇਹ ਉਠ ਰਹੇ ਹਨ ਕਿ ਜੇਕਰ ਸੂਬੇ ਦੇ ਇਨ੍ਹਾਂ ਅਹਿਮ ਮਸਲਿਆਂ ਉਤੇ ਸਰਕਾਰ ਨੇ ਤਿੰਨ ਸਾਲਾਂ ਵਿਚ ਕੁਝ ਨਹੀਂ ਕੀਤਾ ਤਾਂ ਉਹ ਵਾਅਦੇ ਕਿਹੜੇ ਹਨ, ਜਿਨ੍ਹਾਂ ਨੂੰ ਸਰਕਾਰ ਪੂਰਾ ਕਰਨ ਦਾ ਦਾਅਵਾ ਕਰ ਰਹੀ ਹੈ।

ਅਸਲ ਵਿਚ, ਪੰਜਾਬ ਦੀ ਆਰਥਿਕਤਾ ਨੂੰ ਲੀਹ ਉਤੇ ਲਿਆਉਣ ਲਈ ਕੈਪਟਨ ਸਰਕਾਰ ਫੇਲ੍ਹ ਹੀ ਸਾਬਤ ਹੋਈ ਹੈ। ਕਾਂਗਰਸ ਸਰਕਾਰ ਵਲੋਂ ਨਿੱਘਰੀ ਹੋਈ ਵਿੱਤੀ ਹਾਲਤ ਲਈ ਪਿਛਲੀ ਅਕਾਲੀ ਸਰਕਾਰ ਉਤੇ ਹੀ

(ਬਾਕੀ ਸਫਾ 6 ਉਤੇ)

### ਦੋ ਸਾਲਾਂ 'ਚ ਉਲਾਂਭੇ ਲਾਹੁਣ ਦੀ ਫੜ੍ਹ ਮਾਰੀ



### 'ਅਜੇ ਤਾਂ ਮੈਂ ਜਵਾਨ ਹਾਂ'

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਆਸਤ ਵਿਚ ਬਣੇ ਰਹਿਣ ਅਤੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਆਪਣੀ ਸਰਕਾਰ ਦੇ ਗਠਨ ਦੀ ਤੀਜੀ ਵਰ੍ਹੇਗੰਢ ਮੌਕੇ ਮੁੱਖ ਮੰਤਰੀ ਨੇ ਕਿਹਾ, "ਮੈਂ ਅਜੇ ਵੀ ਪੂਰਾ ਜਵਾਨ ਹਾਂ। ਕੀ ਤੁਸੀਂ ਸੋਚਦੇ ਹੋ ਕਿ ਚੋਣਾਂ ਲੜਨ ਲਈ ਮੈਂ ਬੁੱਢਾ ਹੋ ਗਿਆਂ?" ਕ੍ਰਿਕਟ ਦੇ ਮੈਦਾਨ 'ਚੋਂ ਸਿਆਸਤ ਵਿਚ ਆਏ ਨਵਜੋਤ ਸਿੰਘ ਸਿੱਧੂ ਦੀ ਮੌਜੂਦਾ ਭੂਮਿਕਾ ਤੇ ਰੁਤਬੇ ਬਾਰੇ ਪੁੱਛੇ ਜਾਣ ਉਤੇ ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਮੰਤਰੀ ਕਾਂਗਰਸ ਪਾਰਟੀ ਅਤੇ ਟੀਮ ਦਾ ਹਿੱਸਾ ਹਨ ਅਤੇ ਕਿਸੇ ਵੀ ਫੈਸਲੇ 'ਤੇ ਅਸੀਂ ਉਸ ਦੀਆਂ ਇਛਾਵਾਂ ਉਤੇ ਵਿਚਾਰ ਕਰਾਂਗੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਸਿੱਧੂ ਨਾਲ ਕੋਈ ਜ਼ਾਤੀ ਮਸਲਾ ਨਹੀਂ ਹੈ।

## ਨਾਨਕਸ਼ਾਹੀ ਕੈਲੰਡਰ ਵਿਵਾਦ ਮੁੜ ਅਕਾਲ ਤਖਤ 'ਤੇ ਪੁੱਜਾ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਮੁੜ ਭਖ ਗਿਆ ਹੈ। ਨਵੇਂ ਵਰ੍ਹੇ 2020-21 ਸੰਮਤ 552 ਵਾਸਤੇ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਜਾਰੀ ਕਰਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਹੈ ਕਿ ਸੰਗਤਾਂ ਗੁਰਪੁਰਬ ਤੇ ਹੋਰ ਦਿਨ ਤਿਉਹਾਰ ਇਸ ਕੈਲੰਡਰ ਅਨੁਸਾਰ ਹੀ ਮਨਾਉਣ। ਜਦਕਿ ਕੁਝ ਸਿੱਖ ਜਥੇਬੰਦੀਆਂ ਵਲੋਂ ਇਸ ਵਾਰ ਫਿਰ ਮੂਲ ਨਾਨਕਸ਼ਾਹੀ ਕੈਲੰਡਰ ਉਤੇ ਆਧਾਰਿਤ ਨਾਨਕਸ਼ਾਹੀ ਸੰਮਤ 552 ਦਾ ਨਵੇਂ ਵਰ੍ਹੇ ਦਾ ਕੈਲੰਡਰ ਜਾਰੀ ਕਰ ਦਿੱਤਾ। ਦੋ ਕੈਲੰਡਰ ਜਾਰੀ ਹੋਣ ਨਾਲ ਸਿੱਖ ਸੰਗਤ ਵਿਚ ਮੁੜ ਭੰਬਲਭੂਸਾ ਪੈਦਾ ਹੋ ਗਿਆ ਹੈ। ਉਧਰ, ਸਿੱਖ ਜਥੇਬੰਦੀਆਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਨ ਲਈ ਇਕ ਵਾਰ ਫਿਰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਪਹੁੰਚ ਕੀਤੀ ਹੈ।

ਦਲ ਖਾਲਸਾ ਨੇ ਨਵੇਂ ਵਰ੍ਹੇ ਦਾ ਕੈਲੰਡਰ ਗਿਆਨੀ ਹਰਪ੍ਰੀਤ ਸਿੰਘ ਨੂੰ ਭੇਟ ਕਰਕੇ ਕਿਹਾ ਹੈ ਕਿ ਸਿੱਖ ਸੰਸਥਾਵਾਂ ਦੇ ਉਚ ਅਹੁਦਿਆਂ ਉਤੇ ਬੈਠੀਆਂ ਸ਼ਖਸੀਅਤਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਵਿਵਾਦ ਨੂੰ ਸਿੱਖੀ ਸਿਧਾਂਤਾਂ ਅਨੁਸਾਰ ਹੱਲ ਕਰਨ ਲਈ ਉਪਰਾਲੇ ਕਰਨ। ਜਥੇਬੰਦੀ ਦੇ ਨੁਮਾਇੰਦਿਆਂ ਨੇ ਕੈਲੰਡਰ ਜਾਰੀ ਕਰਨ ਸਮੇਂ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਦੇ ਬਾਹਰ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਵਲੋਂ ਕੀਤੀ ਗਈ ਖਿੱਚਧੂਹ ਬਾਰੇ ਵੀ ਜਥੇਦਾਰ ਨੂੰ ਜਾਣੂ ਕਰਾਇਆ ਹੈ।

ਦਲ ਖਾਲਸਾ ਦੇ ਨੁਮਾਇੰਦਿਆਂ ਨੇ ਕੈਲੰਡਰ ਭੇਟ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਪੰਥ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਉਹ ਕੈਲੰਡਰ ਸਬੰਧੀ ਵਿਵਾਦ ਨੂੰ ਹੱਲ ਕਰਨ ਦੀ ਪਹਿਲਕਦਮੀ ਕਰਨ। ਇਹ ਕੈਲੰਡਰ ਸਿੱਖਾਂ ਦੀ ਅੱਡਰੀ ਪਛਾਣ ਅਤੇ ਵੱਖਰੇ ਧਰਮ ਦੀ ਨਿਸ਼ਾਨੀ ਹੈ। ਉਨ੍ਹਾਂ ਆਖਿਆ ਕਿ ਕੈਲੰਡਰ ਵਿਵਾਦ ਨੂੰ ਧੜਿਆਂ ਦੀ ਰਾਜਨੀਤੀ ਤੋਂ ਉਪਰ ਉਠ ਕੇ ਹੱਲ ਕੀਤਾ ਜਾਵੇ।

ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਹੋਰਨਾਂ ਧਰਮਾਂ ਵਾਂਗ ਸਿੱਖ ਕੌਮ ਦਾ ਵੀ ਵੱਖਰਾ ਕੈਲੰਡਰ ਹੋਣਾ ਚਾਹੀਦਾ ਹੈ। ਸਿੱਖ ਸੰਸਥਾਵਾਂ ਦੇ ਉਚ ਅਹੁਦਿਆਂ ਉਤੇ ਬੈਠੀਆਂ ਸ਼ਖਸੀਅਤਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਵਿਵਾਦ ਨੂੰ ਸਿੱਖੀ ਸਿਧਾਂਤਾਂ ਅਨੁਸਾਰ ਹੱਲ ਕਰਨ ਲਈ ਉਪਰਾਲੇ ਕਰਨ। ਉਧਰ, ਗਿਆਨੀ ਹਰਪ੍ਰੀਤ

(ਬਾਕੀ ਸਫਾ 6 ਉਤੇ)

### ਪੰਜਾਬ ਟਾਈਮਜ਼ ਵੈਬਸਾਈਟ 'ਤੇ ਪੜ੍ਹੋ

ਕਰੋਨਾ ਵਾਇਰਸ ਕਰਕੇ ਉਪਜੇ ਹਾਲਾਤ ਕਾਰਨ ਜੋ ਪਾਠਕ ਪੰਜਾਬ ਟਾਈਮਜ਼ ਦੀ ਕਾਪੀ ਨਾ ਲੈ ਸਕਣ, ਉਹ ਸਾਡੀ ਵੈਬਸਾਈਟ www.punjabtimesusa.com 'ਤੇ ਪੂਰਾ ਅਖਬਾਰ ਪੜ੍ਹ ਸਕਦੇ ਹਨ। ਵੈਬਸਾਈਟ ਖੋਲ੍ਹੋ ਅਤੇ ਪ੍ਰਿੰਟ ਐਡੀਸ਼ਨ 'ਤੇ ਕਲਿਕ ਕਰੋ। ਤੁਹਾਡਾ ਮਨਪਸੰਦ ਅਖਬਾਰ ਤੁਹਾਡੇ ਸਾਹਮਣੇ ਹੋਵੇਗਾ।


India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*




12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com







# ਕਰੋਨਾ ਵਾਇਰਸ ਕਾਰਨ ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਮੁਲਤਵੀ ਅਤੇ ਪ੍ਰਬੰਧ ਸਬੰਧੀ ਹੰਗਾਮੀ ਫੈਸਲੇ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕੀ ਬੋਰਡ, ਸੀ. ਆਈ. ਸੀ. ਅਤੇ ਮੈਂਬਰਸ਼ਿਪ ਤੇ ਇਲੈਕਸ਼ਨ ਕਮੇਟੀ ਦੀ ਲੰਘੀ 14 ਮਾਰਚ ਨੂੰ ਹੋਈ ਹੰਗਾਮੀ ਮੀਟਿੰਗ ਵਿਚ ਕਰੋਨਾ ਵਾਇਰਸ ਕਰਕੇ ਪੈਦਾ ਹੋਏ ਹਾਲਾਤ ਉਪਰ ਵਿਚਾਰ ਕੀਤੀ ਗਈ ਅਤੇ ਡਾ. ਜਸਵਿੰਦਰ ਸਿੰਘ ਚਾਵਲਾ ਵਲੋਂ ਦਿੱਤੀ ਗਈ ਸਲਾਹ ਅਨੁਸਾਰ ਗੁਰਦੁਆਰੇ ਸਬੰਧੀ ਕਈ ਫੈਸਲੇ ਲਏ ਗਏ।

ਇਨ੍ਹਾਂ ਫੈਸਲਿਆਂ ਅਨੁਸਾਰ 12 ਅਪਰੈਲ 2020 ਤੱਕ ਗੁਰੂ ਘਰ ਦੇ ਰੋਜ਼ਾਨਾ ਪ੍ਰੋਗਰਾਮਾਂ ਵਿਚ ਇਹ ਤਬਦੀਲੀਆਂ ਕੀਤੀਆਂ ਗਈਆਂ ਹਨ। ਗੁਰਦੁਆਰਾ ਸਾਹਿਬ 12 ਅਪਰੈਲ ਤੱਕ ਰੋਜ਼ਾਨਾ ਦੇ ਸੰਖੇਪ ਪ੍ਰੋਗਰਾਮ ਲਈ ਖੁੱਲ੍ਹਾ ਰਹੇਗਾ। ਰੋਜ਼ਾਨਾ ਦੀ ਨਿੱਤਨੇਮ ਸੇਵਾ ਕਥਾ ਜਾਂ ਕੀਰਤਨ ਤੋਂ ਬਿਨਾ ਆਮ ਸਮੇਂ ਮੁਤਾਬਕ ਘੱਟੋ ਘੱਟ ਸੰਗਤ ਦੀ ਹਾਜ਼ਰੀ ਵਿਚ ਹੋਵੇਗੀ। ਸੰਖੇਪ ਕੀਤੀਆਂ ਗਈਆਂ ਸੇਵਾਵਾਂ 'ਤੇ ਮੁੜ ਵਿਚਾਰ ਅਪਰੈਲ ਦੇ ਪਹਿਲੇ ਹਫਤੇ ਕੀਤੀ ਜਾਵੇਗੀ।

ਪ੍ਰਬੰਧਕਾਂ ਨੇ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਸੰਗਤ ਦਾ ਕੋਈ ਵੀ ਮੈਂਬਰ, ਜਿਸ ਨੂੰ ਬੁਖਾਰ ਜਾਂ ਖੰਘ ਆਉਂਦੀ ਹੋਵੇ, ਗੁਰੂ ਘਰ ਨਾ ਆਵੇ। ਜੋ ਬੱਚੇ ਤੁਹਾਡੀ ਆਪਣੀ ਸਿੱਧੀ ਨਿਗਰਾਨੀ ਹੇਠ ਨਹੀਂ ਹੋ ਸਕਦੇ, ਉਹ ਗੁਰੂ ਘਰ ਨਾ ਲਿਆਂਦੇ ਜਾਣ।

ਪ੍ਰਬੰਧਕਾਂ ਨੇ ਜਿਨ੍ਹਾਂ ਪਰਿਵਾਰਾਂ ਨੇ ਵਿਆਹ ਸ਼ਾਦੀ ਜਾਂ ਹੋਰ ਪ੍ਰੋਗਰਾਮ ਗੁਰੂ ਘਰ ਵਿਚ ਰੱਖੇ ਹੋਏ ਹਨ, ਉਨ੍ਹਾਂ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਆਪਣੇ ਪ੍ਰੋਗਰਾਮ ਮੁਲਤਵੀ ਕਰ ਦੇਣ ਜਾਂ ਹਾਜ਼ਰੀ ਸੌ ਤੋਂ ਘੱਟ ਹੀ ਰੱਖਣ ਅਤੇ ਹਾਜ਼ਰ ਸੱਜਣ ਆਪਸ ਵਿਚ ਇਕ ਦੂਜੇ ਤੋਂ ਘੱਟੋ ਘੱਟ ਦੂਰੀ 6 ਫੁੱਟ ਦੀ ਰੱਖਣਾ ਯਕੀਨੀ ਬਣਾਉਣ। ਜਿਹੜੇ ਪ੍ਰੋਗਰਾਮ ਪਹਿਲਾਂ ਹੀ ਘਰਾਂ ਲਈ ਬੁੱਕ ਕੀਤੇ ਗਏ ਹਨ, ਉਨ੍ਹਾਂ ਸਬੰਧੀ ਕਿਰਪਾ ਕਰਕੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਧਾਰਮਿਕ ਸਕੱਤਰ ਸ. ਗੁਰਮੀਤ ਸਿੰਘ ਬੈਂਸ ਨਾਲ ਫੋਨ: 847-852-6912 ਰਾਹੀਂ ਸੰਪਰਕ ਕੀਤਾ ਜਾਵੇ।

ਹਫਤੇ ਦੇ ਆਮ ਦਿਨਾਂ ਅਤੇ ਸਨਿਚਰ, ਐਤਵਾਰ ਨੂੰ ਲੰਗਰ ਤੇ ਪ੍ਰਸ਼ਾਦ ਦੀ ਤਿਆਰੀ ਸੀਮਤ ਮਾਤਰਾ ਵਿਚ ਹੋਵੇਗੀ। ਲੰਗਰ ਦੀ ਸੇਵਾ ਨਿਯਤ ਕੀਤੇ ਗਏ ਸੇਵਾਦਾਰਾਂ ਵਲੋਂ ਕੀਤੀ ਜਾਵੇਗੀ। ਪ੍ਰਸ਼ਾਦ ਕੜਛੀ ਨਾਲ ਵਰਤਾਇਆ ਜਾਵੇਗਾ। ਲੰਗਰ ਵਿਚ ਸਿਰਫ ਦਾਲ-ਚੌਲ ਹੀ ਬਣਨਗੇ। ਲੰਗਰ ਤਿਆਰ ਕਰਨ ਅਤੇ ਵਰਤਾਉਣ ਸਮੇਂ ਦਸਤਾਨੇ ਅਤੇ ਮਾਸਕ ਦੀ ਵਰਤੋਂ ਜਰੂਰ ਕੀਤੀ ਜਾਵੇਗੀ।

ਕਿਸੇ ਵੀ ਤਰ੍ਹਾਂ ਦੀ ਡਾਕਟਰੀ ਮਦਦ ਅਤੇ ਕਿਸੇ ਸਵਾਲ ਲਈ ਡਾ. ਜਸਵਿੰਦਰ ਸਿੰਘ ਚਾਵਲਾ ਨਾਲ ਫੋਨ: 630-880-8485 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਮੀਟਿੰਗ ਵਿਚ 5 ਅਪਰੈਲ 2020 ਨੂੰ ਪ੍ਰਬੰਧਕ ਕਮੇਟੀ ਦੀਆਂ ਹੋ ਰਹੀਆਂ ਚੋਣਾਂ ਅਤੇ ਮੈਂਬਰਸ਼ਿਪ ਦੀ ਆਖਰੀ ਤਾਰੀਖ ਬਾਰੇ ਵੀ ਫੈਸਲੇ ਲਏ ਗਏ, ਜਿਸ ਅਨੁਸਾਰ ਚੋਣਾਂ ਆਰਜੀ ਤੌਰ 'ਤੇ 3 ਮਈ 2020 ਤੱਕ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਉਪਰ 5 ਅਪਰੈਲ ਨੂੰ ਮੁੜ ਵਿਚਾਰ ਕੀਤੀ ਜਾਵੇਗੀ।

## ਪੰਥਕ ਸਲੇਟ ਵਲੋਂ 21 ਮਾਰਚ ਦੀ ਕਾਨਫਰੰਸ ਰੱਦ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੀਆਂ ਹੋ ਰਹੀਆਂ ਚੋਣਾਂ ਸਬੰਧੀ ਪੰਥਕ ਸਲੇਟ ਦੇ ਉਮੀਦਵਾਰਾਂ, ਵੋਟਰਾਂ ਤੇ ਹਮਾਇਤੀਆਂ ਦੀ 21 ਮਾਰਚ, ਸਨਿੱਚਰਵਾਰ ਨੂੰ ਇਥੋਂ ਦੀ ਸਬਰਬ ਆਰਲਿੰਗਟਨ ਹਾਈਟਸ ਦੇ ਐਟਲਾਂਟਿਸ ਬੈਂਕੁਇਟ ਹਾਲ ਵਿਚ ਹੋਣ ਵਾਲੀ ਕਾਨਫਰੰਸ ਕਰੋਨਾ ਵਾਇਰਸ ਦੇ ਵੱਧ ਰਹੇ ਖਤਰੇ ਅਤੇ ਇਲੀਨਾਏ ਸਟੇਟ ਦੇ ਸਰਕਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੇ ਵੱਡੇ ਇਕੱਠ ਬੰਦ ਕਰਨ ਦੇ ਹੁਕਮਾਂ ਅਤੇ ਸੰਗਤ ਦੀ ਸਿਹਤ ਨੂੰ ਮੁੱਖ ਰੱਖਦਿਆਂ ਰੱਦ ਕਰ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਕਰੋਨਾ ਵਾਇਰਸ ਕਾਰਨ ਉਪਜੇ ਹਾਲਾਤ ਕਾਰਨ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕੀ ਕਮੇਟੀ ਦੀਆਂ 5 ਅਪਰੈਲ ਨੂੰ ਹੋਣ ਵਾਲੀਆਂ ਚੋਣਾਂ ਵੀ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

## ਅਯੁੱਧਿਆ 'ਚ ਅਸਥਾਈ ਰਾਮ ਮੰਦਿਰ ਸਥਾਪਤ

**ਅਯੁੱਧਿਆ:** ਅਯੁੱਧਿਆ ਵਿਚ ਰਾਮ ਮੰਦਿਰ ਦਾ ਇਕ ਅਸਥਾਈ ਢਾਂਚਾ ਸਥਾਪਤ ਕੀਤਾ ਗਿਆ। ਬੁਲੇਟ-ਪਰੂਫ ਫਾਈਬਰ ਦਾ ਬਣਿਆ ਇਹ ਢਾਂਚਾ ਦਿੱਲੀ ਤੋਂ ਅਯੁੱਧਿਆ ਲਿਆਂਦਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਮੰਦਿਰ ਬਹੁਤ ਸਾਰੀਆਂ ਸਹੂਲਤਾਂ ਨਾਲ ਲੈਸ ਹੈ। ਉਨ੍ਹਾਂ ਦੱਸਿਆ ਕਿ ਮੰਦਿਰ ਦਾ ਪਲੇਟਫਾਰਮ 24 ਮਾਰਚ ਤੱਕ ਤਿਆਰ ਹੋ ਜਾਵੇਗਾ ਅਤੇ 25 ਮਾਰਚ ਨੂੰ ਇਸ ਵਿਚ 'ਰਾਮਲੱਲਾ' ਦੀ ਮੂਰਤੀ ਸਥਾਪਤ ਕੀਤੀ ਜਾਵੇਗੀ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਭਗਵਾਨ ਰਾਮ ਦੀ ਪਹਿਲੀ ਆਰਤੀ ਕਰਨਗੇ। ਸੂਤਰਾਂ ਅਨੁਸਾਰ ਇਹ ਮੰਦਿਰ ਗੋਲੀ, ਪਾਣੀ ਅਤੇ ਅੱਗ ਦੀ ਮਾਰ ਤੋਂ ਸੁਰੱਖਿਅਤ ਹੈ। ਜ਼ਿਕਰਯੋਗ ਹੈ ਕਿ 1992 ਤੋਂ ਬਾਅਦ ਪਹਿਲੀ ਵਾਰ 'ਰਾਮਲੱਲਾ' ਦੀ ਮੂਰਤੀ ਇਕ ਅਸਥਾਈ ਸ਼ਾਮਿਆਨੇ 'ਚੋਂ ਮੰਦਿਰ 'ਚ ਬਦਲੀ ਜਾਵੇਗੀ। ਮੁੱਖ ਪੁਜਾਰੀ ਅਚਾਰੀਆ ਸਤੇਂਦਰ ਦਾਸ ਨੇ ਕਿਹਾ ਕਿ 'ਰਾਮਲੱਲਾ' ਦੀ ਮੂਰਤੀ 27 ਸਾਲ ਸ਼ਾਮਿਆਨੇ ਵਿਚ ਰੱਖੀ ਗਈ ਪਰ ਹੁਣ ਜਲਦੀ ਹੀ ਮੂਰਤੀ ਨੂੰ ਨਵੇਂ ਮੰਦਿਰ ਵਿਚ ਸਥਾਪਤ ਕੀਤਾ ਜਾਵੇਗਾ।


## ਮੈਲਬਰਨ ਹਾਦਸਾ: ਪੰਜਾਬੀ ਪਰਿਵਾਰ ਦੇ 3 ਜੀਅ ਹਲਾਕ

**ਮੈਲਬਰਨ:** ਚੰਗੇ ਭਵਿੱਖ ਦੀ ਤਲਾਸ਼ ਵਿਚ ਆਸਟਰੇਲੀਆ ਗਏ ਇਸ਼ਪ੍ਰੀਤ ਸਿੰਘ (16) ਅਤੇ ਉਸ ਦੇ ਆਸਟਰੇਲੀਆ ਰਹਿੰਦੇ ਚਾਚਾ-ਚਾਚੀ ਦੀ ਮੈਲਬਰਨ ਦੇ ਡੈਂਡੀਨੌਂਗ ਖੇਤਰ ਵਿਚ ਵਾਪਰੇ ਸੜਕ ਹਾਦਸੇ 'ਚ ਮੌਤ ਹੋ ਗਈ। ਇਸ਼ਪ੍ਰੀਤ ਸਿੰਘ ਦੋ ਹਫਤੇ ਪਹਿਲਾਂ ਹੀ ਆਪਣੀ ਮਾਂ ਗੁਰਮੀਤ ਕੌਰ ਨਾਲ ਆਸਟਰੇਲੀਆ ਗਿਆ ਸੀ। ਇਸ਼ਪ੍ਰੀਤ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਪਿੰਡ ਨਮਾਦਾ ਦੇ ਚਚੇਰੇ ਭਰਾ ਬਲਕਾਰ ਸਿੰਘ ਨੇ ਦੱਸਿਆ ਕਿ ਇਸ਼ਪ੍ਰੀਤ ਸਿੰਘ 11ਵੀਂ ਪਾਸ ਕਰ ਕੇ ਬੀਤੀ 16 ਫਰਵਰੀ ਨੂੰ ਆਪਣੀ ਮਾਂ ਨਾਲ ਆਸਟਰੇਲੀਆ ਆਪਣੇ ਚਾਚਾ-ਚਾਚੀ ਕੋਲ ਗਿਆ ਸੀ।

ਇਸ਼ਪ੍ਰੀਤ ਸਿੰਘ ਦਾ ਚਾਚਾ ਸਵਰਨਜੀਤ ਸਿੰਘ ਪਿਛਲੇ 16 ਸਾਲਾਂ ਤੋਂ ਆਸਟਰੇਲੀਆ ਰਹਿੰਦਾ ਸੀ ਤੇ ਉਸ ਦੀ ਚਾਚੀ ਅਮਨਦੀਪ ਕੌਰ ਬਿਰਧ ਸੰਭਾਲ ਕੇਂਦਰ 'ਚ ਕੰਮ ਕਰਦੀ ਸੀ। ਉਸ ਨੇ ਦੱਸਿਆ ਕਿ ਛੁੱਟੀ ਹੋਣ ਕਾਰਨ ਸਵਰਨਜੀਤ ਸਿੰਘ (34), ਉਸ ਦੀ ਪਤਨੀ ਅਮਨਦੀਪ ਕੌਰ, ਉਨ੍ਹਾਂ ਦਾ ਸਾਢੇ 4 ਸਾਲਾਂ ਬੱਚਾ ਸਹਿਜ, ਇਸ਼ਪ੍ਰੀਤ ਸਿੰਘ ਅਤੇ ਉਸ ਦੀ ਮਾਂ ਗੁਰਮੀਤ ਕੌਰ ਮੈਲਬਰਨ ਨੇੜਲੇ ਕਿਸੇ ਪਹਾੜੀ ਇਲਾਕੇ ਵਿਚ ਘੁੰਮਣ ਗਏ ਸਨ। ਵਾਪਸੀ 'ਤੇ ਸੜਕ ਕਿਨਾਰੇ ਖੜ੍ਹਾ ਇਕ ਦਰਖਤ ਉਨ੍ਹਾਂ ਦੀ ਕਾਰ 'ਤੇ ਆ ਡਿੱਗਾ, ਜਿਸ ਕਾਰਨ ਸਵਰਨਜੀਤ ਸਿੰਘ, ਅਮਨਦੀਪ ਕੌਰ ਅਤੇ ਇਸ਼ਪ੍ਰੀਤ ਸਿੰਘ ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦਕਿ ਸਹਿਜ ਅਤੇ ਗੁਰਮੀਤ ਕੌਰ ਗੰਭੀਰ ਜਖਮੀ ਹੋ ਗਏ ਜੋ ਉੱਥੇ ਇਲਾਜ ਅਧੀਨ ਹਨ।

Singh Tax & Accounting Services LLC.
Individual & Business Taxes, Accounting, Payroll & Financial Consulting Services.
Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036
Mohan Singh
M.COM, MBA (Finance), ACA
Master in Taxation.
IRS Enrolled agent,
Notary Public
Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com

SERVING
Wisconsin & Illinois State
Residential or Commercial
Buying, Selling, Renting or Investing
Buy thru us Get Best Service + Thousands of Dollars cash back.
Buying: Have access to more than 60 websites to find your dream home or future investment!
New constructions homes - Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!

For the best deal call:
Jesse Singh (e-PRO, SFR , CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com
12 years experience (Full time service)
Sold: #780 Homes and #82 Commercials.
RE/MAX COMMERCIAL · RE/MAX PLATINUM CLUB · e-PRO · SFR SHORT SALES & FORECLOSURE RESOURCE · CIAS Certified Investor Agent Specialist

ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ

ਸ. ਅਮਰੀਕ ਸਿੰਘ ਸ਼ਿਕਾਗੋ
ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ
ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

**ਨਿਰਵਿਘਨ ਪ੍ਰਕਾਸ਼ਨ ਦੇ 21ਵੇਂ ਸਾਲ 'ਚ (ਪਹਿਲੀ ਜਨਵਰੀ 2000-2020)**

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ

# ਪੰਜਾਬ ਟਾਈਮਜ਼ ਦੀ 20ਵੀਂ ਵਰ੍ਹੇਗੰਢ ਮੌਕੇ

## ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 9 ਮਈ 2020 *ਸ਼ਨਿਚਰਵਾਰ ਸ਼ਾਮ 6 ਵਜੇ*

**Atlantis Banquets** 1273 N. Rand Road, Arlington Heights, IL 60004

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

**ਪੰਜਾਬ ਟਾਈਮਜ਼**

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@sbcglobal.net, website: www.punjabtimesusa.com*

# ਕਰੋਨਾ ਵਾਇਰਸ ਨੇ ਮਹਾਮਾਰੀ ਦਾ ਰੂਪ ਧਾਰਿਆ, ਹਜ਼ਾਰਾਂ ਮੌਤਾਂ

**ਨਵੀਂ ਦਿੱਲੀ:** ਚੀਨ ਤੋਂ ਸ਼ੁਰੂ ਹੋਏ ਕਰੋਨਾ ਵਾਇਰਸ ਨੇ ਪੂਰੀ ਦੁਨੀਆਂ ਨੂੰ ਲਪੇਟੇ ਵਿਚ ਲੈ ਲਿਆ ਹੈ। ਭਾਰਤ ਤੇ ਅਮਰੀਕਾ ਸਮੇਤ ਤਕਰੀਬਨ ਸਾਰੇ ਦੇਸ਼ਾਂ ਨੇ ਇਸ ਨੂੰ ਕੌਮੀ ਆਫਤ ਐਲਾਨ ਦਿੱਤਾ ਹੈ। ਕਰੋਨਾਵਾਇਰਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਨਵੀਂ ਰਿਪੋਰਟ ਅਨੁਸਾਰ ਵਿਸ਼ਵ ਪੱਧਰ ਉਤੇ ਮਰਨ ਵਾਲਿਆਂ ਦੀ ਗਿਣਤੀ 6500 ਤੋਂ ਟੱਪ ਗਈ ਹੈ। 159,844 ਲੋਕ ਪ੍ਰਭਾਵਿਤ ਹਨ।

ਪੰਜਾਬ ਸਰਕਾਰ ਨੇ ਕਰੋਨਾ ਵਾਇਰਸ ਦੇ ਪ੍ਰਭਾਵ ਨੂੰ ਰੋਕਣ ਲਈ ਇਹਤਿਆਤ ਵਜੋਂ ਸੂਬੇ 'ਚ ਵੱਡੇ ਇਕੱਠ ਨਾ ਕਰਨ, ਖੇਡ ਮੇਲੇ ਤੇ ਸਭਿਆਚਾਰਕ ਸਮਾਗਮ ਨਾ ਕਰਾਉਣ ਸਮੇਤ ਸਾਰੇ ਸਿਨੇਮਾ ਘਰ, ਜਿਮ, ਸਵਿਮਿੰਗ ਪੂਲ ਆਦਿ ਬੰਦ ਕਰਨ ਦੇ ਹੁਕਮ ਦਿੱਤੇ ਹਨ। ਇਹ ਪਾਬੰਦੀਆਂ ਅਗਲੇ ਹੁਕਮਾਂ ਤੱਕ ਜਾਰੀ ਰਹਿਣਗੀਆਂ। ਇਸ ਤੋਂ ਇਲਾਵਾ ਵਿਦਿਅਕ ਅਦਾਰੇ ਵੀ ਬੰਦ ਕਰ ਦਿੱਤੇ ਗਏ ਹਨ। ਸਪੇਨ ਵਿਚ ਇਸ ਨਾਲ 105 ਲੋਕ ਮਾਰੇ ਗਏ ਹਨ ਤੇ ਚੀਨ ਵਿਚ ਸਭ ਤੋਂ ਵੱਧ 3299 ਮੌਤਾਂ ਹੋਈਆਂ ਹਨ। ਇਰਾਨ ਵਿਚ 150 ਜਣਿਆਂ ਦੀ ਮੌਤ ਹੋ ਗਈ ਹੈ। ਇਹ ਇਕ ਦਿਨ ਵਿਚ ਕਰੋਨਾਵਾਇਰਸ ਕਾਰਨ ਹੋਈਆਂ ਸਭ ਤੋਂ ਵੱਧ ਮੌਤਾਂ ਹਨ। ਸਿਹਤ ਮੰਤਰਾਲੇ ਨੇ ਲੋਕਾਂ ਨੂੰ ਘਰਾਂ ਵਿਚ ਰਹਿਣ ਦੀ ਸਲਾਹ ਦਿੱਤੀ ਹੈ।

ਭਾਰਤ ਸਰਕਾਰ ਨੇ ਕਰੋਨਾ ਵਾਇਰਸ ਨੂੰ ਕੌਮੀ ਆਫਤ ਘੋਸ਼ਿਤ ਕਰਦਿਆਂ ਇਸ ਵਾਇਰਸ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਚਾਰ ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਕੀਤਾ ਹੈ। ਭਾਰਤ ਵਿਚ ਕਰੋਨਾਵਾਇਰਸ ਨਾਲ ਪੀੜਤ ਲੋਕਾਂ ਦੀ ਗਿਣਤੀ ਵਧ ਕੇ 125 ਹੋ ਗਈ ਹੈ ਅਤੇ ਇਸ ਵਾਇਰਸ ਕਾਰਨ ਹੁਣ ਤੱਕ 3 ਮੌਤਾਂ ਹੋ ਚੁੱਕੀਆਂ ਹਨ। ਕਰੋਨਾਵਾਇਰਸ ਦੇ ਮੱਦੇਨਜ਼ਰ ਭਾਰਤ ਸਰਕਾਰ ਵਲੋਂ ਪਦਮ ਪੁਰਸਕਾਰ ਸਮਾਗਮ, ਜੋ 3 ਅਪਰੈਲ ਨੂੰ ਹੋਣਾ



ਸੀ, ਮੁਲਤਵੀ ਕਰ ਦਿੱਤਾ ਗਿਆ ਹੈ। ਗ੍ਰਹਿ ਮਾਮਲਿਆਂ ਬਾਰੇ ਮੰਤਰਾਲੇ ਵਲੋਂ ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਭੇਜੇ ਪੱਤਰ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਕੋਵਿਡ-19 ਦੇ ਫੈਲਾਅ ਅਤੇ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਵਲੋਂ ਇਸ ਨੂੰ ਮਹਾਮਾਰੀ ਐਲਾਨੇ ਜਾਣ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਨਾਲ ਨੋਟੀਫਾਈਡ ਆਫਤ ਵਾਂਗ ਨਜਿੱਠਿਆ ਜਾਵੇ ਅਤੇ ਇਸ ਲਈ ਸੂਬਾ ਆਫਤ ਰਿਸਪੌਂਸ ਫੰਡ (ਐਸ.ਡੀ.ਆਰ.ਐਫ.) ਤਹਿਤ ਸਹਾਇਤਾ ਦਿੱਤੀ ਜਾਵੇ।

ਕੇਂਦਰ ਸਰਕਾਰ ਨੇ ਦੱਸਿਆ ਕਿ ਕੋਵਿਡ-19 ਦੇ ਮਰੀਜ਼ਾਂ ਦੀ ਸਾਂਭ-ਸੰਭਾਲ ਸਬੰਧੀ ਹਸਪਤਾਲਾਂ ਦਾ ਖਰਚਾ ਸੂਬਾ ਸਰਕਾਰਾਂ ਵਲੋਂ ਨਿਰਧਾਰਿਤ ਰੇਟਾਂ ਅਨੁਸਾਰ ਹੋਵੇਗਾ। ਪੀੜਤ ਲੋਕਾਂ ਨੂੰ ਵੱਖਰੇ ਤੌਰ ਉਤੇ ਰੱਖਣ ਜਾਂ ਘਰਾਂ ਵਿਚ ਰੱਖਣ ਜਾਂ ਫਿਰ ਇਕੱਠੇ ਸਮੂਹਾਂ ਨੂੰ ਸੰਭਾਲਣ ਲਈ ਸੂਬਾ ਸਰਕਾਰਾਂ ਐਸ.ਡੀ.ਆਰ.ਐਫ. ਦੀ ਵਰਤੋਂ ਕਰਕੇ ਆਰਜ਼ੀ ਰਿਹਾਇਸ਼, ਖਾਣਾ, ਕੱਪੜੇ ਅਤੇ ਮੈਡੀਕਲ ਸਹੂਲਤਾਂ ਦਾ ਪ੍ਰਬੰਧ ਕਰ ਸਕਦੀਆਂ ਹਨ। ਨੋਟੀਫਿਕੇਸ਼ਨ ਵਿਚ ਅੱਗੇ ਕਿਹਾ ਗਿਆ ਹੈ ਕਿ ਸੂਬਾ ਐਗਜ਼ੈਕੇਟਿਵ ਕਮੇਟੀ ਵਲੋਂ ਵੱਖਰੇ ਕੈਂਪਾਂ, ਉਨ੍ਹਾਂ ਦਾ ਸਮਾਂ ਅਤੇ ਲੋਕਾਂ ਦੀ ਗਿਣਤੀ ਆਦਿ ਬਾਰੇ ਫੈਸਲੇ ਲਏ ਜਾਣਗੇ। ਕੇਂਦਰ ਸਰਕਾਰ ਵਲੋਂ ਸੂਬਿਆਂ ਨੂੰ ਐਸ.ਡੀ.ਆਰ.ਐਫ. ਫੰਡਾਂ ਦੀ ਵਰਤੋਂ ਸਬੰਧੀ ਦਿਸ਼ਾ -ਨਿਰਦੇਸ਼ ਦਿੱਤੇ ਗਏ ਹਨ। ਇਸ ਫੰਡ ਦੀ ਵਰਤੋਂ ਕਰਕੇ ਜ਼ਰੂਰੀ ਸਾਮਾਨ ਦੀ ਖਰੀਦ ਕੀਤੀ ਜਾ ਸਕਦੀ ਹੈ ਅਤੇ ਲੋਕਾਂ ਨੂੰ ਵੱਖਰੇ ਤੌਰ ਉਤੇ ਰੱਖਣ ਸਬੰਧੀ ਪ੍ਰਬੰਧ ਕੀਤੇ ਜਾ ਸਕਦੇ ਹਨ। ਸਾਰੇ ਸੂਬਿਆਂ ਲਈ ਜਾਰੀ ਦੋ ਸਫਿਆਂ ਦੇ ਨਿਰਦੇਸ਼ਾਂ ਵਿਚ ਲੋੜੀਂਦੀਆਂ ਵਸਤਾਂ ਦੀ ਸੂਚੀ ਅਤੇ ਵਾਇਰਸ ਦਾ ਫੈਲਾਅ ਰੋਕਣ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ।

ਸਿਹਤ ਮੰਤਰਾਲੇ ਅਨੁਸਾਰ ਕਰੋਨਾਵਾਇਰਸ ਦੇ ਕੇਰਲ ਵਿਚ 19 ਕੇਸ, ਮਹਾਰਾਸ਼ਟਰ ਵਿਚ 14, ਉੱਤਰ ਪ੍ਰਦੇਸ਼ ਵਿਚ 11, ਦਿੱਲੀ ਵਿਚ ਸੱਤ, ਕਰਨਾਟਕ ਛੇ, ਲੱਦਾਖ ਵਿਚ ਤਿੰਨ, ਜੰਮੂ ਕਸ਼ਮੀਰ ਦੋ ਅਤੇ ਰਾਜਸਥਾਨ, ਤੇਲੰਗਾਨਾ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼ ਤੇ ਪੰਜਾਬ ਵਿਚ ਇਕ-ਇਕ ਮਰੀਜ਼ ਸਾਹਮਣੇ ਆਏ ਹਨ। ਇਸੇ ਦੌਰਾਨ ਮਹਾਰਾਸ਼ਟਰ ਦੇ ਪੁਣੇ ਨੇੜੇ ਪਿੰਪਰੀ-ਚਿੰਚਵਾੜ 'ਚ ਪੰਜ ਵਿਅਕਤੀਆਂ ਦੇ ਕਰੋਨਾਵਾਇਰਸ ਨਾਲ ਪੀੜਤ ਹੋਣ ਦੀ ਪੁਸ਼ਟੀ ਹੋਈ ਹੈ।

## ਹੰਗਾਮੀ ਫੰਡ ਲਈ ਭਾਰਤ ਵਲੋਂ ਇਕ ਕਰੋੜ ਡਾਲਰ ਦੀ ਪੇਸ਼ਕਸ਼

**ਨਵੀਂ ਦਿੱਲੀ:** ਕਰੋਨਾ ਵਾਇਰਸ ਮਹਾਮਾਰੀ ਨਾਲ ਨਜਿੱਠਣ ਲਈ ਭਾਰਤ ਨੇ 'ਸਾਰਕ' (ਦੱਖਣੀ ਏਸ਼ਿਆਈ ਮੁਲਕਾਂ ਵਿਚਾਲੇ ਖੇਤਰੀ ਸਹਿਯੋਗ ਲਈ ਸੰਗਠਨ) ਮੁਲਕਾਂ ਦਾ ਇਕ ਸਾਂਝਾ ਹੰਗਾਮੀ ਫੰਡ ਕਾਇਮ ਕਰਨ ਦੀ ਤਜਵੀਜ਼ ਰੱਖੀ ਹੈ। ਇਸ ਦੇ ਨਾਲ ਹੀ ਭਾਰਤ ਨੇ ਇਕ ਕਰੋੜ ਅਮਰੀਕੀ ਡਾਲਰ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ। ਵਿਸ਼ਵ ਵਿਆਪੀ ਕੂਟਨੀਤੀ ਦੇ ਇਤਿਹਾਸ 'ਚ ਇਕ ਅਨੋਖੇ 'ਵੈੱਬ ਸਿਖਰ ਸੰਮੇਲਨ' (ਵੀਡੀਓ ਕਾਨਫਰੰਸ) ਵਿਚ 'ਸਾਰਕ ਮੁਲਕ' ਕਰੋਨਾ ਵਾਇਰਸ ਦੇ ਖਤਰੇ ਨਾਲ ਕਾਰਗਰ ਢੰਗ ਨਾਲ ਨਜਿੱਠਣ ਲਈ ਸਾਂਝੀ ਰਣਨੀਤੀ ਘੜਨ ਲਈ ਸਹਿਮਤ ਹੋਏ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਗੁਆਂਢੀ ਦੇਸ਼ਾਂ ਦੇ ਆਗੂਆਂ ਨੇ ਸਾਂਝੀ ਰਣਨੀਤੀ ਉਤੇ ਅਮਲ ਕਰਨ 'ਤੇ ਵਿਚਾਰ-ਵਟਾਂਦਰਾ ਕੀਤਾ। ਵਿਸ਼ਵ ਸਿਹਤ ਸੰਗਠਨ ਵਲੋਂ ਇਕੱਠਾਂ ਤੋਂ ਦੂਰੀ ਬਣਾਉਣ ਦੀ ਸਲਾਹ 'ਤੇ ਅਮਲ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀਡੀਓ ਕਾਨਫਰੰਸ ਕੀਤੀ।

## ਡੋਨਲਡ ਟਰੰਪ ਕਰੋਨਾ ਵਾਇਰਸ ਵਾਲਾ ਟੈਸਟ ਪਾਸ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਰੋਨਾ ਵਾਇਰਸ ਸਬੰਧੀ ਟੈਸਟ ਨਾਂਹ-ਪੱਖੀ ਪਾਏ ਹਨ। ਇਹ ਜਾਣਕਾਰੀ ਵ੍ਹਾਈਟ ਹਾਊਸ ਦੇ ਸਿਹਤ ਅਧਿਕਾਰੀ ਵੱਲੋਂ ਦਿੱਤੀ ਗਈ। ਜ਼ਿਕਰਯੋਗ ਹੈ ਕਿ ਕਰੋਨਾ ਵਾਇਰਸ ਦੇ ਮੱਦੇਨਜ਼ਰ ਅਮਰੀਕਾ ਵਿਚ ਕੌਮੀ ਐਮਰਜੈਂਸੀ ਐਲਾਨੀ ਗਈ ਸੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਟੈਸਟ ਕੀਤੇ ਗਏ ਸਨ, ਜਿਨ੍ਹਾਂ ਦੇ ਨਤੀਜੇ 24 ਘੰਟਿਆਂ ਤੋਂ ਵੀ ਘੱਟ ਸਮੇਂ 'ਚ ਆ ਗਏ। ਰਾਸ਼ਟਰਪਤੀ ਟਰੰਪ ਦੇ ਡਾਕਟਰ ਸੀਨ ਕੋਨਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵ੍ਹਾਈਟ ਹਾਊਟ ਦੇ ਪ੍ਰੈੱਸ ਸਕੱਤਰ ਸਟੀਫਨ ਗ੍ਰੀਸ਼ਮ ਨੇ ਦੱਸਿਆ ਕਿ ਉਨ੍ਹਾਂ ਨੂੰ ਟੈਸਟਾਂ ਸਬੰਧੀ ਜਾਣਕਾਰੀ ਮਿਲੀ ਹੈ ਅਤੇ ਰਾਸ਼ਟਰਪਤੀ ਦੇ ਕੀਤੇ ਗਏ ਟੈਸਟਾਂ 'ਚ ਕਰੋਨਾਵਾਇਰਸ ਦਾ ਨਤੀਜਾ ਨਾਂਹ-ਪੱਖੀ ਆਇਆ ਹੈ।

## ਚੀਨ ਨੇ ਅਮਰੀਕਾ 'ਤੇ ਲਾਇਆ ਮਹਾਮਾਰੀ ਫੈਲਾਉਣ ਦਾ ਦੋਸ਼

**ਵੂਹਾਨ:** ਚੀਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਝਾਓ ਲਿਜਿਆਨ ਨੇ ਟਵੀਟ ਕੀਤਾ ਹੈ ਕਿ ਕਰੋਨਾ ਵਾਇਰਸ ਨਾਂ ਦੀ ਮਹਾਮਾਰੀ ਅਮਰੀਕੀ ਫੌਜ ਵੱਲੋਂ ਲਿਆਂਦੀ ਹੋ ਸਕਦੀ ਹੈ। ਉਨ੍ਹਾਂ ਅਮਰੀਕਾ ਨੂੰ ਆਪਣਾ ਡੇਟਾ ਪਾਰਦਰਸ਼ੀ ਢੰਗ ਨਾਲ ਸਾਂਝਾ ਕਰਨ ਤੇ ਇਸ ਬਾਰੇ ਸਪੱਸ਼ਟੀਕਰਨ ਦੇਣ ਲਈ ਕਿਹਾ ਹੈ। ਦੂਜੇ ਪਾਸੇ ਇਸ ਮਾਮਲੇ 'ਚ ਕਾਰਵਾਈ ਕਰਦਿਆਂ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਅਮਰੀਕਾ ਵਿਚਲੇ ਚੀਨੀ ਸਫੀਰ ਨੂੰ ਤਲਬ ਕਰ ਲਿਆ ਹੈ।

# ਭਾਰਤ ਵੱਲੋਂ 15 ਅਪਰੈਲ ਤੱਕ ਸਾਰੇ ਸੈਲਾਨੀ ਵੀਜ਼ੇ ਰੱਦ

**ਜਨੇਵਾ:** ਵਿਸ਼ਵ ਸਿਹਤ ਸੰਗਠਨ ਨੇ ਦੁਨੀਆਂ ਭਰ 'ਚ ਹਜ਼ਾਰਾਂ ਜਾਨਾਂ ਲੈਣ ਵਾਲੇ ਕਰੋਨਾ ਵਾਇਰਸ ਨੂੰ ਮਹਾਮਾਰੀ ਐਲਾਨ ਦਿੱਤਾ ਹੈ, ਜਿਸ



ਤੋਂ ਬਾਅਦ ਭਾਰਤ ਨੇ ਦੇਸ਼ ਵਿਚ ਕਰੋਨਾ ਵਾਇਰਸ ਦੇ ਲਗਾਤਾਰ ਮਾਮਲੇ ਸਾਹਮਣੇ ਆਉਣ ਤੋਂ ਬਾਅਦ 15 ਅਪਰੈਲ ਤੱਕ ਸਾਰੇ ਸੈਲਾਨੀ ਵੀਜ਼ੇ ਰੱਦ ਕਰ ਦਿੱਤੇ ਹਨ।

ਸਿਹਤ ਮੰਤਰੀ ਹਰਸ਼ ਵਰਧਨ ਦੀ ਅਗਵਾਈ ਵਿਚ ਹੋਈ ਮੰਤਰੀਆਂ ਦੇ ਗਰੁੱਪ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ। ਕੂਟਨੀਤਕ, ਅਧਿਕਾਰੀਆਂ, ਸੰਯੁਕਤ ਰਾਸ਼ਟਰ, ਅੰਤਰਰਾਸ਼ਟਰੀ ਸੰਗਠਨਾਂ, ਰੁਜ਼ਗਾਰ ਅਤੇ ਪ੍ਰੋਜੈਕਟ ਵੀਜ਼ਿਆਂ ਨੂੰ ਛੱਡ ਕੇ ਬਾਕੀ ਸਾਰੇ ਵੀਜ਼ੇ 15 ਅਪਰੈਲ ਤੱਕ ਰੱਦ ਕੀਤੇ ਗਏ ਹਨ। ਇਸ ਤੋਂ ਇਲਾਵਾ ਓ.ਸੀ.ਆਈ. ਕਾਰਡ ਧਾਰਕਾਂ ਨੂੰ ਦਿੱਤੀ ਜਾਣ ਵਾਲੀ ਵੀਜ਼ਾ ਮੁਕਤ ਯਾਤਰਾ ਦੀ ਸਹੂਲਤ ਵੀ 15 ਅਪਰੈਲ ਤੱਕ ਰੱਦ ਕੀਤੀ ਗਈ ਹੈ। ਜਾਨਲੇਵਾ ਕਰੋਨਾ ਵਾਇਰਸ ਦੇ ਕੇਰਲ 'ਚ 10 ਅਤੇ ਦਿੱਲੀ ਤੇ ਰਾਜਸਥਾਨ 'ਚ ਇਕ-ਇਕ ਨਵਾਂ ਮਾਮਲਾ ਸਾਹਮਣੇ ਆਉਣ ਦੇ ਬਾਅਦ ਦੇਸ਼ 'ਚ ਪੀੜਤਾਂ ਦੀ ਗਿਣਤੀ ਵਧ ਕੇ 125 ਹੋ ਗਈ ਹੈ। ਇਸੇ ਦੌਰਾਨ ਕਰਨਾਟਕ 'ਚ ਕੋਵਿਡ-19 ਦੇ ਇਕ ਸ਼ੱਕੀ ਵਿਅਕਤੀ ਦੀ ਮੌਤ ਹੋ ਗਈ।

ਅਧਿਕਾਰਤ ਸੂਤਰਾਂ ਅਨੁਸਾਰ ਮ੍ਰਿਤਕ ਦੀ ਪਛਾਣ ਮੁਹੰਮਦ ਸਿੱਦੀਕੀ (76) ਵਜੋਂ ਹੋਈ ਹੈ, ਜੋ ਬੀਤੀ 29 ਫਰਵਰੀ ਨੂੰ ਸਾਊਦੀ ਅਰਬ ਤੋਂ ਕਾਲਾਬੁਰਗੀ (ਕਰਨਾਟਕ) ਆਇਆ ਸੀ। ਸੂਬੇ ਦੇ ਸਿਹਤ ਕਮਿਸ਼ਨਰ ਨੇ ਬਿਆਨ ਜਾਰੀ ਕਰਕੇ ਦੱਸਿਆ ਕਿ ਅਜੇ ਇਸ ਦੀ ਪੁਸ਼ਟੀ ਨਹੀਂ ਹੋਈ ਹੈ ਕਿ ਉਕਤ ਵਿਅਕਤੀ ਦੀ ਮੌਤ ਕਰੋਨਾ ਵਾਇਰਸ ਕਾਰਨ ਹੋਈ ਹੈ, ਕਿਉਂਕਿ ਇਸ ਸਬੰਧੀ ਰਿਪੋਰਟ ਆਉਣੀ ਅਜੇ ਬਾਕੀ ਹੈ। ਤੇਲੰਗਾਨਾ, ਤਾਮਿਲਨਾਡੂ, ਜੰਮੂ-ਕਸ਼ਮੀਰ ਅਤੇ ਪੰਜਾਬ 'ਚ ਇਕ-ਇਕ ਮਾਮਲਾ ਸਾਹਮਣੇ ਆਇਆ ਹੈ।

ਕੇਰਲ 'ਚ ਸਭ ਤੋਂ ਵੱਧ 15 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚ ਤਿੰਨ ਉਹ ਮਰੀਜ਼ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪਿਛਲੇ ਮਹੀਨੇ ਠੀਕ ਹੋਣ ਦੇ ਬਾਅਦ ਛੁੱਟੀ ਦੇ ਦਿੱਤੀ ਗਈ ਸੀ। ਮੌਜੂਦਾ ਪ੍ਰੋਟੋਕਾਲ ਮੁਤਾਬਕ ਸ਼ੱਕੀ ਮਾਮਲਿਆਂ ਦੀ ਪੁਸ਼ਟੀ ਤੋਂ ਪਹਿਲਾਂ ਉਨ੍ਹਾਂ ਦਾ ਘੱਟੋ ਘੱਟ ਦੋ ਵਾਰ ਟੈਸਟ ਕੀਤਾ ਜਾ ਰਿਹਾ ਹੈ। ਵਿਸ਼ਵ ਪੱਧਰ ਉਤੇ ਕੋਵਿਡ-19 ਦੇ ਵਧਦੇ ਪ੍ਰਕੋਪ ਦਰਮਿਆਨ ਭਾਰਤ ਨੇ ਫਰਾਂਸ, ਜਰਮਨੀ ਅਤੇ ਸਪੇਨ ਦੇ ਨਾਗਰਿਕਾਂ ਦੇ ਦਾਖਲੇ ਉਤੇ ਪਾਬੰਦੀ ਲਗਾ ਦਿੱਤੀ ਅਤੇ ਉਨ੍ਹਾਂ ਲਈ ਹੁਣ ਤੱਕ ਜਾਰੀ ਵੀਜ਼ੇ ਨੂੰ ਰੱਦ ਕਰ ਦਿੱਤਾ ਗਿਆ।

ਭਾਰਤ ਇਟਲੀ, ਈਰਾਨ, ਦੱਖਣੀ ਕੋਰੀਆ, ਜਾਪਾਨ ਅਤੇ ਚੀਨ ਦੇ ਨਾਗਰਿਕਾਂ ਲਈ ਪਹਿਲਾਂ ਹੀ ਵੀਜ਼ੇ ਰੱਦ ਕਰ ਚੁੱਕਾ ਹੈ। ਸਿਹਤ ਮੰਤਰਾਲੇ ਨੇ ਸਲਾਹ ਜਾਰੀ ਕਰਦਿਆਂ ਚੀਨ, ਹਾਂਗਕਾਂਗ, ਕੋਰੀਆ ਗਣਰਾਜ, ਜਾਪਾਨ, ਇਟਲੀ, ਥਾਈਲੈਂਡ, ਸਿੰਗਾਪੁਰ, ਈਰਾਨ, ਮਲੇਸ਼ੀਆ, ਫਰਾਂਸ, ਸਪੇਨ ਅਤੇ ਜਰਮਨੀ ਦੇ ਦੌਰੇ ਤੋਂ ਆਉਣ ਵਾਲੇ ਲੋਕਾਂ ਨੂੰ ਭਾਰਤ ਆਉਣ ਦੇ ਬਾਅਦ 14 ਦਿਨਾਂ ਤੱਕ ਖੁਦ ਨੂੰ ਅਲੱਗ ਰੱਖਣ ਲਈ ਕਿਹਾ ਹੈ।

## ਏਅਰ ਇੰਡੀਆ ਵੱਲੋਂ ਯੂਰਪੀ ਮੁਲਕਾਂ ਲਈ ਉਡਾਣਾਂ ਰੱਦ

**ਮੁੰਬਈ/ਪੁਣੇ:** ਕਰੋਨਾ ਵਾਇਰਸ ਦੇ ਵਧਦੇ ਪ੍ਰਭਾਵ ਦੇ ਮੱਦੇਨਜ਼ਰ ਏਅਰ ਇੰਡੀਆ ਨੇ ਇਟਲੀ, ਫਰਾਂਸ, ਜਰਮਨੀ, ਸਪੇਨ, ਇਜ਼ਰਾਈਲ, ਦੱਖਣੀ ਕੋਰੀਆ ਤੇ ਸ੍ਰੀਲੰਕਾ ਲਈ 30 ਅਪਰੈਲ ਤੱਕ ਉਡਾਣਾਂ ਰੱਦ ਕਰ ਦਿੱਤੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਕੁਵੈਤ ਲਈ 30 ਅਪਰੈਲ ਤੱਕ ਹਵਾਈ ਸੇਵਾ ਬੰਦ ਕਰਨ ਤੋਂ ਬਾਅਦ ਏਅਰ ਇੰਡੀਆ ਨੇ ਉਕਤ ਯੂਰਪੀ ਮੁਲਕਾਂ ਲਈ ਹਵਾਈ ਸੇਵਾ ਆਰਜ਼ੀ ਤੌਰ ਉਤੇ ਰੱਦ ਕਰਨ ਦਾ ਫੈਸਲਾ ਕੀਤਾ ਹੈ। ਦੂਜੇ ਪਾਸੇ ਦੁਬਈ ਤੋਂ ਜਹਾਜ਼ ਰਾਹੀਂ ਇਥੇ ਪਹੁੰਚੇ ਯਾਤਰੀਆਂ ਵਿਚੋਂ ਕਿਸੇ ਨੇ ਵੀ ਲੰਘੇ ਕੁਝ ਹਫਤਿਆਂ ਦੌਰਾਨ ਕਰੋਨਾ ਵਾਇਰਸ ਨਾਲ ਸਭ ਤੋਂ ਵੱਧ ਪ੍ਰਭਾਵਿਤ ਮੁਲਕਾਂ 'ਚੋਂ ਕਿਸੇ ਵੀ ਦੇਸ਼ ਦੀ ਯਾਤਰਾ ਨਹੀਂ ਕੀਤੀ ਹੈ। ਸਪਾਈਸ ਜੈੱਟ ਦੀ ਇਸ ਉਡਾਣ 'ਚ 125 ਯਾਤਰੀ ਸਵਾਰ ਸਨ। ਇਨ੍ਹਾਂ 'ਚੋਂ ਕਿਸੇ ਨੇ ਵੀ ਚੀਨ, ਇਟਲੀ, ਇਰਾਨ, ਦੱਖਣੀ ਕੋਰੀਆ, ਫਰਾਂਸ, ਸਪੇਨ ਜਾਂ ਜਰਮਨੀ ਦੀ ਯਾਤਰਾ ਨਹੀਂ ਕੀਤੀ ਹੈ।

## ਜਸਟਿਨ ਟਰੂਡੋ ਦੀ ਪਤਨੀ ਨੂੰ ਕਰੋਨਾ ਦੀ ਪੁਸ਼ਟੀ



**ਓਟਵਾ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਤਨੀ ਸੋਫੀ ਗ੍ਰੇਗੋਇਰ ਟਰੂਡੋ ਨੂੰ ਕਰੋਨਾ ਵਾਇਰਸ ਹੋਣ ਦੀ ਪੁਸ਼ਟੀ ਹੋਈ ਹੈ। ਹਾਲਾਂਕਿ ਪ੍ਰਧਾਨ ਮੰਤਰੀ ਪੂਰੀ ਤਰ੍ਹਾਂ ਠੀਕ ਹਨ।

ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਹੈੱਡਕੁਆਰਟਰ 'ਚ ਕਰੋਨਾ ਵਾਇਰਸ ਦਾ ਪਹਿਲਾ ਕੇਸ ਸਾਹਮਣੇ ਆਇਆ ਹੈ ਅਤੇ ਨਿਊ ਯਾਰਕ ਵਿਚ ਫਿਲਪੀਨਜ਼ ਦੀ ਸਫੀਰ ਦਾ ਕਰੋਨਾ ਵਾਇਰਸ ਦਾ ਟੈਸਟ ਪਾਜ਼ੇਟਿਵ ਮਿਲਿਆ ਹੈ। ਉੱਧਰ ਨਾਰਵੇ 'ਚ ਕਰੋਨਾ ਵਾਇਰਸ ਕਾਰਨ ਪਹਿਲੀ ਮੌਤ ਹੋ ਗਈ ਹੈ। ਦੂਜੇ ਪਾਸੇ ਇਵਾਂਕਾ ਟਰੰਪ ਨਾਲ ਮੁਲਾਕਾਤ ਤੋਂ ਬਾਅਦ ਆਸਟਰੇਲੀਆ ਪਰਤੇ ਮੁਲਕ ਦੇ ਗ੍ਰਹਿ ਮੰਤਰੀ ਪੀਟਰ ਡੱਟਨ ਨੂੰ ਕਰੋਨਾਵਾਇਰਸ ਹੋਣ ਦੀ ਪੁਸ਼ਟੀ ਹੋਈ ਹੈ।

# ਸਿਹਤ ਸਹੂਲਤਾਂ ਪੱਖੋਂ ਪੰਜਾਬ ਦੀ ਹਾਲਤ ਹੋਰ ਨਿੱਘਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਰਫੋਂ ਸੂਬੇ ਦੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਸਿਹਤ ਵਿਭਾਗ ਦੇ ਹਾਲਾਤ ਸੁਧਾਰਨ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਦੀ ਉਦਾਹਰਨ ਹੈ ਕਿ ਸੂਬੇ ਵਿਚ 4400 ਮਾਹਿਰ ਡਾਕਟਰਾਂ ਦੀਆਂ ਅਸਾਮੀਆਂ ਵਿਚੋਂ 1200 ਤੋਂ ਵੱਧ ਖਾਲੀ ਪਈਆਂ ਹਨ।

ਸੂਬੇ ਵਿਚ ਹਰ ਸਾਲ ਵੱਡੀ ਗਿਣਤੀ ਲੋਕ ਡੇਂਗੂ, ਸਵਾਈਨ ਫਲੂ, ਮਲੇਰੀਆ ਅਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ ਪਰ ਸਰਕਾਰ ਇਨ੍ਹਾਂ ਬਿਮਾਰੀਆਂ ਉਤੇ ਪੂਰੀ ਤਰ੍ਹਾਂ ਕਾਬੂ ਪਾਉਣ 'ਚ ਨਾਕਾਮ ਰਹੀ ਹੈ। ਸਰਕਾਰੀ ਰਿਕਾਰਡ ਅਨੁਸਾਰ ਸਾਲ 2019 ਵਿਚ ਸਵਾਈਨ ਫਲੂ ਦੇ 541 ਮਰੀਜ਼ ਸਾਹਮਣੇ ਆਏ ਜਿਨ੍ਹਾਂ ਵਿਚੋਂ 31 ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ ਵੀ ਹਰ ਸਾਲ ਵਧਦੀ ਜਾ ਰਹੀ ਹੈ।

ਸਿਹਤ ਵਿਭਾਗ ਕੋਲ ਕਰੋਨਾ ਵਾਇਰਸ ਨਾਲ ਨਿੱਬੜਨ ਲਈ ਕੋਈ ਖਾਸ ਪ੍ਰਬੰਧ ਨਹੀਂ ਹਨ। ਹਸਪਤਾਲਾਂ ਵਿਚ ਤਾਂ ਡਾਕਟਰ ਕਿੱਟਾਂ ਦੀ ਵੀ ਘਾਟ ਹੈ। ਸੂਬੇ ਦੇ ਵੱਖ-ਵੱਖ ਹਸਪਤਾਲਾਂ ਵਿਚ 2200 ਬੈੱਡ ਤਿਆਰ ਕੀਤੇ ਗਏ ਹਨ। ਇਸ ਤੋਂ ਇਲਾਵਾ ਪ੍ਰਾਈਵੇਟ ਹਸਪਤਾਲਾਂ 'ਚ 250 ਵੈਂਟੀਲੇਟਰ, ਅੰਮ੍ਰਿਤਸਰ ਤੇ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜਾਂ ਵਿਚ 20-20 ਵੈਂਟੀਲੇਟਰ ਤਿਆਰ ਕੀਤੇ ਹਨ। ਇਸ ਵਾਇਰਸ ਸਬੰਧੀ ਸਰਕਾਰ ਲੋਕਾਂ ਨੂੰ ਪੂਰੀ ਤਰ੍ਹਾਂ ਜਾਗਰੂਕ ਨਹੀਂ ਕਰ ਪਾ ਰਹੀ ਹੈ।

ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਕਾਰ ਨੇ 32 ਨਸ਼ਾ ਛੁਡਾਊ ਕੇਂਦਰ ਚਲਾਏ ਸਨ। ਵਰਤਮਾਨ ਸਮੇਂ ਇਨ੍ਹਾਂ ਵਿਚ ਮਰੀਜ਼ਾਂ ਦੀ ਗਿਣਤੀ ਬਹੁਤ ਘੱਟ ਹੈ ਤੇ ਸੂਬੇ ਵਿਚ ਬਣਾਏ 20 ਮੁੜ ਵਸੇਬਾ ਕੇਂਦਰ ਖਾਲੀ ਪਏ ਹਨ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਚ ਬਣਾਏ ਗਏ 500 ਦੇ ਕਰੀਬ ਬੈੱਡਾਂ ਦੇ ਐਮਐਚਸੀ ਦੀ ਵੀ ਸਹੀ ਢੰਗ ਨਾਲ ਵਰਤੋਂ ਨਹੀਂ ਕੀਤੀ ਜਾ ਰਹੀ ਹੈ।

ਸੂਬਾ ਸਰਕਾਰ ਵੱਲੋਂ ਸਾਲ 2019 'ਚ ਜਾਰੀ ਕੀਤੇ ਗਏ ਬਜਟ ਵਿਚ 259 ਕਰੋੜ ਰੁਪਏ ਸਰਬੱਤ ਸਿਹਤ ਬੀਮਾ ਯੋਜਨਾ ਲਈ ਦਿੱਤੇ ਗਏ। ਇਸ ਰਾਹੀਂ ਸੂਬੇ ਦੇ 70 ਫੀਸਦ ਪਰਿਵਾਰਾਂ ਦਾ 5 ਲੱਖ ਰੁਪਏ ਦਾ ਬੀਮਾ ਕੀਤਾ ਗਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸੂਬੇ 'ਚ ਕਾਲੇ ਪੀਲੀਏ ਦੇ ਮਰੀਜ਼ਾਂ ਦੀ ਗਿਣਤੀ ਸਾਲ 2016 ਵਿਚ 436 ਸੀ ਜੋ ਕਿ 16 ਮਾਰਚ 2019 ਤੱਕ 59,781 ਹੋ ਗਈ ਸੀ, ਜੋ ਹੁਣ 76,000 ਉਤੇ ਪੁੱਜ ਗਈ ਹੈ। ਇਨ੍ਹਾਂ ਮਰੀਜ਼ਾਂ ਦੇ ਇਲਾਜ 'ਤੇ ਸਰਕਾਰ ਵੱਲੋਂ ਅੱਠ ਸਾਲਾਂ ਦੌਰਾਨ ਸਰਕਾਰ ਨੇ 57,000 ਮਰੀਜ਼ਾਂ ਵਾਸਤੇ 800 ਕਰੋੜ ਰੁਪਏ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਸੂਬੇ ਵਿਚ ਤਹਿਸੀਲ ਪੱਧਰ ਉਤੇ 63 ਹਸਪਤਾਲ ਅਤੇ ਡਿਸਪੈਂਸਰੀਆਂ, 427 ਪ੍ਰਾਇਮਰੀ ਹੈਲਥ ਸੈਂਟਰ, 90 ਨੈਸ਼ਨਲ ਹੈਲਥ ਮਿਸ਼ਨ ਤਹਿਤ ਜਾਂਚ ਕੇਂਦਰ, 151 ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ), 200 ਸ਼ਹਿਰੀ ਡਿਸਪੈਂਸਰੀਆਂ ਅਤੇ 2900 ਹੈਲਥ ਸਬ-ਸੈਂਟਰ (8 ਪਿੰਡਾਂ ਪਿੱਛੇ ਇਕ), 1200 ਪੇਂਡੂ ਡਿਸਪੈਂਸਰੀਆਂ (9 ਪਿੰਡਾਂ ਪਿੱਛੇ ਇਕ) ਹੋਣ ਦੇ ਬਾਵਜੂਦ ਸਿਹਤ ਵਿਭਾਗ ਮਾਹਿਰ ਡਾਕਟਰਾਂ ਦੀਆਂ ਸੈਂਕੜੇ ਅਸਾਮੀਆਂ ਖਾਲੀ ਹੋਣ ਕਾਰਨ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ 'ਚ ਕਾਮਯਾਬ ਨਹੀਂ ਹੋ ਪਾ ਰਿਹਾ ਹੈ।

# ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਅਸਥਾਈ ਤੌਰ 'ਤੇ ਬੰਦ

**ਡੇਰਾ ਬਾਬਾ ਨਾਨਕ:** ਕੇਂਦਰ ਸਰਕਾਰ ਵੱਲੋਂ ਕਰੋਨਾ ਵਾਇਰਸ ਦੇ ਵਧ ਰਹੇ ਖਤਰੇ ਦੇ ਮੱਦੇਨਜ਼ਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ 16 ਮਾਰਚ ਤੋਂ 14 ਦਿਨਾਂ ਲਈ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਕਾਰਨ ਹੁਣ ਸ਼ਰਧਾਲੂ ਅਗਲੇ ਕੁਝ ਦਿਨਾਂ ਲਈ ਦਰਸ਼ਨ ਕਰਨ ਲਈ ਕਰਤਾਰਪੁਰ ਨਹੀਂ ਜਾ ਸਕਣਗੇ। ਪੈਸੰਜਰ ਟਰਮੀਨਲ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਇਸ ਫੈਸਲੇ ਦੀ ਮਿਤੀ ਨੂੰ ਹੋਰ ਵੀ ਵਧਾ ਸਕਦੀ ਹੈ।

ਕੇਂਦਰ ਸਰਕਾਰ ਨੇ ਇਹ ਫੈਸਲਾ ਸ਼ਰਧਾਲੂਆਂ ਦੀ ਸੁਰੱਖਿਆ ਵਜੋਂ ਲਿਆ ਹੈ। ਗ੍ਰਹਿ ਮੰਤਰਾਲੇ ਵਲੋਂ ਜਾਰੀ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਭਾਰਤ ਵਿਚ ਕਰੋਨਾ ਵਾਇਰਸ ਦੇ ਵਾਧੇ ਨੂੰ ਰੋਕਣ ਲਈ ਆਰਜ਼ੀ ਤੌਰ ਉਤੇ ਸ੍ਰੀ ਕਰਤਾਰਪੁਰ ਸਾਹਿਬ ਲਈ ਯਾਤਰਾ ਤੇ ਰਜਿਸਟਰੇਸ਼ਨ ਬੰਦ




ਰਹੇਗੀ। ਲੰਘੇ ਸਾਲ 9 ਨਵੰਬਰ ਤੋਂ ਚਾਲੂ ਹੋਏ ਇਸ ਲਾਂਘੇ ਰਾਹੀਂ ਹੁਣ ਤੱਕ ਲਗਭਗ 50 ਹਜ਼ਾਰ ਸ਼ਰਧਾਲੂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ। ਇਸੇ ਦੌਰਾਨ ਪੰਜਾਬ ਸਰਕਾਰ ਵੱਲੋਂ ਵੀ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਗਈ ਕਿ ਉਹ ਦਰਸ਼ਨਾਂ ਲਈ ਜਾਣ ਲਈ ਆਪਣੇ ਫੈਸਲੇ ਇਤੇ ਪੁਨਰ ਵਿਚਾਰ ਕਰਨ। ਗ੍ਰਹਿ ਮੰਤਰਾਲੇ ਵੱਲੋਂ ਲਾਂਘਾ 14 ਦਿਨਾਂ ਲਈ ਬੰਦ ਕਰਨ ਦੇ ਹੁਕਮ ਕੀਤੇ ਗਏ, ਪਰ ਇਹ ਸਮਾਂ ਹੋਰ ਵੀ ਵਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕਰੋਨਾ ਵਾਇਰਸ ਤੋਂ ਬਚਾਅ ਦੇ ਮੱਦੇਨਜ਼ਰ ਭਾਰਤ ਸਰਕਾਰ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਆਰਜ਼ੀ ਤੌਰ ਉਤੇ ਬੰਦ ਕੀਤੇ ਜਾਣ ਦੇ ਫੈਸਲੇ ਨਾਲ ਅਕਾਲ ਤਖਤ ਦੇ ਕਾਰਜਕਾਰੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਹਿਮਤੀ ਪ੍ਰਗਟਾਉਂਦਿਆਂ ਸਿੱਖ ਸੰਗਤ ਨੂੰ ਵੀ ਕਰੋਨਾਵਾਇਰਸ ਦੇ ਚੱਲਦੇ ਵਿਸ਼ੇਸ਼ ਇਹਤਿਆਤ ਵਰਤਣ ਦੀ ਅਪੀਲ ਕੀਤੀ ਹੈ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ 'ਚ ਕਰੋਨਾਵਾਇਰਸ ਨੂੰ ਮਹਾਮਾਰੀ ਐਲਾਨ ਦਿੱਤਾ ਗਿਆ ਹੈ, ਜਿਸ ਦੇ ਚੱਲਦਿਆਂ ਭਾਰਤ ਸਰਕਾਰ ਦੇਸ਼ ਨਾਲ ਲੱਗਦੀਆਂ ਸਾਰੇ ਗੁਆਂਢੀ ਮੁਲਕਾਂ ਦੀਆਂ ਸਰਹੱਦਾਂ ਸੀਲ ਕਰ ਚੁੱਕੀ ਹੈ। ਲਿਹਾਜ਼ਾ ਇਹਤਿਆਤ ਵਜੋਂ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਆਰਜ਼ੀ ਤੌਰ ਉਤੇ ਬੰਦ ਕਰਨਾ ਗਲਤ ਨਹੀਂ ਹੈ।

### *ਲਾਂਘੇ 'ਤੇ ਰੋਕ ਨਾਲ ਸ਼੍ਰੋਮਣੀ ਕਮੇਟੀ ਅਸਹਿਮਤ*

**ਅੰਮ੍ਰਿਤਸਰ:** ਕਰੋਨਾ ਵਾਇਰਸ ਦੇ ਪ੍ਰਕੋਪ ਤੋਂ ਬਚਾਅ ਵਾਸਤੇ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਬੰਦ ਕਰਨ ਦੇ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਆਖਿਆ ਕਿ ਇਹ ਵਾਇਰਸ ਫੈਲਣ ਤੋਂ ਬਚਾਅ ਵਾਸਤੇ ਸਾਵਧਾਨੀ ਰੱਖਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਪਰ ਸ਼ਰਧਾਲੂਆਂ ਨੂੰ ਧਰਮ ਅਸਥਾਨਾਂ ਉਤੇ ਜਾਣ ਤੋਂ ਰੋਕਣਾ ਜਾਇਜ਼ ਨਹੀਂ ਹੈ।

### *ਵਿਰਾਸਤ-ਏ-ਖਾਲਸਾ ਬੰਦ ਰੱਖਣ ਦਾ ਫੈਸਲਾ*

**ਰੂਪਨਗਰ:** ਪੰਜਾਬ ਸਰਕਾਰ ਨੇ ਕਰੋਨਾ ਵਾਇਰਸ ਦੇ ਖਤਰੇ ਦੇ ਮੱਦੇਨਜ਼ਰ ਸ੍ਰੀ ਆਨੰਦਪੁਰ ਸਾਹਿਬ ਵਿਚ ਸਥਿਤ ਵਿਰਾਸਤ-ਏ-ਖਾਲਸਾ ਨੂੰ ਅਗਲੇ ਹੁਕਮਾਂ ਤੱਕ ਬੰਦ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਸੈਰ ਸਪਾਟਾ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਲੋਕ ਵਿਰਾਸਤ-ਏ-ਖਾਲਸਾ ਦੇਖਣ ਲਈ ਆਉਂਦੇ ਹਨ।

## *ਦਰਬਾਰ ਸਾਹਿਬ ਪਲਾਜ਼ੇ ਦੀਆਂ ਗੈਲਰੀਆਂ ਯਾਤਰੀਆਂ ਵਾਸਤੇ ਬੰਦ*

**ਅੰਮ੍ਰਿਤਸਰ:** ਕਰੋਨਾ ਵਾਇਰਸ ਤੋਂ ਬਚਾਅ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜ਼ਾ ਦੇ ਜ਼ਮੀਨਦੋਜ਼ ਹਿੱਸੇ ਵਿਚ ਬਣਾਈਆਂ ਗੈਲਰੀਆਂ ਨੂੰ ਯਾਤਰੂਆਂ ਵਾਸਤੇ ਬੰਦ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਵੀ ਆਪਣੇ ਸਮੂਹ ਵਿਦਿਅਕ ਅਦਾਰੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ।

ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜ਼ਾ ਦੇ ਜ਼ਮੀਨਦੋਜ਼ ਹਿੱਸੇ ਵਿਚ ਯਾਤਰੂਆਂ ਨੂੰ ਸਿੱਖ ਧਰਮ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਾਉਣ ਲਈ ਬਣਾਈਆਂ ਗਈਆਂ ਗੈਲਰੀਆਂ ਨੂੰ ਅਗਲੇ ਹੁਕਮਾਂ ਤੱਕ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਦੁਨੀਆ ਭਰ ਵਿਚ ਕਰੋਨਾ ਵਾਇਰਸ ਕਾਰਨ ਪੈਦਾ ਹੋਈ ਸਥਿਤੀ ਨੂੰ ਦੇਖਦਿਆਂ ਸਾਵਧਾਨੀ ਵਜੋਂ ਇਹ ਫੈਸਲਾ ਕੀਤਾ ਹੈ।

ਸ਼੍ਰੋਮਣੀ ਕਮੇਟੀ ਨੇ ਵੀ ਸਾਵਧਾਨੀ ਵਜੋਂ ਆਪਣੇ ਸਮੂਹ ਵਿਦਿਅਕ ਅਦਾਰੇ 31 ਮਾਰਚ ਤੱਕ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਕਰੋਨਾ ਵਾਇਰਸ ਕਾਰਨ ਬਣੇ ਚਿੰਤਾਜਨਕ ਹਾਲਾਤ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚਲ ਰਹੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਨੂੰ 31 ਮਾਰਚ ਤਕ ਬੰਦ ਕਰ ਦਿੱਤਾ ਹੈ। ਚੱਲ ਰਹੀਆਂ ਪ੍ਰੀਖਿਆਵਾਂ ਬਾਰੇ ਸਬੰਧਤ ਬੋਰਡਾਂ ਦੀਆਂ ਹਦਾਇਤਾਂ ਨੂੰ ਲਾਗੂ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਸ਼ਿਵ ਦੁਲਾਰ ਸਿੰਘ ਢਿੱਲੋਂ ਨੇ ਵੀ ਸਾਰੇ ਵਿਦਿਅਕ ਅਦਾਰੇ 31 ਮਾਰਚ ਤੱਕ ਬੰਦ ਰੱਖਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਤੇ ਸਮਾਜਿਕ ਇਕੱਠ ਵੀ ਅੱਗੇ ਪਾਏ ਜਾਣ ਅਤੇ ਮੌਜੂਦਾ ਸਮੇਂ ਸਥਿਤੀ ਦੀ ਨਜ਼ਾਕਤ ਨੂੰ ਸਮਝਦੇ ਹੋਏ ਇਕੱਠ ਨਾ ਕੀਤੇ ਜਾਣ।

### ਸੰਗਤ ਲਈ ਸੈਨੇਟਾਈਜ਼ਰ

**ਅੰਮ੍ਰਿਤਸਰ:** ਕਰੋਨਾ ਵਾਇਰਸ ਤੋਂ ਬਚਾਅ ਲਈ ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਨੂੰ ਸੈਨੇਟਾਈਜ਼ਰ ਮੁਹੱਈਆ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਸ੍ਰੀ ਦਰਬਾਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦੇ ਜ਼ਮੀਨਦੋਜ਼ ਹਿੱਸੇ ਵਿਚ ਬਣੀਆਂ ਗੈਲਰੀਆਂ ਯਾਤਰੂਆਂ ਵਾਸਤੇ ਬੰਦ ਰੱਖੀਆਂ ਗਈਆਂ।

ਸ੍ਰੀ ਦਰਬਾਰ ਸਾਹਿਬ ਦੇ ਸਾਰੇ ਹੀ ਪ੍ਰਵੇਸ਼ ਰਸਤਿਆਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਵਾਧੂ ਕਰਮਚਾਰੀ ਤਾਇਨਾਤ ਕੀਤੇ ਗਏ ਹਨ, ਜਿਨ੍ਹਾਂ ਨੂੰ ਸੈਨੇਟਾਈਜ਼ਰ ਦੀਆਂ ਬੋਤਲਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਹ ਕਰਮਚਾਰੀ ਹਰ ਸ਼ਰਧਾਲੂ ਦੇ ਹੱਥਾਂ 'ਤੇ ਇਸ ਸੈਨੇਟਾਈਜ਼ਰ ਦੀਆਂ ਕੁਝ ਬੂੰਦਾਂ ਪਾ ਰਹੇ ਹਨ ਅਤੇ ਸ਼ਰਧਾਲੂਆਂ ਨੂੰ ਸੈਨੇਟਾਈਜ਼ਰ ਨਾਲ ਹੱਥ ਸਾਫ ਕਰਕੇ ਅੰਦਰ ਜਾਣ ਲਈ ਪ੍ਰੇਰ ਰਹੇ ਹਨ।

## ਵਾਧੂ ਬਿਜਲੀ ਬਣਾਉਣ ਵਾਲਾ ਸੂਬਾ ਬਣ ਕੇ ਪੰਜਾਬ ਨੇ ਕੀ ਖੱਟਿਆ?

**ਚੰਡੀਗੜ੍ਹ:** ਪੰਜਾਬ ਨੂੰ ਵਾਧੂ ਬਿਜਲੀ ਬਣਾਉਣ ਵਾਲਾ ਸੂਬਾ ਬਣਾਉਣਾ ਹੀ ਪ੍ਰਾਂਤ ਦੇ ਅਰਥਚਾਰੇ ਲਈ ਸਰਾਪ ਸਿੱਧ ਹੋ ਰਿਹਾ ਹੈ। ਨਿੱਜੀ ਥਰਮਲ ਪਲਾਂਟਾਂ ਨਾਲ ਕੀਤੇ ਬਿਜਲੀ ਖਰੀਦ ਸਮਝੌਤਿਆਂ ਕਰਕੇ ਪਾਵਰਕੌਮ ਉਤੇ ਪੈ ਰਿਹਾ ਵਿੱਤੀ ਬੋਝ ਪਹਿਲਾਂ ਹੀ ਚਰਚਾ ਦਾ ਮੁੱਦਾ ਬਣਿਆ ਹੋਇਆ ਹੈ।

ਇਸ ਬਾਰੇ ਪੰਜਾਬ ਸਰਕਾਰ ਨੇ ਵ੍ਹਾਈਟ ਪੇਪਰ ਜਾਰੀ ਕਰਨ ਦਾ ਵਾਅਦਾ ਕੀਤਾ ਹੈ। ਹੁਣ ਫਿਰ ਮੰਡੀ ਵਿਚ ਬਿਜਲੀ ਦੀ ਮੰਗ ਘਟ ਜਾਣ ਦੇ ਕਾਰਨ ਰਾਜਪੁਰਾ, ਤਲਵੰਡੀ ਸਾਬੋ ਅਤੇ ਗੋਇੰਦਵਾਲ ਸਾਹਿਬ ਸਥਿਤ ਨਿੱਜੀ ਥਰਮਲ ਪਲਾਂਟਾਂ ਦੇ ਨਾਲ ਨਾਲ ਪਾਵਰਕੌਮ ਨੂੰ ਵੀ ਆਪਣੇ ਪਲਾਂਟ ਬੰਦ ਕਰਨੇ ਪਏ ਹਨ। ਕਰੋਨਾਵਾਇਰਸ ਅਤੇ ਹੋਰਾਂ ਕਾਰਨਾਂ ਕਰਕੇ ਆਰਥਿਕ ਮੰਦੀ ਅਤੇ ਲਗਾਤਾਰ ਹੋ ਰਹੀ ਬਰਸਾਤ ਦੇ ਕਾਰਨ ਬਿਜਲੀ ਦੀ ਮੰਗ ਵਿਚ ਹੋਰ ਕਮੀ ਆਈ ਹੈ। ਸਨਅਤੀ ਇਕਾਈਆਂ ਵਿਚ ਪੈਦਾਵਾਰ ਘਟੀ ਹੈ ਅਤੇ ਕਈ ਕਾਰਖਾਨੇ ਬੰਦ ਹੋ ਗਏ ਹਨ।

ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਬਿਜਲੀ ਦੀ ਮੰਗ ਘਟ ਕੇ 4325 ਮੈਗਾਵਾਟ ਤੱਕ ਰਹਿ ਗਈ ਹੈ। ਨਿੱਜੀ ਥਰਮਲ ਪਲਾਂਟਾਂ ਤੋਂ ਬਿਜਲੀ ਪੈਦਾ ਕਰਨ ਦੀ ਪ੍ਰਤੀ ਯੂਨਿਟ ਲਾਗਤ 2.14 ਤੋਂ 3.66 ਰੁਪਏ ਅਤੇ ਪਾਵਰਕੌਮ ਦੇ ਆਪਣੇ ਥਰਮਲਾਂ ਦੀ ਪ੍ਰਤੀ ਯੂਨਿਟ ਉਤਪਾਦਨ ਲਾਗਤ 3.8 ਰੁਪਏ ਪੈ ਰਹੀ ਹੈ। ਦੇਸ਼ ਦੀ ਮੰਡੀ ਵਿਚ ਬਿਜਲੀ ਦੀ ਮੰਗ ਘਟਣ ਕਰਕੇ ਪਾਵਰ ਗਰਿੱਡ ਵਿਚ ਬਿਜਲੀ ਹੋਰ ਘੱਟ ਦਰਾਂ ਦੇ ਮਿਲ ਸਕਦੀ ਹੈ। ਉਂਝ ਵੀ ਦੇਸ਼ ਵਿਚ ਬਿਜਲੀ ਦੀ ਖਪਤ ਲਗਭਗ 10 ਫੀਸਦੀ ਘਟ ਗਈ ਹੈ। ਪੰਜਾਬ ਦੀਆਂ ਸਨਅਤਾਂ ਵਿਚ ਬਿਜਲੀ ਦੀ ਮੰਗ ਪੰਜ ਫੀਸਦੀ ਘਟੀ ਹੈ।

ਪੰਜਾਬ ਅੰਦਰ ਬਿਜਲੀ ਦੀ ਮੰਗ ਜ਼ਿਆਦਾਤਰ ਝੋਨੇ ਦੇ ਸੀਜ਼ਨ ਦੌਰਾਨ ਤਿੰਨ ਮਹੀਨਿਆਂ ਲਈ ਹੀ ਹੁੰਦੀ ਹੈ। ਸਰਦੀਆਂ ਵਿਚ ਸੂਬੇ ਦੀ ਮੰਗ ਭਾਖੜਾ ਨੰਗਲ ਤੇ ਹੋਰ ਹਾਈਡਲ ਪ੍ਰੋਜੈਕਟਾਂ ਵਿਚੋਂ ਆਉਂਦੇ ਹਿੱਸੇ ਅਤੇ ਪਾਵਰਕੌਮ ਦੇ ਥਰਮਲਾਂ ਰਾਹੀਂ ਪੂਰੀ ਹੋ ਜਾਂਦੀ ਸੀ। ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਨੂੰ ਵਾਧੂ ਬਿਜਲੀ ਬਣਾਉਣ ਵਾਲਾ ਸੂਬਾ ਬਣਾਉਣ ਦੇ ਨਾਅਰੇ ਹੇਠ ਨਿੱਜੀ ਥਰਮਲ ਕੰਪਨੀਆਂ ਨਾਲ ਬਿਜਲੀ ਖਰੀਦ ਸਮਝੌਤੇ ਕੀਤੇ। ਸਿਆਸੀ ਭਾਸ਼ਣਾਂ ਵਿਚ ਪਾਕਿਸਤਾਨ ਨੂੰ ਬਿਜਲੀ ਵੇਚ ਕੇ ਪੈਸਾ ਕਮਾਉਣ ਦੇ ਦਾਅਵੇ ਹੀ ਕੀਤੇ ਜਾਂਦੇ ਰਹੇ ਪਰ ਵਾਧੂ ਬਿਜਲੀ ਪੰਜਾਬ ਦੇ ਅਰਥਚਾਰੇ ਉਤੇ ਬੋਝ ਬਣ ਗਈ ਹੈ।

ਬਿਜਲੀ ਸਮਝੌਤਿਆਂ ਮੁਤਾਬਕ ਜੇਕਰ ਨਿੱਜੀ ਥਰਮਲ ਪਲਾਂਟ ਬੰਦ ਵੀ ਹੁੰਦੇ ਹਨ ਤਾਂ ਉਨ੍ਹਾਂ ਨੂੰ ਕਰੋੜਾਂ ਰੁਪਿਆ ਬਿਜਲੀ ਪੈਦਾ ਨਾ ਕਰਨ ਦੇ ਇਵਜ਼ ਵਜੋਂ ਅਦਾ ਕਰਨਾ ਪੈਂਦਾ ਹੈ। ਇਹ ਸਮਝੌਤੇ ਲੋਕ ਹਿੱਤ 'ਚ ਨਹੀਂ। ਇਸੇ ਕਰਕੇ ਸੂਬੇ 'ਚ ਨਿੱਜੀ ਥਰਮਲ ਕੰਪਨੀਆਂ ਨਾਲ ਕੀਤੇ ਸਮਝੌਤਿਆਂ 'ਤੇ ਮੁੜ ਵਿਚਾਰ ਕਰਨ ਦੀ ਮੰਗ ਜ਼ੋਰ ਫੜ ਰਹੀ ਹੈ ਕਿਉਂਕਿ ਅੰਤ ਨੂੰ ਇਹ ਭਾਰ ਖਪਤਕਾਰਾਂ ਉੱਤੇ ਹੀ ਪੈਂਦਾ ਹੈ। ਸੁਪਰੀਮ ਕੋਰਟ ਵੱਲੋਂ ਕੋਇਲੇ ਦੀ ਧੁਲਾਈ ਦਾ ਪੈਸਾ ਪਾਵਰਕੌਮ ਉੱਤੇ ਪਾ ਦੇਣ ਨਾਲ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਬਿਜਲੀ ਦਰਾਂ ਵਿਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਸੀ।

### *1487 ਭਾਰਤੀ ਗੁਆਂਢੀ ਦੇਸ਼ਾਂ ਦੀਆਂ ਜੇਲ੍ਹਾਂ 'ਚ ਬੰਦ*

**ਨਵੀਂ ਦਿੱਲੀ:** ਭਾਰਤ ਦੇ 1487 ਨਾਗਰਿਕ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਅਤੇ ਸ੍ਰੀਲੰਕਾ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਇਹ ਜਾਣਕਾਰੀ ਵਿਦੇਸ਼ ਮੰਤਰਾਲੇ ਨੇ ਦਿੱਤੀ ਹੈ। ਲੋਕ ਸਭਾ ਵਿਚ ਕੇਂਦਰੀ ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਇਕ ਸਵਾਲ ਦੇ ਜਵਾਬ ਵਿਚ ਜਾਣਕਾਰੀ ਦਿੱਤੀ ਕਿ ਭਾਰਤ ਦੇ 1487 ਨਾਗਰਿਕ ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਸ੍ਰੀਲੰਕਾ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਚ ਭਾਰਤੀ ਰੱਖਿਆ ਸੇਵਾਵਾਂ ਨਾਲ ਸਬੰਧਤ 83 ਮੁਲਾਜ਼ਮ ਲਾਪਤਾ ਵੀ ਸ਼ਾਮਲ ਹਨ, ਜਿਨ੍ਹਾਂ ਵਿਚ ਜੰਗੀ ਕੈਦੀ ਵੀ ਸ਼ਾਮਲ ਹਨ ਤੇ ਇਹ ਮੰਨਿਆ ਜਾ ਰਿਹਾ ਹੈ ਕਿ ਉਹ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਹਨ। ਸ੍ਰੀ ਮੁਰਲੀਧਰਨ ਨੇ ਦੱਸਿਆ ਕਿ ਸਰਕਾਰ ਪਾਕਿਸਤਾਨ ਦੇ ਨਾਲ ਇਸ ਮੁੱਦੇ ਨੂੰ ਨਿਰੰਤਰ ਚੁੱਕਦੀ ਆ ਰਹੀ ਹੈ ਪਰ ਪਾਕਿਸਤਾਨ ਨੇ ਆਪਣੀਆਂ ਜੇਲ੍ਹਾਂ ਵਿਚ ਬੰਦ ਜੰਗੀ ਕੈਦੀਆਂ ਬਾਰੇ ਕਦੇ ਪੁਸ਼ਟੀ ਨਹੀਂ ਕੀਤੀ। ਲੋਕ ਸਭਾ ਵਿਚ ਦਿੱਤੇ ਅੰਕੜਿਆਂ ਅਨੁਸਾਰ 31 ਜਨਵਰੀ ਤੱਕ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 337 ਭਾਰਤੀ ਕੈਦ ਹਨ ਤੇ ਇਨ੍ਹਾਂ ਵਿਚ ਭਾਰਤੀ ਮਛੇਰੇ ਵੀ ਸ਼ਾਮਲ ਹਨ।

# ਕਰਜ਼ ਮੁਆਫੀ: ਕੈਪਟਨ ਸਰਕਾਰ ਲਾਰਿਆਂ ਆਸਰੇ ਦਿਨ ਕੱਟਣ ਲੱਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਦਾਅਵਿਆਂ ਨੇ ਦਮ ਤੋੜ ਦਿੱਤਾ ਹੈ। ਨਿੱਤ ਦਿਨ ਪੰਜਾਬ 'ਚੋਂ ਖੁਦਕੁਸ਼ੀਆਂ ਕਾਰਨ ਔਸਤਨ ਦੋ ਕਿਸਾਨਾਂ ਦੀਆਂ ਉਠ ਰਹੀਆਂ ਅਰਥੀਆਂ ਅੰਨਦਾਤੇ ਦੀ ਆਰਥਿਕ ਤਬਾਹੀ ਦੀ ਗਵਾਹੀ ਭਰਦੀਆਂ ਹਨ। ਜੇਕਰ ਹਾਕਮਾਂ ਦੇ ਵਾਅਦੇ ਵਫਾ ਹੋ ਜਾਂਦੇ ਤਾਂ ਤਿੰਨ ਸਾਲਾਂ ਮਗਰੋਂ ਅਜਿਹੇ ਹਾਲਾਤ ਨੂੰ ਮੋੜਾ ਜ਼ਰੂਰ ਪੈਣਾ ਸੀ। ਰਾਜਧਾਨੀ 'ਚ ਬੈਠਾ ਸਰਕਾਰੀ ਤੰਤਰ ਭਾਵੇਂ ਪ੍ਰਾਪਤੀਆਂ ਦੇ ਅੰਕੜੇ ਦਰਸਾਉਂਦਿਆਂ ਲੱਖ ਦਾਅਵੇ ਕਰੇ ਪਰ ਹਾਲਾਤ ਬਦਲੇ ਨਹੀਂ।

ਤਿੰਨ ਸਾਲ ਪਹਿਲਾਂ ਹੋਏ ਵੱਡੇ ਵਾਅਦਿਆਂ 'ਪੰਜਾਬ ਦੇ ਕਿਸਾਨਾਂ ਦਾ ਸਾਰਾ ਕਰਜ਼ਾ ਅਸੀਂ ਮੁਆਫ ਕਰਾਂਗੇ, ਬੈਂਕਾਂ ਦਾ ਕਰਜ਼ਾ ਅਸੀਂ ਭਰਾਂਗੇ, ਕੋਆਪ੍ਰੇਟਿਵ ਸੁਸਾਇਟੀਆਂ ਅਤੇ ਆੜ੍ਹਤੀਆਂ ਦਾ ਕਰਜ਼ਾ ਅਸੀਂ ਮੋੜਾਂਗੇ। ਸਾਡੀ ਸਰਕਾਰ 'ਚ ਕੋਈ ਕਿਸਾਨ ਖੁਦਕੁਸ਼ੀ ਨਹੀਂ ਕਰੇਗਾ, ਕਿਸੇ ਕਿਸਾਨ ਦੀ ਜ਼ਮੀਨ ਕੁਰਕ ਨਹੀਂ ਹੋਵੇਗੀ'' ਨਾਲ ਅੰਨਦਾਤੇ ਨੂੰ ਧਰਵਾਸ ਮਿਲਿਆ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਤਿੰਨ ਵਰ੍ਹੇ ਬੀਤ ਚੁੱਕੇ ਹਨ। ਇਨ੍ਹਾਂ ਤਿੰਨ ਸਾਲਾਂ 'ਚ ਪੰਜਾਬ ਦੇ ਕਿਸਾਨਾਂ ਦਾ ਸਾਰਾ ਕਰਜ਼ਾ ਤਾਂ ਕੀ ਮੁਆਫ ਹੋਣਾ ਸੀ ਸਗੋਂ ਸਰਕਾਰ ਨੇ ਖੁਦ ਹੀ 'ਕਰਜ਼ਾ ਮੁਆਫੀ ਦੇ ਵਾਅਦੇ ਉਪਰ ਸ਼ਰਤਾਂ ਲਾ ਕੇ ਅਜਿਹੀ 'ਬਾਈਪਾਸ ਸਰਜਰੀ'' ਕੀਤੀ ਕਿ



ਵਾਅਦੇ ਨੂੰ 'ਮਰੀਜ਼' ਬਣਾ ਕੇ ਰੱਖ ਦਿੱਤਾ। ਤਿੰਨ ਸਾਲ ਬਾਅਦ ਨਾ ਤਾਂ ਕਿਸਾਨਾਂ ਦਾ ਕਰਜ਼ਾ ਮੁਆਫ ਹੋਇਆ, ਨਾ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਨੂੰ ਠੱਲ੍ਹ ਪਈ। ਹੋਰ ਤਾਂ ਹੋਰ ਜ਼ਮੀਨਾਂ ਦੀਆਂ ਕੁਰਕੀਆਂ ਵੀ ਨਹੀਂ ਰੁਕੀਆਂ। ਕਿਸਾਨ ਜਥੇਬੰਦੀਆਂ ਦਾ ਮੰਨਣਾ ਹੈ ਕਿ ਕਰਜ਼ਾ ਮੁਆਫ ਹੋਣ ਦੀ ਉਮੀਦ 'ਚ ਵੱਡੀ ਪੱਧਰ 'ਤੇ ਕਿਸਾਨ ਬੈਂਕਾਂ ਦੇ ਡਿਫਾਲਟਰ ਹੋ ਗਏ, ਕਰਜ਼ੇ ਦੇ ਬੋਝ ਕਾਰਨ ਹੋਰ ਡੂੰਘੇ ਆਰਥਿਕ ਸੰਕਟ ਵਿਚ ਘਿਰ ਗਏ, ਬੈਂਕਾਂ ਵੱਲੋਂ ਕੀਤੇ ਕੋਰਟ ਕੇਸਾਂ ਦੀ ਘੁੰਮਣਘੇਰੀ ਵਿਚ ਫਸ ਗਏ ਹਨ।

ਪੰਜਾਬ ਸਰਕਾਰ ਵਲੋਂ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਦਿਆਂ ਭਾਵੇਂ ਛੋਟੇ ਤੇ ਸੀਮਾਂਤ ਕਿਸਾਨਾਂ ਦਾ 4625 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਦਾ ਦਾਅਵਾ ਕੀਤਾ ਗਿਆ ਹੈ ਪਰ ਸਵਾਲ ਇਹ ਉਠਦਾ ਹੈ ਕਿ ਕੀ ਏਨੀ ਕੁ ਕਰਜ਼ਾ ਮੁਆਫੀ ਪੰਜਾਬ ਦੇ ਕਿਸਾਨਾਂ ਦੇ ਦੁੱਖਾਂ ਦੀ ਦਾਰੂ ਬਣ ਸਕੇਗੀ। ਪੰਜਾਬ ਦੇ 22 ਜ਼ਿਲ੍ਹਿਆਂ ਵਿਚੋਂ ਜੇਕਰ ਇਕੱਲੇ ਸੰਗਰੂਰ ਜ਼ਿਲ੍ਹੇ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਉਤੇ ਨਜ਼ਰ ਮਾਰੀ ਜਾਵੇ ਤਾਂ 31 ਦਸੰਬਰ 2019 ਤੱਕ ਕਰਜ਼ੇ ਦੀ ਰਕਮ 5451 ਕਰੋੜ ਰੁਪਏ ਬਣਦੀ ਹੈ ਜੋ ਸਮੁੱਚੇ ਪੰਜਾਬ ਦੇ ਕਿਸਾਨਾਂ ਦੇ ਮੁਆਫ ਕੀਤੇ ਕਰਜ਼ੇ ਤੋਂ ਵੱਧ ਹੈ। ਸੰਗਰੂਰ ਜ਼ਿਲ੍ਹੇ 'ਚ ਹੁਣ ਤੱਕ ਢਾਈ ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਨੂੰ 156 ਕਰੋੜ 71 ਲੱਖ ਰੁਪਏ ਅਤੇ ਢਾਈ ਤੋਂ ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ 88 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਮਿਲੀ ਹੈ ਜਦੋਂ ਕਿ ਜ਼ਿਲ੍ਹਾ ਲੀਡ ਬੈਂਕ ਦੇ ਅੰਕੜੇ ਅਨੁਸਾਰ ਹੀ ਜ਼ਿਲ੍ਹੇ ਦੇ ਕਿਸਾਨਾਂ ਸਿਰ 5451 ਕਰੋੜ ਦਾ ਕਰਜ਼ਾ ਹੈ। ਇਹ ਸਿਰਫ ਸਰਕਾਰੀ ਕਰਜ਼ੇ ਦਾ ਅੰਕੜਾ ਹੈ ਜਦੋਂ ਕਿ ਨਿੱਜੀ ਅਦਾਰਿਆਂ ਤੋਂ ਲਿਆ ਕਰਜ਼ਾ ਵੱਖਰਾ ਹੈ। ਭਾਕਿਯੂ ਏਕਤਾ ਉਗਰਾਹਾਂ ਦਾ ਦਾਅਵਾ ਹੈ ਕਿ ਕਾਂਗਰਸ ਸਰਕਾਰ ਦੇ ਪਿਛਲੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ 1454 ਕਿਸਾਨ-ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਮੌਜੂਦਾ ਸਾਲ 2020 ਦੇ ਪਹਿਲੇ ਦੋ ਮਹੀਨਿਆਂ ਜਨਵਰੀ ਅਤੇ ਫਰਵਰੀ ਦੌਰਾਨ ਹੀ 47 ਖੁਦਕੁਸ਼ੀਆਂ ਕਰ ਚੁੱਕੇ ਹਨ। ਮੁਆਵਜ਼ਾ ਅਤੇ ਕਰਜ਼ਾ ਮੁਆਫੀ ਤੋਂ ਵਾਂਝੇ ਪੀੜਤ ਪਰਿਵਾਰ ਮਾੜੇ ਆਰਥਿਕ ਹਾਲਾਤਾਂ ਨਾਲ ਜੂਝ ਰਹੇ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਇਕੱਲੇ ਜ਼ਿਲ੍ਹਾ ਸੰਗਰੂਰ 'ਚ ਪਿਛਲੇ ਤਿੰਨ ਸਾਲਾਂ ਦੌਰਾਨ 471 ਕਿਸਾਨ-ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ, ਜਿਨ੍ਹਾਂ ਵਿਚੋਂ 316 ਕਿਸਾਨ ਅਤੇ 155 ਮਜ਼ਦੂਰ ਸ਼ਾਮਲ ਹਨ। ਜੇਕਰ ਖੁਦਕੁਸ਼ੀ ਮੁਆਵਜ਼ੇ ਉਤੇ ਨਜ਼ਰ ਮਾਰੀ ਜਾਵੇ ਤਾਂ ਕਿਸਾਨ ਖੁਦਕੁਸ਼ੀਆਂ ਦੇ 316 ਕੇਸਾਂ 'ਚੋਂ 179 ਕੇਸ ਤਾਂ ਰੱਦ ਕਰ ਦਿੱਤੇ ਜਦੋਂ ਕਿ 123 ਕੇਸ ਮੁਆਵਜ਼ੇ ਲਈ ਮਨਜ਼ੂਰ ਹੋਏ ਤੇ 14 ਕੇਸ ਅਜੇ ਵਿਚਾਲੇ ਲਟਕ ਰਹੇ ਹਨ। ਸੰਗਰੂਰ ਜ਼ਿਲ੍ਹੇ 'ਚ ਮਜ਼ਦੂਰ ਖੁਦਕੁਸ਼ੀਆਂ ਦੇ 155 ਕੇਸਾਂ 'ਚੋਂ ਸਿਰਫ 10 ਕੇਸ ਹੀ ਮਨਜ਼ੂਰ ਹੋਏ ਹਨ ਜਦੋਂ ਕਿ 143 ਕੇਸ ਰੱਦ ਕਰ ਦਿੱਤੇ ਗਏ ਅਤੇ ਦੋ ਅਜੇ ਵਿਚਾਲੇ ਲਟਕ ਰਹੇ ਹਨ। ਕਰਜ਼ੇ ਤੋਂ ਇਲਾਵਾ ਪਰਾਲੀ ਦਾ ਮੁੱਦਾ, ਆਵਾਰਾ ਪਸ਼ੂਆਂ ਦੀ ਸਮੱਸਿਆ ਦਾ ਮੁੱਦਾ, ਡੂੰਘੇ ਹੋ ਰਹੇ ਧਰਤੀ ਹੇਠਲੇ ਪਾਣੀ ਦਾ ਮੁੱਦਾ, ਫਸਲੀ ਵਿਭਿੰਨਤਾ ਦਾ ਮੁੱਦਾ ਆਦਿ ਚੁਣੌਤੀ ਬਣੇ ਹੋਏ ਹਨ।

ਪੰਜਾਬ ਦੇ ਅਜਿਹੇ ਹਾਲਾਤ ਕਾਰਨ ਹੀ ਵੱਡੀ ਤਾਦਾਦ ਵਿਚ ਨੌਜਵਾਨ ਜ਼ਮੀਨਾਂ ਅਤੇ ਘਰ-ਬਾਰ ਛੱਡ ਵਿਦੇਸ਼ ਉਡਾਰੀ ਮਾਰ ਰਹੇ ਹਨ। ਭਾਕਿਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਆਖਿਆ ਕਿ ਸਿਆਸੀ ਪਾਰਟੀਆਂ ਲੋਕਾਂ ਝੂਠੇ ਵਾਅਦੇ ਕਰਦੀਆਂ ਹਨ ਤੇ ਵੋਟਾਂ ਮਗਰੋਂ ਮੂੰਹ ਫੇਰ ਲੈਂਦੀਆਂ ਹਨ। ਉਨ੍ਹਾਂ ਸਵਾਲ ਕੀਤਾ ਕਿ ਸਮੁੱਚੇ ਕਿਸਾਨਾਂ ਦੀ ਕਰਜ਼ਾ ਮੁਆਫੀ, ਖੁਦਕੁਸ਼ੀਆਂ ਅਤੇ ਕੁਰਕੀਆਂ ਰੋਕਣ ਦੇ ਕੀਤੇ ਵਾਅਦੇ ਕਿਥੇ ਗੁਆਚ ਗਏ। ਕਮਰਸ਼ੀਅਲ ਬੈਂਕਾਂ, ਸਹਿਕਾਰੀ ਬੈਂਕਾਂ ਤੇ ਆੜ੍ਹਤੀਆਂ ਦਾ ਕਰਜ਼ਾ ਮੁਆਫ ਕਰਨ ਦੇ ਵਾਅਦਿਆਂ ਤੋਂ ਸਰਕਾਰ ਭੱਜ ਗਈ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿੱਲੀ ਦੇ ਗੁਰਦੁਆਰਿਆਂ 'ਚ ਵਿਦੇਸ਼ੀ ਨਾਗਰਿਕਾਂ ਦੇ ਦਾਖਲੇ ਬਾਰੇ ਪਾਬੰਦੀਆਂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜਿਹੇ ਵਿਦੇਸ਼ੀ ਸੈਲਾਨੀਆਂ, ਜਿਨ੍ਹਾਂ ਭਾਰਤ ਵਿਚ ਪੰਦਰਾਂ ਦਿਨ ਦੀ ਠਾਹਰ ਨਾ ਕੀਤੀ ਹੋਵੇ, ਉਤੇ ਦਿੱਲੀ ਵਿਚਲੇ ਸਾਰੇ ਗੁਰਦੁਆਰਿਆਂ 'ਚ ਦਾਖਲੇ ਉਤੇ ਰੋਕ ਲਾ ਦਿੱਤੀ ਹੈ। ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਹ ਫੈਸਲਾ ਫੌਰੀ ਅਮਲ ਵਿਚ ਆ ਗਿਆ ਹੈ ਤੇ ਇਸ ਦਾ ਮੁੱਖ ਮੰਤਵ ਕਰੋਨਾ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣਾ ਹੈ।

ਉਨ੍ਹਾਂ ਕਿਹਾ, 'ਜਿਹੜੇ ਵਿਦੇਸ਼ੀ ਨਾਗਰਿਕ ਪਿਛਲੇ 15 ਦਿਨਾਂ ਤੋਂ ਭਾਰਤ ਵਿਚ ਰਹਿ ਰਹੇ ਹਨ ਤੇ ਜਿਨ੍ਹਾਂ ਦਾ ਕਰੋਨਾ ਵਾਇਰਸ ਸਬੰਧੀ ਟੈਸਟ ਨੈਗੇਟਿਵ ਹੈ, ਨੂੰ ਹੀ ਗੁਰਦੁਆਰਿਆਂ 'ਚ ਦਾਖਲ ਹੋਣ ਦੀ ਇਜਾਜ਼ਤ ਹੋਵੇਗੀ।' ਸਿਰਸਾ ਨੇ ਕਿਹਾ ਕਿ ਸਾਂਝੀਆਂ ਥਾਵਾਂ, ਰੇਲਿੰਗਜ਼, ਲਿਫਟਾਂ, ਕੁਰਸੀਆਂ ਆਦਿ ਨੂੰ ਨਿਯਮਤ ਅਧਾਰ ਉਤੇ ਰੋਗਾਣੂਮੁਕਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਗੁਰਦੁਆਰਾ ਪ੍ਰਬੰਧਕਾਂ ਨੇ ਸ਼ਰਧਾਲੂਆਂ ਨੂੰ ਸਿਰ ਢਕਣ ਲਈ ਦਿੱਤੇ ਜਾਂਦੇ ਰੁਮਾਲਿਆਂ ਦੀ ਸੇਵਾ ਵੀ ਬੰਦ ਕਰ ਦਿੱਤੀ ਹੈ। ਸ੍ਰੀ ਸਿਰਸਾ ਨੇ ਕਿਹਾ ਕਿ ਕਰੋਨਾ ਵਾਇਰਸ ਦੇ ਇਨਫੈਕਸ਼ਨ ਦੀ ਰੋਕਥਾਮ ਲਈ ਗੁਰਦੁਆਰਾ ਕੰਪਲੈਕਸ ਦੇ ਵੱਖ-ਵੱਖ ਅਸਥਾਨਾਂ ਉਤੇ ਸਿੱਖ ਸੰਸਥਾਵਾਂ ਅਤੇ ਦਾਨਵੀਰਾਂ ਵਲੋਂ ਲਗਾਏ ਜਾਣ ਵਾਲੇ ਲੰਗਰ 'ਤੇ ਵੀ ਫੌਰੀ ਪ੍ਰਭਾਵ ਤੋਂ ਪਾਬੰਦੀ ਲਾ ਦਿੱਤੀ ਗਈ ਹੈ। ਇਨ੍ਹਾਂ ਨੂੰ ਮੁੱਖ ਲੰਗਰ ਪਰਿਸਰ ਵਿਚ ਹੀ ਰਸਦ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹਤਿਆਤੀ ਕਦਮ ਵਜੋਂ ਗੁਰਦੁਆਰੇ ਦੇ ਲੰਗਰ 'ਚ ਕੱਚੀ ਸਬਜ਼ੀਆਂ ਆਦਿ ਦੀ ਥਾਂ ਪੈਕੇਟ ਬੰਦ ਦਾਲ, ਚਾਵਲ ਆਦਿ ਨੂੰ ਪਕਾਉਣ ਲਈ ਕਿਹਾ ਗਿਆ ਹੈ। ਗੁਰਦੁਆਰੇ ਵਿਚ ਕੰਮ ਕਰਦੇ ਸੇਵਾਦਾਰਾਂ/ਕਰਮਚਾਰੀਆਂ ਨੂੰ ਆਪਣੀ ਡਿਊਟੀ ਸ਼ੁਰੂ ਕਰਨ ਤੋਂ ਪਹਿਲਾਂ ਖੁਦ ਨੂੰ ਪੂਰੀ ਤਰ੍ਹਾਂ ਕੀਟਾਣੂਰਹਿਤ ਯਕੀਨੀ ਬਣਾਉਣ ਲਈ ਆਖ ਦਿੱਤਾ ਗਿਆ ਹੈ।

## ਲੰਡਨ ਵਿਚਲਾ ਅੰਬੇਡਕਰ ਹਾਊਸ ਅਜਾਇਬਘਰ 'ਚ ਤਬਦੀਲ

**ਜਲੰਧਰ:** ਬਰਤਾਨੀਆ ਸਰਕਾਰ ਨੇ ਲੰਡਨ ਵਿਚਲੇ ਅੰਬੇਡਕਰ ਹਾਊਸ ਨੂੰ ਅਜਾਇਬਘਰ ਵਿਚ ਤਬਦੀਲ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਭਾਰਤ ਨੇ ਬਰਤਾਨਵੀ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2015 'ਚ ਇਸ ਅਜਾਇਬਘਰ ਦਾ ਉਦਘਾਟਨ ਕੀਤਾ ਸੀ। ਬਰਤਾਨੀਆ ਦੇ ਭਾਈਚਾਰਕ ਮਾਮਲਿਆਂ ਬਾਰੇ ਮੰਤਰੀ ਰੌਬਰਟ ਜੈਨਰਿਕ ਨੇ ਪੁਸ਼ਟੀ ਕੀਤੀ ਹੈ ਕਿ ਉਤਰੀ ਲੰਡਨ ਸਥਿਤ ਅੰਬੇਡਕਰ ਹਾਊਸ ਬੰਦ ਕਰਨ ਖਿਲਾਫ ਭਾਰਤ ਦੀ ਅਪੀਲ ਮਨਜ਼ੂਰ ਕਰ ਲਈ ਗਈ ਹੈ।

# 'ਐਸ.ਵਾਈ.ਐਲ. ਬਾਰੇ ਪੰਜਾਬ ਤੇ ਹਰਿਆਣਾ ਵਿਚਲਾ ਰਾਹ ਲੱਭਣ ਨੂੰ ਤਿਆਰ ਨਹੀਂ'

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਰਾਜ ਸਭਾ ਨੂੰ ਦੱਸਿਆ ਕਿ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਮੁੱਦੇ ਉਤੇ ਦੋਵੇਂ ਸੂਬੇ ਪੰਜਾਬ ਅਤੇ ਹਰਿਆਣਾ ਕੋਈ ਵਿਚਲਾ ਰਾਹ ਲੱਭਣ ਲਈ ਤਿਆਰ ਨਹੀਂ ਹਨ ਅਤੇ ਇਹ ਸਬੰਧੀ ਫੈਸਲਾ ਸੁਪਰੀਮ ਕੋਰਟ ਨੂੰ ਦੱਸ ਦਿੱਤਾ ਗਿਆ ਹੈ।

ਪ੍ਰਸ਼ਨ ਕਾਲ ਦੌਰਾਨ ਪੂਰਕਾਂ ਦਾ ਜਵਾਬ ਦਿੰਦਿਆਂ ਜਲ ਸ਼ਕਤੀ ਬਾਰੇ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਐਸ.ਵਾਈ.ਐਲ. ਦਾ ਮੁੱਦਾ ਸੁਪਰੀਮ ਕੋਰਟ ਵਿਚ ਪੈਂਡਿੰਗ ਹੈ ਅਤੇ 'ਅਸੀਂ ਇਸ ਬਾਰੇ ਫੈਸਲਾ ਸੁਪਰੀਮ ਕੋਰਟ ਨੂੰ ਲਿਖਤੀ ਤੌਰ ਉਤੇ ਦੇ ਚੁੱਕੇ ਹਾਂ।'' ਉਨ੍ਹਾਂ ਸਦਨ ਨੂੰ ਦੱਸਿਆ, ''ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤੇ ਸਨ ਕਿ ਐਸ. ਵਾਈ. ਐਲ. ਨਹਿਰ ਦਾ ਮੁੱਦੇ ਹੱਲ ਕਰਨ ਲਈ ਦੋਵਾਂ ਸੂਬਿਆਂ ਪੰਜਾਬ ਅਤੇ ਹਰਿਆਣਾ ਨਾਲ ਗੱਲਬਾਤ ਕਰਕੇ ਵਿਚਲਾ ਰਾਹ ਲੱਭਿਆ ਜਾਵੇ। ਕੇਂਦਰ ਵਲੋਂ ਪੰਜਾਬ ਅਤੇ ਹਰਿਆਣਾ ਨਾਲ ਗੱਲਬਾਤ ਕੀਤੀ ਗਈ ਅਤੇ ਦੋਵੇਂ ਸੂਬੇ ਹੀ ਵਿਚਲਾ ਰਾਹ ਲੱਭ ਕੇ ਮਸਲੇ ਦਾ ਹੱਲ ਕਰਨ ਲਈ ਤਿਆਰ ਨਹੀਂ ਹਨ।''

ਸ਼ੇਖਾਵਤ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੋਵਾਂ ਸੂਬਿਆਂ ਨਾਲ ਹੋਈ ਗੱਲਬਾਤ ਬਾਰੇ ਜਾਣੂ ਕਰਵਾ ਦਿੱਤਾ ਹੈ ਅਤੇ ਇਸ ਸਬੰਧੀ ਆਪਣਾ ਫ਼ੈਸਲਾ ਲਿਖਤੀ ਤੌਰ ਉਤੇ ਦੇ ਦਿੱਤਾ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵਲੋਂ ਪੰਜਾਬ ਅਤੇ ਹਰਿਆਣਾ ਦੋਵਾਂ ਰਾਜਾਂ ਨੂੰ ਐਸ.ਵਾਈ.ਐਲ. ਮੁੱਦੇ ਦਾ ਹੱਲ ਕਰਨ ਲਈ ਆਦੇਸ਼ ਦਿੱਤੇ ਗਏ ਸਨ। ਇਹ ਮਸਲਾ ਕਈ ਦਹਾਕਿਆਂ ਤੋਂ ਪੈਂਡਿੰਗ ਪਿਆ ਹੈ ਕਿਉਂਕਿ ਪੰਜਾਬ ਆਪਣੇ ਗੁਆਂਢੀ ਸੂਬੇ ਹਰਿਆਣਾ ਨਾਲ ਆਪਣਾ ਪਾਣੀ ਵੰਡਣ ਨੂੰ ਤਿਆਰ ਨਹੀਂ ਹੈ।

# ਸੰਸਦ ਵਲੋਂ ਦੀਵਾਲੀਆਪਣ ਬਾਰੇ ਬਿੱਲ ਪਾਸ

**ਨਵੀਂ ਦਿੱਲੀ:** ਰਾਜ ਸਭਾ ਵਿਚ ਜਬਾਨੀ ਵੋਟ ਰਾਹੀਂ ਦੀਵਾਲੀਆਪਣ ਬਾਰੇ ਸੋਧ ਬਿੱਲ (ਦਿ ਇਨਸੌਲਵੈਂਸੀ ਐਂਡ ਬੈਂਕਰਪਸੀ ਕੋਡ (ਅਮੈਂਡਮੈਂਟ) ਬਿੱਲ, 2020) ਪਾਸ ਕੀਤਾ ਗਿਆ। ਇਹ ਬਿੱਲ 6 ਮਾਰਚ ਨੂੰ ਲੋਕ ਸਭਾ ਵਿਚ ਪਾਸ ਕੀਤਾ ਗਿਆ ਸੀ। ਇਸ ਬਿੱਲ ਵਿਚਲੀਆਂ ਸੋਧਾਂ ਦਾ ਮਕਸਦ ਦੀਵਾਲੀਆਪਨ ਦੀ ਪ੍ਰਕਿਰਿਆ ਨੂੰ ਕਾਰਗਰ ਬਣਾਉਣਾ, ਆਖਰੀ ਫੰਡਿੰਗ ਬਚਾਉਣਾ ਅਤੇ ਵਿੱਤੀ ਤੌਰ ਉਤੇ ਕਮਜ਼ੋਰ ਸੈਕਟਰਾਂ ਵਿਚ ਨਿਵੇਸ਼ ਨੂੰ ਹੁਲਾਰਾ ਦੇਣਾ ਹੈ। ਇਸ ਬਿੱਲ ਨੇ ਆਰਡੀਨੈਂਸ ਦੀ ਥਾਂ ਲਈ ਹੈ।

ਰਾਜ ਸਭਾ ਵਿਚ ਦੀਵਾਲੀਆਪਨ ਬਾਰੇ ਸੋਧ ਬਿੱਲ ਦੇ ਮਤੇ ਉਤੇ ਚਰਚਾ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਸ਼ੁਰੂ ਕੀਤੀ। ਬਿੱਲ ਉਤੇ ਚਰਚਾ ਤੋਂ ਬਾਅਦ ਸੀਤਾਰਾਮਨ ਨੇ ਕਿਹਾ ਕਿ ਸਰਕਾਰ ਵਲੋਂ ਵੱਡੀਆਂ, ਦਰਮਿਆਨੀਆਂ ਅਤੇ ਲਘੂ ਉਦਯੋਗਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ ਅਤੇ ਕਾਨੂੰਨ ਵਿਚ ਤਬਦੀਲੀ ਨਾਲ ਉਨ੍ਹਾਂ ਦੀਆਂ ਲੋੜਾਂ ਨੂੰ ਸਮਝਿਆ ਜਾ ਰਿਹਾ ਹੈ। ਵਿੱਤ ਮੰਤਰੀ ਨੇ ਕਿਹਾ ਕਿ ਪਹਿਲਾਂ ਕੰਪਨੀਆਂ ਨੂੰ ਪਤਾ ਨਹੀਂ ਹੁੰਦਾ ਸੀ ਕਿ ਉਹ ਕਿਥੇ ਖੜ੍ਹੀਆਂ ਹਨ ਅਤੇ ਦੋਵੇਂ ਦੇਣਦਾਰ ਤੇ ਲੈਣਦਾਰ ਚਿੰਤਤ ਹੁੰਦੇ ਸਨ। ਇਸੇ ਕਾਰਨ ਦੀਵਾਲੀਆਪਨ ਬਾਰੇ ਕੋਡ ਦੀ ਲੋੜ ਸਮਝੀ ਗਈ ਅਤੇ ਉਸ ਤੋਂ ਬਾਅਦ 2016 ਵਿਚ ਇਹ ਲਿਆਂਦਾ ਗਿਆ। ਦੋਵਾਂ ਸਦਨਾਂ ਵਲੋਂ ਚਰਚਾ ਮਗਰੋਂ ਇਸ ਨੂੰ ਪਾਸ ਕੀਤਾ ਗਿਆ। ਮੰਤਰੀ ਨੇ ਦੱਸਿਆ ਕਿ ਬਦਲਦੀਆਂ ਲੋੜਾਂ ਅਨੁਸਾਰ ਇਸ ਐਕਟ ਵਿਚ ਹਰ ਵਾਰ ਸੋਧ ਕਰਨ ਦੀ ਲੋੜ ਪਈ, ਜਿਸ ਨੂੰ ਸਮਝਦਿਆਂ ਸਰਕਾਰ ਨੇ ਇਸ ਨੂੰ ਸਮੇਂ-ਸਮੇਂ ਉਤੇ ਸੋਧਿਆ।

# ਓਮ ਪ੍ਰਕਾਸ਼ ਚੌਟਾਲਾ ਨੂੰ ਮਿਲੀ ਪੈਰੋਲ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਦੇ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਨੂੰ 21 ਦਿਨਾਂ ਲਈ 3 ਅਪਰੈਲ ਤੱਕ ਤਿਹਾੜ ਜੇਲ੍ਹ ਤੋਂ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ। ਉਹ ਅਧਿਆਪਕ ਭਰਤੀ ਘੁਟਾਲੇ ਵਿਚ 10 ਸਾਲ ਲਈ ਕੈਦ ਕੱਟ ਰਹੇ ਹਨ। ਦੱਸਿਆ ਗਿਆ ਹੈ ਕਿ ਉਹ ਆਪਣੇ ਪੋਤਰੇ ਅਰਜਨ ਚੌਟਾਲਾ ਦੀ ਮੰਗਣੀ ਸਬੰਧੀ ਜੇਲ੍ਹ ਤੋਂ ਬਾਹਰ ਆਏ ਹਨ। ਪਰ ਪਤਾ ਲੱਗਾ ਹੈ ਕਿ ਉਹ ਇਸ ਰਿਸ਼ਤੇ ਕਰ ਕੇ ਪਹਿਲਾਂ ਵੀ ਪੈਰੋਲ 'ਤੇ ਆਏ ਸਨ। ਵਰਨਣਯੋਗ ਹੈ ਕਿ ਸ੍ਰੀ ਚੌਟਾਲਾ ਦੇ ਵੱਡੇ ਪੁੱਤਰ ਅਜੈ ਸਿੰਘ ਚੌਟਾਲਾ ਅਧਿਆਪਕ ਭਰਤੀ ਘੁਟਾਲੇ 'ਚ ਪਹਿਲਾਂ ਹੀ ਪੈਰੋਲ 'ਤੇ ਤਿਹਾੜ ਜੇਲ੍ਹ ਤੋਂ ਬਾਹਰ ਆਏ ਹੋਏ ਹਨ।

# ਕੈਪਟਨ ਦੀ ਜਾਗ ਖੁੱਲ੍ਹੀ...

*(ਸਫਾ ਇਕ ਦੀ ਬਾਕੀ)*

ਠੀਕਰਾ ਭੰਨ ਕੇ ਤਿੰਨ ਸਾਲ ਬੁੱਤਾ ਸਾਰਿਆ ਗਿਆ ਤੇ ਆਪ ਡੱਕਾ ਨਹੀਂ ਤੋੜਿਆ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਸਰਕਾਰ ਦੇ ਚਾਰ ਬਜਟ ਪੇਸ਼ ਕਰ ਚੁੱਕੇ ਹਨ ਪਰ ਇਸ ਬਜਟ ਰਾਹੀਂ ਸੂਬੇ ਦੇ ਭਵਿਖ ਦੀ ਵਿੱਤੀ ਤਸਵੀਰ ਨੂੰ ਸਪਸ਼ਟ ਕਰਨ ਦੀ ਥਾਂ ਹਨੇਰੀ ਸੁਰੰਗ ਵੱਲ ਧੱਕਣ ਦੀ ਸਥਿਤੀ ਹੀ ਜ਼ਿਆਦਾ ਦਿਖਾਈ ਦੇ ਰਹੀ ਹੈ।

ਵਿੱਤੀ ਪੱਖ ਤੋਂ ਪੰਜਾਬ ਸਰਕਾਰ ਦੀ ਲੰਘੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਦੇਖੀ ਜਾਵੇ ਤਾਂ ਕਰਜ਼ੇ ਲੈ ਕੇ ਗੁਜ਼ਾਰਾ ਕਰਨਾ ਅਤੇ ਤਨਖਾਹਾਂ ਦੇਣ ਸਮੇਤ ਹੋਰ ਬੱਝਵੇਂ ਖਰਚਿਆਂ ਦਾ ਜੁਗਾੜ ਕਰਨਾ ਵੀ ਬਹੁਤ ਵੱਡਾ ਕੰਮ ਲੱਗਦਾ ਰਿਹਾ ਹੈ। ਪੰਜਾਬ ਵਿਚ ਜਦੋਂ ਅਕਾਲੀ-ਭਾਜਪਾ ਸਰਕਾਰ ਨੇ ਕਾਂਗਰਸ ਨੂੰ ਸੱਤਾ ਸੌਂਪੀ ਸੀ ਤਾਂ ਉਸ ਸਮੇਂ ਇਕ ਲੱਖ 82 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ। ਕੈਪਟਨ ਸਰਕਾਰ ਵਲੋਂ ਤਿੰਨ ਸਾਲਾਂ ਦੇ ਅਰਸੇ ਤਕਰੀਬਨ 66 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਕੇ ਡੰਗ ਟਪਾਈ ਦੀ ਯੋਜਨਾ ਬਣਾਈ ਗਈ। ਇਹੀ ਕਾਰਨ ਹੈ ਕਿ 31 ਮਾਰਚ 2021 ਤੱਕ 2 ਲੱਖ 48 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਇਸ ਤਰ੍ਹਾਂ ਕਰਜ਼ਾ ਚੜ੍ਹਾਉਣ ਵਿਚ ਕਾਂਗਰਸ ਸਰਕਾਰ ਅਕਾਲੀਆਂ ਨਾਲੋਂ ਪਿੱਛੇ ਨਹੀਂ ਰਹੀ। ਇਸ ਦੇ ਉਲਟ ਪੰਜਾਬ ਸਰਕਾਰ ਆਮਦਨ ਵਧਾਉਣ ਵਿਚ ਕਾਮਯਾਬ ਨਹੀਂ ਹੋਈ। ਇਥੋਂ ਤੱਕ ਕਿ ਬਜਟ ਵਿਚ ਜੋ ਆਸ ਮੁਤਾਬਕ ਅੰਕੜੇ ਪੇਸ਼ ਕਰਕੇ ਸਾਲਾਨਾ ਆਮਦਨ ਦੇ ਦਾਅਵੇ ਕੀਤੇ ਜਾਂਦੇ ਹਨ, ਉਹ ਟੀਚੇ ਵੀ ਪੂਰੇ ਨਹੀਂ ਕੀਤੇ ਜਾ ਸਕੇ। ਦੇਖਿਆ ਜਾਵੇ ਤਾਂ ਆਮਦਨ ਘਟਣ ਕਾਰਨ ਸਰਕਾਰ ਨੂੰ ਸਾਰੇ ਪਾਸਿਆਂ ਤੋਂ ਮਾਰ ਪੈ ਰਹੀ ਹੈ। ਸਭ ਤੋਂ ਵੱਡੀ ਮਾਰ ਸ਼ਰਾਬ ਦੀ ਵਿਕਰੀ ਤੋਂ ਪਈ ਹੈ। ਵੱਡਾ ਸਵਾਲ ਉਠਦਾ ਹੈ ਕਿ ਸਰਕਾਰ ਦੀ ਇਹ ਆਮਦਨ ਕਿਧਰ ਜਾ ਰਹੀ ਹੈ ਤੇ ਸਰਕਾਰ ਨੇ ਆਮਦਨ ਵਧਾਉਣ ਅਤੇ ਪੰਜਾਬ ਨੂੰ ਵਿੱਤੀ ਪੱਖ ਤੋਂ ਖੜ੍ਹਾ ਕਰਨ ਲਈ ਉਪਰਾਲੇ ਕਿਉਂ ਨਹੀਂ ਕੀਤੇ। ਪਾਵਰਕੌਮ ਨੂੰ ਸਾਲ 2016-17 ਦੇ ਸਬਸਿਡੀ ਦੇ 2500 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਦਾ ਭੁਗਤਾਨ ਹੁਣ ਤੱਕ ਨਹੀਂ ਕੀਤਾ ਜਾ ਸਕਿਆ ਤੇ ਪੈਸਾ ਨਾ ਦੇਣ ਕਾਰਨ ਪਾਵਰਕੌਮ ਦੀ ਵੀ ਬੱਤੀ ਗੁੱਲ ਹੋਣ ਦੇ ਕੰਢੇ ਪਹੁੰਚ ਗਈ ਹੈ।

ਕੈਪਟਨ ਸਰਕਾਰ ਦਾ ਦਾਅਵਾ ਹੈ ਕਿ ਸੱਤਾ ਸੰਭਾਲਣ ਤੋਂ ਬਾਅਦ ਉਸ ਨੇ ਅਮਨ-ਕਾਨੂੰਨ ਦੇ ਖੇਤਰ ਵਿਚ ਸਭ ਤੋਂ ਵੱਡੀ ਪ੍ਰਾਪਤੀ ਕੀਤੀ ਹੈ ਤੇ ਸੂਬੇ ਦੇ ਲੋਕਾਂ ਨੂੰ ਗੈਂਗਸਟਰਾਂ ਤੋਂ ਨਿਜਾਤ ਦਿਵਾਈ ਹੈ। ਇਸ ਤੋਂ ਇਲਾਵਾ ਹੋਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਪਹਿਲਕਦਮੀ ਕੀਤੀ ਹੈ ਪਰ ਜ਼ਮੀਨੀ ਹਕੀਕਤਾਂ ਕੁਝ ਹੋਰ ਕਹਿੰਦੀਆਂ ਹਨ। ਸਰਕਾਰ ਵਲੋਂ ਸੀਮਤ ਕਰਜ਼ਾ ਮੁਆਫੀ ਸਕੀਮ ਦੇ ਬਾਵਜੂਦ ਕਿਸਾਨੀ ਸਿਰ ਕਰਜ਼ੇ ਦਾ ਬੋਝ ਵਧ ਰਿਹਾ ਤੇ ਘਟ ਰਹੀ ਆਮਦਨ ਕਾਰਨ ਖੁਦਕੁਸ਼ੀਆਂ ਬਾਦਸਤੂਰ ਜਾਰੀ ਹਨ। ਨੌਜਵਾਨ ਨੌਕਰੀਆਂ ਦੀ ਖਾਤਰ ਨਿੱਤ ਦਿਨ ਸੜਕਾਂ ਉਤੇ ਨਿਕਲ ਰਹੇ ਹਨ ਅਤੇ ਰੋਕਾਂ ਲਾਉਣ ਕਰ ਕੇ ਪੁਲਿਸ ਨਾਲ ਵੀ ਉਲਝਦੇ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ 28 ਦਿਨਾਂ ਨਸ਼ਾ ਵਿਚ ਖਤਮ ਕਰਨ ਦਾ ਵਾਅਦਾ ਕੀਤਾ ਸੀ ਤੇ ਕਾਂਗਰਸ ਸਰਕਾਰ 3 ਸਾਲ ਦੇ ਰਾਜ 'ਚ ਵੀ ਇਸ ਉਤੇ ਕਾਬੂ ਨਹੀਂ ਪਾਇਆ ਜਾ ਸਕਿਆ। ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਅਜੇ ਵੀ ਮਰ ਰਹੇ ਹਨ।

# ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਰਾਜ ਸਭਾ ਲਈ ਨਾਮਜ਼ਦ

**ਨਵੀਂ ਦਿੱਲੀ:** ਸਰਕਾਰ ਨੇ ਭਾਰਤ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫਿਕੇਸ਼ਨ ਮੁਤਾਬਕ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸ੍ਰੀ ਗੋਗੋਈ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ।

ਸ੍ਰੀ ਗੋਗੋਈ ਨੂੰ ਸੀਨੀਅਰ ਵਕੀਲ ਕੇ.ਟੀ.ਐਸ.ਤੁਲਸੀ ਦੀ ਥਾਂ ਨਾਮਜ਼ਦ ਕੀਤਾ ਗਿਆ ਹੈ। ਜਸਟਿਸ ਗੋਗੋਈ ਨੇ ਚੀਫ ਜਸਟਿਸ ਵਜੋਂ ਆਪਣੇ ਕਾਰਜਕਾਲ ਦੌਰਾਨ ਰਾਮ ਜਨਮ ਭੂਮੀ ਬਾਬਰੀ ਮਸਜਿਦ, ਸ਼ਬਰੀਮਾਲਾ ਮੰਦਿਰ 'ਚ ਔਰਤਾਂ ਦੇ ਦਾਖਲੇ, ਰਾਫਾਲ ਜੰਗੀ ਜਹਾਜ਼ ਕਰਾਰ ਸਮੇਤ ਹੋਰ ਕਈ ਅਹਿਮ ਫੈਸਲੇ ਸੁਣਾਉਣ ਵਾਲੇ ਬੈਂਚਾਂ ਦੀ ਅਗਵਾਈ ਕੀਤੀ ਸੀ। ਉਧਰ, ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਸ੍ਰੀ ਗੋਗੋਈ ਨੂੰ ਰਾਜ ਸਭਾ ਲਈ ਨਾਮਜ਼ਦ ਕੀਤੇ ਜਾਣ ਉਤੇ ਤਨਜ ਕੱਸਿਆ ਹੈ। ਟਵਿੱਟਰ ਉਤੇ ਉਨ੍ਹਾਂ ਕਿਹਾ ਕਿ ਜੁਡੀਸ਼ਰੀ ਉਤੇ ਲੋਕਾਂ ਦਾ ਭਰੋਸਾ ਘੱਟ ਹੁੰਦਾ ਜਾ ਰਿਹਾ ਹੈ।

## 'ਕਰੋਨਾ ਵਾਇਰਸ ਨਾਲ ਅਰਥਚਾਰੇ 'ਚ ਮੰਦੀ ਆਏਗੀ'

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਹੈ ਕਿ ਕਰੋਨਾ ਵਾਇਰਸ (ਕੋਵਿਡ-19) ਮਹਾਮਾਰੀ ਕਰਕੇ ਭਾਰਤੀ ਅਰਥਚਾਰੇ ਵਿਚ ਮੰਦੀ ਆਏਗੀ। ਦਾਸ ਨੇ ਕਿਹਾ ਕਿ ਕੋਵਿਡ-19 ਵਣਜ ਚੈਨਲਾਂ ਜ਼ਰੀਏ ਸਿੱਧੇ ਉਤੇ ਭਾਰਤ ਨੂੰ ਅਸਰਅੰਦਾਜ਼ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਸੈਰ-ਸਪਾਟਾ, ਏਅਰਲਾਈਨਾਂ, ਮਹਿਮਾਨਨਿਵਾਜ਼ੀ ਸਨਅਤ, ਟਰਾਂਸਪੋਰਟਰਜ਼ ਤੇ ਘਰੇਲੂ ਵਣਜ ਨੂੰ ਕਰੋਨਾ ਵਾਇਰਸ ਦੀ ਸਭ ਤੋਂ ਵੱਧ ਮਾਰ ਪੈ ਰਹੀ ਹੈ। ਓਵਰਸੀਜ਼ ਤੇ ਘਰੇਲੂ ਇਕੁਇਟੀ ਮਾਰਕੀਟਾਂ, ਵਿਦੇਸ਼ੀ ਕਰੰਸੀ ਦੇ ਭੰਡਾਰ ਤੇ ਬੌਂਡ ਮਾਰਕੀਟਸ ਵੀ ਇਸ ਤੋਂ ਸੁਰੱਖਿਅਤ ਨਹੀਂ ਹਨ। ਕੇਂਦਰੀ ਬੈਂਕ ਮਹਾਮਾਰੀ ਦੇ ਭਾਰਤੀ ਅਰਥਚਾਰੇ 'ਤੇ ਪੈਣ ਵਾਲੇ ਅਸਰ ਦਾ ਮੁਲਾਂਕਣ ਕਰ ਰਿਹਾ ਹੈ।

## ਨਾਨਕਸ਼ਾਹੀ ਕੈਲੰਡਰ ਵਿਵਾਦ ਮੁੜ ਅਕਾਲ ਤਖਤ 'ਤੇ ਪੁੱਜਾ

*(ਸਫਾ ਇਕ ਦੀ ਬਾਕੀ)*

ਸਿੰਘ ਨੇ ਕੈਲੰਡਰ ਵਿਵਾਦ ਬਾਰੇ ਕਿਹਾ ਕਿ ਸ੍ਰੀ ਅਕਾਲ ਤਖਤ ਤੋਂ ਯਤਨ ਕੀਤਾ ਜਾਵੇਗਾ ਕਿ ਸਮੁੱਚੀ ਸਿੱਖ ਸੰਗਤ ਸਾਰੇ ਦਿਨ ਤਿਉਹਾਰ ਇਕੋ ਦਿਨ ਅਤੇ ਇਕਜੁੱਟਤਾ ਨਾਲ ਮਨਾਵੇ। ਉਹ ਖੁਦ ਚਾਹੁੰਦੇ ਹਨ ਕਿ ਸਿੱਖ ਕੌਮ ਦਾ ਇਕੋ ਕੈਲੰਡਰ ਹੋਣਾ ਚਾਹੀਦਾ ਹੈ ਜਿਸ ਮੁਤਾਬਕ ਸਾਰੇ ਇਕੱਠੇ ਹੋ ਕੇ ਗੁਰਪੁਰਬ ਆਦਿ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ। ਕੈਲੰਡਰ ਵਿਵਾਦ ਤੇ ਹੋਰ ਮਸਲਿਆਂ ਨੂੰ ਸੰਵਾਦ ਰਾਹੀਂ ਹੱਲ ਕੀਤਾ ਜਾਵੇਗਾ। ਇਸ ਸਬੰਧੀ ਜਲਦੀ ਹੀ ਯਤਨ ਕੀਤੇ ਜਾਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਬੇਮੌਸਮੇ ਮੀਂਹ ਤੇ ਗੜਿਆਂ ਨੇ ਕਿਸਾਨਾਂ ਦੀਆਂ ਆਸਾਂ 'ਤੇ ਪਾਣੀ ਫੇਰਿਆ

**ਚੰਡੀਗੜ੍ਹ:** ਪੰਜਾਬ ਵਿਚ ਬੇਮੌਸਮੇ ਮੀਂਹ ਅਤੇ ਗੜਿਆਂ ਕਾਰਨ ਕਣਕ ਅਤੇ ਹਾੜ੍ਹੀ ਦੀਆਂ ਫਸਲਾਂ ਨੁਕਸਾਨੇ ਜਾਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਤਾਜ਼ਾ ਮੀਂਹ ਨਾਲ ਕਿਸਾਨਾਂ ਨੂੰ ਭਾਰੀ ਵਿੱਤੀ ਸੱਟ ਲੱਗਣ ਦਾ ਖਦਸ਼ਾ ਖੜ੍ਹਾ ਹੋ ਗਿਆ ਹੈ। ਖੇਤੀਬਾੜੀ ਅਤੇ ਮੌਸਮ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਤਾਜ਼ਾ ਮੀਂਹ ਨੇ ਸਮੁੱਚੇ ਪੰਜਾਬ ਨੂੰ ਲਪੇਟ 'ਚ ਲੈ ਲਿਆ ਹੈ। ਕਣਕ ਦੀ ਪੱਕਣ ਉਤੇ ਆਈ ਫਸਲ, ਸਰ੍ਹੋਂ ਸਮੇਤ ਹੋਰ ਤੇਲ ਬੀਜ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਰੋਪੜ, ਮੁਹਾਲੀ, ਫਤਹਿਗੜ੍ਹ ਸਾਹਿਬ, ਨਵਾਂ ਸ਼ਹਿਰ, ਜਲੰਧਰ, ਤਰਨ ਤਾਰਨ, ਲੁਧਿਆਣਾ, ਬਠਿੰਡਾ, ਪਟਿਆਲਾ ਅਤੇ ਹੋਰ ਕਈ ਜ਼ਿਲ੍ਹਿਆਂ ਤੋਂ ਕਣਕ ਦੀ ਫਸਲ ਮੀਂਹ ਦੇ ਪਾਣੀ ਦੀ ਮਾਰ ਹੇਠ ਆਉਣ ਦੀਆਂ ਰਿਪੋਰਟਾਂ ਮਿਲੀਆਂ ਹਨ।

ਖੇਤੀਬਾੜੀ ਵਿਭਾਗ ਦੇ ਫੀਲਡ ਅਧਿਕਾਰੀਆਂ ਮੁਤਾਬਕ ਨਵਾਂਸ਼ਹਿਰ ਦੇ 54 ਤੇ ਜਲੰਧਰ ਦੇ 37 ਪਿੰਡਾਂ 'ਚ ਗੜੇ ਪਏ ਹਨ। ਅਧਿਕਾਰੀਆਂ ਮੁਤਾਬਕ ਮੁਢਲੇ ਤੌਰ ਉਤੇ ਕਣਕ ਦੀ ਫਸਲ ਦਾ ਝਾੜ 15 ਤੋਂ 20 ਫੀਸਦੀ ਤੱਕ ਘਟਣ ਦਾ ਅਨੁਮਾਨ ਲਾਇਆ ਗਿਆ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਕਈ ਖੇਤਰਾਂ ਵਿਚ ਤੇਜ਼ ਹਵਾਵਾਂ ਚੱਲਣ ਕਾਰਨ ਕਣਕਾਂ ਜ਼ਮੀਨ ਉਤੇ ਵਿਛ ਗਈਆਂ ਅਤੇ ਖੇਤਾਂ 'ਚ ਪਾਣੀ ਖੜ੍ਹਾ ਹੋਣ ਕਾਰਨ ਕਣਕ ਦੇ ਵਧੇਰੇ ਨੁਕਸਾਨੇ ਜਾਣ ਦਾ ਖਤਰਾ ਹੈ। ਰੋਪੜ ਜ਼ਿਲ੍ਹੇ ਵਿਚ ਹੀ ਦੋ ਹਜ਼ਾਰ ਏਕੜ ਜ਼ਮੀਨ ਵਿਚ ਖੜ੍ਹੀ ਕਣਕ ਦੀ ਫਸਲ ਪਾਣੀ ਦੀ ਮਾਰ ਹੇਠ ਆ ਗਈ ਹੈ। ਖੇਤੀਬਾੜੀ ਵਿਭਾਗ ਦਾ ਮੰਨਣਾ ਹੈ ਕਿ ਸਮੁੱਚੀਆਂ ਰਿਪੋਰਟਾਂ ਅਨੁਸਾਰ ਹਾੜ੍ਹੀ ਦੀਆਂ ਫਸਲਾਂ ਦਾ ਜ਼ਿਆਦਾ ਨੁਕਸਾਨ ਹੋਇਆ ਹੈ।

ਪੰਜਾਬ ਵਿਚ ਮਾਰਚ 'ਚ ਸਾਉਣ ਦੀ ਝੜੀ ਵਾਂਗ ਮੀਂਹ ਪੈਣ ਨੇ ਮੌਸਮ ਵਿਭਾਗ ਦੀਆਂ ਗਿਣਤੀਆਂ-ਮਿਣਤੀਆਂ ਵੀ ਹਿਲਾ ਦਿੱਤੀਆਂ ਹਨ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਵੈਸਟਰਨ ਡਿਸਟਰਬੈਂਸ ਕਾਰਨ ਲਗਾਤਾਰ ਮੀਂਹ ਪੈ ਰਿਹਾ ਹੈ ਤੇ ਆਉਣ ਵਾਲੇ ਦਿਨਾਂ ਦੌਰਾਨ ਹੋਰ ਮੀਂਹ ਪੈਣ ਦਾ ਖਤਰਾ ਵੀ ਬਣਿਆ ਹੋਇਆ ਹੈ।

ਮੌਸਮ ਵਿਭਾਗ ਦੇ ਚੰਡੀਗੜ੍ਹ ਸਥਿਤ ਦਫਤਰ ਦੇ ਅਧਿਕਾਰੀਆਂ ਮੁਤਾਬਕ ਸਰਹਿੰਦ 'ਚ ਸਭ ਤੋਂ ਜ਼ਿਆਦਾ 51.0 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ। ਇਸੇ ਤਰ੍ਹਾਂ ਨਵਾਂਸ਼ਹਿਰ 'ਚ 22.4 ਮਿਲੀਮੀਟਰ, ਬਲਾਚੌਰ 17, ਗੁਰਦਾਸਪੁਰ 22.7, ਆਨੰਦਪੁਰ ਸਾਹਿਬ 15, ਤਰਨਤਾਰਨ 16, ਫਗਵਾੜਾ 14, ਮੁਹਾਲੀ 21.0, ਮੁਕੇਰੀਆਂ 12.7, ਪਟਿਆਲਾ 6.6 ਅਤੇ ਪਠਾਨਕੋਟ 7.0 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ।

## ਪੰਜਾਬ 'ਚ ਪਸ਼ੂ ਵੀ ਕੈਂਸਰ ਦੀ ਮਾਰ ਹੇਠ


**ਕੋਟਕਪੂਰਾ:** ਪੰਜਾਬ ਵਿਚ ਵਧ ਰਹੇ ਪ੍ਰਦੂਸ਼ਣ ਤੇ ਪੀਣ ਵਾਲੇ ਪਾਣੀ 'ਚ ਰਸਾਇਣਕ ਕਚਰੇ ਕਾਰਨ ਹੁਣ ਪਸ਼ੂਆਂ ਵਿਚ ਵੀ ਕੈਂਸਰ ਨੇ ਪੈਰ ਪਸਾਰ ਲਏ ਹਨ। ਇਹ ਜਾਣਕਾਰੀ ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਆਰ.ਟੀ.ਆਈ. ਤਹਿਤ ਜਾਰੀ ਕੀਤੀ ਸੂਚਨਾ ਤੋਂ ਮਿਲੀ ਹੈ।

ਇਹ ਸੂਚਨਾ ਸਾਲ 2010 ਤੋਂ ਫਰਵਰੀ 2020 ਤੱਕ ਦੀ ਹੈ, ਜਿਸ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਚ 342, ਬਠਿੰਡਾ ਵਿਚ 615 ਤੇ ਫਿਰੋਜ਼ਪੁਰ 'ਚ 235 ਪਸ਼ੂਆਂ ਤੇ ਜਾਨਵਰਾਂ ਨੂੰ ਕੈਂਸਰ ਹੈ। ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਦੱਸਿਆ ਕਿ ਲੁਧਿਆਣਾ, ਸੰਗਰੂਰ, ਫਾਜ਼ਿਲਕਾ, ਰੂਪਨਗਰ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿਚ ਕੈਂਸਰ ਨਾਲ ਪੀੜਤ ਪਸ਼ੂਆਂ ਅਤੇ ਜਾਨਵਰਾਂ ਦੀ ਗਿਣਤੀ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਉਨ੍ਹਾਂ ਮੁਤਾਬਕ ਇਨ੍ਹਾਂ ਜ਼ਿਲ੍ਹਿਆਂ ਦੇ ਪਸ਼ੂ ਹਸਪਤਾਲਾਂ ਵੱਲੋਂ ਜਾਣਕਾਰੀ ਦੇਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਸੁਸਾਇਟੀ ਨੇ ਇਹ ਵੀ ਦੋਸ਼ ਲਾਇਆ ਕਿ ਫਰੀਦਕੋਟ, ਪਟਿਆਲਾ ਅਤੇ ਹੁਸ਼ਿਆਰਪੁਰ ਦੇ ਪਸ਼ੂ ਹਸਪਤਾਲਾਂ ਵੱਲੋਂ ਅਧੂਰੀਆਂ ਤੇ ਗਲਤ ਸੂਚਨਾਵਾਂ ਭੇਜੀਆਂ ਗਈਆਂ। ਕੁਝ ਸਾਲ ਪਹਿਲਾਂ ਵੀ ਇਸੇ ਤਰ੍ਹਾਂ ਦੀ ਜਾਣਕਾਰੀ ਵਿਭਾਗ ਪਾਸੋਂ ਮੰਗੀ ਗਈ ਸੀ, ਜਿਸ ਵਿਚ ਵਿਭਾਗ ਨੇ ਦੱਸਿਆ ਸੀ ਕਿ 2010 ਤੱਕ ਹੁਸ਼ਿਆਰਪੁਰ 'ਚ 37 ਕੁੱਤਿਆਂ, ਲੁਧਿਆਣਾ 'ਚ 46 ਗਾਵਾਂ, ਮੱਝਾਂ ਤੇ ਕੁੱਤਿਆਂ, ਫਰੀਦਕੋਟ 'ਚ 90 ਤੇ ਪਟਿਆਲਾ 'ਚ 23 ਪਸ਼ੂਆਂ ਨੂੰ ਕੈਂਸਰ ਹੈ।

ਕੋਟਕਪੂਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਆਖਿਆ ਕਿ ਪਸ਼ੂ ਪਾਲਣ ਵਿਭਾਗ ਨੂੰ ਜਾਣਕਾਰੀ ਲੁਕਾਉਣੀ ਨਹੀਂ ਚਾਹੀਦੀ, ਸਗੋਂ ਜਨਤਕ ਕਰਨੀ ਚਾਹੀਦੀ ਹੈ ਤੇ ਇਸ ਬਾਰੇ ਸਰਕਾਰ ਨੂੰ ਗੰਭੀਰ ਹੋ ਕੇ ਹੱਲ ਕੱਢਣੇ ਚਾਹੀਦੇ ਹਨ।

## ਬੀਬੀ ਰਾਜਿੰਦਰ ਕੌਰ ਗਿੱਲ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਇਥੇ ਰਹਿੰਦੇ ਗਿੱਲ ਪਰਿਵਾਰ ਨੂੰ ਉਦੋਂ ਡੂੰਘਾ ਸਦਮਾ ਲੱਗਾ, ਜਦੋਂ ਪਿਛਲੇ ਦਿਨੀਂ ਉਨ੍ਹਾਂ ਦੇ ਮਾਤਾ ਬੀਬੀ ਰਾਜਿੰਦਰ ਕੌਰ ਗਿੱਲ (ਸੁਪਤਨੀ ਸਵਰਗੀ ਸੁਰਜੀਤ ਸਿੰਘ ਗਿੱਲ) ਵਾਹਿਗੁਰੂ ਵਲੋਂ ਬਖਸ਼ੀ ਆਰਜਾ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਕਰੀਬ 90 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਹੱਸਦਾ ਵੱਸਦਾ ਵੱਡਾ ਪਰਿਵਾਰ ਛੱਡ ਗਏ ਹਨ।



ਬੀਬੀ ਰਾਜਿੰਦਰ ਕੌਰ ਗਿੱਲ ਵਾਹਿਗੁਰੂ ਦਾ ਨਾਮ ਜਪਣ ਵਾਲੇ, ਹਰ ਇਕ ਨੂੰ ਪਿਆਰ ਕਰਨ ਵਾਲੇ ਨੇਕ ਦਿਲ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦਾ ਅੰਤਿਮ ਸਸਕਾਰ 21 ਮਾਰਚ, ਸਨਿਚਰਵਾਰ ਨੂੰ ਇਥੇ ਗਰੀਨ ਲਾਨ ਮੋਰਚਰੀ ਵਿਚ ਸਵੇਰੇ ਕਰੀਬ 10 ਵਜੇ ਹੋਵੇਗਾ। ਉਪਰੰਤ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਅੰਗਦ ਦਰਬਾਰ, ਬੇਕਰਜ਼ਫੀਲਡ ਵਿਖੇ ਹੋਣਗੇ। ਪਰਿਵਾਰ ਨਾਲ ਸੰਪਰਕ ਗੁਰਮੀਤ ਸਿੰਘ ਗਿੱਲ (ਸਪੁੱਤਰ) ਫੋਨ: 559-905-6031 ਜਾਂ ਡਾ. ਮੁਕੰਦ ਸਿੰਘ ਸੰਧੂ (ਜਵਾਈ) ਨਾਲ ਫੋਨ: 661-205-6332 ਰਾਹੀਂ ਕੀਤਾ ਜਾ ਸਕਦਾ ਹੈ।


ਤੰਦੂਰੀਏ ਸ਼ੈਫ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਸ਼ੈਫ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 515-291-1961

11-12

ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13

Imperial Tax Services

29090 Currier Ave., Westland, MI 48186

Individual & Small Business

Tax Returns

Visa, OCI, Renunciation & Passport Applications.
Citizenship Forms, Sponsorship & Power of Attorneys.

IRS AUTHORIZED NOTARY PUBLIC

Call or Text to make an appointment

Paramvir Singh

(Master's degree in Mathematics)

Ph: 206-475-6075

Email: Imperialtaxservices81@Yahoo.com

52+

Matrimonials

ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

ਜੱਟ ਸਿੱਖ ਅਮਰੀਕਨ ਸਿਟੀਜ਼ਨ, ਉਮਰ 26 ਸਾਲ, ਨਰਸਿੰਗ ਕਰ ਰਹੀ ਲੜਕੀ ਲਈ ਬਰਾਬਰ ਯੋਗਤਾ, ਡਿਗਰੀ ਹੋਲਡਰ, ਗੁਰ ਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ। ਲੜਕਾ ਇੰਡੀਆ, ਕੈਨੇਡਾ, ਇੰਗਲੈਂਡ ਜਾਂ ਆਸਟਰੇਲੀਆ ਕਿਤੋਂ ਵੀ ਹੋਵੇ। ਯੂ. ਐਸ. ਟਾਈਮ ਕਾਲ ਕਰੋ, ਫੋਨ: 1-216-385-4025, 1-216-937-9054 (ਵਾਟਸਐਪ), +91-98776-26005 (ਇੰਡੀਆ) 8-11

ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

Well educated reputed Jatt-Sikh family seeks professionally qualified U.S. (PR or citizen) girl for their handsome only son, 27 yrs, 5'-10.5", M.S in Electrical Engineering, working as a Software Engineer in Michigan. Rural/urban property in Ludhiana & Mohali. Cont., Ph: 248-854-0003 6-9

SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available

Shan Grill Indian Restaurant

1910 N. Rand Rd., Palatine, IL 60074

ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ

ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ

Our speciality: Chicken Seekh Kabob

Special Catering offer $10 package
Minimum 25 people

Ph: 847-358-1900

9-

Desi Bazar

Under new management.

916 E. Main Street #118, Greenwood, IN, 46143

Tel: 317-888-2040, Fax: 317-887-6116

Lakhvir S. Johal, Ph: 317-709-7800

We specialize in all kind of Indian Groceries and Sweets

• FRESH VEGETABLES EVERY THURSDAY

• FRESH GOAT MEAT

We Are Open 7 Days a Week

10% off on all Gurudwara supplies and Religious programs!!

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਬ੍ਰਾਹਮਣਵਾਦ ਅਤੇ ਸਾਮਰਾਜੀ ਪੂੰਜੀਵਾਦ ਦਾ ਵਰਤਾਰਾ

ਰਾਣਾ ਆਯੂਬ, ਰਵੀਸ਼ ਕੁਮਾਰ, ਪ੍ਰਸ਼ਾਂਤ ਭੂਸ਼ਣ, ਸਿਧਾਰਥ ਵਰਦਰਾਜਨ, ਵਿਨੋਦ ਦੁਆ, ਹਰਸ਼ ਮੰਡੇਰ, ਚੰਦਰ ਸ਼ੇਖਰ ਆਜਾਦ ਜਿਹੇ ਕੁਝ ਕੁ ਵੱਡੇ ਬੰਦਿਆਂ ਵਿਚੋਂ ਇਕ ਹੈ, ਅਰੁੰਧਤੀ ਰਾਏ ਜਿਸ ਦੇ ਹੌਸਲੇ, ਦਲੇਰੀ, ਜੁਰਅਤ ਤੇ ਸਿਦਕਦਿਲੀ ਅੱਗੇ ਸਿਰ ਝੁਕਦਾ ਹੈ। ਉਸ ਨੇ ਮੋਦੀ-ਸ਼ਾਹ ਜਿਹੇ ਜਾਬਰਾਂ ਨੂੰ ਉਨ੍ਹਾਂ ਦੇ ਮੂੰਹ ਉਤੇ ਨਾ ਸਿਰਫ ਜਾਬਰ ਕਹਿਣ ਦੀ ਹਿੰਮਤ ਕੀਤੀ ਹੈ, ਸਗੋਂ ਉਨ੍ਹਾਂ ਦੇ ਫਾਸ਼ੀਵਾਦੀ ਰਾਜ ਵਿਰੁਧ ਲੋਕਾਂ ਨੂੰ ਲਾਮਬੰਦ ਕਰਨ ਦੇ ਯਤਨ ਵੀ ਕੀਤੇ ਹਨ। ਅਰੁੰਧਤੀ ਰਾਏ ਜਿਹੇ ਕਿਸੇ ਕਲਾਕਾਰ, ਸਾਹਿਤਕਾਰ, ਦਾਨਸ਼ਵਰ ਦੀ ਸੋਚ ਉਤੇ ਟਿੱਪਣੀ ਕਰਨਾ ਬੜਾ ਜੋਖਮ ਭਰਿਆ ਕੰਮ ਹੈ, ਕਿਉਂਕਿ ਇਹ ਕੰਮ ਕਰਨ ਲਈ ਆਪਣੀ ਆਤਮਾ 'ਤੇ ਬੋਝ ਪਾਉਣਾ ਪੈਂਦਾ ਹੈ ਕਿ ਕਿਤੇ ਸੰਵੇਦਨਸ਼ੀਲ ਸਾਹਿਤਕਾਰ ਦੇ ਮਨ ਨੂੰ ਅਜਿਹੀ ਟਿੱਪਣੀ ਨਾਲ ਠੇਸ ਨਾ ਲੱਗ ਜਾਏ। ਕਈ ਵਾਰ ਇਹ ਪੜਚੋਲ ਇਕ ਸੁਹਿਰਦ ਮਜਬੂਰੀ ਬਣ ਜਾਂਦੀ

**ਗੁਰਬਚਨ ਸਿੰਘ**
**ਫੋਨ: 91-98156-98451**

ਹੈ, ਕਿਉਂਕਿ ਬੌਧਿਕ ਵਰਗ ਨੂੰ ਪ੍ਰਭਾਵਿਤ ਕਰਨ ਵਾਲੇ ਅਜਿਹੇ ਵੱਡੇ ਬੁੱਧੀਮਾਨਾਂ ਦੀ ਸੋਚ ਵਿਚਲੀ ਇਕ ਛੋਟੀ ਜਿਹੀ ਗਲਤੀ ਵੀ ਅਗਾਂਹਵਧੂ ਲਹਿਰਾਂ ਨੂੰ ਕੁਰਾਹੇ ਪਾਉਣ ਦਾ ਸਾਧਨ ਬਣ ਸਕਦੀ ਹੈ।

ਮੁਸਲਿਮ ਕਤਲੇਆਮ ਤੋਂ ਫੌਰੀ ਪਿਛੋਂ ਪਹਿਲੀ ਮਾਰਚ 2020 ਨੂੰ ਦਿੱਲੀ 'ਚ ਸਾਹਿਤਕਾਰਾਂ, ਲੇਖਕਾਂ, ਕਲਾਕਾਰਾਂ ਨੂੰ ਮੁਖਾਤਿਬ ਹੁੰਦਿਆਂ ਅਰੁੰਧਤੀ ਰਾਏ ਨੇ ਕਿਹਾ ਹੈ, "ਇਕ ਅਜਿਹੀ ਜਮਹੂਰੀਅਤ, ਜੋ ਸੰਵਿਧਾਨ ਰਾਹੀਂ ਸੰਚਾਲਿਤ ਨਾ ਕੀਤੀ ਜਾ ਰਹੀ ਹੋਵੇ ਅਤੇ ਜਿਸ ਦੀਆਂ ਤਮਾਮ ਸੰਸਥਾਵਾਂ ਨੂੰ ਖੋਖਲਾ ਕਰ ਦਿਤਾ ਗਿਆ ਹੋਵੇ, ਸਿਰਫ ਬਹੁਗਿਣਤੀਵਾਦੀ ਰਾਜ ਹੀ ਬਣ ਸਕਦਾ ਹੈ। ਤੁਸੀਂ ਪੂਰੀ ਤਰ੍ਹਾਂ ਸੰਵਿਧਾਨ ਦੇ ਹੱਕ ਵਿਚ ਜਾਂ ਵਿਰੋਧ ਵਿਚ ਹੋ ਸਕਦੇ ਹੋ ਜਾਂ ਇਸ ਦੇ ਕੁਝ ਹਿਸਿਆਂ ਨਾਲ ਸਹਿਮਤ ਜਾਂ ਅਸਹਿਮਤ ਹੋ ਸਕਦੇ ਹੋ, ਪਰ ਇੰਜ ਵਿਹਾਰ ਕਰਨਾ ਜਿਵੇਂ ਉਸ ਦੀ ਕੋਈ ਹੋਂਦ ਹੀ ਨਹੀਂ, ਜਿਵੇਂ ਇਹ ਸਰਕਾਰ ਕਰ ਰਹੀ ਹੈ, ਜਮਹੂਰੀਅਤ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਨ ਦੇ ਬਰਾਬਰ ਹੈ। ਸ਼ਾਇਦ ਉਨ੍ਹਾਂ ਦਾ ਮਨੋਰਥ ਵੀ ਇਹੀ ਹੈ। ਇਹ ਸਾਡਾ ਆਪਣਾ ਕਰੋਨਾ ਵਾਇਰਸ ਹੈ। ਅਸੀਂ ਬਿਮਾਰ ਹਾਂ।"

ਅਰੁੰਧਤੀ ਰਾਏ ਵਲੋਂ ਭਾਰਤੀ ਰਾਜ ਦੀ ਕੀਤੀ ਗਈ ਇਹ ਨਿਸ਼ਾਨਦੇਹੀ ਠੀਕ ਨਹੀਂ ਹੈ। ਇਸ ਤਰ੍ਹਾਂ ਦੀ ਸੋਚ ਨਾਲ ਬਹੁਗਿਣਤੀ ਲੋਕਾਂ ਤੇ ਖਾਸ ਕਰ ਉਦਾਰਵਾਦੀ ਬੁੱਧੀਜੀਵੀਆਂ ਦੇ ਗੁੰਮਰਾਹ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਉਸ ਦਾ ਇਹ ਕਹਿਣਾ ਠੀਕ ਨਹੀਂ ਕਿ ਮੋਦੀ-ਸ਼ਾਹ ਵਲੋਂ 'ਸੰਵਿਧਾਨ ਰਾਹੀਂ ਸੰਚਾਲਿਤ ਨਾ ਕੀਤੀ ਜਾ ਰਹੀ ਜਮਹੂਰੀਅਤ ਸਿਰਫ ਬਹੁਗਿਣਤੀਵਾਦੀ ਰਾਜ ਹੀ ਬਣ ਸਕਦਾ ਹੈ।' ਨਾ ਉਸ ਦਾ ਇਹ ਕਹਿਣਾ ਠੀਕ ਹੈ ਕਿ ਇਹ 'ਸਾਡਾ ਆਪਣਾ ਕਰੋਨਾ ਵਾਇਰਸ ਹੈ' ਅਤੇ ਨਾ ਹੀ 'ਅਸੀਂ ਬਿਮਾਰ ਹਾਂ।'

ਕਰੋਨਾ ਵਾਇਰਸ ਨਾਲ ਇਸ ਦੀ ਤੁਲਨਾ ਕਰਨ ਤੋਂ ਇਉਂ ਜਾਪਦਾ ਹੈ, ਜਿਵੇਂ ਇਹ ਕੋਈ ਕੁਦਰਤੀ ਆਫਤ ਹੋਵੇ, ਪਰ ਇਹ ਕੋਈ ਕੁਦਰਤੀ ਆਫਤ ਨਹੀਂ, ਸਗੋਂ ਬ੍ਰਾਹਮਣੀ ਸਾਮਰਾਜ ਦੇ ਵਜੂਦ ਵਿਚੋਂ ਪ੍ਰਗਟ ਹੋ ਰਹੀ ਤਬਾਹੀ ਦੇ ਲੱਛਣ ਹਨ। ਅਸੀਂ (ਲੋਕ) ਬਿਮਾਰ ਨਹੀਂ, ਸਗੋਂ ਬਿਮਾਰ ਇਹ ਬ੍ਰਾਹਮਣੀ ਸੋਚ ਦੇ ਮਾਲਕ ਮੋਦੀ-ਸ਼ਾਹ ਜਿਹੇ ਲੋਕ ਹਨ, ਜੋ ਸਾਮਰਾਜੀ ਢਾਂਚੇ ਦੇ ਸੰਦ ਬਣੇ ਹੋਏ ਹਨ, ਜੋ ਸਾਮਰਾਜੀ ਢਾਂਚਾ ਲੋਕਾਂ ਨੂੰ ਨਿਤ ਦਿਨ ਤਬਾਹੀ ਵੱਲ ਧੱਕਦਾ ਜਾ ਰਿਹਾ ਹੈ। ਮੌਜੂਦਾ ਰਾਜ ਨਾ ਬਹੁਗਿਣਤੀਵਾਦੀ ਰਾਜ ਹੈ ਅਤੇ ਨਾ ਹੀ ਇਹ ਬਹੁਗਿਣਤੀਵਾਦੀ ਰਾਜ ਬਣ ਸਕਦਾ ਹੈ। ਇਹ ਸਾਮਰਾਜੀ ਪੂੰਜੀਵਾਦੀ ਰਾਜ ਹੈ, ਜਿਸ ਨੂੰ ਬ੍ਰਾਹਮਣੀ ਸੋਚ ਅਗਵਾਈ ਦੇ ਰਹੀ ਹੈ। ਫਾਸ਼ੀਵਾਦ ਇਸ ਦੇ ਵਜੂਦ ਵਿਚ ਸਮੋਇਆ ਲੱਛਣ ਹੈ। ਹੁਣ ਤਕ ਇਹ ਆਪਣੇ ਫਾਸ਼ੀਵਾਦੀ ਲੱਛਣ ਕੁਝ ਖਾਸ ਮੌਕਿਆਂ 'ਤੇ ਪ੍ਰਗਟ ਕਰਦਾ ਰਿਹਾ ਹੈ। ਹੁਣ ਜਦੋਂ ਇਹ ਆਪਣੇ ਫਾਸ਼ੀਵਾਦੀ ਲੱਛਣ ਸ਼ਰੇਆਮ ਪ੍ਰਗਟਾ ਰਿਹਾ ਹੈ ਤਾਂ ਇਸ ਦੇ ਕੁਝ ਖਾਸ ਕਾਰਨ ਹਨ, ਜੋ 2008 ਵਿਚ ਅਰੰਭ ਹੋਏ ਸੰਸਾਰ ਵਿਆਪੀ ਆਰਥਕ ਮੰਦੇ ਵਿਚ ਪਏ ਹਨ।

ਪੰਜਾਬ ਮਹਾਰਾਸ਼ਟਰ ਬੈਂਕ ਤੇ ਯੈਸ ਬੈਂਕ ਦਾ ਨਿਕਲਿਆ ਦੀਵਾਲਾ ਜਾਂ ਸਟੇਟ ਬੈਂਕ ਜਿਹੇ ਬੈਂਕਾਂ ਦੀ ਮੰਦੀ ਹਾਲਤ ਇਸੇ ਮੰਦੇ ਨੂੰ ਨਸ਼ਰ ਕਰ ਰਹੇ ਹਨ। ਮੋਦੀ ਰਾਜ ਦੀ ਆਮਦ ਵੇਲੇ 2014 ਵਿਚ ਇਸ ਬੈਂਕ ਨੇ ਮੰਡੀ ਵਿਚ 55,000 ਕਰੋੜ ਰੁਪਏ ਦਾ ਕਰਜਾ ਵੰਡਿਆ ਹੋਇਆ ਸੀ, ਜੋ ਹੁਣ 14 ਲੱਖ ਕਰੋੜ ਰੁਪਏ ਦਾ ਹੈ। ਇਹ ਸਾਰਾ ਕਰਜਾ ਅਨਿਲ ਅੰਬਾਨੀ ਤੇ ਜੀ ਨਿਊਜ਼ ਦੇ ਮਾਲਕ ਸੁਭਾਸ਼ ਕੁਮਾਰ ਜਿਹੇ ਧਨਾਢਾਂ ਨੂੰ ਮੋਦੀ ਰਾਜ ਵੇਲੇ ਦਿਤਾ ਗਿਆ ਹੈ। ਕੋਈ ਕਿਸਾਨ ਜੇ ਕੁਝ ਲੱਖ ਰੁਪਿਆ ਬੈਂਕ ਤੋਂ ਕਰਜਾ ਲੈ ਕੇ ਨਾ ਮੋੜੇ ਤਾਂ ਉਸ ਨੂੰ ਹਰ ਤਰ੍ਹਾਂ ਜਲੀਲ ਕੀਤਾ ਜਾਂਦਾ ਹੈ ਅਤੇ ਅਖੀਰ ਇਸ ਜਲਾਲਤ ਤੋਂ ਅੱਕ ਕੇ ਉਹ ਖੁਦਕੁਸ਼ੀ ਕਰ ਲੈਂਦਾ ਹੈ। ਸਿਰਫ ਮੋਦੀ ਰਾਜ ਵੇਲੇ ਹੀ ਦੇਸ਼ ਭਰ ਵਿਚ ਲੱਖਾਂ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ, ਜਿਸ ਵਿਚ ਪੰਜਾਬ ਦੇ ਹਜਾਰਾਂ ਕਿਸਾਨ ਵੀ ਸ਼ਾਮਿਲ ਹਨ; ਪਰ ਉਸੇ ਸਰਕਾਰ ਦੇ ਦੌਰ ਵਿਚ ਵੱਡੇ ਵੱਡੇ ਧਨਾਢਾਂ ਭਾਵ ਸਾਮਰਾਜੀ ਪੂੰਜੀਪਤੀਆਂ ਦੇ ਖਰਬਾਂ ਰੁਪਏ ਦੇ ਕਰਜੇ ਉਤੇ ਚੁੱਪ ਚਪੀਤੇ ਲੀਕ ਫੇਰ ਦਿਤੀ ਗਈ ਹੈ। ਕਿਉਂ? ਕਿਉਂਕਿ ਇਹ ਸਾਮਰਾਜੀ ਧਨਾਢਾਂ ਦੀ ਆਪਣੀ ਸਰਕਾਰ ਹੈ। ਅੰਬਾਨੀ-ਅਡਾਨੀ ਦੇ ਹਜਾਰਾਂ ਕਰੋੜ ਰੁਪਏ ਖਰਚ ਕੇ ਇਹ ਹੋਂਦ ਵਿਚ ਆਈ ਹੈ।

ਕਮਿਊਨਿਸਟ ਮੈਨੀਫੈਸਟੋ ਵਿਚ ਦਰਜ ਹੈ, "ਅਜੋਕਾ ਜਮਹੂਰੀ ਗਣਰਾਜ-ਇਕ ਕੰਮਕਾਜੀ ਅਦਾਰੇ ਦੇ ਰੂਪ ਵਿਚ-ਸਮੁੱਚੇ (ਸਾਮਰਾਜੀ) ਪੂੰਜੀਵਾਦ ਦੇ ਸਾਂਝੇ ਮਸਲਿਆਂ ਦਾ ਪ੍ਰਬੰਧ ਕਰਨ ਵਾਲੀ ਇਕ ਕਮੇਟੀ ਤੋਂ ਵੱਧ ਹੋਰ ਕੋਈ ਅਹਿਮੀਅਤ ਨਹੀਂ ਰਖਦਾ।"

ਮੋਦੀ ਰਾਜ ਵਿਚ ਇਨ੍ਹਾਂ ਧਨਾਢਾਂ ਦਾ ਅਰਬਾਂ ਰੁਪਏ ਦੇ ਟੈਕਸ ਤੇ ਖਰਬਾਂ ਰੁਪਏ ਦਾ ਕਰਜਾ ਮਾਫ ਕਰਨ ਦੇ ਬਾਵਜੂਦ ਜੇ ਇਨ੍ਹਾਂ ਬੈਂਕਾਂ ਦਾ ਦੀਵਾਲਾ ਨਿਕਲ ਰਿਹਾ ਹੈ, ਤਾਂ ਫਿਰ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੌਜੂਦਾ ਰਾਜ ਵਿਚ ਗਰੀਬ ਕਿਰਤੀ-ਕਿਸਾਨ ਤੇ ਆਮ ਮੱਧ ਵਰਗ ਦੀ ਆਰਥਕ ਲੁੱਟ ਕਿਸ ਪੱਧਰ 'ਤੇ ਹੋ ਰਹੀ ਹੈ। ਹੁਣ ਇਹ ਸਮਝ ਆਉਂਦੀ ਹੈ ਕਿ ਭਾਰਤੀ ਧਨਾਢਾਂ ਨੇ ਸੁਚੇਤ ਰੂਪ ਵਿਚ ਮੋਦੀ-ਸ਼ਾਹ ਜਿਹਿਆਂ ਨੂੰ ਦੇਸ਼ ਦੀ ਵਾਗਡੋਰ ਕਿਉਂ ਫੜਾਈ ਹੈ, ਜਿਨ੍ਹਾਂ ਉਤੇ 2002 ਵਿਚ ਗੁਜਰਾਤ 'ਚ ਹੋਏ ਮੁਸਲਿਮ ਕਤਲੇਆਮ ਦੇ ਅਦਾਲਤੀ ਦੋਸ਼ ਅਜੇ ਬਰਕਰਾਰ ਹਨ, ਕਿਉਂਕਿ ਉਨ੍ਹਾਂ ਨੂੰ ਇਲਮ ਸੀ ਕਿ ਭਾਵੇਂ ਇਕ ਸੀਮਤ ਹੱਦ ਤਕ ਹੀ ਸਹੀ, ਪਰ ਡਾ. ਮਨਮੋਹਨ ਸਿੰਘ ਜਿਹਾ ਕੋਈ ਸ਼ਰੀਫ ਆਦਮੀ ਉਨ੍ਹਾਂ ਦੀ ਇਸ ਬੇਹਿਸਾਬੀ ਲੁੱਟ ਵਿਚ ਰੁਕਾਵਟ ਵੀ ਪਾ ਸਕਦਾ ਹੈ। ਖੁਦ ਮੁਜਰਿਮਾਂ ਦੇ ਕਟਹਿਰੇ ਵਿਚ ਖੜੇ ਮੋਦੀ-ਸ਼ਾਹ ਦੀ ਇਹ ਹਿੰਮਤ ਨਹੀਂ ਪੈ ਸਕਦੀ ਕਿ ਉਹ ਇਨ੍ਹਾਂ ਸਾਮਰਾਜੀ ਲੁਟੇਰਿਆਂ ਦੀ ਮਨਮਾਨੀ ਨੂੰ ਰੋਕ ਸਕੇ। ਇਹ ਬਦਨਾਮੀ ਹੀ ਇਨ੍ਹਾਂ ਦੀ ਰਾਜਸੀ ਨੇਕਨਾਮੀ ਬਣ ਗਈ ਹੈ।

ਮਾਰਕਸ ਵੇਲੇ ਦੇ ਪੂੰਜੀਵਾਦ ਵਿਚ ਫਿਰ ਵੀ ਕੁਝ ਜਮਹੂਰੀ ਲੱਛਣ ਸਨ, ਪਰ ਸਾਮਰਾਜੀ ਦੌਰ 'ਚ ਆ ਕੇ ਤਾਂ ਇਹ ਆਪਣੇ ਜਮਹੂਰੀ ਲੱਛਣ ਗੁਆ ਚੁਕਾ ਹੈ। ਇਹ ਸਿਰਫ ਸ਼ਹਿਰੀ ਮੱਧ ਵਰਗ ਦੀਆਂ ਬੇਲੋੜੀਆਂ ਤੇ ਗੈਰ-ਕੁਦਰਤੀ ਖਪਤਕਾਰੀ ਇੱਛਾਵਾਂ ਦੀ ਪੂਰਤੀ ਕਰਨ ਦਾ ਸੰਦ ਮਾਤਰ ਬਣ ਕੇ ਰਹਿ ਗਿਆ ਹੈ। ਹੁਣ ਮਸਲਾ ਇਹ ਬਣ ਗਿਆ ਹੈ ਕਿ ਸੰਸਾਰ ਪੱਧਰ 'ਤੇ ਮੰਡੀ ਦੇ ਸੁੰਗੜਨ ਨਾਲ ਸਾਮਰਾਜੀ ਪੂੰਜੀਵਾਦ ਦਾ ਪਸਾਰਾ ਰੁਕ ਗਿਆ ਹੈ ਤੇ ਉਹ ਮੰਦੇ ਦਾ ਸ਼ਿਕਾਰ ਹੋ ਗਿਆ ਹੈ।

'ਕਮਿਊਨਿਸਟ ਮੈਨੀਫੈਸਟੋ' ਵਿਚ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਪੂੰਜੀਵਾਦੀ ਪ੍ਰਬੰਧ ਅਧੀਨ ਅਜੋਕੇ ਸ਼ਹਿਰੀ (ਬੁਰਜੂਆ) ਸਮਾਜ ਨੇ ਪੈਦਾਵਾਰ ਅਤੇ ਵਟਾਂਦਰੇ ਦੇ ਏਨੇ ਧੜਵੈਲ ਸਾਧਨ ਪੈਦਾ ਕਰ ਲਏ ਹਨ ਕਿ ਹੁਣ ਇਹ ਅਕਸਰ ਇਨ੍ਹਾਂ ਦੇ ਕਾਬੂ ਤੋਂ ਬਾਹਰ ਹੋ ਜਾਂਦੇ ਹਨ। (ਸਾਮਰਾਜੀ) ਪੂੰਜੀਵਾਦੀ ਰਿਸ਼ਤਿਆਂ ਵਿਚ ਨਰੜੇ ਹੋਣ ਕਾਰਨ ਇਹ ਧੜਵੈਲ ਸਾਧਨ ਉਸ ਜਾਦੂਗਰ ਵਾਂਗ ਹਨ, ਜੋ ਆਪਣੀਆਂ ਹੀ ਜਗਾਈਆਂ ਜਾਦੂਈ ਸ਼ਕਤੀਆਂ ਨੂੰ ਆਪਣੇ ਕਾਬੂ ਵਿਚ ਨਹੀਂ ਰਖ ਸਕਦਾ। ਕੁਝ ਕੁ ਨਿਸ਼ਚਿਤ ਸਮੇਂ ਬਾਅਦ ਮੁੜ-ਮੁੜ ਪ੍ਰਗਟ ਹੁੰਦੇ ਵਪਾਰਕ ਸੰਕਟ ਹਰ ਵਾਰ ਸਮੁੱਚੇ ਪੂੰਜੀਵਾਦੀ ਸਮਾਜ ਦੀ ਹੋਂਦ ਨੂੰ ਪਹਿਲਾਂ ਤੋਂ ਵੀ ਵੱਡਾ ਖਤਰਾ ਖੜਾ ਕਰ ਦਿੰਦੇ ਹਨ। ਇਨ੍ਹਾਂ ਸੰਕਟਾਂ ਵਿਚ ਨਾ ਸਿਰਫ ਮੌਜੂਦਾ ਪੈਦਾਵਾਰ, ਸਗੋਂ ਪਹਿਲਾਂ ਸਿਰਜੇ ਪੈਦਾਵਾਰੀ ਸਾਧਨ ਵੀ ਤਬਾਹ ਕਰ ਦਿਤੇ ਜਾਂਦੇ ਹਨ। ਅਚਨਚੇਤ ਸਾਰਾ ਸਮਾਜ ਕੁਝ ਚਿਰ



*ਅਰੁੰਧਤੀ ਰਾਏ*



ਲਈ ਆਪਣੇ ਆਪ ਨੂੰ ਵਹਿਸ਼ੀ (ਜਾਂਗਲੀ) ਹਾਲਤ ਵਿਚ ਪਹੁੰਚਿਆ ਮਹਿਸੂਸ ਕਰਦਾ ਹੈ। ਜਿਵੇਂ ਕਿਸੇ ਸਰਬਵਿਆਪੀ ਤਬਾਹੀ ਨੇ ਮਨੁੱਖੀ ਹੋਂਦ ਲਈ ਲੋੜੀਂਦੇ ਸਨਅਤ ਤੇ ਵਪਾਰ ਨੂੰ ਬੰਨ ਮਾਰ ਦਿਤਾ ਹੋਵੇ। ਪੂੰਜੀਵਾਦੀ ਸਮਾਜ ਦੀਆਂ ਵਲਗਣਾਂ ਏਨੀਆਂ ਤੰਗ ਹੋ ਜਾਂਦੀਆਂ ਹਨ ਕਿ ਉਹ ਆਪਣੀ ਹੀ ਪੈਦਾ ਕੀਤੀ ਪੂੰਜੀ ਨੂੰ ਵੀ ਆਪਣੇ ਵਿਚ ਨਹੀਂ ਸਮੋਅ ਸਕਦੀਆਂ। ਪੂੰਜੀਵਾਦ ਇਸ ਸੰਕਟ ਦਾ ਹੱਲ ਕਿਵੇਂ ਕਰਦਾ ਹੈ? ਇਕ ਪਾਸੇ ਪੈਦਾਵਾਰੀ ਸ਼ਕਤੀਆਂ ਦੀ ਭਾਰੀ ਤਬਾਹੀ ਕਰਕੇ ਅਤੇ ਦੂਜੇ ਪਾਸੇ ਨਵੀਆਂ ਮੰਡੀਆਂ ਕਾਬੂ ਕਰਕੇ ਤੇ ਪੁਰਾਣੀਆਂ ਮੰਡੀਆਂ ਦੀ ਹੋਰ ਵੱਧ ਲੁੱਟ ਕਰਕੇ।

2008 ਤੋਂ ਸੰਸਾਰ ਭਰ ਵਿਚ ਫੈਲਿਆ ਮੌਜੂਦਾ ਆਰਥਕ ਮੰਦਵਾੜਾ ਇਸੇ ਹੀ ਪੱਧਰ ਦਾ ਹੈ। ਇਸੇ ਕਰਕੇ ਸਾਮਰਾਜੀਆਂ ਵਿਚਾਲੇ ਨਵੀਆਂ ਮੰਡੀਆਂ ਖੋਹਣ ਦੀ ਦੌੜ ਤੇ ਪੁਰਾਣੀਆਂ ਮੰਡੀਆਂ ਦੀ ਲੁਟ ਹੋਰ ਤੇਜ ਹੋ ਗਈ ਹੈ। ਟਰੰਪ ਤੇ ਮੋਦੀ ਆਦਿ ਜਿਹੇ ਰਾਜਸੀ ਆਗੂ ਇਸੇ ਹੀ ਵਰਤਾਰੇ ਦੀ ਦੇਣ ਹਨ। 20ਵੀਂ ਸਦੀ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਇਸੇ ਪੱਧਰ ਦੇ ਦੋ ਆਰਥਕ ਮੰਦਵਾੜੇ ਆ ਚੁਕੇ ਹਨ। ਪਹਿਲਾ ਵਿਸ਼ਵ ਆਰਥਕ ਮੰਦਵਾੜਾ 1911-14 ਵਿਚ ਆਇਆ ਸੀ, ਜਿਸ ਦਾ ਸਿੱਟਾ ਪਹਿਲੀ ਵਿਸ਼ਵ ਸਾਮਰਾਜੀ ਜੰਗ ਵਿਚ ਨਿਕਲਿਆ ਅਤੇ ਦੂਜਾ ਵਿਸ਼ਵ ਆਰਥਕ ਮੰਦਵਾੜਾ 1928-38 ਵਿਚ ਆਇਆ ਸੀ, ਜਿਸ ਦਾ ਸਿੱਟਾ ਦੂਜੀ ਵਿਸ਼ਵ ਸਾਮਰਾਜੀ ਜੰਗ ਵਿਚ ਨਿਕਲਿਆ ਸੀ। 2008 ਵਿਚ ਫੈਲਿਆ ਮੌਜੂਦਾ ਆਰਥਕ ਮੰਦਵਾੜਾ ਤੀਜੀ ਵਿਸ਼ਵ ਸਾਮਰਾਜੀ ਜੰਗ ਦਾ ਮੁਢ ਬੰਨ ਰਿਹਾ ਹੈ, ਜਿਸ ਬਾਰੇ ਚਰਚਾ ਅਸੀਂ ਹਰ ਰੋਜ ਅਖਬਾਰਾਂ ਵਿਚ ਪੜ੍ਹ ਰਹੇ ਹਾਂ।

ਮਾਰਕਸ ਅਨੁਸਾਰ ਪੂੰਜੀ ਇਕੱਠੀ ਹੋਈ (ਮੁਰਦਾ) ਕਿਰਤ ਹੈ। ਪੂੰਜੀ ਦੀ ਤਾਕਤ ਨਿਜੀ ਜਾਇਦਾਦ ਦੇ ਰੂਪ ਵਿਚ ਕਿਰਤੀਆਂ ਦੀ ਸਮੁਚੀ ਪੈਦਾਵਾਰ ਉਤੇ ਪੂੰਜੀਪਤੀਆਂ ਦੀ ਮਾਲਕੀ ਹੈ। ਪੂੰਜੀਪਤੀ ਪੂੰਜੀ ਦੇ ਇਸ ਹਥਿਆਰ ਨਾਲ ਆਪਣੀ ਹੁਕਮੀਆ ਸ਼ਕਤੀ ਦੀ ਵਰਤੋਂ ਪਹਿਲਾਂ ਕਿਰਤੀਆਂ ਉਤੇ ਕਰਦਾ ਹੈ, ਪਰ ਪਿਛੋਂ ਪੂੰਜੀ ਦੀ ਇਹੀ ਹੁਕਮੀਆ ਸ਼ਕਤੀ ਖੁਦ ਪੂੰਜੀ ਮਾਲਕ ਦੀ ਮਾਨਸਿਕਤਾ ਨੂੰ ਵੀ ਆਪਣੀ ਜਕੜ ਵਿਚ ਲੈ ਲੈਂਦੀ ਹੈ। ਪੂੰਜੀਪਤੀ ਖੁਦ ਵੀ ਇਸ ਮੁਰਦਾ ਪੂੰਜੀ ਦਾ ਮਾਨਸਿਕ ਗੁਲਾਮ ਬਣ ਜਾਂਦਾ ਹੈ। ਪੂੰਜੀ ਦੀ ਮੰਗ ਅਨੁਸਾਰ ਮੁਨਾਫਾ ਅਤੇ ਹੋਰ ਮੁਨਾਫਾ ਕਮਾਉਣਾ ਉਸ ਦੀ ਸੋਚ ਨੂੰ ਜਕੜ ਲੈਂਦਾ ਹੈ। ਇੰਜ ਮੁਰਦਾ ਪੂੰਜੀ, ਪੂੰਜੀਪਤੀਆਂ ਰਾਹੀਂ ਸਮੁੱਚੇ ਸਮਾਜ ਨੂੰ ਚਲਾਉਂਦੀ ਹੈ। ਇਸੇ ਆਪ ਮੁਹਾਰੀ ਬਿਰਤੀ ਨਾਲ ਅੱਜ ਇਹ ਸਮੁੱਚੇ ਵਿਸ਼ਵ ਨੂੰ ਤਬਾਹੀ ਦੇ ਦਹਾਨੇ ਉਤੇ ਲੈ ਆਈ ਹੈ।

ਗੁਰਮਤਿ ਨੇ ਪੂੰਜੀਪਤੀਆਂ ਦੀ ਇਸ ਗੁਲਾਮ ਮਾਨਸਿਕਤਾ ਨੂੰ ਬੜੀ ਖੂਬਸੂਰਤੀ ਨਾਲ ਫੜਿਆ ਹੈ। ਇਥੇ ਮਾਇਆ ਤੋਂ ਭਾਵ ਧਨ-ਦੌਲਤ ਹੈ,

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥ (ਗੁਰੂ ਗ੍ਰੰਥ ਸਾਹਿਬ, ਪੰਨਾ 510)
ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥ (ਪੰਨਾ 643)
ਮਾਇਆ ਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ (ਪੰਨਾ 313)

ਪੈਦਾਵਾਰ ਤੇ ਕਿਰਤ ਵਿਚਾਲੇ ਸਿਧੇ ਰਿਸ਼ਤੇ ਨੂੰ ਅਣਗੌਲਿਆ ਕਰਕੇ ਪੂੰਜੀਵਾਦੀ ਰਾਜਸੀ ਅਰਥਚਾਰਾ ਕਿਰਤ ਦੇ ਵਜੂਦ ਵਿਚ ਸਮੋਏ ਤੱਤ ਸਮੁੱਚੀ ਪੈਦਾਵਾਰ ਦੇ ਮਨੁੱਖਤਾ ਦੀਆਂ ਅਸਲੀ ਲੋੜਾਂ ਤੋਂ ਟੁੱਟੇ ਹੋਣ ਨੂੰ ਛੁਪਾ ਕੇ ਰਖਦਾ ਹੈ। ਪੂੰਜੀ ਤੇ ਮੁਨਾਫੇ ਦੀ ਹਾਬੜ, ਮੁਕਾਬਲਾ ਤੇ ਅਰਾਜਕਤਾ ਇਨ੍ਹਾਂ ਦੇ ਰਾਜ ਦੀ ਦਿਸ਼ਾ ਤੈਅ ਕਰਦੀ ਹੈ। ਲੋਕਾਂ ਦੀ ਮੁਢਲੀ ਲੋੜ ਸੰਤੁਲਿਤ ਭੋਜਨ ਦੀ ਹੈ, ਇਹ ਉਨ੍ਹਾਂ ਨੂੰ ਰਸਾਇਣੀ ਜ਼ਹਿਰਾਂ ਖੁਆ ਰਿਹਾ ਹੈ। ਲੋਕਾਂ ਦੀ ਮੁਢਲੀ ਲੋੜ ਕੁਦਰਤੀ ਵਾਤਾਵਰਣ ਨਾਲ ਸੁਮੇਲ ਕਰਕੇ ਬਣੇ ਛੋਟੇ ਛੋਟੇ ਸਾਫ-ਸੁਥਰੇ ਘਰਾਂ ਦੀ ਹੈ, ਇਹ ਝੁਗੀਆਂ-ਝੌਂਪੜੀਆਂ ਵਿਚ ਰਹਿ ਰਹੇ ਕਰੋੜਾਂ ਲੋਕਾਂ ਦੀ ਲੁੱਟ ਨਾਲ ਬਣੇ ਨਵੇਂ ਧਨਾਢਾਂ ਨੂੰ ਕਰੋੜਾਂ ਰੁਪਏ ਦੇ ਬਣੇ ਮਹਿਲਾਂ ਦੇ ਸੁਪਨੇ ਵਿਖਾ ਰਿਹਾ ਹੈ। 8 ਮਾਰਚ ਦੀ 'ਟਾਈਮਜ਼ ਆਫ ਇੰਡੀਆ' ਅਖਬਾਰ ਦੇ ਪਹਿਲੇ ਸਫੇ ਉਤੇ ਲੱਖਾਂ ਰੁਪਏ ਦੇ ਦਿਤੇ ਇਸ਼ਤਿਹਾਰ ਵਿਚ 'ਟਰੰਪ ਟਾਵਰ' ਵਿਚ ਮਕਾਨ ਖਰੀਦਣ ਦੀ ਪੇਸ਼ਕਸ਼ ਕੀਤੀ ਗਈ ਹੈ, ਜਿਸ ਦੀ ਘੱਟੋਘੱਟ ਕੀਮਤ 5 ਕਰੋੜ ਰੁਪਏ ਹੈ। ਇਹ 'ਟਾਵਰ' ਟਰੰਪ ਤੇ ਮੋਦੀ ਦੀ ਲੁਟੇਰੀ ਸਾਂਝ ਦਾ ਪ੍ਰਤੀਕ ਹੈ।

ਅੱਜ ਟਰੰਪ ਤੇ ਮੋਦੀ ਜਿਹਿਆਂ ਨੂੰ ਕੁਦਰਤੀ ਵਾਤਾਵਰਣ ਦੀ ਹੋ ਰਹੀ ਤਬਾਹੀ ਅਤੇ ਮਨੁੱਖ ਜਾਤੀ ਦੀ ਦਾਅ 'ਤੇ ਲੱਗੀ ਹੋਂਦ ਦੀ ਕੋਈ ਪ੍ਰਵਾਹ ਨਹੀਂ। ਦੁਨੀਆਂ ਭਰ ਦੇ ਸਾਇੰਸਦਾਨਾਂ ਤੇ ਆਮ ਲੋਕਾਂ ਵਲੋਂ ਵੱਡੀ ਪੱਧਰ 'ਤੇ ਮੁਜਾਹਰੇ ਕਰ ਕੇ ਕੀਤੀ ਜਾ ਰਹੀ ਮੰਗ ਦੇ ਬਾਵਜੂਦ ਉਹ ਆਪਣੇ ਇਸ ਸਾਮਰਾਜੀ ਅਡੰਬਰ ਵਿਚ ਕੁਦਰਤ ਤੇ ਮਨੁੱਖ ਪੱਖੀ ਵੱਡੇ ਸੁਧਾਰ ਕਰਨ ਦੀ ਥਾਂ ਇਸ ਮੰਦਵਾੜੇ ਦਾ ਸਾਰਾ ਬੋਝ ਗਰੀਬ ਕਿਰਤੀ-ਕਿਸਾਨਾਂ 'ਤੇ ਪਾਉਣ ਦਾ ਯਤਨ ਕਰ ਰਹੇ ਹਨ। ਆਪਣੀਆਂ ਇਨ੍ਹਾਂ ਲੋਟੂ ਨੀਤੀਆਂ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਕੁਚਲਣ ਲਈ ਫਾਸ਼ੀਵਾਦ ਇਨ੍ਹਾਂ ਦੀ ਲੋੜ ਬਣਦਾ ਜਾ ਰਿਹਾ ਹੈ।

ਹਾਲ ਦੀ ਘੜੀ ਆਪਣੀ ਫੌਰੀ ਰਾਜਸੀ ਲੋੜ ਵਿਚੋਂ ਭਾਵੇਂ ਇਸ ਫਾਸ਼ੀਵਾਦ ਦਾ ਨਿਸ਼ਾਨਾ ਮੁਸਲਮਾਨ ਹਨ, ਪਰ ਜਿਵੇਂ ਅਦਾਲਤਾਂ ਤੇ ਅਫਸਰਸ਼ਾਹੀ ਨੂੰ ਦਹਿਸ਼ਤਜ਼ਦਾ ਕਰ ਕੇ ਆਪਣੇ ਅਧੀਨ ਕਰਨ ਦੇ ਯਤਨ ਹੋ ਰਹੇ ਹਨ, ਉਨ੍ਹਾਂ ਤੋਂ ਸਪਸ਼ਟ ਹੈ ਕਿ ਇਸ ਫਾਸ਼ੀਵਾਦ ਦਾ ਨਿਸ਼ਾਨਾ ਸਭ ਧਾਰਮਿਕ ਘੱਟ ਗਿਣਤੀਆਂ, ਕਮਿਊਨਿਸਟ ਅਤੇ ਸਾਰੇ ਅਗਾਂਹਵਧੂ ਲੋਕ ਬਣਨਗੇ।

ਏਂਗਲਜ਼ ਨੇ ਲਿਖਿਆ ਹੈ, "ਬੇਲਗਾਮ ਪੂੰਜੀਵਾਦੀ ਅਰਥਚਾਰੇ ਉਤੇ ਆਧਾਰਤ ਅੰਨ੍ਹੀ ਮੰਡੀ ਨੇ ਆਪਣਾ ਸਭ ਤੋਂ ਚੰਗਾ ਕੰਮ ਇਹ ਕੀਤਾ ਹੈ ਕਿ ਇਸ ਨੇ ਦੁਸ਼ਮਣੀ ਨੂੰ ਸਰਬ ਸੰਸਾਰੀ ਬਣਾ ਦਿਤਾ ਹੈ। ਇਸ ਨੇ ਮਨੁੱਖ ਜਾਤੀ ਨੂੰ ਬਘਿਆੜਾਂ ਦੇ ਇਕ ਝੁੰਡ ਵਿਚ ਬਦਲ ਦਿਤਾ ਹੈ, ਜੋ ਇਕ-ਦੂਜੇ ਨੂੰ ਡੱਕਾਰ ਜਾਣਾ ਚਾਹੁੰਦੇ ਹਨ, ਕਿਉਂਕਿ ਹਰੇਕ ਦੇ ਹਿੱਤ ਇਕ-ਦੂਜੇ ਨਾਲ ਟਕਰਾਵੇਂ ਹਨ। ਖੁੱਲ੍ਹੇ ਮੁਕਾਬਲੇ ਦਾ ਇਹੀ ਤੱਤ ਹੈ। ਪੂੰਜੀਵਾਦੀ ਅਰਥ ਸ਼ਾਸਤਰੀ ਖੁੱਲ੍ਹੇ ਮੁਕਾਬਲੇ ਨੂੰ ਮਨੁੱਖ ਜਾਤੀ ਦੀ ਉਚਤਮ ਇਤਿਹਾਸਕ ਪ੍ਰਾਪਤੀ ਕਹਿ ਕੇ ਵਡਿਆਉਂਦੇ ਹਨ ਅਤੇ ਇਸ ਲਈ ਉਹ ਡਾਰਵਿਨ ਦੀ ਮਿਸਾਲ ਦਿੰਦੇ ਹਨ ਕਿ ਉਸ ਨੇ ਇਹ ਸਾਬਤ ਕੀਤਾ ਹੈ ਕਿ ਖੁੱਲ੍ਹਾ ਮੁਕਾਬਲਾ ਕੁਦਰਤੀ ਹੋਂਦ ਲਈ ਸੰਘਰਸ਼ ਹੈ; ਪਰ ਇਹ ਮੂਰਖ ਅਰਥ ਸ਼ਾਸਤਰੀ ਇਹ ਨਹੀਂ ਜਾਣਦੇ ਕਿ ਇਹ ਸਾਬਤ ਕਰਕੇ ਡਾਰਵਿਨ ਨੇ ਮਨੁੱਖ ਜਾਤੀ ਤੇ ਆਪਣੇ ਦੇਸ਼ ਵਾਸੀਆਂ ਉਤੇ ਕਿੰਨਾ ਕਰੂਰ ਵਿਅੰਗ ਕੀਤਾ ਹੈ। ਇਹ ਪਸ਼ੂ ਜਗਤ (ਜੰਗਲ ਰਾਜ) ਦਾ ਆਮ ਦਸਤੂਰ ਹੈ, ਪਰ ਸਮਾਜੀ ਪੈਦਾਵਾਰ ਤੇ ਵੰਡ ਦੀ ਯੋਜਨਾਬੱਧ ਢੰਗ ਨਾਲ ਕੀਤੀ ਸੁਚੇਤ ਜਥੇਬੰਦੀ ਹੀ ਮਨੁੱਖ ਜਾਤੀ ਨੂੰ ਬਾਕੀ ਦੇ ਪਸ਼ੂ ਜਗਤ ਤੋਂ ਉਚਾ ਚੁੱਕ ਸਕਦੀ ਹੈ।...ਉਦੋਂ ਹੀ ਇਤਿਹਾਸ ਦਾ ਇਕ ਨਵਾਂ ਯੁਗ ਅਰੰਭ ਹੋਵੇਗਾ, ਜਦੋਂ ਮਨੁੱਖ ਜਾਤੀ ਖੁਦ ਆਪਣੇ ਸਾਰੇ ਅਮਲਾਂ ਵਿਚ ਯੋਜਨਾਬੰਦੀ ਨੂੰ ਲਾਗੂ ਕਰੇਗੀ।"

ਇਸ ਲਈ ਅਜੋਕੇ ਸਾਮਰਾਜੀ ਦੌਰ ਦੀ ਬੇਲਗਾਮ ਮੰਡੀ ਦੀਆਂ ਸਭ ਅਲਾਮਤਾਂ ਦਾ ਇਕੋ-ਇਕ ਹੱਲ ਯੋਜਨਾਬੱਧ ਵਿਕਾਸ ਹੈ। ਇਸ ਦਿਸ਼ਾਹੀਣ ਮੰਡੀ ਦੀ ਥਾਂ ਮਨੁੱਖ ਜਾਤੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਕੀਤੀ ਗਈ ਸੁਚੇਤ ਯੋਜਨਾਬੰਦੀ ਹੀ ਅੱਜ ਮਨੁੱਖੀ ਵਿਕਾਸ ਨੂੰ ਸਹੀ ਦਿਸ਼ਾ ਦੇ ਸਕਦੀ ਹੈ। ਪੂੰਜੀਵਾਦੀ ਰਾਜਸੀ-ਅਰਥਚਾਰੇ ਦੇ ਇਸ ਵਜੂਦ 'ਚ ਸਮੋਏ ਲੱਛਣਾਂ ਕਾਰਨ ਹੀ ਸੋਚਿਆ ਕੁਝ ਹੋਰ ਜਾਂਦਾ ਹੈ, ਪਰ ਇਸ ਦੇ ਸਿੱਟੇ ਕੁਝ ਹੋਰ ਨਿਕਲਦੇ ਹਨ। ਪੂੰਜੀਵਾਦ ਦੀਆਂ ਸਭ ਧਾਰਨਾਵਾਂ ਨਿਜੀ ਜਾਇਦਾਦ ਦੀ ਹੋਂਦ ਨੂੰ ਅਟਲ ਮੰਨ ਕੇ ਚਲਦੀਆਂ ਹਨ। ਨਿਜੀ ਜਾਇਦਾਦ ਆਧਾਰਤ ਰਿਸ਼ਤਿਆਂ ਨੂੰ ਮਨੁੱਖੀ ਤੇ ਤਰਕਸੰਗਤ ਮੰਨ ਕੇ ਪੂੰਜੀਵਾਦ ਆਪਣੇ ਬੁਨਿਆਦੀ ਆਧਾਰ ਨਿਜੀ ਜਾਇਦਾਦ ਨਾਲ ਸਦੀਵੀ ਟਕਰਾਓ ਵਿਚ ਕ੍ਰਿਆਸ਼ੀਲ ਰਹਿੰਦਾ ਹੈ। ਐਨ ਉਸੇ ਤਰ੍ਹਾਂ, ਜਿਵੇਂ ਇਕ ਧਰਮ ਪ੍ਰਚਾਰਕ ਧਾਰਮਿਕ ਸੰਕਲਪਾਂ ਦੀ ਲਗਾਤਾਰ ਮਨੁੱਖੀ ਵਿਆਖਿਆ ਕਰਦਿਆਂ ਵੀ ਧਰਮ ਦੇ ਪਰਾਲੌਕਿਕ (ਕਲਪਿਤ) ਆਧਾਰ ਨਾਲ ਨਿਰੰਤਰ ਟਕਰਾਓ ਵਿਚ ਰਹਿੰਦਾ ਹੈ। ਉਸ ਦੀ ਧਰਮ ਦੀ ਕੀਤੀ ਗਈ ਸਾਰੀ ਮਨੁੱਖੀ ਵਿਆਖਿਆ ਅਮਲ ਵਿਚ ਅਸਰਹੀਣ ਹੋ ਜਾਂਦੀ ਹੈ ਕਿਉਂਕਿ ਸਮਾਜੀ ਅਤੇ ਆਰਥਕ ਪੱਖੋਂ ਉਹ ਆਪਣੀ ਅਸਲੀ ਜ਼ਿੰਦਗੀ ਵਿਚ ਪੂੰਜੀਵਾਦੀ ਰਿਸ਼ਤਿਆਂ ਦਾ ਗੁਲਾਮ ਹੁੰਦਾ ਹੈ। ਇਸੇ ਲਈ ਕਮਿਊਨਿਸਟ ਮੈਨੀਫੈਸਟੋ ਵਿਚ ਨਿਜੀ ਜਾਇਦਾਦ ਨੂੰ ਖਤਮ ਕਰਕੇ ਪੂੰਜੀ ਰਹਿਤ ਸਮਾਜਵਾਦੀ ਸਮਾਜ ਦੀ ਸਿਰਜਣਾ ਦਾ ਸੱਦਾ ਦਿਤਾ ਗਿਆ ਹੈ। "ਕਮਿਊਨਿਸਟਾਂ ਦੇ ਸਿਧਾਂਤ ਦਾ ਇਕ ਵਾਕ ਵਿਚ ਨਿਚੋੜ, ਨਿਜੀ ਜਾਇਦਾਦ ਦਾ ਖਾਤਮਾ ਕਰਨਾ ਹੈ।"

ਇਹੀ ਨਿਸ਼ਾਨਾ ਡਾ. ਭੀਮ ਰਾਉ ਅੰਬੇਡਕਰ ਦਾ ਸੀ। 1949 ਵਿਚ ਡਾ. ਅੰਬੇਡਕਰ ਨੇ ਸੰਵਿਧਾਨ ਜਾਰੀ ਕਰਦਿਆਂ ਆਪਣੀ ਤਕਰੀਰ ਵਿਚ ਕਿਹਾ ਸੀ, "ਭਾਰਤ ਜਿਹੇ ਮੁਲਕ ਵਿਚ ਖਤਰਾ ਹੈ ਕਿ ਜਮਹੂਰੀਅਤ ਦੀ ਥਾਂ ਤਾਨਾਸ਼ਾਹੀ ਲੈ ਲਵੇ। ਇਸ ਦੀ ਪੂਰੀ ਸੰਭਾਵਨਾ ਹੈ ਕਿ ਨਵੀਂ ਬਣੀ ਇਹ ਜਮਹੂਰੀਅਤ ਆਪਣੇ ਰੂਪ ਨੂੰ ਬਰਕਰਾਰ ਰਖਦਿਆਂ ਅਸਲ ਵਿਚ ਤਾਨਾਸ਼ਾਹੀ ਬਣ ਜਾਵੇ। ਜੇ ਕਿਸੇ ਪਾਰਟੀ ਨੂੰ ਭਾਰੀ ਬਹੁਗਿਣਤੀ ਮਿਲਦੀ ਹੈ ਤਾਂ ਇਸ ਦੇ ਤਾਨਾਸ਼ਾਹੀ ਬਣਨ ਦੀ ਸੰਭਾਵਨਾ ਹੋਰ ਵੀ ਵੱਧ ਹੈ।"


ਡਾ. ਅੰਬੇਡਕਰ ਦੀ ਇਹ ਭਵਿਖਵਾਣੀ ਅੱਜ ਸੱਚ ਸਾਬਤ ਹੋ ਰਹੀ ਹੈ। ਉਨ੍ਹਾਂ ਨੇ ਭਾਰਤੀ ਲੋਕਾਂ ਦੇ ਦੋ ਦੁਸ਼ਮਣ ਮਿਥੇ ਹਨ-ਬ੍ਰਾਹਮਣਵਾਦ ਅਤੇ ਪੂੰਜੀਵਾਦ। ਪੂੰਜੀਵਾਦ ਦਾ ਅਜੋਕਾ ਰੂਪ ਸਾਮਰਾਜੀ ਪੂੰਜੀਵਾਦ ਹੈ, ਜਿਸ ਨੇ ਆਪਣੇ ਮੁਨਾਫੇ ਵਧਾਉਣ ਦੀ ਹੋੜ ਵਿਚ ਕੁਦਰਤੀ ਚੌਗਿਰਦੇ ਦੀ ਐਸੀ ਬਰਬਾਦੀ ਕੀਤੀ ਹੈ ਕਿ ਅੱਜ ਸਮੁੱਚੀ ਮਨੁੱਖ ਜਾਤੀ ਤਬਾਹੀ ਦੇ ਕੰਢੇ 'ਤੇ ਆਣ ਖੜੀ ਹੋਈ ਹੈ। ਇਸ ਨੇ ਪੂੰਜੀ ਅਤੇ ਖਤਰਨਾਕ ਹਥਿਆਰ ਇਕੱਠੇ ਕਰਨ ਦੀ ਹੋੜ ਵਿਚ ਦੁਨੀਆਂ ਭਰ 'ਚ ਐਸੀ ਉਥਲ-ਪੁਥਲ ਮਚਾਈ ਹੋਈ ਹੈ ਕਿ ਬਹੁਗਿਣਤੀ ਲੋਕਾਂ ਨੂੰ ਇਧਰ-ਉਧਰ ਪਰਵਾਸ ਕਰਨ ਲਈ ਮਜਬੂਰ ਕਰਕੇ ਉਨ੍ਹਾਂ ਨੂੰ ਆਪਣੇ ਵਸੇਬਿਆਂ ਤੇ ਸਭਿਆਚਾਰਾਂ ਤੋਂ ਉਖੇੜ ਦਿਤਾ ਹੈ।

ਸਾਹਿਬ ਕਾਂਸ਼ੀ ਰਾਮ ਨੇ ਬਹੁਜਨ ਸਮਾਜ ਪਾਰਟੀ (ਬਸਪਾ) ਬਣਾ ਕੇ ਡਾ. ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਤੋਰਨ ਦੇ ਯਤਨ ਕੀਤੇ ਸਨ, ਪਰ ਉਨ੍ਹਾਂ ਦੇ ਅਕਾਲ ਚਲਾਣੇ ਪਿਛੋਂ ਪਾਰਟੀ ਉਨ੍ਹਾਂ ਦੇ ਮਿਸ਼ਨ ਨੂੰ ਭੁੱਲ ਗਈ ਹੈ। ਮਨੂਵਾਦ ਤੇ ਸਾਮਰਾਜੀ ਅਡੰਬਰ ਤੋਂ ਕਿਵੇਂ ਮੁਕਤ ਹੋਣਾ ਹੈ, ਇਸ ਦਾ ਰਾਹ ਉਨ੍ਹਾਂ ਨੇ ਦੱਸਿਆ ਸੀ। ਇਹ ਰਾਹ ਹੁਣ ਵੀ ਸਾਡੀ ਅਗਵਾਈ ਕਰ ਸਕਦਾ ਹੈ।

*(ਬਾਕੀ ਅਗਲੇ ਸਫੇ 'ਤੇ)*

# ਭਾਰਤੀ ਅਦਾਲਤਾਂ 'ਚ ਕਾਨੂੰਨ ਉਧਾਲੇ ਦੀ ਪ੍ਰਕ੍ਰਿਆ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਲ 1983 ਦਾ ਸੀ, ਜਦੋਂ ਇੱਕ ਫਿਲਮ 'ਅੰਧਾ ਕਾਨੂੰਨ' ਆਈ ਸੀ ਅਤੇ ਉਸ ਨਾਲ ਇਹ ਗੱਲ ਆਮ ਲੋਕਾਂ ਵਿਚ ਪੱਕੀ ਗੰਢ ਬਣ ਗਈ ਸੀ ਕਿ ਕਾਨੂੰਨ ਅੰਨ੍ਹਾ ਹੁੰਦਾ ਹੈ। ਇਹ ਅਧੂਰਾ ਸੱਚ ਹੈ। ਮੁਕੰਮਲ ਸੱਚ ਇਹ ਹੈ ਕਿ ਅੰਨ੍ਹਿਆਂ ਵਾਂਗ ਵਿਹਾਰ ਕਰਨ ਲਈ ਕਾਨੂੰਨ ਨੂੰ ਮਜਬੂਰ ਕਰਨ ਦਾ ਅਮਲ ਏਦਾਂ ਦਾ ਹੈ ਕਿ ਕਾਨੂੰਨ ਨੂੰ ਅੰਨ੍ਹਾ ਕਰਨ ਵਾਲਿਆਂ ਦੀ ਥਾਂ ਖੁਦ ਕਾਨੂੰਨ ਨੂੰ ਹੀ ਅੰਨ੍ਹਾ ਹੋਣ ਦਾ ਮਿਹਣਾ ਦੇ ਦਿੱਤਾ ਜਾਂਦਾ ਹੈ। ਭਾਰਤ ਵਿਚ ਅੱਜ ਕੱਲ੍ਹ ਇਹੋ ਹੁੰਦਾ ਦਿਖਾਈ ਦਿੰਦਾ ਹੈ।

ਕਾਨੂੰਨ ਅੰਨ੍ਹਾ ਇਸ ਲਈ ਕਿਹਾ ਜਾਂਦਾ ਹੈ ਕਿ ਉਹ ਹਕੀਕਤਾਂ ਨਹੀਂ ਵੇਖਦਾ, ਅਦਾਲਤ ਮੂਹਰੇ ਪੇਸ਼ ਕੀਤੇ ਜਾ ਰਹੇ ਸਬੂਤਾਂ ਨੂੰ ਵੇਖਦਾ ਹੈ ਤੇ ਜਿਸ ਖਿਲਾਫ ਸਬੂਤ ਜਾਂਦੇ ਹੋਣ, ਉਹ ਸੱਚਾ ਹੁੰਦਿਆਂ ਵੀ ਸਜ਼ਾ ਭੁਗਤਣ ਲਈ ਮਜਬੂਰ ਹੋ ਸਕਦਾ ਹੈ ਤੇ ਦੋਸ਼ੀ ਬੰਦਾ ਸਬੂਤਾਂ ਨਾਲ ਖਿਲਵਾੜ ਕਰ ਕੇ ਛੁਟ ਸਕਦਾ ਹੈ। ਸਾਡੇ ਪੰਜਾਬ ਵਿਚ ਰਾਏਕੋਟ ਨੇੜੇ ਦਾ ਇੱਕ ਕੇਸ ਅਸੀਂ ਕਦੇ ਨਹੀਂ ਭੁੱਲ ਸਕਦੇ। ਪਿੰਡ ਵਿਚ ਦੋ ਧਿਰਾਂ ਦਾ ਝਗੜਾ ਸੀ। ਇੱਕ ਲਾਸ਼ ਪਈ ਮਿਲੀ ਤਾਂ ਦੋਹਾਂ ਵਿਚੋਂ ਇੱਕ ਧਿਰ ਨੇ ਉਹ ਲਾਸ਼ ਆਪਣੇ ਨੌਜਵਾਨ ਪੁੱਤਰ ਵਜੋਂ ਪਛਾਣੀ ਅਤੇ ਦੂਜੀ ਧਿਰ 'ਤੇ ਕਤਲ ਦਾ ਕੇਸ ਦਰਜ ਕਰਵਾ ਦਿੱਤਾ ਸੀ। ਫਿਰ ਕਾਨੂੰਨ ਨੂੰ ਅੰਨ੍ਹਾ ਬਣਾਉਣ ਦਾ ਚੱਕਰ ਚੱਲ ਪਿਆ। ਪੁਲਿਸ ਨੇ 'ਸਬੂਤ' ਪੇਸ਼ ਕੀਤੇ ਤੇ 'ਮ੍ਰਿਤਕ' ਦੇ ਵਾਰਸਾਂ ਨੇ ਗਵਾਹੀਆਂ ਦਿੱਤੀਆਂ ਤਾਂ ਦੂਜੀ ਪਾਰਟੀ ਦੇ ਚਾਰ ਜਣੇ ਉਮਰ ਕੈਦ ਲਈ ਜੇਲ੍ਹ ਚਲੇ ਗਏ।

ਉਹ ਜਦੋਂ ਕੈਦ ਕੱਟਣ ਪਿੱਛੋਂ ਵਾਪਸ ਆਏ ਤਾਂ ਇੱਕ ਦਿਨ ਅਨੰਦਪੁਰ ਸਾਹਿਬ ਜਾਣ ਦਾ ਵਿਚਾਰ ਬਣਾ ਲਿਆ। ਰਸਤੇ ਵਿਚ ਗੱਡੀ ਖਰਾਬ ਹੋ ਗਈ ਤਾਂ ਬਲਾਚੌਰ ਨੇੜੇ ਇੱਕ ਦੁਕਾਨ 'ਤੇ ਠੀਕ ਕਰਾਉਣ ਲਈ ਰੁਕੇ। ਉਥੇ ਖੜਾ ਬੰਦਾ ਉਨ੍ਹਾਂ ਨੇ ਪਛਾਣ ਲਿਆ। ਜਿਸ ਬੰਦੇ ਨੂੰ ਕਤਲ ਕਰਨ ਦੇ ਦੋਸ਼ ਵਿਚ ਉਹ ਲੰਮੀ ਕੈਦ ਕੱਟ ਕੇ ਆਏ ਸਨ, ਉਹ ਉਨ੍ਹਾਂ ਦੇ ਮੂਹਰੇ ਖੜਾ ਸੀ। ਵਕਤ ਗੁਆਏ ਬਿਨਾ ਉਨ੍ਹਾਂ ਨੇ ਉਹ ਬੰਦਾ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਫਿਰ ਨਵਾਂ ਕੇਸ ਚੱਲ ਪਿਆ। 'ਮ੍ਰਿਤਕ' ਕਹਿਣ ਲੱਗ ਪਿਆ ਕਿ ਮੈਨੂੰ ਇਨ੍ਹਾਂ ਨੇ ਕਤਲ ਕਰ ਦੇਣਾ ਸੀ, ਇਸ ਲਈ ਡਰਦਾ ਏਥੇ ਆ ਗਿਆ ਸਾਂ ਤੇ ਫਿਰ ਕਦੀ ਘਰ ਨਹੀਂ ਗਿਆ। ਉਸ ਦੇ ਮਾਪਿਆਂ ਨੇ ਕਿਹਾ ਕਿ ਸਾਨੂੰ ਪਤਾ ਹੀ ਨਹੀਂ ਸੀ ਕਿ ਇਹ ਜਿੰਦਾ ਹੈ, ਲਾਸ਼ ਏਸੇ ਦੀ ਲੱਗੀ ਸੀ, ਇਸ ਲਈ ਅਸੀਂ ਉਸ ਦਾ ਅੰਤਿਮ ਸਸਕਾਰ ਕਰ ਕੇ ਗਵਾਹੀਆਂ ਦੇ ਦਿੱਤੀਆਂ ਸਨ। ਪੁਲਿਸ ਕਹਿੰਦੀ ਸੀ ਕਿ ਸਾਡੇ ਸਾਹਮਣੇ ਜੋ ਸਬੂਤ ਸਨ, ਅਸੀਂ ਅਦਾਲਤ ਅੱਗੇ ਪੇਸ਼ ਕਰ ਦਿੱਤੇ ਸਨ, ਪਰ ਸਾਨੂੰ ਇਹ ਪਤਾ ਨਹੀਂ ਸੀ ਕਿ ਇਸ ਨੌਜਵਾਨ ਦੇ ਵਾਰਸ ਸੱਚ ਬੋਲਦੇ ਸਨ ਜਾਂ ਝੂਠ, ਅਸੀਂ ਸਿਰਫ ਸਰਕਾਰੀ ਡਿਊਟੀ ਕੀਤੀ ਸੀ। ਕੇਸ ਮੁੜ ਕੇ ਹਾਈ ਕੋਰਟ ਤੱਕ ਪਹੁੰਚ ਗਿਆ ਅਤੇ ਤਰੀਕਾਂ ਦਾ ਨਵਾਂ ਸਿਲਸਿਲਾ ਸ਼ੁਰੂ ਹੋ ਗਿਆ, ਪਰ ਜੋ ਲੋਕ ਜੇਲ੍ਹ ਵਿਚ ਅੱਧੀ ਉਮਰ ਗੁਜ਼ਾਰ ਆਏ ਸਨ, ਕਾਨੂੰਨ ਦੇ ਅੰਨ੍ਹੇਪਣ ਕੋਲ ਉਨ੍ਹਾਂ ਦੀ ਜ਼ਿੰਦਗੀ ਦੇ ਉਹ ਕੀਮਤੀ ਸਾਲ ਵਾਪਸ ਕਰਨ ਦਾ ਕੋਈ ਵਸੀਲਾ ਨਹੀਂ ਸੀ ਹੋ ਸਕਦਾ।

ਅਸੀਂ ਇਹ ਸਿਰਫ ਇੱਕ ਮਿਸਾਲ ਦਿੱਤੀ ਹੈ, ਏਦਾਂ ਦੀਆਂ ਹੋਰ ਕਈ ਮਿਸਾਲਾਂ ਹੋ ਸਕਦੀਆਂ ਹਨ, ਪਰ ਕਾਨੂੰਨ ਦੇ ਅੰਨੇ ਹੋਣ ਦੀਆਂ ਇਨ੍ਹਾਂ ਮਿਸਾਲਾਂ ਵਿਚ ਅਸੀਂ ਇਹ ਗੱਲ ਸਮਝ ਸਕਦੇ ਹਾਂ ਕਿ ਕਾਨੂੰਨ ਕਦੇ ਵੀ ਅੰਨ੍ਹਾ ਨਹੀਂ ਸੀ, ਉਸ ਨੂੰ ਅੰਨ੍ਹਾ ਕਰ ਕੇ ਉਸ ਕੋਲੋਂ ਗਲਤ ਕੰਮ ਨੂੰ ਕਾਨੂੰਨੀ ਰੂਪ ਦਿਵਾਇਆ ਜਾਂਦਾ ਹੈ। ਪਿਛਲੇ ਮਹੀਨੇ ਦੇ ਦਿੱਲੀ ਦੇ ਦੰਗਿਆਂ ਬਾਰੇ ਵੀ ਸਾਨੂੰ ਇਹੋ ਕਹਿਣਾ ਪਵੇਗਾ, ਜਿਨ੍ਹਾਂ ਵਿਚ ਫਿਰ ਇਹੋ ਕੰਮ ਹੋਣ ਦਾ ਸ਼ੱਕ ਕੀਤਾ ਜਾ ਰਿਹਾ ਹੈ।

ਦਿੱਲੀ ਦੇ ਤਾਜ਼ਾ ਦੰਗਿਆਂ ਬਾਰੇ ਪਾਰਲੀਮੈਂਟ ਵਿਚ ਬਹਿਸ ਹੋਈ ਤਾਂ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਇਸ ਦੀ ਜਾਂਚ ਕਰਵਾਈ ਜਾਵੇਗੀ। ਸਾਬਕਾ ਕਾਨੂੰਨ ਮੰਤਰੀ ਕਪਿਲ ਸਿੱਬਲ ਕਾਂਗਰਸ ਦੇ ਆਗੂ ਹਨ, ਉਨ੍ਹਾਂ ਕਿਹਾ ਕਿ ਜਾਂਚ ਦੇ ਨਾਂ 'ਤੇ ਕਿਤੇ ਦੋਸ਼ੀਆਂ ਨੂੰ ਛੱਡ ਕੇ ਪੀੜਤਾਂ ਨੂੰ ਦੋਸ਼ੀ ਤਾਂ ਨਹੀਂ ਠਹਿਰਾਇਆ ਜਾਵੇਗਾ! ਉਨ੍ਹਾਂ ਦਾ ਸ਼ੱਕ ਇਸ ਕਾਰਨ ਦੇਸ਼ ਦੇ ਲੋਕਾਂ ਨੂੰ ਠੀਕ ਲੱਗਾ ਕਿ ਇਸ ਦੇਸ਼ ਵਿਚ ਏਦਾਂ ਕਈ ਵਾਰ ਹੋ ਚੁਕਾ ਹੈ ਤੇ ਜਦੋਂ ਕਪਿਲ ਸਿੱਬਲ ਕਾਨੂੰਨ ਮੰਤਰੀ ਸੀ, ਉਦੋਂ ਉਸ ਦੀ ਸਰਕਾਰ ਬਾਰੇ ਵੀ ਲੋਕ ਕਹਿੰਦੇ ਹਨ ਕਿ ਇਹੋ ਕੁਝ ਕਰਦੀ ਹੁੰਦੀ ਸੀ। ਜਦੋਂ 'ਸਾਸ ਭੀ ਕਭੀ ਬਹੂ ਥੀ' ਤਾਂ ਉਸ ਨੂੰ ਪਤਾ ਹੈ ਕਿ ਸਾਡੇ ਪਿੱਛੋਂ 'ਬਹੂ' ਬਣਨ ਵਾਲੀ ਸਿਆਸੀ ਪਾਰਟੀ ਵੀ ਉਹ ਹਰਬੇ ਵਰਤ ਸਕਦੀ ਹੈ, ਜੋ ਸਾਡੇ ਰਾਜ ਦੌਰਾਨ ਕਈ ਵਾਰ ਵਰਤੇ ਜਾਂਦੇ ਸਨ। ਨਵੀਂ 'ਬਹੂ' ਆਪਣੀ ਸੱਸ ਤੋਂ ਚਾਰ ਰੱਤੀਆਂ ਵੱਧ ਜਾਪਦੀ ਹੈ।

ਪਿਛਲੇ ਮਹੀਨੇ ਅਸੀਂ ਦਿੱਲੀ ਵਿਚ ਇਹ ਵੇਖਿਆ ਕਿ ਭਾਜਪਾ ਆਗੂ ਅੱਗ ਉਗਲੱਛਣ ਵਾਲੀਆਂ ਤਕਰੀਰਾਂ ਕਰ ਕੇ ਲੋਕਾਂ ਵਿਚ ਦਹਿਸ਼ਤ ਭਰਨ ਦਾ ਕੰਮ ਕਰਦੇ ਰਹੇ। ਕੁਝ ਮੌਕਿਆਂ 'ਤੇ ਪੁਲਿਸ ਅਫਸਰਾਂ ਦੀ ਹਾਜ਼ਰੀ ਵਿਚ ਅਜਿਹੇ ਭਾਸ਼ਣ ਕੀਤੇ ਗਏ, ਪਰ ਕਿਸੇ ਪੁਲਿਸ ਵਾਲੇ ਨੇ ਰੋਕਣ ਜਾਂ ਪਿੱਛੋਂ ਇਸ ਖਿਲਾਫ ਕਾਰਵਾਈ ਕਰਨ ਦੀ ਜੁਰਅੱਤ ਨਹੀਂ ਸੀ ਵਿਖਾਈ। ਕੇਂਦਰ ਦੇ ਇੱਕ ਮੰਤਰੀ ਨੇ ਗਾਲ੍ਹ ਕੱਢਣ ਵਾਲਾ ਨਾਅਰਾ ਆਪ ਲਾਇਆ ਤੇ ਸਾਹਮਣੇ ਬੈਠੀ ਭਾਜਪਾਈ ਭੀੜ ਤੋਂ ਤਿੰਨ ਵਾਰੀ ਲਵਾਇਆ, ਸਰਕਾਰੀ ਮਸ਼ੀਨਰੀ ਨੇ ਦਖਲ ਨਾ ਦਿੱਤਾ, ਕਿਉਂਕਿ ਉਨ੍ਹਾਂ ਨੂੰ ਹੁਕਮ ਹੋਇਆ ਹੋ ਸਕਦਾ ਹੈ ਕਿ ਰੋਕਣਾ ਨਹੀਂ। ਉਸ ਪਾਰਟੀ ਦੀ ਹਾਈ ਕਮਾਂਡ ਜਾਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੇ ਇਸ ਮੁੱਦੇ ਤੋਂ ਉਸ ਨੂੰ ਕੋਈ ਸਮਝਾਉਣੀ ਨਹੀਂ ਦਿੱਤੀ ਅਤੇ ਚੋਣ ਕਮਿਸ਼ਨ ਨੇ ਅਣ-ਮੰਨੇ ਜਿਹੇ ਮਨ ਨਾਲ ਥੋੜ੍ਹੀ ਜਿਹੀ ਸਖਤੀ ਦਾ ਭਰਮ ਪਾਇਆ ਤੇ ਉਹ ਸਖਤੀ ਵੀ ਉਨ੍ਹਾਂ ਲਈ ਹਥਿਆਰ ਦਾ ਕੰਮ ਦੇਣ ਵਾਲੀ ਬਣ ਜਾਂਦੀ ਰਹੀ।

ਸ਼ਾਹੀਨ ਬਾਗ ਵਿਚ ਧਰਨੇ ਵਾਲੀ ਥਾਂ ਨੇੜੇ ਇੱਕ ਨੌਜਵਾਨ ਗੋਲੀ ਚਲਾਉਣ ਪਿੱਛੋਂ ਭੱਜਦਾ ਫੜਿਆ ਗਿਆ, ਉਸ ਦੇ ਜੁਰਮ ਦੀ ਗੱਲ ਕਰਨ ਦੀ ਥਾਂ ਪੁਲਿਸ ਅਫਸਰਾਂ ਨੇ ਇਹ ਝੂਠ ਬੋਲਣ ਨੂੰ ਪਹਿਲ ਦਿੱਤੀ ਕਿ ਦੋਸ਼ੀ ਨੌਜਵਾਨ ਆਮ ਆਦਮੀ ਪਾਰਟੀ ਦਾ ਵਰਕਰ ਸੀ, ਜਦ ਕਿ ਉਸ ਦਾ ਇਸ ਪਾਰਟੀ ਨਾਲ ਸਬੰਧ ਹੀ ਨਹੀਂ ਸੀ। ਫਰਜ਼ ਕਰੋ, ਉਹ ਨੌਜਵਾਨ ਆਮ ਆਦਮੀ ਪਾਰਟੀ ਦਾ ਵਰਕਰ ਹੁੰਦਾ ਵੀ ਤਾਂ ਪੁਲਿਸ ਨੂੰ ਇਹ ਕਹਿਣ ਦਾ ਕੀ ਹੱਕ ਸੀ, ਕਾਨੂੰਨ ਮੁਤਾਬਕ ਉਸ ਦੀ ਪਾਰਟੀ ਬਾਰੇ ਏਦਾਂ ਦਾ ਪ੍ਰਗਟਾਵਾ ਕਰਨ ਲਈ ਕੋਈ ਨਿਯਮ ਹੀ ਨਹੀਂ ਸੀ। ਉਥੇ ਪੁਲਿਸ ਨੇ ਸਿਆਸੀ ਆਕਾਵਾਂ ਦੇ ਕਹਿਣ 'ਤੇ ਦਿੱਲੀ ਚੋਣਾਂ ਵਿਚ ਭਾਜਪਾ ਦੀ ਮਦਦ ਕਰਨ ਲਈ ਇਹ ਪੈਂਤੜਾ ਵਰਤਿਆ ਸੀ। ਸਾਫ ਹੈ ਕਿ ਪੁਲਿਸ ਨਿਰਪੱਖ ਨਹੀਂ, ਇੱਕ ਧਿਰ ਨਾਲ ਖੜੀ ਸੀ ਅਤੇ ਇਹੋ ਪੱਖ-ਪਾਤੀ ਹੋਣਾ ਆਖਰ ਨੂੰ ਕਾਨੂੰਨ ਨੂੰ ਅੰਨ੍ਹਾ ਕਰਨ ਦੇ ਉਸ ਪੜਾਅ ਤੱਕ ਲੈ ਜਾਂਦਾ ਹੈ, ਜਿਥੇ ਦੋਸ਼ੀ ਤਾਂ ਮੇਮਣੇ ਜਿੰਨਾ ਮਾਸੂਮ ਜਾਪਣ ਲੱਗ ਪੈਂਦਾ ਹੈ ਤੇ ਵਿਚਾਰੇ ਪੀੜਤ ਨੂੰ ਬਘਿਆੜ ਬਣਾ ਕੇ ਪੇਸ਼ ਕੀਤਾ ਜਾ ਸਕਦਾ ਹੈ। ਇਹ ਇੱਕ ਹਕੀਕਤ ਹੈ।

ਉੱਤਰ ਪ੍ਰਦੇਸ਼ ਵਿਚ ਇੱਕ ਸਾਧੂ ਬਾਬਾ ਮੁੱਖ ਮੰਤਰੀ ਹੈ। ਉਹ ਆਪਣੇ ਮੂੰਹੋਂ ਕੀ ਕੁਝ ਕਹਿੰਦਾ ਰਿਹਾ ਤੇ ਇੱਕ ਖਾਸ ਭਾਈਚਾਰੇ ਵਿਰੁਧ ਕੀ ਕੁਝ ਕਰਦਾ ਰਿਹਾ, ਇਹ ਇੰਟਰਨੈਟ ਸਾਈਟਾਂ 'ਤੇ ਅਜੇ ਵੀ ਮੌਜੂਦ ਹੈ। ਰਾਜ ਕਰਨ ਦਾ ਵੇਲਾ ਆਇਆ ਤਾਂ ਉਸ ਦੇ ਰਾਜ ਵਿਚ ਇੱਕ ਖਾਸ ਭਾਈਚਾਰੇ ਦੇ ਲੋਕਾਂ 'ਤੇ ਹਮਲੇ ਹੋਣ 'ਤੇ ਚੁੱਪ ਰਿਹਾ ਹੈ, ਪਰ ਜਦੋਂ ਉਹੀ ਖਾਸ ਭਾਈਚਾਰਾ ਕਿਸੇ ਮੌਕੇ ਨਾਰਾਜ਼ਗੀ ਕਾਰਨ ਭੜਕ ਪਿਆ ਤਾਂ ਉਨ੍ਹਾਂ ਲੋਕਾਂ ਦੀ ਵੀਡੀਓ ਰਿਕਾਰਡਿੰਗ ਵਰਤ ਕੇ ਉਨ੍ਹਾਂ ਦੇ ਚਿਹਰੇ ਲੱਭੇ ਅਤੇ ਵੱਡੇ-ਵੱਡੇ ਬੋਰਡਾਂ 'ਤੇ ਉਨ੍ਹਾਂ ਦੇ ਨਾਂ, ਉਨ੍ਹਾਂ ਦੇ ਮਾਂ-ਬਾਪ ਦੇ ਨਾਂ ਤੇ ਐਡਰੈਸ ਛਾਪ ਕੇ ਸੜਕਾਂ 'ਤੇ ਟੰਗ ਦਿੱਤੇ ਗਏ। ਦੋਸ਼ ਲਾਇਆ ਕਿ ਇਨ੍ਹਾਂ ਨੇ ਸਰਕਾਰੀ ਸੰਪਤੀ ਦਾ ਨੁਕਸਾਨ ਕੀਤਾ ਹੈ ਅਤੇ ਇਨ੍ਹਾਂ ਤੋਂ ਉਸ ਨੁਕਸਾਨ ਦਾ ਹਰਜਾਨਾ ਵਸੂਲਣਾ ਹੈ। ਉਨ੍ਹਾਂ ਲੋਕਾਂ ਨੇ ਸਚਮੁੱਚ ਨੁਕਸਾਨ ਵੀ ਕੀਤਾ ਹੋਵੇ ਤਾਂ ਜਦੋਂ ਤੱਕ ਅਦਾਲਤ ਤੋਂ ਭਗੌੜੇ ਕਰਾਰ ਦੇਣ ਦੀ ਕਾਰਵਾਈ ਨਹੀਂ ਹੋ ਜਾਂਦੀ, ਆਦੀ ਮੁਜਰਮਾਂ ਵਾਂਗ ਸੜਕਾਂ 'ਤੇ ਉਨ੍ਹਾਂ ਦੇ ਫੋਟੋ ਏਦਾਂ ਲਾਉਣ ਦੀ ਕਾਨੂੰਨੀ ਵਿਵਸਥਾ ਇਸ ਦੇਸ਼ ਦੇ ਕਾਨੂੰਨ 'ਚ ਹੀ ਨਹੀਂ ਸੀ।

ਅਲਾਹਾਬਾਦ ਹਾਈ ਕੋਰਟ ਦੇ ਮੁੱਖ ਜੱਜ ਨੇ ਇਸ ਦਾ ਨੋਟਿਸ ਲਿਆ ਤਾਂ ਪਹਿਲਾ ਯੋਗੀ ਸਰਕਾਰ ਨੇ ਅਦਾਲਤ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਦਿੱਤੀ, ਫਿਰ ਆਪਣੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦਾ ਯਤਨ ਕੀਤਾ ਤੇ ਜਦੋਂ ਅਦਾਲਤ ਨੇ ਇਸ ਨੂੰ ਗੈਰ-ਕਾਨੂੰਨੀ ਕਹਿ ਕੇ ਬੋਰਡ ਲਾਹੁਣ ਲਈ ਸਾਫ ਹੁਕਮ ਦੇ ਦਿੱਤਾ ਤਾਂ ਯੋਗੀ ਸਰਕਾਰ ਇਸ ਹੁਕਮ ਦੇ ਖਿਲਾਫ ਅੱਗੇ ਸੁਪਰੀਮ ਕੋਰਟ ਜਾ ਪਹੁੰਚੀ। ਸੁਪਰੀਮ ਕੋਰਟ ਨੇ ਵੀ ਕਿਹਾ ਕਿ ਤੁਸੀਂ ਉਹ ਕਾਨੂੰਨੀ ਮੱਦ ਦੱਸੋ, ਜਿਸ ਨਾਲ ਅਜਿਹੀ ਕਾਰਵਾਈ ਜਾਇਜ਼ ਬਣਦੀ ਹੋਵੇ, ਯੋਗੀ ਸਰਕਾਰ ਇਹ ਨਹੀਂ ਦੱਸ ਸਕੀ, ਪਰ ਹਾਈ ਕੋਰਟ ਦੇ ਹੁਕਮ ਰੋਕਣ ਲਈ ਸਟੇਅ ਆਰਡਰ ਦੀ ਮੰਗ ਕਰਦੀ ਰਹੀ।

ਭਾਰਤ ਦੀ ਸਭ ਤੋਂ ਵੱਡੀ ਅਦਾਲਤ ਨੇ ਇਹ ਮੰਗ ਨਹੀਂ ਮੰਨੀ, ਹਾਈ ਕੋਰਟ ਦਾ ਹੁਕਮ ਨਹੀਂ ਰੋਕਿਆ ਤਾਂ ਯੋਗੀ ਸਰਕਾਰ ਨੇ ਸਿਰਫ ਇੱਕ ਦਿਨ ਪਿੱਛੋਂ ਆਪਣੇ ਰਾਜ ਦੀ ਵਿਧਾਨ ਸਭਾ 'ਚ ਇਸ ਤਰ੍ਹਾਂ ਦਾ ਬਿੱਲ ਪਾਸ ਕਰਵਾ ਲਿਆ ਕਿ ਕੀਤੇ ਗਏ ਨੁਕਸਾਨ ਦਾ ਮੁਆਵਜ਼ਾ ਏਦਾਂ ਦੇ ਲੋਕਾਂ ਤੋਂ ਲੈਣਾ ਹੀ ਲੈਣਾ ਹੈ, ਜਿਸ ਦੀ ਬਾਕੀ ਪ੍ਰਕ੍ਰਿਆ, ਜਿਸ ਵਿਚ ਪੋਸਟਰ ਲਾਉਣਾ ਸ਼ਾਮਲ ਹੋ ਸਕਦਾ ਹੈ, ਇਸ ਪਿੱਛੋਂ ਤਿਆਰ ਕੀਤੀ ਜਾਣ ਦੀ ਚਰਚਾ ਹੈ। ਸਾਫ ਹੈ ਕਿ ਜਿਵੇਂ ਹਾਈ ਕੋਰਟ ਦਾ ਕਹਿਣਾ ਮੰਨਣ ਦੀ ਥਾਂ ਯੋਗੀ ਸਰਕਾਰ ਅੱਗੇ ਸੁਪਰੀਮ ਕੋਰਟ ਚਲੀ ਗਈ ਸੀ, ਉਵੇਂ ਹੀ ਸੁਪਰੀਮ ਕੋਰਟ ਦੇ ਫੈਸਲੇ ਤੋਂ ਕੰਨੀ ਕਤਰਾਉਣ ਲਈ ਬਾਈਪਾਸ ਬਣਾਉਣ ਦੇ ਕੰਮ 'ਚ ਰੁੱਝ ਗਈ ਹੈ। ਕਾਨੂੰਨ ਨੂੰ 'ਅੰਨ੍ਹਾ' ਕਰਨ ਦਾ ਇਹ ਵੀ ਤਾਂ ਇੱਕ ਤਰੀਕਾ ਹੈ।

ਲੋਕਤੰਤਰ ਵਿਚ ਲੋਕ ਜਦੋਂ ਕਿਸੇ ਵੱਡੀ ਉਲਝਣ ਵਿਚ ਹੋਣ ਤਾਂ ਉਨ੍ਹਾਂ ਨੂੰ ਇੱਕ ਜਾਂ ਦੂਜੀ ਸਿਆਸੀ ਵਿਚਾਰਧਾਰਾ ਦੀ ਪਾਰਟੀ ਤੋਂ ਅਗਵਾਈ ਦੀ ਆਸ ਹੁੰਦੀ ਹੈ। ਇਸ ਵਕਤ ਇਹ ਆਸ ਖੁਰਦੀ ਜਾਪਦੀ ਹੈ। ਪਿਛਲੇ ਸਮੇਂ ਵਿਚ ਨਰਿੰਦਰ ਮੋਦੀ ਸਰਕਾਰ ਨੇ ਜਿੰਨੇ ਵੀ ਕਦਮ ਅਣਸੁਖਾਵੇਂ ਚੁੱਕੇ ਹਨ, ਉਨ੍ਹਾਂ ਅੱਗੇ ਭਾਰਤ ਦੀ ਵਿਰੋਧੀ ਧਿਰ ਕਿਸੇ ਕਿਸਮ ਦਾ ਸੁਚੱਜਾ ਪੈਂਤੜਾ ਲੈਣ ਤੋਂ ਨਾਕਾਮ ਰਹੀ ਹੈ। ਪਾਰਲੀਮੈਂਟ ਵਿਚ ਬਹਿਸ ਤੋਂ ਵਿਰੋਧੀ ਧਿਰ ਅੱਗੇ ਨਹੀਂ ਵਧ ਸਕੀ। ਵਧਣ ਵੱਲ ਮੂੰਹ ਵੀ ਕਰੇ ਤਾਂ ਅਗਵਾਈ ਕਰਨ ਵਾਲਾ ਕੋਈ ਨਹੀਂ ਲੱਭ ਰਿਹਾ। ਸਭ ਤੋਂ ਵੱਡੀ ਪਾਰਟੀ ਤੋਂ ਬਾਕੀ ਪਾਰਟੀਆਂ ਦੇ ਆਗੂ ਆਸ ਕਰਦੇ ਹਨ ਕਿ ਉਹ ਪਾਰਟੀ ਅੱਗੇ ਲੱਗੇਗੀ, ਪਰ ਉਸ ਪਾਰਟੀ ਅੰਦਰ ਆਪਾ-ਧਾਪੀ ਦਾ ਮਾਹੌਲ ਇਸ ਤਰ੍ਹਾਂ ਦਾ ਬਣ ਗਿਆ ਹੈ ਕਿ ਭਾਰਤ ਭੁੱਲਾ ਪਿਆ ਹੈ। ਧੀਆਂ-ਪੁੱਤਾਂ ਨੂੰ ਰਾਜਸੀ ਵਿਰਾਸਤ ਦੇ ਟਿੱਕੇ ਲਾਉਣ ਵਾਲੇ ਲੀਡਰਾਂ ਨੂੰ ਹੋਰ ਕੁਝ ਦਿੱਸਦਾ ਹੀ ਨਹੀਂ। ਅੱਧੇ ਤੋਂ ਵੱਧ ਆਗੂ ਜਯੋਤੀਰਾਦਿੱਤਿਆ ਸਿੰਧੀਆ ਦੀ ਮਾਸੀ ਦੇ ਪੁੱਤ ਕਹੇ ਜਾ ਸਕਦੇ ਹਨ। ਕੱਲ੍ਹ ਤੱਕ ਨਰਿੰਦਰ ਮੋਦੀ ਦੇ ਖਿਲਾਫ ਸਭ ਤੋਂ ਵੱਧ ਤਿੱਖਾ ਬੋਲਣ ਵਾਲਾ ਜਯੋਤੀਰਾਦਿੱਤਿਆ ਜਿਵੇਂ ਅਚਾਨਕ ਉਸ ਦੇ ਚਰਨੀਂ ਜਾ ਝੁਕਿਆ ਹੈ, ਇਨ੍ਹਾਂ ਵਿਚੋਂ ਕਿਹੜਾ ਭਲਕ ਨੂੰ ਭਾਜਪਾ ਦੇ ਭਾਂਡੇ ਮਾਂਜਣ ਤੁਰ ਪਵੇਗਾ, ਕਿਹਾ ਨਹੀਂ ਜਾ ਸਕਦਾ!

ਇਸ ਹਾਲਤ ਵਿਚ ਅਗਲੇ ਦਿਨਾਂ ਵਿਚ ਭਾਰਤ ਦੇ ਲੋਕਾਂ ਨੂੰ ਕਈ ਕੌੜੇ ਤਜਰਬੇ ਹੋ ਸਕਦੇ ਹਨ, ਜਿਨ੍ਹਾਂ ਕਰਕੇ ਇੱਕ ਵਾਰੀ ਫਿਰ ਇਹ ਕਹਿਣ ਦਾ ਮੌਕਾ ਮਿਲ ਸਕਦਾ ਹੈ ਕਿ ਕਾਨੂੰਨ ਅੰਨ੍ਹਾ ਹੁੰਦਾ ਹੈ। ਕੋਈ ਨਹੀਂ ਕਹੇਗਾ ਕਿ ਉਹ ਅੰਨ੍ਹਾ ਨਹੀਂ ਹੁੰਦਾ, ਅੰਨ੍ਹਾ ਬਣਾਇਆ ਜਾਂਦਾ ਹੈ। ਕੌਣ ਅੰਨ੍ਹਾ ਬਣਾਉਂਦਾ ਹੈ, ਇਹ ਵੀ ਕੋਈ ਨਹੀਂ ਦੱਸੇਗਾ। 'ਜਿਸ ਕੀ ਲਾਠੀ, ਉਸ ਕੀ ਭੈਂਸ' ਦਾ ਵਰਤਾਰਾ ਸਦੀਆਂ ਤੋਂ ਚੱਲ ਰਿਹਾ ਹੈ, ਅੱਗੋਂ ਫਿਰ ਚੱਲਣ ਵਾਲਾ ਹੈ। ਇਸ ਹਾਲਤ ਵਿਚ ਭਾਰਤੀ ਲੋਕਾਂ ਲਈ ਸਿਰਫ ਇੱਕ ਸੰਸਥਾ ਤੋਂ ਆਸ ਦੀ ਕਿਰਨ ਦਿਖਾਈ ਦਿੰਦੀ ਹੈ ਤੇ ਉਹ ਸੰਸਥਾ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਹੈ। ਜਦੋਂ ਸਿਆਸਤ ਨੀਵਾਣਾਂ ਨੂੰ ਰਿੜ੍ਹ ਚੁਕੀ ਹੈ, ਕੀ ਇਕੱਲੀ ਅਦਾਲਤ ਕਾਨੂੰਨ ਨੂੰ ਅੰਨ੍ਹਾ ਕਰਨ ਦੇ ਅਮਲ ਨੂੰ ਰੋਕਣ ਵਿਚ ਸਫਲ ਹੋ ਸਕੇਗੀ? ਕੀ ਚੁਫੇਰਿਓਂ ਪੈਂਦੇ ਦਬਾਅ ਅੱਗੇ ਜੱਜ ਟਿਕੇ ਰਹਿ ਸਕਣਗੇ? ਭਾਰਤੀ ਲੋਕਤੰਤਰ ਦਾ ਭਵਿੱਖ ਏਸੇ ਸਵਾਲ ਨਾਲ ਜੁੜਿਆ ਹੋਇਆ ਹੈ ਕਿ ਇਸ ਦੇਸ਼ ਦਾ ਕਾਨੂੰਨ ਉਧਾਲੇ ਜਾਣ ਤੋਂ ਬਚ ਸਕੇਗਾ, ਕਿ ਨਹੀਂ!

# ਬ੍ਰਾਹਮਣਵਾਦ ਅਤੇ ਸਾਮਰਾਜੀ ਪੂੰਜੀਵਾਦ ਦਾ ਵਰਤਾਰਾ

(ਪਿਛਲੇ ਸਫੇ ਦੀ ਬਾਕੀ)

ਮੋਦੀ-ਸ਼ਾਹ ਦਾ ਫਾਸ਼ੀਵਾਦ ਦੇਸ਼ ਨੂੰ ਕਿਧਰ ਲਿਜਾ ਰਿਹਾ ਹੈ, ਇਸ ਦੀ ਕੁਝ ਕੁ ਜਾਣਕਾਰੀ ਬਹੁ-ਚਰਚਿਤ ਪੁਸਤਕ 'ਮੈਲਵੋਲੈਂਟ ਰਿਪਬਲਿਕ' ਦੇ ਲੇਖਕ ਕਪਿਲ ਕੋਮੀਰੇਡੀ ਦੀ ਇਕ ਲਿਖਤ ਵਿਚ ਦਿਤੀ ਗਈ ਹੈ। ਉਸ ਦੀ ਇਹ ਲਿਖਤ ਅਮਰੀਕਾ ਤੋਂ ਨਿਕਲਦੇ ਵਿਚਾਰਧਾਰਕ ਪਰਚੇ 'ਬਿਦੇਸ ਨੀਤੀ' (ਫੌਰਇਨ ਪਾਲਿਸੀ) ਦੇ ਤਾਜਾ ਅੰਕ ਵਿਚ ਛਪੀ ਹੈ। ਲੇਖਕ ਇਸ ਲਿਖਤ ਦੇ ਅਖੀਰ ਵਿਚ ਲਿਖਦਾ ਹੈ, "ਕੁਝ ਦਰਸ਼ਕ ਹਿੰਸਾ ਦੀ ਪੱਧਰ ਨੂੰ ਵੇਖ ਕੇ ਕਹਿ ਰਹੇ ਹਨ ਕਿ ਭਾਰਤ ਨਾਜੀ ਜਰਮਨੀ ਦੇ ਇਤਿਹਾਸ ਨੂੰ ਦੁਹਰਾ ਰਿਹਾ ਹੈ, ਪਰ ਇਹ ਵਰਤਾਰਾ 1980 ਵਿਆਂ ਦੇ ਮਗਰਲੇ ਸਾਲਾਂ ਦੇ ਯੂਗੋਸਲਾਵੀਆ ਦੇ ਤਜਰਬੇ ਨਾਲ ਵੱਧ ਮਿਲਦਾ ਹੈ। ਮੋਦੀ ਤੋਂ ਪਹਿਲਾਂ ਭਾਰਤ ਦੀ ਸਭ ਤੋਂ ਤਾਕਤਵਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਕਸਰ ਇਹ ਕਿਹਾ ਕਰਦੀ ਸੀ ਕਿ ਭਿੰਨਤਾ ਪੱਖੋਂ ਭਾਰਤ ਵਿਸ਼ਵ ਵਿਚ ਸਭ ਤੋਂ ਵੱਧ ਯੂਗੋਸਲਾਵੀਆ ਨਾਲ ਮਿਲਦਾ ਹੈ। ਉਸ ਵੰਨ-ਸੁਵੰਨੀ ਫੈਡਰੇਸ਼ਨ ਦਾ ਖਾਤਮਾ ਇਸੇ ਕਰਕੇ ਹੋਇਆ ਸੀ ਕਿ ਇਕ ਭੜਕਾਊ ਨੇਤਾ ਨੇ ਉਭਾਰ ਵਿਚ ਆ ਕੇ ਦੇਸ਼ 'ਤੇ ਆਪਣੀ ਜਕੜ ਮਜ਼ਬੂਤ ਕਰਨ ਲਈ ਕੌਮੀਅਤ-ਧਾਰਮਿਕ ਭਾਈਚਾਰਿਆਂ ਦੀਆਂ ਭਾਵਨਾਵਾਂ ਨੂੰ ਇਕ-ਦੂਜੇ ਵਲੋਂ ਲੱਗੇ ਇਤਿਹਾਸਕ ਜਖਮਾਂ ਨੂੰ ਭੁੰਨਾਉਣ ਦਾ ਯਤਨ ਕੀਤਾ ਸੀ। ਯੂਗੋਸਲਾਵੀਆ ਦੇ ਸਲੋਬੋਦਨ ਮਿਲੋਸਵਿਕ ਨੇ ਕਸੋਵੋ ਅਤੇ ਵੋਜਵੋਦੀਨਾ ਦੀ ਖੁਦਮੁਖਤਿਆਰੀ ਖਤਮ ਕਰਨ ਲੱਗਿਆਂ ਇਹ ਦਾਅਵਾ ਕੀਤਾ ਸੀ ਕਿ ਕੌਮੀ ਇਤਿਹਾਸ ਦੇ ਸਫਰ ਵਿਚ ਇਹ ਮਹਾਨਤਾ ਦੇ ਇਕ ਨਵੇਂ ਪੜਾਅ ਦੀ ਸ਼ੁਰੂਆਤ ਹੈ। (ਐਨ ਉਸੇ ਤਰ੍ਹਾਂ ਜਿਵੇਂ ਮੋਦੀ ਨੇ ਕਸ਼ਮੀਰ ਦੀ ਖੁਦਮੁਖਤਿਆਰੀ ਖਤਮ ਕਰਨ ਲੱਗਿਆਂ ਕੀਤਾ ਹੈ) ਪਰ ਸਰਬੀਆ ਦੇ ਕੌਮਵਾਦ ਨੇ ਯੂਗੋਸਲਾਵੀਆ ਨੂੰ ਤਬਾਹ ਕਰ ਦਿਤਾ। ਭਾਰਤੀ ਸੋਚਦੇ ਨੇ ਕਿ ਉਨ੍ਹਾਂ ਦੀ ਏਕਤਾ ਕੋਈ ਦੈਵੀ ਵਰਦਾਨ ਹੈ। ਆਪਣੇ ਆਪ ਨੂੰ ਗੁੰਮਰਾਹ ਕਰਨ ਲਈ ਇਹ ਸਭ ਤੋਂ ਵੱਡਾ ਭਰਮ ਹੈ। ਭਾਰਤ ਦਾ ਸਭਿਆਚਾਰ ਪੁਰਾਣਾ ਹੈ, ਪਰ ਇਸ ਦੀ ਏਕਤਾ ਵਿਰਲੀ-ਟਾਵੀਂ ਅਤੇ ਨਵੀਂ ਹੈ।

ਗਣਰਾਜ ਦੇ ਧਰਮ ਨਿਰਪੱਖ ਬਾਨੀਆਂ ਵਲੋਂ ਕਿਆਸਿਆ ਸਾਂਝਾ ਭਾਰਤੀ ਕੌਮਵਾਦ ਸਿਰਫ ਇਸ ਕਰਕੇ ਸਫਲ ਹੋਇਆ, ਕਿਉਂਕਿ ਉਨ੍ਹਾਂ ਨੇ ਇਕ ਬੁਨਿਆਦੀ ਸੱਚ ਦੀ ਪਛਾਣ ਕਰ ਲਈ ਸੀ ਕਿ ਮਨੁੱਖੀ ਹੋਂਦ ਬਹੁ-ਪਛਾਣ ਦੀ ਧਾਰਕ ਹੈ। ਭਾਰਤੀ ਪਛਾਣ ਦੀ ਖਿੱਚ ਹਮੇਸ਼ਾ ਇਸ ਕਰਕੇ ਰਹੀ ਹੈ ਕਿ ਇਹ ਇਕੋ ਵੇਲੇ ਕਿਸੇ ਵਿਅਕਤੀ ਨੂੰ ਕਈ-ਕੁਝ ਹੋਣ ਦੀ ਆਗਿਆ ਦਿੰਦੀ ਹੈ। ਮੋਦੀ ਉਹ ਵਿਚਾਰਧਾਰਾ ਠੋਸ ਰਿਹਾ ਹੈ, ਜੋ ਲੋਕਾਂ ਨੂੰ ਇਕ ਪਛਾਣ ਤਕ ਸੀਮਤ ਕਰਦੀ ਹੈ। ਇਹ ਵਿਚਾਰਧਾਰਾ ਸੰਸਾਰ ਦੇ ਸਭ ਤੋਂ ਵੱਧ ਵੰਨ-ਸੁਵੰਨੇ ਜਮਹੂਰੀ ਸੰਘ ਨੂੰ ਤੋੜਨ ਦੇ ਬੀਜ ਬੋ ਰਹੀ ਹੈ। ਭਾਰਤ ਨੂੰ ਜੋੜਨ ਵਾਲੀਆਂ ਤੰਦਾਂ ਏਨੀਆਂ ਮਜਬੂਤ ਨਹੀਂ, ਜਿੰਨੀਆਂ ਦਾ ਕੁਝ ਲੋਕ ਯਕੀਨ ਕਰਦੇ ਹਨ। ਲੋਕ ਸਦਾ ਲਈ ਇਸ ਅੰਨ੍ਹੇ ਰਾਸ਼ਟਰਵਾਦ ਦਾ ਬੋਝ ਨਹੀਂ ਝੱਲ ਸਕਦੇ, ਜੋ ਉਨ੍ਹਾਂ 'ਤੇ ਠੋਸਿਆ ਜਾ ਰਿਹਾ ਹੈ। ਭਾਰਤ ਇਕ ਉਸ ਮੋੜ ਨੁਕਤੇ ਵੱਲ ਵਧ ਰਿਹਾ ਹੈ, ਜਿਸ ਤੋਂ ਫਿਰ ਪਿਛੇ ਨਹੀਂ ਮੁੜਿਆ ਜਾਣਾ।"

ਇਸ ਹਕੀਕਤ ਦਾ ਜ਼ਿਕਰ ਅਖਬਾਰ 'ਟਾਈਮਜ਼ ਆਫ ਇੰਡੀਆ' ਦੇ ਸੀਨੀਅਰ ਕਾਲਮ ਨਵੀਸ ਸਵਾਮੀਨਾਥਨ ਐਸ. ਅੰਕਲੇਸਰੀਆ ਅਈਅਰ ਨੇ ਵੀ ਆਪਣੇ 8 ਮਾਰਚ ਦੇ ਕਾਲਮ ਵਿਚ ਕੀਤਾ ਹੈ। ਹਾਲਾਂਕਿ ਨਰੇਂਦਰ ਮੋਦੀ ਦੇ ਨਾਂ ਲਿਖੀ ਆਪਣੀ ਚਿੱਠੀ ਵਿਚ ਉਸ ਨੇ ਮੋਦੀ ਦੀਆਂ ਅਨੇਕ (ਨਾ ਹੋਣ ਵਾਲੀਆਂ) ਸਿਫਤਾਂ ਕੀਤੀਆਂ ਹਨ। ਬੇਸ਼ੱਕ ਇਸ ਚਿੱਠੀ ਵਿਚ ਉਸ ਨੇ ਲਿਖਿਆ ਹੈ, "ਭਾਜਪਾ ਰਾਜ ਵਿਚ ਫਿਰਕੂ ਨਫਰਤ ਉਭਾਰ ਉਤੇ ਹੈ, ਪਰ ਇਹ ਚੋਣਾਂ ਜਿਤਣ ਲਈ ਅਸਫਲ ਸਾਬਤ ਹੋਈ ਹੈ। ਭਾਜਪਾ ਨੇ ਲਗਾਤਾਰ 10 ਸੂਬਿਆਂ ਦੀਆਂ ਚੋਣਾਂ ਹਾਰੀਆਂ ਹਨ।...ਫਿਰਕੂ ਪਾਲਾਬੰਦੀ ਅਰਥਚਾਰੇ ਤੇ ਵਿਦੇਸ਼ ਨੀਤੀ ਨੂੰ ਵੀ ਹਰਜਾ ਪਹੁੰਚਾ ਰਹੀ ਹੈ। 11 ਸੂਬਿਆਂ ਨੇ ਐਨ. ਆਰ. ਸੀ. ਲਾਗੂ ਕਰਨ ਤੋਂ ਨਾਂਹ ਕਰ ਦਿੱਤੀ ਹੈ। ਕਈਆਂ ਨੇ ਸੀ. ਏ. ਏ. ਵੀ ਲਾਗੂ ਨਾ ਕਰਨ ਦਾ ਫੈਸਲਾ ਕੀਤਾ ਹੈ। ਸੂਬਿਆਂ ਦੇ ਸਹਿਯੋਗ ਬਿਨਾ ਇਨ੍ਹਾਂ ਨੂੰ ਲਾਗੂ ਕਰਨ ਦੇ ਯਤਨ ਅਸਫਲ ਹੋਣਗੇ। ਸੂਬਿਆਂ ਦੀ ਬਗਾਵਤ ਤੈਨੂੰ ਨਾਲਾਇਕ ਅਤੇ ਨਿਕੰਮਾ ਸਾਬਤ ਕਰੇਗੀ।"

"ਦਮੇਲ 'ਤੇ ਮਦਦ ਦਾ ਕੋਈ ਨਾਂ ਨਿਸ਼ਾਨ ਨਜ਼ਰ ਨਹੀਂ ਆ ਰਿਹਾ। ਕੋਈ ਐਸਾ ਮੁਲਕ ਨਹੀਂ, ਜੋ ਕੋਈ ਵੁਕਤ ਰੱਖਦਾ ਹੋਵੇ। ਸੰਯੁਕਤ ਰਾਸ਼ਟਰ ਸੰਘ ਵੀ ਨਹੀਂ। ਤੇ ਚੋਣਾਂ ਜਿੱਤਣ ਵਾਲੀ ਇਕ ਵੀ ਐਸੀ ਸਿਆਸੀ ਪਾਰਟੀ ਨਹੀਂ ਹੈ, ਜੋ ਨੈਤਿਕ ਪੁਜੀਸ਼ਨ ਲੈ ਸਕੇ, ਕਿਉਂਕਿ ਅੱਗ ਪਾਈਪਾਂ ਵਿਚ ਵੜ ਚੁਕੀ ਹੈ। ਵਿਵਸਥਾ ਢਹਿ ਢੇਰੀ ਹੋ ਰਹੀ ਹੈ।"

ਅਰੁੰਧਤੀ ਰਾਏ ਦਾ ਉਕਤ ਕਥਨ ਮੌਜੂਦਾ ਵਿਸ਼ਵ ਹਕੀਕਤ ਨੂੰ ਸਹੀ ਰੂਪ ਵਿਚ ਪ੍ਰਗਟ ਕਰਦਾ ਹੈ, ਪਰ ਇਹ ਹਕੀਕਤ ਦਾ ਇਕ ਪਾਸਾ ਹੈ। ਸੰਯੁਕਤ ਰਾਸ਼ਟਰ ਸੰਘ ਸਮੇਤ ਦੁਨੀਆਂ ਭਰ ਵਿਚ ਪਿਛਲੇ 70-75 ਸਾਲਾਂ ਵਿਚ ਬਣੇ ਸਾਰੇ ਆਲਮੀ ਅਦਾਰੇ ਆਪਣੀ ਵੁਕਤ ਗੁਆ ਚੁਕੇ ਹਨ, ਕਿਉਂਕਿ ਇਨ੍ਹਾਂ ਨੇ ਆਪਣੀਆਂ ਨਿਸ਼ਚਿਤ ਜਿੰਮੇਵਾਰੀਆਂ ਨਿਭਾਉਣ ਤੋਂ ਟਾਲਾ ਵੱਟ ਲਿਆ ਹੈ ਜਾਂ ਤਾਕਤਵਰ ਸਾਮਰਾਜੀ ਮੁਲਕ ਆਪੋ-ਆਪਣੇ ਹਿਤਾਂ ਨੂੰ ਮੁੱਖ ਰੱਖ ਕੇ ਇਨ੍ਹਾਂ ਦੇ ਕਿਸੇ ਵੀ ਆਦੇਸ਼ ਨੂੰ ਮੰਨਣ ਤੋਂ ਇਨਕਾਰੀ ਹਨ। ਇਸ ਲਈ ਇਹ ਅਦਾਰੇ ਆਪਣੀ ਨੈਤਿਕ ਹੋਂਦ ਗੁਆ ਚੁਕੇ ਹਨ। ਚੋਣਾਂ ਜਿਤਣ ਵਾਲੀ ਇਕ ਵੀ ਪਾਰਟੀ ਨੈਤਿਕ ਪੁਜੀਸ਼ਨ ਲੈਣ ਦੀ ਹਾਲਤ ਵਿਚ ਇਸੇ ਕਰਕੇ ਨਹੀਂ ਹੈ, ਕਿਉਂਕਿ ਇਨ੍ਹਾਂ ਨੇ ਖਤਰਨਾਕ ਹਾਲਤਾਂ ਵਿਚ ਲੋਕਾਂ ਨੂੰ ਧੋਖਾ ਦਿਤਾ ਹੈ। ਦਿੱਲੀ ਵਿਚ ਹੋਏ ਮੁਸਲਿਮ ਕਤਲੇਆਮ ਸਮੇਂ ਕੇਜਰੀਵਾਲ ਦੀ ਮੌਕਾਪ੍ਰਸਤੀ ਸਭ ਦੇ ਸਾਹਮਣੇ ਹੈ। ਕਾਂਗਰਸ ਦਾ ਹਿੰਦੂਤਵੀ ਆਧਾਰ, ਜੋ ਇੰਦਰਾ ਗਾਂਧੀ ਦੀਆਂ ਸਿੱਖ ਵਿਰੋਧੀ ਨੀਤੀਆਂ ਕਾਰਨ ਬਣਿਆ ਸੀ, ਮੋਦੀ ਨੇ ਖੋਹ ਲਿਆ ਹੈ। ਇਸ ਹਾਲਤ ਵਿਚ ਅਰੁੰਧਤੀ ਰਾਏ ਦਾ ਇਹ ਕਥਨ ਬਿਲਕੁਲ ਦਰੁਸਤ ਹੈ ਕਿ ਵਿਵਸਥਾ ਢਹਿ ਢੇਰੀ ਹੋ ਰਹੀ ਹੈ, ਭਾਵ ਨਾ ਸਿਰਫ ਆਰਥਕ ਪ੍ਰਬੰਧ ਸਗੋਂ ਰਾਜਸੀ ਪ੍ਰਬੰਧ ਵੀ ਢਹਿ ਢੇਰੀ ਹੋ ਰਿਹਾ ਹੈ।

ਪਰ ਇਸ ਹਕੀਕਤ ਦਾ ਇਕ ਦੂਜਾ ਪਾਸਾ ਹੋਰ ਵੀ ਹੈ। ਲੋਕਾਂ ਦੇ ਪੱਖ ਤੋਂ ਇਹ ਹਾਲਤ ਜਿਥੇ ਖਤਰਨਾਕ ਹੈ, ਉਥੇ ਸੰਭਾਵਨਾਵਾਂ ਨਾਲ ਭਰਪੂਰ ਵੀ ਹੈ। ਇਸੇ ਹਾਲਤ ਨੂੰ ਲੈਨਿਨ ਨੇ ਇਨਕਲਾਬੀ ਮੌਕਾ ਮੇਲ ਕਿਹਾ ਹੈ। ਜਦੋਂ ਲੋਕ ਉਹ ਗੱਲ ਮਹੀਨਿਆਂ ਵਿਚ ਸਮਝ ਲੈਂਦੇ ਹਨ, ਜੋ ਉਨ੍ਹਾਂ ਨੇ ਸਾਲਾਂ ਵਿਚ ਸਮਝਣੀ ਹੁੰਦੀ ਹੈ। ਉਹ ਗੱਲ ਦਿਨਾਂ ਵਿਚ ਸਮਝ ਲੈਂਦੇ ਹਨ, ਜੋ ਉਨ੍ਹਾਂ ਨੇ ਮਹੀਨਿਆਂ ਵਿਚ ਸਮਝਣੀ ਹੁੰਦੀ ਹੈ ਤੇ ਉਹ ਗੱਲ ਪਲਾਂ ਵਿਚ ਸਮਝ ਲੈਂਦੇ ਹਨ, ਜੋ ਉਨ੍ਹਾਂ ਨੇ ਦਿਨਾਂ 'ਚ ਸਮਝਣੀ ਹੁੰਦੀ ਹੈ। ਦੁਨੀਆਂ ਭਰ 'ਚ ਚਲ ਰਹੇ ਲੋਕਾਂ ਦੇ ਸੰਘਰਸ਼ ਨਵੀਆਂ ਉਚਾਈਆਂ ਛੋਹ ਰਹੇ ਹਨ।

ਅਮਰੀਕਾ ਜਿਹੇ ਮੁਲਕ 'ਚ ਜਿਥੇ ਕਮਿਊਨਿਜ਼ਮ ਤੇ ਸਮਾਜਵਾਦ ਦੇ ਸ਼ਬਦ ਦੂਜੀ ਵਿਸ਼ਵ ਸਾਮਰਾਜੀ ਜੰਗ ਪਿਛੋਂ ਨਫਰਤ ਦੇ ਪਾਤਰ ਰਹੇ ਹਨ, ਉਥੇ ਅੱਜ ਸਮਾਜਵਾਦੀ ਸਮਾਜ ਇਕ ਮੁਖ ਧਿਰ ਦਾ ਏਜੰਡਾ ਬਣ ਗਿਆ ਹੈ। ਭਾਵੇਂ ਇਹ ਧਿਰ ਵਿਗਿਆਨਕ ਸਮਾਜਵਾਦ ਪ੍ਰਤੀ ਸੁਹਿਰਦ ਨਹੀਂ, ਪਰ ਘੱਟੋ ਘੱਟ ਇਸ ਦਾ ਖਿਆਲੀ ਸਮਾਜਵਾਦ ਦਾ ਏਜੰਡਾ ਸਮਾਜਵਾਦੀ ਸਮਾਜ ਦੀ ਲੋੜ ਨੂੰ ਬਹਿਸ ਦੇ ਕੇਂਦਰ ਵਿਚ ਲਿਆਉਣ ਦਾ ਸਬੱਬ ਤਾਂ ਬਣ ਹੀ ਰਿਹਾ ਹੈ। ਜਦੋਂ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ 'ਤੇ ਆਧਾਰਤ ਵਿਗਿਆਨਕ ਸਮਾਜਵਾਦ ਦੀ ਗੱਲ ਤੁਰੇਗੀ ਤਾਂ ਸਾਰੇ ਧਰਮਾਂ ਵਿਚਲੀ ਫਿਲਾਸਫੀ ਨਾਲ ਸੰਵਾਦ ਕਰਨ ਦੀ ਲੋੜ ਮਹਿਸੂਸ ਹੋਵੇਗੀ। ਉਦੋਂ ਹੀ ਸਾਰੇ ਧਰਮਾਂ ਦੇ ਲੋਕਾਂ ਨੂੰ ਸਰਬਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਸਮਾਜ ਦੀ ਲੋੜ ਮਹਿਸੂਸ ਕਰਾਈ ਜਾ ਸਕੇਗੀ।

'ਜਿੱਤਣ ਲਈ ਸੰਸਾਰ ਪਿਆ ਹੈ' ਮਾਰਕਸ-ਏਂਗਲਜ਼ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਸੰਸਾਰ ਭਰ ਦੀ ਕਿਰਤੀ ਜਮਾਤ ਦਾ ਇਹੀ ਨਿਸ਼ਾਨਾ ਮਿਥਿਆ ਹੈ। ਇਸ ਨਿਸ਼ਾਨੇ ਨੂੰ ਉਸੇ ਰੂਪ ਵਿਚ ਹੀ ਪੂਰਾ ਕੀਤਾ ਜਾ ਸਕਦਾ ਹੈ। ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਤੋਂ ਅੱਗੇ ਤੁਰ ਕੇ ਲੈਨਿਨ ਦੇ ਰੂਸੀ ਇਨਕਲਾਬ ਤੇ ਮਾਓ-ਜੇ-ਤੁੰਗ ਦੇ ਸਭਿਆਚਾਰਕ ਇਨਕਲਾਬ ਦੇ ਤਜਰਬੇ ਨੂੰ ਆਤਮਸਾਤ ਕਰਕੇ ਹੀ ਅੱਗੇ ਵਧਿਆ ਜਾ ਸਕਦਾ ਹੈ। ਇਸੇ ਆਧਾਰ ਉਤੇ ਸਾਡੇ ਦੇਸ਼ ਵਿਚ ਡਾ. ਅੰਬੇਡਕਰ ਤੇ ਸਾਹਿਬ ਕਾਂਸ਼ੀ ਰਾਮ ਦੀ ਮਨੂਵਾਦ ਤੇ ਸਾਮਰਾਜੀ ਅਡੰਬਰ ਵਿਰੋਧੀ ਲਹਿਰ ਨੂੰ ਅੱਗੇ ਤੋਰਨ ਦੀ ਲੋੜ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਮਾਰਚ 2020*

# ਪੰਜਾਬ ਦਾ ਸਿਆਸੀ ਖਲਾਅ

ਪੰਜਾਬ ਦੇ ਸਿਆਸੀ ਪਿੜ ਅੰਦਰ ਖਲਾਅ ਕਿਸ ਕਦਰ ਭਾਰੀ ਹੈ, ਇਸ ਦੀ ਤਾਜ਼ਾ ਮਿਸਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਤੋਂ ਮਿਲਦੀ ਹੈ। ਉਨ੍ਹਾਂ ਐਲਾਨ ਕੀਤਾ ਹੈ ਕਿ ਉਹ 2022 ਵਾਲੀਆਂ ਵਿਧਾਨ ਸਭਾ ਚੋਣਾਂ ਲੜਨਗੇ। ਯਾਦ ਰਹੇ, 2017 ਵਾਲੀਆਂ ਚੋਣਾਂ ਦੌਰਾਨ ਉਨ੍ਹਾਂ ਆਪਣੇ ਚੋਣ ਜਲਸਿਆਂ ਵਿਚ ਬਾਕਾਇਦਾ ਐਲਾਨ ਕੀਤਾ ਸੀ ਕਿ ਉਹ ਚੋਣਾਂ ਉਨ੍ਹਾਂ ਦੀਆਂ ਆਖਰੀ ਚੋਣਾਂ ਹਨ। ਇਸੇ ਆਧਾਰ ਉਤੇ ਹੀ ਉਨ੍ਹਾਂ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਸੀ ਕਿ ਉਹ (ਲੋਕ) ਉਨ੍ਹਾਂ ਦੀ ਪਾਰਟੀ ਨੂੰ ਜਿਤਾਉਣ ਤਾਂ ਕਿ 2007 ਤੋਂ 2017 ਤਕ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਗਠਜੋੜ ਸਰਕਾਰ ਵਲੋਂ ਪੰਜਾਬ ਦੇ ਕੀਤੇ ਘਾਣ ਦੀ ਭਰਪਾਈ ਕੀਤੀ ਜਾ ਸਕੇ ਅਤੇ ਸੂਬੇ ਨੂੰ ਲੀਹ ਉਤੇ ਲਿਆਂਦਾ ਜਾ ਸਕੇ। ਦਰਅਸਲ, ਉਸ ਵਕਤ ਆਮ ਆਦਮੀ ਪਾਰਟੀ (ਆਪ) ਐਨ ਠੋਕ-ਵਜਾ ਕੇ ਮੈਦਾਨ ਵਿਚ ਸੀ ਅਤੇ ਉਦੋਂ ਚੋਣਾਂ ਦੌਰਾਨ ਕਈ ਥਾਂਈਂ ਮੁਕਾਬਲਾ ਤਿਕੋਣਾ ਬਣ ਰਿਹਾ ਸੀ। ਉਸ ਵਕਤ ਆਮ ਆਦਮੀ ਪਾਰਟੀ ਅਤੇ ਕੁਝ ਸਿਆਸੀ ਮਾਹਿਰ ਤਾਂ ਇਹ ਦਾਅਵੇ ਵੀ ਕਰ ਰਹੇ ਸਨ ਕਿ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਬਣਨੀ ਹੈ। ਜਾਹਰ ਸੀ ਕਿ ਉਸ ਵਕਤ ਮੁੱਖ ਮੁਕਾਬਲਾ ਕਾਂਗਰਸ ਅਤੇ ਅਕਾਲੀ ਦਲ ਵਿਚਾਲੇ ਨਹੀਂ, ਸਗੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਾਲੇ ਸੀ। ਇਸ ਦਾ ਸਿੱਧਾ ਜਿਹਾ ਮਤਲਬ ਇਹ ਸੀ ਕਿ ਪੰਜਾਬ ਵਿਚ ਚਿਰਾਂ ਤੋਂ ਚਲ ਰਹੀ ਰਵਾਇਤੀ ਸਿਆਸਤ ਨੂੰ ਵੱਡਾ ਮੋੜਾ ਪਿਆ ਸੀ ਅਤੇ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਵਾਹਵਾ ਹੁੰਗਾਰਾ ਭਰ ਰਹੇ ਸਨ। ਇਹ ਉਹ ਹਾਲਾਤ ਸਨ, ਜਿਨ੍ਹਾਂ ਕਰਕੇ ਕੈਪਟਨ ਅਮਰਿੰਦਰ ਸਿੰਘ ਲੋਕਾਂ ਅੱਗੇ ਆਪਣੀ ਜਿੱਤ ਲਈ ਤਰਲੇ ਕੱਢ ਰਹੇ ਸਨ। ਉਸ ਵਕਤ ਤਾਂ ਆਮ ਆਦਮੀ ਪਾਰਟੀ ਦੀ ਚੜ੍ਹਾਈ ਇੰਨੀ ਜ਼ਿਆਦਾ ਜਾਪ ਰਹੀ ਸੀ ਕਿ ਇਹ ਵੀ ਸੁਣਨ ਵਿਚ ਆਇਆ ਕਿ ਇਸ ਪਾਰਟੀ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ ਕਾਂਗਰਸ ਅਤੇ ਅਕਾਲੀ ਦਲ ਦੇ ਕੁਝ ਆਗੂਆਂ ਨੇ ਆਪਸ ਵਿਚ ਰਾਬਤਾ ਵੀ ਬਣਾਇਆ ਸੀ। ਖੈਰ, ਇਹ ਤਾਂ ਬਹਿਸ ਗੋਚਰਾ ਮਸਲਾ ਹੈ, ਪਰ ਹਕੀਕਤ ਇਹ ਹੈ ਕਿ ਆਮ ਆਦਮੀ ਪਾਰਟੀ ਨੇ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਹੱਥਾ-ਪੈਰਾਂ ਦੀ ਜ਼ਰੂਰ ਪੁਆ ਦਿੱਤੀ ਸੀ।

ਹੁਣ ਕੈਪਟਨ ਦੀ ਸਰਕਾਰ ਬਣਿਆਂ ਤਿੰਨ ਸਾਲ ਲੰਘ ਗਏ ਹਨ। ਇਨ੍ਹਾਂ ਤਿੰਨਾਂ ਸਾਲਾਂ ਦੌਰਾਨ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਵਹਿ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਫੁੱਟ-ਦਰ-ਫੁੱਟ ਦਾ ਸ਼ਿਕਾਰ ਹੈ ਅਤੇ ਬੇਅਦਬੀ ਵਰਗੇ ਸੰਵੇਦਨਸ਼ੀਲ ਮਸਲਿਆਂ ਕਾਰਨ ਲੋਕਾਂ ਨੇ ਬਾਦਲ ਪਰਿਵਾਰ ਨੂੰ ਅਜੇ ਤਕ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ। ਜਥੇਬੰਦਕ ਤੌਰ 'ਤੇ ਭਾਵੇਂ ਬਾਦਲਾਂ ਵਾਲੇ ਅਕਾਲੀ ਦਲ ਦਾ ਤਾਣਾ-ਬਾਣਾ ਅਜੇ ਕਾਇਮ ਹੈ, ਪਰ ਚੋਣਾਂ ਜਿੱਤਣ ਦੇ ਹਿਸਾਬ ਨਾਲ ਲੋਕਾਂ ਤੋਂ ਜੋ ਹੁੰਗਾਰਾ ਮਿਲਣਾ ਚਾਹੀਦਾ ਹੈ, ਉਹ ਅਜੇ ਤਕ ਮਿਲ ਨਹੀਂ ਰਿਹਾ। ਇਹ ਤੱਥ ਤਾਂ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਨੇ ਵੀ ਸਾਬਤ ਕੀਤਾ ਹੈ। ਉਪਰੋਂ ਅਕਾਲੀ ਲੀਡਰਸ਼ਿਪ ਉਤੇ ਭਾਜਪਾ ਦੇ ਵੱਖ ਹੋ ਕੇ ਜਾਂ ਬਾਗੀ ਅਕਾਲੀਆਂ ਨਾਲ ਰਲ ਕੇ ਚੋਣਾਂ ਲੜਨ ਦੀ ਤਲਵਾਰ ਵੀ ਲਟਕ ਰਹੀ ਹੈ। ਦੂਜੇ ਬੰਨੇ 'ਆਪ' ਦਾ ਹਾਲ ਵੀ ਬਹੁਤਾ ਚੰਗਾ ਨਹੀਂ। 2017 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਪਾਰਟੀ ਭਾਵੇਂ ਆਸ ਮੁਤਾਬਕ ਸਰਕਾਰ ਤਾਂ ਨਹੀਂ ਸੀ ਬਣਾ ਸਕੀ, ਮੁੱਖ ਵਿਰੋਧੀ ਪਾਰਟੀ ਜ਼ਰੂਰ ਬਣ ਗਈ ਸੀ, ਪਰ ਪਾਰਟੀ ਦੇ ਅੰਦਰੂਨੀ ਕਲੇਸ਼ ਅਤੇ ਦਿੱਲੀ ਵਾਲਿਆਂ ਦੇ ਦਖਲ ਕਾਰਨ ਪਾਰਟੀ ਪੰਜਾਬ ਦੇ ਸਿਆਸੀ ਪਿੜ ਅੰਦਰ ਆਪਣਾ ਤੁੱਕ ਬੰਨ੍ਹਣ ਵਿਚ ਕਾਮਯਾਬ ਨਹੀਂ ਹੋ ਸਕੀ। ਹੁਣ ਦਿੱਲੀ ਚੋਣਾਂ ਵਿਚ ਪਾਰਟੀ ਦੀ ਬੇਮਿਸਾਲ ਜਿੱਤ ਪਿਛੋਂ ਇਸ ਦਾ ਫਾਇਦਾ ਪੰਜਾਬ ਵਿਚ ਹੋਣ ਬਾਰੇ ਚਰਚਾ ਜ਼ਰੂਰ ਚੱਲੀ ਸੀ, ਪਰ ਕੇਂਦਰ ਵਿਚ ਸੱਤਾਧਾਰੀ ਭਾਜਪਾ ਨੇ ਦਿੱਲੀ ਵਿਚ ਜਿਸ ਢੰਗ ਨਾਲ ਘੱਟਗਿਣਤੀ ਮੁਸਲਮਾਨਾਂ ਖਿਲਾਫ ਹਿੰਸਾ ਵਰਤਾਈ, ਉਸ ਮੌਕੇ ਮੂਕ ਦਰਸ਼ਕ ਬਣੀ ਰਹਿਣ ਕਾਰਨ ਇਹ ਪਾਰਟੀ ਇਕ ਵਾਰ ਫਿਰ ਪੰਜਾਬ ਦੇ ਲੋਕਾਂ ਦੇ ਮਨਾਂ ਵਿਚੋਂ ਉਤਰ ਗਈ ਜਾਪਦੀ ਹੈ।

ਜਾਹਰ ਹੈ ਕਿ ਸਿਆਸੀ ਕਾਰਨਾਂ ਕਰਕੇ ਪੰਜਾਬ ਵਿਚ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਪੈਰ ਨਹੀਂ ਲੱਗ ਰਹੇ। ਇਸੇ ਗਿਣਤੀ-ਮਿਣਤੀ ਵਿਚੋਂ ਹੀ ਕੈਪਟਨ ਦਾ ਤਾਜ਼ਾ ਬਿਆਨ ਆਇਆ ਹੈ। ਉਂਜ, ਜੇ ਕੈਪਟਨ ਅਮਰਿੰਦਰ ਸਿੰਘ ਦੀ ਤਿੰਨ ਸਾਲ ਦੀ ਕਾਰਗੁਜ਼ਾਰੀ ਦੀ ਪੁਣ-ਛਾਣ ਕੀਤੀ ਜਾਵੇ ਤਾਂ ਇਸ ਦਾ ਹਾਲ ਵੀ ਅਕਾਲੀ ਦਲ ਜਾਂ ਆਮ ਆਦਮੀ ਪਾਰਟੀ ਨਾਲੋਂ ਕੋਈ ਬਹੁਤਾ ਵੱਖਰਾ ਨਹੀਂ। ਕੈਪਟਨ ਅਮਰਿੰਦਰ ਸਿੰਘ ਨੇ ਭਾਵੇਂ ਸਾਰੇ ਵਆਦੇ ਪੂਰੇ ਕਰਨ ਦਾ ਦਾਅਵਾ ਕਰ ਮਾਰਿਆ ਹੈ, ਪਰ ਸੱਚ ਇਹ ਹੈ ਕਿ ਇਸ ਸਰਕਾਰ ਨੇ ਤਿੰਨ ਸਾਲਾਂ ਦੌਰਾਨ ਇਕ ਵੀ ਕਾਰਜ ਸਿਰੇ ਨਹੀਂ ਚਾੜ੍ਹਿਆ ਹੈ। ਹੋਰ ਤਾਂ ਹੋਰ, ਉਹ ਆਪਣੀ ਪਾਰਟੀ ਦੇ ਆਗੂਆਂ ਅਤੇ ਵਿਧਾਇਕਾਂ ਨੂੰ ਵੀ ਨਾਲ ਲੈ ਕੇ ਚੱਲ ਨਹੀਂ ਸਕੇ ਹਨ। ਉਨ੍ਹਾਂ ਦੀ ਨਵਜੋਤ ਸਿੰਘ ਸਿੱਧੂ ਨਾਲ ਲੜਾਈ ਜੱਗ-ਜਾਹਰ ਹੈ। ਵਿਧਾਇਕ ਪਰਗਟ ਸਿੰਘ ਵਲੋਂ ਉਨ੍ਹਾਂ ਨੂੰ ਲਿਖੀ ਚਿੱਠੀ ਸਾਫ ਦੱਸ ਰਹੀ ਹੈ ਕਿ ਪਾਰਟੀ ਵਿਧਾਇਕਾਂ ਦਾ ਸਰਕਾਰ ਬਾਰੇ ਕੀ ਨਜ਼ਰੀਆ ਹੈ। ਇਸ ਤੋਂ ਪਹਿਲਾਂ ਵੀ ਵਿਧਾਇਕ ਗਾਹੇ-ਬਗਾਹੇ ਆਪਣੀ ਨਾਰਾਜ਼ਗੀ ਜਾਹਰ ਕਰਦੇ ਰਹੇ ਹਨ। ਉਂਜ, ਸੱਚਾਈ ਇਹ ਵੀ ਹੈ ਕਿ ਨਾ ਤਾਂ ਕਾਂਗਰਸੀ ਵਿਧਾਇਕ ਜਾਂ ਆਗੂ ਅਤੇ ਨਾ ਹੀ ਵਿਰੋਧੀ ਧਿਰ, ਕੈਪਟਨ ਸਰਕਾਰ ਖਿਲਾਫ ਕੋਈ ਬੱਝਵਾਂ ਪ੍ਰਭਾਵ ਪਾ ਸਕੀ ਹੈ। ਵਿਧਾਨ ਸਭਾ ਵਿਚ ਵੀ ਵਿਰੋਧੀ ਧਿਰ ਸਰਕਾਰ ਨੂੰ ਘੇਰਨ ਵਿਚ ਨਾਕਾਮ ਹੀ ਰਹੀ ਹੈ, ਹਾਲਾਂਕਿ ਅਜਿਹੇ ਅਨੇਕ ਮੁੱਦੇ ਸਨ, ਜਿਨ੍ਹਾਂ ਦੇ ਆਧਾਰ 'ਤੇ ਸਰਕਾਰ ਅਤੇ ਕੈਪਟਨ ਨੂੰ ਲੈਣੇ ਦੇ ਦੇਣੇ ਪੈ ਸਕਦੇ ਸਨ। ਪੰਜਾਬ ਦੇ ਅਜਿਹੇ ਸਿਆਸੀ ਹਾਲਾਤ ਤੋਂ ਫਿਲਹਾਲ ਜਾਪ ਇਹ ਰਿਹਾ ਹੈ ਕਿ ਸਿਆਸੀ ਸਥਿਤੀ ਜਿਉਂ ਦੀ ਤਿਉਂ ਹੀ ਰਹਿਣੀ ਹੈ। ਇਹ ਗੱਲ ਵੱਖਰੀ ਹੈ ਕਿ ਸਿਆਸੀ ਸਫਾ ਅੰਦਰ ਕੁਝ ਵੀ ਨਵਾਂ ਵਾਪਰਨ ਦੀ ਸੰਭਾਵਨਾ ਸਦਾ ਮੌਜੂਦ ਰਹਿੰਦੀ ਹੈ, ਪਰ ਉਦੋਂ ਤਕ ਪੰਜਾਬ ਦੇ ਲੋਕਾਂ ਨੂੰ ਉਡੀਕ ਹੀ ਕਰਨੀ ਪੈਣੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਰੋਨਾ ਬਨਾਮ ਹੋਲਾ

ਨਾਲੇ ਦੱਸ ਪਰਹੇਜ ਕਈ ਤਰ੍ਹਾਂ ਦੇ ਜੀ, ਡਾਕਟਰ 'ਕਰੋਨਾ' ਤੋਂ ਡਰੇ ਤਾਂ ਕਹੀ ਜਾਂਦੇ।
ਡਰ ਸਹਿਮ ਚੁਤਰਫੀ ਹੀ ਛਾਅ ਗਿਆ ਏ, ਦਿਲ ਲੋਕਾਂ ਦੇ ਲੀਰਾਂ ਤੋਂ ਲਹੀ ਜਾਂਦੇ।
ਜਿਉਂ ਜਿਉਂ ਪਤਾ ਮਰੀਜ਼ਾਂ ਦਾ ਲੱਗਦਾ ਏ, ਜਿਗਰੇ ਵਾਲੇ ਵੀ ਖਬਰਾਂ ਸੁਣ ਢਹੀ ਜਾਂਦੇ।
ਕਹਿੰਦੇ ਸੜਕਾਂ 'ਤੇ ਰੌਣਕ ਵੀ ਘਟਣ ਲੱਗੀ, ਦੋਸਤ ਹੱਥ ਮਿਲਾਉਣ ਤੋਂ ਤ੍ਰਹੀ ਜਾਂਦੇ।
ਐਪਰ ਪੁਰੀ ਅਨੰਦਾਂ ਦੀ ਵਿਚ ਦੇਖਿਆ, ਬਿਨਾ ਡਰ ਤੋਂ 'ਕੱਠ ਸੀ ਕਮਾਲ ਹੋਇਆ।
ਸ਼ਰਧਾ ਅਤੇ ਉਤਸ਼ਾਹ ਵਿਚ ਫਰਕ ਨਹੀਂ, ਹੋਲਾ ਸੀ ਜਾਹੋ ਜਲਾਲ ਦੇ ਨਾਲ ਹੋਇਆ।

# ਕਰੋਨਾ ਵਾਇਰਸ ਦੀ ਦਹਿਸ਼ਤ

***ਕਰੋਨਾ ਵਾਇਰਸ ਦੀ ਦਹਿਸ਼ਤ ਸੰਸਾਰ ਦੇ ਡੇਢ ਸੌ ਤੋਂ ਵੱਧ ਮੁਲਕਾਂ 'ਚ ਫੈਲ ਚੁਕੀ ਹੈ। ਇਸ ਬਾਰੇ ਅਮਰੀਕਾ ਅਤੇ ਚੀਨ ਇਕ-ਦੂਜੇ ਉਤੇ ਨਿੱਤ ਦਿਨ ਨਵੇਂ ਦੋਸ਼ ਵੀ ਲਾਈ ਜਾਂਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਇਰਸ ਤੋਂ ਡਰਨ ਦੀ ਲੋੜ ਨਹੀਂ, ਪਰ ਇਸ ਬਾਰੇ ਸੁਚੇਤ ਹੋਣਾ ਬਹੁਤ ਜ਼ਰੂਰੀ ਹੈ। ਸੰਸਾਰ ਵਿਚ ਜੇ ਹੁਣ ਤਕ ਡੇਢ ਲੱਖ ਰੋਗੀ ਸਾਹਮਣੇ ਆਏ ਹਨ ਤਾਂ ਇਨ੍ਹਾਂ ਵਿਚੋਂ 80 ਹਜ਼ਾਰ ਤੋਂ ਉਪਰ ਕੇਸ ਸਿਰਫ ਸ਼ੱਕੀ ਰੋਗੀਆਂ ਦੇ ਸਨ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਦੇ ਪ੍ਰੋਫੈਸਰ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕੀਤੀ ਹੈ। -ਸੰਪਾਦਕ***

"ਭਾਰਤ ਵਿਚ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਨੇ ਕੀਤਾ ਸੈਂਕੜਾ ਪਾਰ। ਕੁਲ ਮਰੀਜ਼ ਹੋਏ 105, ਦੋ ਦੀ ਮੌਤ। ਸਕੂਲਾਂ ਕਾਲਜਾਂ ਦੇ ਨਾਲ ਨਾਲ ਰੈਸਟੋਰੈਂਟ, ਮਾਲ, ਸਿਨੇਮਾ ਘਰ ਵੀ ਰਹਿਣਗੇ ਬੰਦ। ਪ੍ਰਧਾਨ ਮੰਤਰੀ ਦਾ ਵਿਦੇਸ਼ ਦੌਰਾ ਰੱਦ।" ...

ਤੁਸੀਂ ਇਹ ਖਬਰ ਸੁਣਦੇ ਹੋ, ਜਾਂ ਅਖਬਾਰ ਦੇ ਪਹਿਲੇ ਸਫੇ ਦੀ ਸੁਰਖੀ ਵਿਚ ਪੜ੍ਹਦੇ ਹੋ ਤਾਂ ਡਰਨਾ ਸੁਭਾਵਕ ਹੈ। ਫਿਰ ਤੁਸੀਂ ਖੁਦ ਨੂੰ ਆਪਣੇ ਘਰ ਅੰਦਰ ਕੈਦ ਕਰ ਲੈਂਦੇ ਹੋ ਅਤੇ ਹੋਰਾਂ ਨੂੰ ਵੀ ਹਦਾਇਤ ਕਰਨ ਲਗਦੇ ਹੋ। ਤੁਸੀਂ ਖੁਦ ਇਸ ਬਾਰੇ ਨਹੀਂ ਸੋਚਦੇ।

ਤੁਸੀਂ ਸਮਝਦੇ ਹੋ ਕਿ ਟੀ.ਵੀ. ਸੱਚ ਹੀ ਬੋਲ ਰਿਹਾ ਹੈ ਅਤੇ ਜੇ ਸਿਹਤ ਮੰਤਰੀ ਖੁਦ ਬਿਆਨ ਦੇ ਰਿਹਾ ਹੋਵੇ, ਫਿਰ ਤਾਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਟੀ.ਵੀ. ਵਾਲੇ ਲੋਕਾਂ ਨੇ ਵੀ ਕਦੇ ਮਿਲ-ਬੈਠ ਕੇ ਵਿਚਾਰ ਨਹੀਂ ਕੀਤੀ ਹੋਣੀ ਕਿ ਇਸ ਖਬਰ ਨੂੰ ਆਮ ਲੋਕਾਂ ਤਕ ਕਿਸ ਢੰਗ ਨਾਲ ਪੇਸ਼ ਕਰਨਾ ਹੈ। ਲੋਕਾਂ ਨੂੰ ਸੁਚੇਤ ਕਰਨਾ ਹੈ ਕਿ ਉਨ੍ਹਾਂ ਨੂੰ ਡਰਾਉਣਾ ਹੈ। ਇਉਂ ਲਗਦਾ ਹੈ ਕਿ ਡਰਾਉਣ ਨੂੰ ਹੀ ਸੁਚੇਤ ਕਰਨ ਦਾ ਬਦਲ ਮੰਨ ਲਿਆ ਗਿਆ ਹੈ ਜਦੋਂਕਿ ਡਰ ਦੇ ਨੁਕਸਾਨ ਬਹੁਤ ਹਨ।

**ਡਾ. ਸ਼ਿਆਮ ਸੁੰਦਰ ਦੀਪਤੀ**
ਫੋਨ: +91-98156-08506

ਤਾਜ਼ਾ ਖਬਰਾਂ ਅਨੁਸਾਰ ਦੁਨੀਆਂ ਭਰ ਵਿਚ ਕਰੋਨਾ ਦੇ ਕੇਸਾਂ ਦੀ ਗਿਣਤੀ ਡੇਢ ਲੱਖ ਤੋਂ ਉਪਰ ਹੋ ਗਈ ਹੈ ਅਤੇ ਮੌਤਾਂ ਦੀ ਗਿਣਤੀ ਛੇ ਹਜ਼ਾਰ ਨੂੰ ਢੁੱਕ ਗਈ ਹੈ। ਇਹ ਖਬਰ/ਰਿਪੋਰਟ ਠੀਕ ਹੈ ਪਰ ਜੋ ਸੂਚਨਾ ਗਾਇਬ ਹੈ, ਉਹ ਇਹ ਹੈ ਕਿ ਇਨ੍ਹਾਂ ਡੇਢ ਲੱਖ ਕੇਸਾਂ ਵਿਚੋਂ 80,000 ਲੋਕ ਠੀਕ ਹੋਏ ਹਨ। ਬਾਕੀ ਸਭ ਸ਼ੱਕੀ ਕੇਸ ਸਨ, ਜਾਂ ਹਲਕੇ ਲੱਛਣਾਂ ਵਾਲੇ ਸਨ ਜਿਨ੍ਹਾਂ ਨੂੰ ਕੁਝ ਨਹੀਂ ਹੋਇਆ ਅਤੇ ਨਾ ਹੀ ਕਿਸੇ ਦਵਾਈ ਦੀ ਲੋੜ ਪਈ। ਇਹ ਅਨੁਪਾਤ ਸਮਝਿਆ ਜਾਵੇ ਤਾਂ ਡਰ ਦੀ ਮਿਕਦਾਰ ਘੱਟ ਹੋ ਸਕਦੀ ਹੈ।

ਜਰਮਾਂ ਦੀ ਇਕ ਕਿਸਮ ਵਾਇਰਸ, ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਇਤਿਹਾਸ ਨਵਾਂ ਨਹੀਂ ਹੈ। ਚੇਚਕ, ਖਸਰਾ, ਚਿਕਨ ਪਾਕਸ ਤੇ ਫਿਰ ਡੇਂਗੂ, ਚਿਕਨਗੁਨੀਆ ਦੇ ਨਾਂ ਅਸੀਂ ਜਾਣਦੇ ਹਾਂ। ਪਿਛਲੇ ਵੀਹ ਸਾਲਾਂ ਦੌਰਾਨ ਵਾਇਰਲ ਬਿਮਾਰੀਆਂ ਦੇ ਹਮਲੇ ਵਿਚ ਸਵਾਈਨ ਫਲੂ, ਸਾਰਸ ਨੇ ਵੀ ਕਾਫੀ ਡਰਾਇਆ ਹੈ। ਸਾਰਸ ਦੀ ਬਿਮਾਰੀ ਫੈਲਦੀ ਹੌਲੀ ਸੀ ਪਰ ਮੌਤ ਦਰ ਕਾਫੀ ਜ਼ਿਆਦਾ ਸੀ, ਤਕਰੀਬਨ 10 ਫੀਸਦੀ। ਵਾਇਰਲ ਬੁਖਾਰ ਨਾਲ ਹਰ ਘਰ ਹੀ ਪੀੜਤ ਹੁੰਦਾ ਹੈ, ਖਾਸ ਕਰਕੇ ਜਦੋਂ ਮੌਸਮ ਬਦਲਦਾ ਹੈ।

ਸਾਰਸ, ਮਰਸ ਦੀ ਲੜੀ 'ਚ ਇਸ ਪਰਿਵਾਰ ਦੇ ਵਾਇਰਸ ਦਾ ਹੀ ਨਵਾਂ ਰੂਪ ਹੈ ਕਰੋਨਾ। ਵਾਇਰਸ ਦੀ ਇਹ ਖਾਸੀਅਤ ਹੈ ਕਿ ਇਹ ਆਪਣੀ ਬਣਤਰ ਵਿਚ ਬਦਲਾਓ ਲਿਆਉਣ ਦਾ ਮਾਹਿਰ ਹੁੰਦਾ ਹੈ ਅਤੇ ਕੁਝ ਸਮਾਂ ਪਾ ਕੇ ਨਵੇਂ ਅਤੇ ਪਹਿਲੇ ਵਾਲੇ ਰੂਪ ਤੋਂ ਵੱਧ ਘਾਤਕ ਹੋ ਕੇ ਸਾਹਮਣੇ ਆਉਂਦਾ ਹੈ। ਇਹ ਨਵਾਂ ਕਰੋਨਾ ਪਰਿਵਾਰ ਦਾ ਕੋਵਿਡ-19 ਨਾਂ ਦਾ ਵਾਇਰਸ ਉਸੇ ਤਰ੍ਹਾਂ ਦਾ ਹੈ। ਇਸ ਦਾ ਪਹਿਲਾ ਕੇਸ 31 ਦਸੰਬਰ 2019 ਨੂੰ ਰਿਪੋਰਟ ਹੋਇਆ। ਕਿਵੇਂ ਇਹ ਮਨੁੱਖੀ ਸੰਪਰਕ ਵਿਚ ਆਇਆ, ਇਸ ਦੇ ਕਿਆਸ ਲਗਾਏ ਜਾ ਰਹੇ ਹਨ ਤੇ ਕਈ ਵਿਚਾਰ ਸਾਹਮਣੇ ਆਏ ਹਨ। ਚੀਨ ਅਤੇ ਅਮਰੀਕਾ, ਇਕ ਦੂਸਰੇ ਨੂੰ ਦੋਸ਼ੀ ਠਹਿਰਾ ਰਹੇ ਹਨ ਪਰ ਇਕ ਗੱਲ ਤਾਂ ਹੈ ਕਿ ਇਹ ਮਨੁੱਖ ਦੀ ਕੁਦਰਤ ਨਾਲ ਹੱਦੋਂ ਵੱਧ ਛੇੜ-ਛਾੜ ਦਾ ਹੀ ਨਤੀਜਾ ਹੈ।

ਇਸ ਵਾਇਰਸ ਦੇ ਫੈਲਣ ਦੀ ਰਫਤਾਰ ਕਾਫੀ ਤੇਜ਼ ਹੈ ਪਰ ਇਸ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਪਹਿਲੇ ਵਾਇਰਸਾਂ ਦੀ ਤੁਲਨਾ ਵਿਚ ਘੱਟ ਹੈ। ਹਰ ਰੋਜ਼ ਗਿਣਤੀ ਵਧ ਰਹੀ ਹੈ ਤੇ ਟੀ.ਵੀ. ਦਾ ਹਰ ਨਿਊਜ਼ ਬੁਲਿਟਨ ਇਸ 'ਤੇ ਨਿਗਰਾਨੀ ਰੱਖ ਰਿਹਾ ਹੈ। ਇਹ ਸੱਚ ਹੈ ਕਿ ਰੋਗੀ ਅਗਾਂਹ 2 ਤੋਂ 3 ਜਣਿਆਂ ਨੂੰ ਰੋਗ ਫੈਲਾ ਸਕਦਾ ਹੈ ਅਤੇ ਇਸ ਮੁਤਾਬਕ ਇਕ ਹਫਤੇ, 7 ਦਿਨਾਂ ਵਿਚ ਕੇਸਾਂ ਦੀ ਗਿਣਤੀ ਦੁਗਣੀ ਤੋਂ ਵੀ ਵੱਧ ਹੋ ਜਾਂਦੀ ਹੈ ਪਰ ਨਾਲ ਹੀ, ਮੌਜੂਦਾ ਕੇਸਾਂ ਅਤੇ ਮੌਤਾਂ ਦੀ ਗਿਣਤੀ ਦੇ ਆਧਾਰ 'ਤੇ ਦੇਖੀਏ ਤਾਂ ਇਹ 2.7 ਫੀਸਦੀ ਬਣਦੀ ਹੈ। ਇਹ ਠੀਕ ਹੈ ਕਿ ਕਿਸੇ ਦੀ ਵੀ ਮੌਤ ਕਿਉਂ ਹੋਵੇ? ਕਿਸੇ ਇਕ ਦੀ ਵੀ ਮੌਤ ਕਿਉਂ ਹੋਵੇ? ਪਰ ਸਵਾਲ ਬਿਮਾਰੀ ਦੀ ਪ੍ਰਕਿਰਿਆ ਨੂੰ ਸਮਝਣ ਦਾ ਹੈ ਤਾਂ ਜੋ ਉਸ ਮੁਤਾਬਕ ਸਹੀ, ਕਾਰਗਰ ਅਤੇ ਵਿਗਿਆਨਕ ਤਰੀਕੇ ਨਾਲ ਹੱਲ ਸਮਝੇ ਅਤੇ ਅਪਨਾਏ ਜਾਣ।

ਕਰੋਨਾਵਾਇਰਸ ਦੀ ਲੰਬਾਈ ਕੋਈ 400-500 ਐਨ.ਐਮ. ਹੈ, ਮਤਲਬ ਇਹ ਬਾਕੀ ਜਰਮਾਂ ਦੇ ਮੁਕਾਬਲੇ ਕੁਝ ਵੱਡੀ ਲੰਬਾਈ ਰੱਖਦਾ ਹੈ। ਇਕ ਗੱਲ ਹੋਰ ਸਮਝਣ ਵਾਲੀ ਹੈ ਕਿ ਇਹ ਹਵਾ ਨਾਲ ਫੈਲਣ ਵਾਲੀ ਬਿਮਾਰੀ ਨਹੀਂ ਜਿਸ ਦਾ ਖਤਰਾ ਸਗੋਂ ਵੱਧ ਹੁੰਦਾ ਹੈ; ਜਿਵੇਂ ਅਸੀਂ ਹਵਾ ਪ੍ਰਦੂਸ਼ਣ ਦੀ ਗੱਲ ਕਰਦੇ ਹਾਂ। ਇਹ ਬੰਦੇ ਦੀਆਂ ਛਿੱਕਾਂ ਅਤੇ ਖੰਘ/ਖਾਂਸੀ ਰਾਹੀਂ ਬਾਹਰ ਨਿਕਲ ਰਹੀਆਂ ਪਾਣੀ-ਰੇਸ਼ੇ ਦੀਆਂ ਬੂੰਦਾਂ ਤੋਂ ਫੈਲਦੀ ਹੈ। ਇਸ ਦੇ ਲਈ ਵੀ ਸਾਡੀ ਬਚਾਅ ਪੱਧਤੀ ਦੀ ਸਮਝ ਵੱਖਰੀ ਹੋ ਜਾਂਦੀ ਹੈ।

ਇਸ ਬਿਮਾਰੀ ਦੀ ਗੰਭੀਰਤਾ ਅਤੇ ਡਰ ਨੂੰ ਸਮਝਣ ਦਾ ਇਕ ਢੰਗ ਇਹ ਵੀ ਹੈ ਕਿ ਤਕਰੀਨ 80 ਫੀਸਦੀ ਕੇਸਾਂ ਵਿਚ ਬਿਮਾਰੀ ਲੱਛਣਾਂ ਤੱਕ ਵੀ ਨਹੀਂ ਪਹੁੰਚਦੀ। ਸਿਰਫ ਵੀਹ ਫੀਸਦੀ ਹੀ ਬਿਮਾਰੀ ਦੇ ਲੱਛਣ ਦਿਖਾਉਂਦੇ ਹਨ ਅਤੇ ਉਨ੍ਹਾਂ ਵਿਚੋਂ ਵੀ 5 ਫੀਸਦੀ ਵਿਚ ਐਮਰਜੈਂਸੀ ਬਣਦੀ ਹੈ ਤੇ ਹਸਪਤਾਲ ਦਾਖਲੇ ਦੀ ਲੋੜ ਪੈਂਦੀ ਹੈ। ਇਹ ਗੱਲ ਹੈ ਕਿ ਇਹ ਸਾਰੇ ਹੀ, ਭਾਵੇਂ ਉਹ ਲੱਛਣ ਦਿਖਾਉਣ ਜਾਂ ਨਾ, ਸਰੀਰ ਅੰਦਰ ਵਾਇਰਸ ਹੋਣ ਕਰਕੇ, ਛਿੱਕਾਂ-ਖਾਂਸੀ ਰਾਹੀਂ ਬਿਮਾਰੀ ਦੇ ਜਰਮ ਅਗਾਂਹ ਜ਼ਰੂਰ ਫੈਲਾ ਸਕਦੇ ਹਨ।

**ਬਿਮਾਰੀ ਤੋਂ ਬਚਣ ਦੇ ਉਪਾਅ:** ਬਿਮਾਰੀ ਦੀ ਇਸ ਸਮਝ ਤੋਂ, ਜੋ ਜੀਵਨ ਸ਼ੈਲੀ ਵਿਚ ਬਦਲਾਓ ਕਰਨ ਜਾਂ ਕੁਝ ਸਿਹਤਮੰਦ ਢੰਗ ਅਪਨਾਉਣ ਦੀ ਲੋੜ ਹੈ, ਉਹ ਇਸ ਤਰ੍ਹਾਂ ਹਨ:

-ਕਰੋਨਾਵਾਇਰਸ ਦੀ ਲੰਬਾਈ (ਸਾਈਜ਼ ਆਪਾਂ ਜਾਣਿਆ ਹੈ, ਇਸ ਲਈ ਐਨ 95, ਮਾਸਕ ਦੀ ਕਿਸੇ ਵੀ ਤਰ੍ਹਾਂ ਲੋੜ ਨਹੀਂ ਹੈ। ਕੋਈ ਵੀ ਆਮ ਮਾਸਕ ਜਾਂ ਰੁਮਾਲ ਨਾਲ ਮੂੰਹ ਢੱਕ ਕੇ ਵੀ ਕੰਮ ਚਲਾਇਆ ਜਾ ਸਕਦਾ ਹੈ।

-ਇਹ ਹਵਾ ਰਾਹੀਂ ਨਹੀਂ ਫੈਲਦਾ। ਖਾਂਸੀ ਜਾਂ ਛਿੱਕ ਦੀਆਂ ਬੂੰਦਾਂ ਨਾਲ ਜਰਮ ਬਾਹਰ ਆਉਂਦੇ ਹਨ, ਇਸ ਲਈ ਮਾਸਕ ਦੀ ਲੋੜ ਲੱਛਣਾਂ ਵਾਲੇ ਬੰਦੇ ਨੂੰ ਹੈ, ਨਾ ਕਿ ਸਿਹਤਮੰਦ ਬੰਦੇ ਨੂੰ। ਹਾਂ, ਜੇ ਤੁਸੀਂ ਸਿਹਤ ਅਮਲੇ ਨਾਲ ਸਬੰਧਿਤ ਹੋ ਤਾਂ ਇਸ ਦੀ ਲੋੜ ਹੈ।

-ਛਿੱਕਾਂ ਤਾਂ ਆਮ ਜੀਵਨ ਦਾ ਹਿੱਸਾ ਹੁੰਦੀਆਂ ਹਨ, ਖਾਸ ਕਰਕੇ ਐਲਰਜੀ ਵਾਲੀ ਥਾਂ। ਇਸ ਮੌਸਮ ਵਿਚ ਫੁੱਲਾਂ ਦੇ ਪਰਾਗ ਕਰਕੇ ਜਾਂ ਪ੍ਰਦੂਸ਼ਣ ਕਰਕੇ। ਇਸ ਲਈ ਛਿੱਕਣ ਦਾ ਸਿਹਤਮੰਦ ਤਰੀਕਾ ਵੀ ਕਾਰਗਰ ਸਿੱਧ ਹੋ ਸਕਦਾ ਹੈ। ਸਾਡਾ ਰਵਾਇਤੀ ਤਰੀਕਾ ਹੈ ਕਿ ਛਿੱਕ ਜਾਂ ਖਾਂਸੀ ਵੇਲੇ, ਦੋਹੇ ਹੱਥ ਹੀ ਨੱਕ-ਮੂੰਹ ਅੱਗੇ ਕਰ ਲਏ ਜਾਂਦੇ ਹਨ ਜੋ ਠੀਕ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ ਜਰਮ ਹੱਥ ਤੇ ਆ ਜਾਂਦੇ ਹਨ, ਜਿਥੇ ਉਹ 6 ਤੋਂ 12 ਘੰਟੇ ਤਕ ਜਿਉਂਦੇ ਰਹਿੰਦੇ ਹਨ। ਉਸ ਦੌਰਾਨ ਤੁਸੀਂ ਕਿਸੇ ਮਸ਼ੀਨ ਜਾਂ ਸਮਾਨ ਨੂੰ ਇਸਤੇਮਾਲ ਕਰਦੇ ਹੋ, ਦਰਵਾਜ਼ਾ ਖੋਲ੍ਹਦੇ ਹੋ, ਕਿਸੇ ਨਾਲ ਹੱਥ ਮਿਲਾਉਂਦੇ ਹੋ ਤਾਂ ਤੁਸੀਂ ਉਹ ਜਰਮ ਫੈਲਾ ਰਹੇ ਹੁੰਦੇ ਹੋ।

**ਕਰਨਾ ਕੀ ਚਾਹੀਦਾ ਹੈ:** ਛਿੱਕਣ ਜਾਂ ਖਾਂਸੀ ਵੇਲੇ ਰੁਮਾਲ ਜਾਂ ਮਾਸਕ ਦੀ ਵਰਤੋਂ ਨਹੀਂ ਹੋ ਸਕਦੀ ਤਾਂ ਉਸ ਵੇਲੇ ਆਪਣੇ ਬਾਂਹ ਦੀ ਕੂਹਣੀ ਵਿਚ ਛਿੱਕਿਆ ਜਾਵੇ। ਜੇ ਉਥੇ ਕੋਈ ਮੁਸ਼ਕਿਲ ਲੱਗੇ ਤਾਂ ਪੂਰੀ ਬਾਂਹ ਦੀ ਕਮੀਜ਼ ਜਾਂ ਕੋਟੀ ਦੇ ਕੱਪੜੇ ਵਾਲੇ ਕਿਸੇ ਹਿੱਸੇ ਤੇ ਛਿੱਕਿਆ ਜਾਵੇ।

ਇਸੇ ਤਰ੍ਹਾਂ ਇਹ ਜਰਮ ਜੇਕਰ ਕਿਸੇ ਸਮਾਨ, ਦਰਵਾਜ਼ੇ ਜਾਂ ਕਿਸੇ ਹੋਰ ਅਜਿਹੀ ਥਾਂ ਤੇ ਪਹੁੰਚੇ ਹੋਏ ਹੋਣ ਤਾਂ ਕਿਸੇ ਵੀ ਤਰ੍ਹਾਂ ਦੀ ਸ਼ੱਕ ਦੀ ਸੂਰਤ ਵਿਚ ਉਸ ਥਾਂ/ਸਮਾਨ ਨੂੰ ਛੂਹਣ ਮਗਰੋਂ, ਉਸ ਹੱਥ ਨੂੰ ਆਪਣੇ ਨੱਕ, ਮੂੰਹ, ਅੱਖਾਂ ਤੋਂ ਬਚਾ ਕੇ ਰੱਖਿਆ ਜਾਵੇ ਅਤੇ ਫੌਰਨ ਹੱਥਾਂ ਨੂੰ ਸਾਬਣ ਨਾਲ ਧੋਇਆ ਜਾਵੇ।

ਸਮਝਣ ਅਤੇ ਸੁਚੇਤ ਹੋਣ ਦੀ ਸਾਧਾਰਨ ਜਿਹੀ ਵਿਧੀ ਹੈ, ਛਿੱਕਣ ਦੀ ਸਿਹਤਮੰਦ ਕਲਾ ਸਿੱਖਣਾ ਅਤੇ ਹੱਥਾਂ ਨੂੰ ਸ਼ੱਕੀ ਥਾਂ ਦੇ ਛੋਹੇ ਜਾਣ ਮਗਰੋਂ ਸਾਬਣ ਨਾਲ ਧੋਣ ਤੇ ਇਹ ਬਹੁਤ ਹੀ ਵਧੀਆ ਤਰੀਕੇ ਨਾਲ ਬਿਮਾਰੀ ਦੇ ਫੈਲਾਅ ਨੂੰ ਰੋਕ ਸਕਦੇ ਹਨ। ਇਸ ਸਮੇਂ ਦੌਰਾਨ ਕਿਸੇ ਨਾਲ ਹੱਥ ਨਾ ਮਿਲਾਇਆ ਜਾਵੇ। ਇਨ੍ਹਾਂ ਦੋ ਆਮ ਅਤੇ ਰੋਜ਼ਮੱਰਾ ਜ਼ਿੰਦਗੀ ਵਿਚ ਅਪਨਾਈਆਂ ਜਾਣ ਵਾਲੀਆਂ ਆਦਤਾਂ ਤੋਂ ਇਲਾਵਾ ਜੋ ਕਰਨ ਦੀ ਲੋੜ ਹੈ ਅਤੇ ਸੁਚੇਤ ਰਹਿਣਾ ਚਾਹੀਦਾ ਹੈ, ਉਹ ਹੈ:

-ਕਿਸੇ ਵੀ ਭੀੜ-ਭੜੱਕੇ ਵਾਲੇ ਇਲਾਕੇ ਦਾ ਹਿੱਸਾ ਬਣਨ ਤੋਂ ਪਰਹੇਜ਼ ਕੀਤਾ ਜਾਵੇ। ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਲੋਕਾਂ ਵਿਚ ਬਿਮਾਰੀ ਘਾਤਕ ਸਿੱਧ ਹੋਈ ਹੈ, ਉਨ੍ਹਾਂ ਵਿਚ 50 ਫੀਸਦੀ ਉਹ ਸੀ ਜਿਨ੍ਹਾਂ ਨੂੰ ਪਹਿਲਾਂ ਕੋਈ ਹੋਰ ਬਿਮਾਰੀ, ਜਿਵੇਂ ਦਿਲ ਦੀ ਬਿਮਾਰੀ, ਸ਼ੂਗਰ ਰੋਗ, ਦਮਾ ਜਾਂ ਸਾਹ ਦੀ ਬਿਮਾਰੀ ਆਦਿ ਸੀ; ਤੇ ਦੂਸਰੇ ਜੋ ਲੋਕ ਪ੍ਰਭਾਵਿਤ ਹੋਏ ਹਨ, ਉਹ ਹਨ 70 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗ। ਇਸ ਲਈ ਖਾਸ ਤੌਰ ਤੇ ਅਜਿਹੇ ਲੋਕ ਇਕੱਠ ਵਾਲੀ ਥਾਂ ਤੋਂ ਦੂਰ ਰਹਿਣ।

-ਸਭ ਤੋਂ ਵੱਧ ਜ਼ਰੂਰਤ ਪੌਸ਼ਟਿਕ ਖਾਣਾ ਖਾਣ ਦੀ ਹੈ। ਘਰ ਵਿਚ ਆਮ ਬਣਿਆ ਭਰ-ਪੇਟ ਖਾਣਾ ਖਾਓ।

-ਜੇ ਬਿਮਾਰੀ ਦੀ ਸ਼ੁਰੂਆਤ ਹੋਈ ਲਗਦੀ ਹੈ ਜੋ ਸੁੱਕੀ ਖਾਂਸੀ, ਗਲੇ ਦੇ ਖੁਸ਼ਕ ਹੋਣ ਨਾਲ ਹੁੰਦੀ ਹੈ ਤਾਂ ਉਸ ਵੇਲੇ ਗਰਮ ਪਾਣੀ ਜਾਂ ਹੋਰ ਤਰਲ ਪਦਾਰਥ ਵਰਤੇ ਜਾਣ। ਕੋਸੇ ਪਾਣੀ ਜਾਂ ਬੀਟਾਡੀਨ ਨਾਲ ਗਰਾਰੇ ਵੀ ਕੀਤੇ ਜਾ ਸਕਦੇ ਹਨ। ਧਿਆਨ ਰੱਖਿਆ ਜਾਵੇ ਕਿ ਜੇ ਨੱਕ ਵਗਦਾ ਹੈ, ਬਲਗਮ ਆਉਂਦੀ ਹੈ ਤਾਂ ਮਤਲਬ ਤੁਹਾਨੂੰ ਕਰੋਨਾ ਨਹੀਂ ਹੈ।

-ਜੇ ਸੁੱਕੀ ਖਾਂਸੀ ਤੋਂ ਬਾਅਦ ਤੇਜ਼ ਬੁਖਾਰ ਹੁੰਦਾ ਹੈ ਤੇ ਸਾਹ ਲੈਣ ਵਿਚ ਦਿੱਕਤ ਆਉਂਦੀ ਹੈ ਤਾਂ ਡਾਕਟਰ ਕੋਲ ਪਹੁੰਚਣ ਵਿਚ ਦੇਰ ਨਾ ਕੀਤੀ ਜਾਵੇ।

ਇਸ ਤਰ੍ਹਾਂ ਬਿਮਾਰੀ ਨੂੰ ਤਿੰਨ ਪੜਾਅ ਵਿਚ ਸਮਝਣ ਅਤੇ ਉਪਾਅ ਕਰਨ ਦੀ ਲੋੜ ਹੈ। ਸਿਹਤਮੰਦ ਸ਼ਖਸ ਖਾਂਸੀ ਵਾਲੇ ਜਾਂ ਸ਼ੱਕੀ ਸ਼ਖਸ ਜੋ ਕਰੋਨਾ ਬਿਮਾਰੀ ਦੇ ਮਰੀਜ਼ ਨੂੰ ਜਾਂ ਵਿਦੇਸ਼ੋਂ ਹੋ ਕੇ ਆਇਆ ਹੈ, ਉਸ ਤੋਂ ਦੂਰ ਰਹਿਣ। ਜੇ ਲੱਛਣ ਹੋ ਜਾਣ ਤਾਂ ਖਾਂਸੀ-ਛਿੱਕ ਦੇ ਸਹੀ ਤਰੀਕੇ ਨੂੰ ਵਰਤਣ। ਸ਼ੱਕ ਵਾਲਾ ਸ਼ਖਸ ਮਾਸਕ ਪਾਵੇ ਅਤੇ ਕੋਸ਼ਿਸ਼ ਕਰੇ ਕਿ ਆਪਣੇ ਆਪ ਨੂੰ ਘੱਟੋ-ਘੱਟ ਦੋ ਹਫਤੇ ਅਲੱਗ ਕਰਕੇ ਰੱਖੇ। ਭੀੜ ਵਾਲੀ ਥਾਂ ਤੇ ਨਾ ਜਾਵੇ। ਕੋਸ਼ਿਸ਼ ਹੋਵੇ ਕਿ ਘਰੇ ਰਹਿ ਕੇ ਕੰਮ ਕਰੇ। ਬਿਮਾਰ ਸ਼ਖਸ ਛੇਤੀ ਤੋਂ ਛੇਤੀ ਹਸਪਤਾਲ ਪਹੁੰਚੇ ਅਤੇ ਕੋਸ਼ਿਸ਼ ਹੋਵੇ ਕਿ ਬਿਮਾਰੀ ਗਲੇ ਤੋਂ ਥੱਲੇ, ਫੇਫੜਿਆਂ ਤਕ ਨਾ ਪਹੁੰਚੇ ਤੇ ਨਿਮੋਨੀਆ ਨਾ ਬਣੇ।

ਹੁਣ ਤੁਸੀਂ ਖੁਦ ਮਹਿਸੂਸ ਕਰੋਗੇ ਕਿ ਬਿਮਾਰੀ ਭਾਵੇਂ ਲਗਾਤਾਰ ਵਧ ਰਹੀ ਹੈ ਪਰ ਬਚਾਉ ਦੇ ਢੰਗ ਆਮ ਹਨ ਤੇ ਰੋਜ਼ਮੱਰਾ ਜ਼ਿੰਦਗੀ 'ਚ ਅਪਨਾਏ ਜਾ ਸਕਦੇ ਹਨ। ਅਸਲ 'ਚ, ਅਸੀਂ ਬਿਮਾਰੀਆਂ ਪ੍ਰਤੀ ਹਰ ਰੋਜ਼, ਨਵੇਂ ਤੋਂ ਨਵੇਂ ਪਹਿਲੂ ਜਾਣ ਰਹੇ ਹਾਂ ਅਤੇ ਸਾਡੇ ਕੋਲ ਆਪਣੀ ਗੱਲ ਪਹੁੰਚਾਉਣ ਦੇ ਨਵੇਂ ਨਵੇਂ ਸਾਧਨ ਵੀ ਹਨ ਪਰ ਇਹ ਸਾਰੇ ਸਾਧਨ, ਖਾਸ ਕਰ ਸੋਸ਼ਲ ਮੀਡੀਆ, ਗਿਆਨ ਘੱਟ ਪਹੁੰਚਾ ਰਹੇ ਹਨ ਤੇ ਭੰਬਲਭੂਸਾ ਵੱਧ ਪਾ ਰਹੇ ਹਨ। ਇਹ ਲੋਕਾਂ ਨੂੰ ਸੁਚੇਤ ਕਰਨ ਦੀ ਥਾਂ ਡਰ-ਸਹਿਮ ਨਾਲ ਵੱਧ ਤਣਾਉ ਵਿਚ ਪਾ ਰਹੇ ਹਨ। ਡਰਨਾ ਕਹੀਏ ਜਾਂ ਸੁਚੇਤ ਹੋਣ ਦੀ ਲੋੜ ਹੈ ਪਰ ਹਾਲਾਤ ਨੂੰ ਹਊਆਂ ਸਮਝਣ ਵਿਚ ਸਿਆਣਪ ਨਹੀਂ ਹੈ। ਅਸੀਂ ਪਿਛਲੇ ਹਾਲਾਤ ਤੋਂ ਸੰਭਲਣਾ ਵੀ ਸਿੱਖੇ ਹਾਂ ਅਤੇ ਛੇਤੀ ਕਾਬੂ ਪਾਉਣਾ ਵੀ।

# ਪੰਜਾਬ ਦੀ ਬੇਮੁਹਾਰ ਸਿਆਸਤ

*ਭਾਈ ਅਸ਼ੋਕ ਸਿੰਘ ਬਾਗੜੀਆਂ ਸਿੱਖ ਜਗਤ ਦੀ ਜਾਣੀ-ਪਛਾਣੀ ਸ਼ਖਸੀਅਤ ਹਨ। ਉਨ੍ਹਾਂ ਦੇ ਵਡੇਰੇ ਬਾਬਾ ਰੂਪ ਚੰਦ ਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂ ਸਾਹਿਬਾਨ ਨਾਲ ਸਿੱਧਾ ਰਾਬਤਾ ਰਿਹਾ ਹੈ। ਉਨ੍ਹਾਂ ਦੇ ਦਾਦਾ ਭਾਈ ਅਰਜਨ ਸਿੰਘ ਬਾਗੜੀਆਂ ਅਤੇ ਪਿਤਾ ਭਾਈ ਅਰਦਮਨ ਸਿੰਘ ਬਾਗੜੀਆਂ ਨੇ ਵੀ ਆਪਣੇ ਵਿਤ ਮੂਜਬ ਪੰਥ ਦੀ ਸੇਵਾ ਕੀਤੀ ਹੈ। ਭਾਈ ਅਸ਼ੋਕ ਸਿੰਘ ਬਾਗੜੀਆਂ ਪੰਥ ਅਤੇ ਪੰਜਾਬ ਬਾਰੇ ਆਪਣੇ ਵਿਚਾਰ ਠੋਕ-ਵਜਾ ਕੇ ਪ੍ਰਗਟ ਕਰਦੇ ਰਹੇ ਹਨ। ਅਜਿਹੀਆਂ ਟਿੱਪਣੀਆਂ ਬਾਰੇ ਇਕ ਕਿਤਾਬ 'ਵਕਤ ਵਿਚਾਰ ਮੰਗਦਾ ਹੈ' ਉਨ੍ਹਾਂ ਸਾਲ 2017 ਵਿਚ ਛਪਵਾਈ ਸੀ। ਇਥੇ ਛਾਪੇ ਜਾ ਰਹੇ ਲੇਖ ਵਿਚ ਉਨ੍ਹਾਂ ਨੇ ਪੰਜਾਬ ਦੀ ਸਿਆਸਤ ਬਾਰੇ ਟਿੱਪਣੀ ਕੀਤੀ ਹੈ। ਇਸ ਵਿਚ ਵਿਚਾਰੇ ਨੁਕਤੇ ਸੱਚਮੁੱਚ ਵਿਚਾਰ-ਵਟਾਂਦਰੇ ਦੀ ਮੰਗ ਕਰਦੇ ਹਨ। -ਸੰਪਾਦਕ*

ਪੰਜਾਬ ਦੀ ਸਿਆਸਤ ਦੇਖਦਿਆਂ ਕਈ ਦਹਾਕੇ ਲੰਘ ਗਏ। ਇਸ ਦੌਰਾਨ ਚਿੰਤਾਜਨਕ ਸੱਚਾਈ ਸਾਹਮਣੇ ਆਈ ਹੈ ਕਿ ਪੰਜਾਬ ਦੇ ਸਿਆਸਤਦਾਨ ਜਾਂ ਹੋਰ ਆਗੂਆਂ ਨੇ ਕਦੇ ਵੀ ਘੱਗਰ ਤੋਂ ਅਗਾਂਹ ਨਹੀਂ ਸੋਚਿਆ ਜਿਸ ਦੇ ਫਲਸਰੂਪ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੇ ਇੰਨਾ ਵੱਡਾ ਨੁਕਸਾਨ ਝੱਲਿਆ ਹੈ ਜਿਸ ਦੀ ਪੂਰਤੀ ਨਾਮੁਮਕਿਨ ਹੈ। 1960 ਦੇ ਦਹਾਕੇ ਵਿਚ ਜਨ ਸੰਘ ਦੇ ਜਿਨ੍ਹਾਂ ਨੇਤਾਵਾਂ ਕੋਲ ਉਸ ਵਕਤ ਦਾ ਮੀਡੀਆ, ਭਾਵ ਅਖਬਾਰਾਂ ਸਨ, ਉਨ੍ਹਾਂ ਨੇ ਪੰਜਾਬ ਜਾਂ ਪੰਜਾਬੀ ਦੇ ਪੈਰ ਨਹੀਂ ਲੱਗਣ ਦਿੱਤੇ ਅਤੇ ਪੰਜਾਬ ਦੇ ਨੇਤਾ ਉਨ੍ਹਾਂ ਸਾਹਮਣੇ ਬੌਨੇ ਸਾਬਤ ਹੋਏ।

ਪੰਜਾਬੀ ਸੂਬੇ ਲਈ ਪੰਜਾਬੀਆਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ, ਪਰ ਸਾਡੇ ਨੇਤਾਵਾਂ ਵਿਚ ਦੂਰਦ੍ਰਿਸ਼ਟੀ ਅਤੇ ਸਿਆਸੀ ਸੂਝ-ਬੂਝ ਦੀ ਕਮੀ ਹੋਣ ਕਰਕੇ ਪੰਜਾਬੀ ਬੋਲਦੇ ਕਈ ਇਲਾਕੇ ਪੰਜਾਬ ਤੋਂ ਬਾਹਰ ਚਲੇ ਗਏ; ਇਥੋਂ ਤਕ ਕਿ ਦੋ ਦਰਜਨ ਤੋਂ ਵੱਧ ਪੰਜਾਬ ਦੇ ਹੀ ਪਿੰਡਾਂ ਨੂੰ ਉਜਾੜ ਕੇ ਬਣੀ




**ਭਾਈ ਅਸ਼ੋਕ ਸਿੰਘ ਬਾਗੜੀਆਂ**
ਫੋਨ: +91-98140-95308

ਨਵੀਂ ਰਾਜਧਾਨੀ ਚੰਡੀਗੜ੍ਹ ਵੀ ਪੰਜਾਬ ਨੂੰ ਨਾ ਮਿਲ ਸਕੀ। ਖੈਰ, ਪੰਜਾਬ ਸੂਬੇ ਦੇ ਹੋਂਦ ਵਿਚ ਆਉਣ ਤੋਂ ਬਾਅਦ ਸੰਤ ਫਤਹਿ ਸਿੰਘ ਦੀ ਅਗਵਾਈ ਵਿਚ ਪਹਿਲੀ ਚੋਣ ਵੀ ਅਕਾਲੀ ਆਪਣੇ ਦਮ 'ਤੇ ਨਾ ਜਿੱਤ ਸਕੇ ਅਤੇ ਸਰਕਾਰ ਬਣਾਉਣ ਲਈ ਜਨ ਸੰਘ ਨਾਲ ਗੰਢ-ਤੁਪ ਸ਼ੁਰੂ ਕਰ ਦਿੱਤੀ। ਫਿਰ 1967 ਵਿਚ ਜਨ ਸੰਘੀਆਂ ਨਾਲ ਮਿਲ ਕੇ ਪੰਜਾਬ ਵਿਚ ਸਰਕਾਰ ਬਣਾਈ, ਪਰ ਇਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਨਾ ਦੇਣ ਦਿੱਤਾ। 1977 ਵਿਚ ਕੇਂਦਰ ਵਿਚ ਜਨਤਾ ਦਲ ਦੀ ਸਰਕਾਰ ਬਣੀ ਅਤੇ ਢਾਈ ਸਾਲ ਚੱਲੀ, ਪਰ ਅਕਾਲੀ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪ੍ਰਾਪਤ ਨਾ ਕਰ ਸਕੇ, ਉਲਟਾ ਜਨਤਾ ਪਾਰਟੀ ਦੇ ਲੀਡਰਾਂ ਨੇ ਕਦੇ ਭਾਖੜੇ ਦਾ ਕੰਟਰੋਲ, ਕਦੇ ਹੈੱਡ ਵਰਕਸ ਤੇ ਕਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਦੇ ਪੱਜ ਅਕਾਲੀਆਂ ਨੂੰ ਖੱਜਲ-ਖੁਆਰ ਕੀਤਾ ਅਤੇ ਅੱਜ ਤਕ ਕਰ ਰਹੇ ਹਨ।

1980 ਦੇ ਦਹਾਕੇ ਵਿਚ ਜੋ ਕਾਲੇ ਬੱਦਲ ਪੰਜਾਬ ਵਿਚ ਛਾਏ, ਉਨ੍ਹਾਂ ਵਿਚ ਪੰਜਾਬ ਦੇ ਦੋਵੇਂ ਵੱਡੇ ਸਿਆਸੀ ਦਲ- ਅਕਾਲੀ ਦਲ ਤੇ ਕਾਂਗਰਸ ਦੀਆਂ ਕਈ ਖਾਮੀਆਂ ਸਾਹਮਣੇ ਆਉਣ ਲੱਗੀਆਂ। ਅਕਾਲੀ ਦਲ ਦੀ ਗੈਰ-ਹਾਜ਼ਰੀ ਕਾਰਨ ਹੀ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਪੰਜਾਬ ਦੇ ਸਿਆਸੀ ਨਕਸ਼ੇ 'ਤੇ ਉਭਰਨ ਲੱਗੇ, ਭਾਵੇਂ ਉਨ੍ਹਾਂ ਨੇ ਇਸ ਗੱਲ ਦਾ ਐਲਾਨ ਵੀ ਕਰ ਦਿੱਤਾ ਸੀ ਕਿ ਉਨ੍ਹਾਂ ਦਾ ਸਿਆਸਤ ਨਾਲ ਕੋਈ ਵਾਸਤਾ ਨਹੀਂ ਹੈ। 1984 ਵਿਚ ਜਿਸ ਸਮੇਂ ਇਹ ਸਿੱਖ ਘੱਲੂਘਾਰਾ ਹੋਇਆ, ਉਸੇ ਸਮੇਂ ਤਾਂ ਅਕਾਲੀ ਦਲ ਦੀ ਲੀਡਰਸ਼ਿਪ ਪੰਜਾਬ ਵਿਚ ਲੱਭਿਆਂ ਵੀ ਨਹੀਂ ਲੱਭ ਰਹੀ ਸੀ ਅਤੇ ਸਿੱਖਾਂ ਦੇ ਮਨੁੱਖੀ ਤੇ ਸਿਆਸੀ ਅਧਿਕਾਰਾਂ ਦਾ ਤਤਕਾਲੀ ਕੇਂਦਰੀ ਸਰਕਾਰ ਨੇ ਦਿਲ ਖੋਲ੍ਹ ਕੇ ਘਾਣ ਕੀਤਾ। ਪੂਰਾ ਦਹਾਕਾ (1984-94) ਅਤਿਵਾਦ ਅਤੇ ਵੱਖਵਾਦ ਦੇ ਨਾਮ ਹੇਠ ਸਿੱਖ ਨਸਲਕੁਸ਼ੀ ਕੀਤੀ ਗਈ, ਅਕਾਲੀ ਲੀਡਰ ਸੁਸਰੀ ਵਾਂਗ ਸੁੱਤੇ ਰਹੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਜੋ ਸਿੱਖ ਧਰਮ ਸਥਾਨਾਂ ਦੀ ਦੇਖ-ਭਾਲ ਲਈ ਬਹੁਤ ਕੁਰਬਾਨੀਆਂ ਦੇ ਕੇ ਬਣੀ, ਉਸ ਉਪਰ ਸਿਆਸਤ ਦਾ ਗਲਬਾ ਪੈਣ ਨਾਲ ਸਿੱਖ ਧਰਮ ਵਿਚ ਧਾਰਮਿਕ ਅਤੇ ਸਿਆਸੀ ਸੰਕਟ ਲਗਾਤਾਰ ਗੰਭੀਰ ਹੁੰਦਾ ਗਿਆ। ਅਕਾਲੀ ਦਲ ਆਪਣੇ ਸਿਆਸੀ ਭਾਈਵਾਲਾਂ ਨੂੰ ਖੁਸ਼ ਕਰਨ ਲਈ ਸਿੱਖੀ ਅਸੂਲਾਂ ਤੋਂ ਥਿੜਕਦਾ ਚਲਾ ਗਿਆ। ਸਿੱਖ ਅਜੇ ਤਕ ਆਪਣੇ ਵਿਰੋਧੀ ਦੀ ਪਛਾਣ ਨਹੀਂ ਕਰ ਸਕੇ ਕਿ ਇਹ ਕੋਈ ਵਿਅਕਤੀ ਹੈ, ਸੰਸਥਾ ਹੈ ਜਾਂ ਵਿਚਾਰਧਾਰਾ ਹੈ, ਜਿਸ ਨੇ ਸਾਡੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ।

ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵੀ ਸਿਰਫ ਪੰਜਾਬ ਸਰਕਾਰ ਦੀ ਨੁਕਤਾਚੀਨੀ ਅਤੇ ਨਿਖੇਧੀ ਕਰਨ ਤਕ ਹੀ ਸੀਮਤ ਰਹੀਆਂ। ਸਰਕਾਰ ਦੀ ਮੁਖਾਲਫਤ ਕਰਨਾ, ਵਿਰੋਧੀ ਧਿਰ ਦਾ ਹੱਕ ਹੈ,



ਫਰਜ਼ ਹੈ ਤਾਂ ਜੋ ਸਰਕਾਰ ਸਹੀ ਲਾਈਨ 'ਤੇ ਰਹੇ, ਪਰ ਸੂਬੇ ਦੇ ਜਿਹੜੇ ਮਸਲੇ ਕੇਂਦਰ ਸਰਕਾਰ ਨਾਲ ਸਬੰਧਿਤ ਹਨ, ਉਸ ਵਿਚ ਵਿਰੋਧੀ ਧਿਰ ਦਾ ਫਰਜ਼ ਬਣ ਜਾਂਦਾ ਹੈ ਕਿ ਉਸ ਵਿਚ ਸੂਬਾ ਸਰਕਾਰ ਨਾਲ ਮਿਲ ਕੇ ਆਪਣੀਆਂ ਮੰਗਾਂ ਕੇਂਦਰ ਸਰਕਾਰ ਕੋਲ ਰੱਖਣ। ਸੂਬਾ ਸਰਕਾਰ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਮੁੱਚੇ ਪ੍ਰਾਂਤ ਦੇ ਮਸਲੇ ਕੇਂਦਰ ਸਰਕਾਰ ਕੋਲ ਉਠਾਉਣ ਲਈ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਭਰੋਸੇ ਵਿਚ ਲੈਣ ਤਾਂ ਜੋ ਮੌਕਾ ਆਉਣ 'ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹੱਕ ਵਿਚ ਇਕਜੁੱਟਤਾ ਦਾ ਮੁਜ਼ਾਹਰਾ ਹੋ ਸਕੇ। ਪੰਜਾਬ ਦੀ ਇਸ ਸੌੜੀ ਸਿਆਸਤ ਅਤੇ ਦੂਰ-ਦ੍ਰਿਸ਼ਟੀ ਦੀ ਕਮੀ ਕਾਰਨ ਹੀ ਪਿਛਲੀਆਂ ਸਰਕਾਰਾਂ ਹਜ਼ਾਰਾਂ ਕਰੋੜਾਂ ਰੁਪਏ ਦਾ ਕਰਜ਼ਾ ਪੰਜਾਬ ਵਾਸੀਆਂ ਦੇ ਸਿਰ 'ਤੇ ਛੱਡ ਗਈਆਂ। ਵਿਰੋਧੀ ਧਿਰਾਂ ਇਹ ਵੀ ਸਮਝ ਲੈਣ ਕਿ ਇਸ ਕਰਜ਼ ਦੀ ਅਦਾਇਗੀ ਜਾਂ ਇਸ ਦਾ ਨਿਬੇੜਾ ਜੇ ਅੱਜ ਨਾ ਹੋਇਆ ਤਾਂ ਕੱਲ੍ਹ ਨੂੰ ਜਦੋਂ ਵਿਰੋਧੀ ਧਿਰ ਸਰਕਾਰ ਬਣਾਵੇਗੀ ਤਾਂ ਇਹੀ ਰਕਮ ਦੁੱਗਣੀ ਨਹੀਂ ਤਾਂ ਡੇਢ ਗੁਣਾ ਤਾਂ ਜ਼ਰੂਰ ਹੋ ਜਾਵੇਗੀ।

ਇਸ ਕਰਜ਼ੇ ਦੀ ਮਾਰ ਕਾਰਨ ਪੰਜਾਬ ਦੇ ਬਹੁਤ ਅਹਿਮ ਅਦਾਰੇ ਆਪਣੇ ਕਾਰੋਬਾਰ ਵਿਚ ਪਛੜ ਗਏ ਹਨ, ਜਿਸ ਦਾ ਘਾਟਾ ਪੂਰਾ ਕਰਨਾ ਮੁਸ਼ਕਿਲ ਹੋਵੇਗਾ। ਮਿਸਾਲ ਦੇ ਤੌਰ 'ਤੇ ਕੇਂਦਰ ਵੱਲੋਂ ਦਿੱਤੀ ਗਈ ਸਿੱਖਿਆ ਲਈ ਸਕਾਲਰਸ਼ਿਪ ਜੋ ਪਿਛਲੇ ਕਈ ਸਾਲਾਂ ਤੋਂ ਨਹੀਂ ਆਈ, ਇਸ ਰੋਕ ਨੇ ਪੰਜਾਬ ਦੇ ਬੱਚਿਆਂ ਦਾ ਭਵਿਖ ਧੁੰਦਲਾ ਕਰ ਦਿੱਤਾ ਹੈ। ਇਹੀ ਹਾਲ ਸਿਹਤ ਵਿਭਾਗ ਦਾ ਹੈ।

ਮੌਜੂਦਾ ਭਾਰਤੀ ਸਿਆਸਤ ਵਿਚ ਇਕ ਬਹੁਤ ਅਹਿਮ ਤਬਦੀਲੀ ਆਈ ਹੈ, ਜਿਥੇ ਕੇਂਦਰ ਸਰਕਾਰ ਰਾਜ ਸਰਕਾਰਾਂ ਨਾਲ ਉਥੋਂ ਦੀਆਂ ਸਿਆਸੀ ਪਾਰਟੀਆਂ ਨਾਲ ਖੁੱਲ੍ਹਮ-ਖੁੱਲ੍ਹਾ ਵਿਤਕਰਾ ਕਰ ਰਹੀ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਪੰਜਾਬ ਦੇ ਸਿਆਸਤਦਾਨ ਆਪਣੇ ਨਿੱਜੀ ਮੁਫਾਦ ਨੂੰ ਲਗਾਮ ਦੇ ਕੇ ਸਮੁੱਚੇ ਪੰਜਾਬ ਦੇ ਹਿੱਤਾਂ ਲਈ ਇਕਜੁੱਟ ਹੋ ਕੇ ਕੇਂਦਰ ਤੋਂ ਆਪਣੇ ਬਣਦੇ ਹੱਕਾਂ ਦੀ ਤਲਾਫੀ ਕਰਵਾਉਣ।

ਅੱਜ ਜਦੋਂ ਭਾਰਤ ਦੀ ਸਰਕਾਰ ਇਕ ਧਰਮ ਵਿਸ਼ੇਸ਼ ਖਿਲਾਫ ਖੁੱਲ੍ਹੇਆਮ ਜਨਤਕ ਹੋ ਰਹੀ ਹੈ ਅਤੇ ਦੂਜੇ ਪਾਸੇ ਭਾਰਤ ਦੀ ਲੋਕਤੰਤਰੀ ਤੇ ਧਰਮ-ਨਿਰਪੱਖ ਜਨਤਾ ਇਨ੍ਹਾਂ ਜ਼ੁਲਮਾਂ ਖਿਲਾਫ ਸੜਕਾਂ 'ਤੇ ਉਤਰ ਰਹੀ ਹੈ ਅਤੇ ਇਸ ਨਾਗਰਿਕਤਾ ਕਾਨੂੰਨ ਖਿਲਾਫ ਅਤੇ ਉਸ ਨਾਲ ਆਪਸੀ ਭਾਈਚਾਰੇ ਨੂੰ ਹੋਣ ਵਾਲੇ ਨੁਕਸਾਨ ਦੇ ਦੁਰਪ੍ਰਭਾਵ ਖਿਲਾਫ ਇੰਨੇ ਮੁਜ਼ਾਹਰੇ ਹੋ ਰਹੇ ਹਨ, ਇੰਨੀਆਂ ਆਵਾਜ਼ਾਂ ਉਠੀਆਂ ਹਨ, ਜਿਸ ਦੇ ਫਲਸਰੂਪ ਪੰਜਾਹ ਤੋਂ ਉਪਰ ਜਾਨਾਂ ਵੀ ਜਾ ਚੁੱਕੀਆਂ ਹਨ। ਇਸ ਰੱਫੜ, ਜਿਸ ਵਿਚ ਸਾਰਾ ਭਾਰਤ ਗ੍ਰਸਿਆ ਹੈ, ਬਾਬਤ ਪੰਜਾਬ ਦੇ ਕਿਸੇ ਵੀ ਸਿਆਸਤਦਾਨ ਜਾਂ ਪਾਰਟੀ ਨੇ ਬਣਦੀ 'ਹਾਂ' ਜਾਂ 'ਨਾਂਹ' ਦੀ ਰਾਇ ਨਹੀਂ ਪ੍ਰਗਟਾਈ। ਸਿਆਸੀ ਪਹਿਲੂ ਤੋਂ ਭਾਵੇਂ ਪੰਜਾਬ ਸਰਕਾਰ ਨੇ ਐਨ.ਆਰ.ਸੀ. ਖਿਲਾਫ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਹੈ, ਪਰ ਆਮ ਜਨਤਾ ਨੂੰ ਇਸ ਐਕਟ ਦੇ ਲਾਭ ਜਾਂ ਹਾਨੀ ਤੋਂ ਕਿਸੇ ਵੀ ਪਾਰਟੀ ਨੇ ਜਾਣੂ ਨਹੀਂ ਕਰਵਾਇਆ। ਇਸ ਵਿਚ ਕਿਸ ਨੂੰ ਕੀ ਫਾਇਦਾ ਹੈ ਅਤੇ ਕਿਸ ਨੂੰ ਕੀ ਨੁਕਸਾਨ।

ਪੰਜਾਬ ਦੇ ਪ੍ਰਸੰਗ ਵਿਚ ਇਹ ਵੀ ਬੜਾ ਚਿੰਤਾਜਨਕ ਤੱਥ ਹੈ ਕਿ ਸਾਡਾ ਜੋ ਪੜ੍ਹਿਆ-ਲਿਖਿਆ ਵਰਗ ਹੈ, ਉਹ ਵੀ ਆਪਣੀ ਭੂਮਿਕਾ ਨਹੀਂ ਨਿਭਾਅ ਰਿਹਾ। ਜਿਥੇ ਸਿਆਸਤਦਾਨ ਇਨ੍ਹਾਂ ਨਵੇਂ ਕਾਨੂੰਨਾਂ ਬਾਰੇ ਲੋਕਾਂ ਨੂੰ ਜਾਣੂ ਨਹੀਂ ਕਰਵਾ ਸਕੇ ਜਾਂ ਕਰਵਾ ਰਹੇ ਉਥੇ ਸਮਾਜ ਦੇ ਪੜ੍ਹੇ-ਲਿਖੇ ਵਰਗ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਕਾਨੂੰਨਾਂ ਦੀ ਚੰਗੀ ਤਰ੍ਹਾਂ ਪੜਚੋਲ ਕਰ ਕੇ ਇਸ ਦੇ ਲਾਭਾਂ ਤੇ ਕਮੀਆਂ ਤੋਂ ਸਮਾਜ ਨੂੰ ਵਾਕਿਫ ਕਰਵਾਉਣ। ਆਖਿਰ ਭਵਿਖ ਦੇ ਜ਼ਿੰਮੇਵਾਰ ਤਾਂ ਅਸੀਂ ਸਾਰੇ ਹੀ ਹਾਂ।

ਇਹ ਸਾਰਾ ਕੁਝ ਹੁੰਦਾ ਦੇਖ ਕੇ ਮਨ ਵਿਚ ਆਉਂਦਾ ਹੈ ਕਿ ਅਸੀਂ ਆਪਣੀ ਆਉਣ ਵਾਲੀ ਨਸਲ ਵਾਸਤੇ ਕੀ ਛੱਡ ਕੇ ਜਾ ਰਹੇ ਹਾਂ, ਫੁੱਲਾਂ ਦੇ ਹਾਰ ਜਾਂ ਕੰਡਿਆਂ ਦੀ ਮਾਲਾ?

# ਪੰਜਾਬੀ ਦੇ ਮਾਣ ਲਈ ਸਭਿਆਚਾਰਕ ਜਾਗ੍ਰਿਤੀ ਜ਼ਰੂਰੀ

ਪੰਜਾਬ ਵਿਧਾਨ ਸਭਾ ਨੇ 2 ਮਾਰਚ, 2020 ਨੂੰ ਸਰਬਸੰਮਤੀ ਨਾਲ ਪੰਜਾਬ ਦੀਆਂ ਅਦਾਲਤਾਂ, ਪ੍ਰਸ਼ਾਸਨ ਅਤੇ ਸਿੱਖਿਆ ਦੇ ਖੇਤਰ ਵਿਚ ਮਾਂ-ਭਾਸ਼ਾ ਪੰਜਾਬੀ ਨੂੰ ਯੋਗ ਸਥਾਨ ਦੇਣ ਦਾ ਪ੍ਰਸਤਾਵ ਪਾਸ ਕੀਤਾ। ਇਹੋ ਜਿਹਾ ਪ੍ਰਸਤਾਵ 2008 ਵਿਚ ਵੀ ਪਾਸ ਕੀਤਾ ਗਿਆ ਸੀ। ਇਨ੍ਹਾਂ ਦੋਵਾਂ ਪ੍ਰਸਤਾਵਾਂ ਦੀ ਖਾਸ ਗੱਲ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਭਾਸ਼ਾ ਪੜ੍ਹਾਏ ਜਾਣ ਦੀ ਮੰਗ ਸੀ। 2008 ਵਾਲੇ ਪ੍ਰਸਤਾਵ ਉਤੇ ਹੁਣ ਤੱਕ ਅਮਲ ਨਹੀਂ ਹੋਇਆ। ਅਮਲ ਨਾ ਹੋਣ ਦੇ ਕਾਰਨ ਲੇਖਕ ਜਥੇਬੰਦੀਆਂ ਮੰਗ ਕਰਦੀਆਂ ਰਹੀਆਂ, ਕਸੂਰਵਾਰ ਸਕੂਲਾਂ ਨੂੰ ਸਜ਼ਾ ਦੇਣ ਦੀ

**ਪਿਆਰਾ ਸਿੰਘ ਭੋਗਲ**

ਵਿਵਸਥਾ ਕੀਤੀ ਜਾਏ। ਇਸ ਵਾਰੀ ਦੇ ਪ੍ਰਸਤਾਵ ਵਿਚ ਸਜ਼ਾ ਦੀ ਵਿਵਸਥਾ ਕੀਤੇ ਜਾਣ ਦਾ ਫੈਸਲਾ ਹੈ। ਇਕ ਹੋਰ ਨਵਾਂ ਅੰਸ਼ ਪੰਜਾਬ ਵਿਚ ਭਾਸ਼ਾ ਕਮਿਸ਼ਨ ਸਥਾਪਤ ਕਰਵਾਉਣਾ ਹੈ ਤਾਂ ਕਿ ਪੰਜਾਬੀ ਭਾਸ਼ਾ ਨੂੰ ਯੋਗ ਸਥਾਨ ਨਾ ਮਿਲਣ ਬਾਰੇ ਅਤੇ ਪੰਜਾਬੀ ਭਾਸ਼ਾ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਬਾਰੇ ਸਬੰਧਿਤ ਅਦਾਰੇ ਇਸ ਕਮਿਸ਼ਨ ਤੱਕ ਪਹੁੰਚ ਕਰਨ ਅਤੇ ਕਮਿਸ਼ਨ ਸਰਕਾਰ ਨੂੰ ਪੰਜਾਬੀ ਭਾਸ਼ਾ ਬਾਰੇ ਲੋੜੀਂਦੇ ਕਦਮ ਚੁੱਕਣ ਲਈ ਕਹਿ ਸਕੇ।

ਉਂਜ ਸਾਨੂੰ ਯਕੀਨ ਨਹੀਂ, ਹੁਣ ਵੀ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਸਤਿਕਾਰਯੋਗ ਸਥਾਨ ਮਿਲ ਜਾਏਗਾ। ਕਸੂਰਵਾਰ ਹਾਕਮ ਧਿਰਾਂ ਹੀ ਨਹੀਂ, ਆਮ ਲੋਕ ਵੀ ਹਨ। ਕਸੂਰ ਗੈਰ-ਸਿੱਖਾਂ ਦਾ ਕੱਢਿਆ ਜਾਂਦਾ ਹੈ। ਕਿਹਾ ਜਾਂਦਾ ਹੈ ਉਹ ਹਿੰਦੀ ਪੱਖੀ ਹਨ ਪਰ ਇਹ ਕਸੂਰ ਕੱਢਣ ਵਾਲੇ ਸਿੱਖ ਵੀ ਪੰਜਾਬੀ ਭਾਸ਼ਾ ਦੇ ਸਕੇ ਨਹੀਂ। ਅਕਾਲੀਆਂ ਨੇ ਮੋਰਚੇ ਲਾ-ਲਾ ਕੇ ਅਤੇ ਮਰਨ ਵਰਤ ਰੱਖ-ਰੱਖ ਕੇ ਪੰਜਾਬੀ ਸੂਬਾ ਬਣਵਾਇਆ। ਪੰਜਾਬੀ ਸੂਬਾ ਬਣਾ ਕੇ ਅਕਾਲੀਆਂ ਨੇ 1967 ਤੋਂ ਹੁਣ ਤੱਕ ਵਾਰ-ਵਾਰ ਸਰਕਾਰਾਂ ਬਣਾਈਆਂ ਪਰ ਸਰਕਾਰਾਂ ਬਣਾ ਕੇ ਪਿੱਛੋਂ ਪੰਜਾਬੀ ਮਾਂ-ਬੋਲੀ ਲਈ ਡੱਕਾ ਭੰਨ ਕੇ ਦੋਹਰਾ ਨਹੀਂ ਕੀਤਾ। 2008 ਵਿਚ ਅਕਾਲੀਆਂ ਦੀ ਸਰਕਾਰ ਸੀ। ਪੰਜਾਬੀ ਦੇ ਹੱਕ ਵਿਚ ਪ੍ਰਸਤਾਵ ਗੈਰ-ਸਰਕਾਰੀ ਸੀ; ਤਾਂ ਵੀ ਸਰਕਾਰੀ ਤੇ ਵਿਰੋਧੀ ਧਿਰ ਦੋਵਾਂ ਨੇ ਪ੍ਰਸਤਾਵ ਦਾ ਸਮਰਥਨ ਕੀਤਾ ਪਰ ਜਿਵੇਂ ਅਸੀਂ ਪਹਿਲਾਂ ਲਿਖ ਆਏ ਹਾਂ, ਪ੍ਰਸਤਾਵ ਦੀ ਖਾਸ ਗੱਲ ਅੰਗਰੇਜ਼ੀ ਭਾਸ਼ਾ ਵਾਲੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਮੱਦ ਸੀ; ਤਾਂ ਵੀ ਸਰਕਾਰ ਦੇਖਦੀ ਰਹੀ। ਵਿਰੋਧੀ ਧਿਰ ਵੀ ਦੇਖਦੀ ਰਹੀ। ਮਹਿੰਗੇ ਅੰਗਰੇਜ਼ੀ ਪੱਖੀ ਸਕੂਲਾਂ ਨੇ ਪੰਜਾਬੀ ਪੜ੍ਹਾਉਣੀ ਤਾਂ ਇਕ ਪਾਸੇ, ਬਹੁਤਿਆਂ ਨੇ ਪੰਜਾਬੀ ਪੜ੍ਹਾਉਣ ਵਾਲਾ ਅਧਿਆਪਕ ਭਰਤੀ ਕਰਨ ਦੀ ਵੀ ਖੇਚਲ ਨਹੀਂ ਕੀਤੀ ਸਗੋਂ ਕਈ ਸਕੂਲ ਬੱਚਿਆਂ ਨੂੰ ਪੰਜਾਬੀ ਭਾਸ਼ਾ ਬੋਲਣ ਉਤੇ ਜੁਰਮਾਨੇ ਕਰਦੇ ਰਹੇ।

ਸਿਤਮਜ਼ਰੀਫੀ ਇਹ ਹੈ ਕਿ ਬਹੁਤੇ ਪੰਜਾਬੀ ਲੋਕਾਂ ਨੂੰ ਅੰਗਰੇਜ਼ੀ ਭਾਸ਼ਾ ਬਹੁਤੀ ਨਹੀਂ ਆਉਂਦੀ। ਅੰਗਰੇਜ਼ੀ ਭਾਸ਼ਾ ਨੂੰ ਮਾਧਿਅਮ ਬਣਾ ਕੇ ਸਕੂਲ ਚਲਾਉਣ ਵਾਲੇ ਅਨੇਕਾਂ ਲੋਕ ਗਲਤ ਅੰਗਰੇਜ਼ੀ ਵੀ ਲਿਖਦੇ ਲਿਖਾਉਂਦੇ ਹਨ। ਸੈਸ਼ਨ ਸ਼ੁਰੂ ਹੋਣ ਵੇਲੇ ਕੱਪੜੇ ਦੇ ਬੈਨਰ ਲਿਖਵਾ ਕੇ ਸੜਕਾਂ ਉਤੇ ਟੰਗਦੇ ਹਨ। ਲਿਖਿਆ ਹੁੰਦਾ ਹੈ-'ਐਡਮਿਸ਼ਨ ਓਪਨ'। ਇਹ ਗਲਤ ਅੰਗਰੇਜ਼ੀ ਹੈ। ਐਡਮਿਸ਼ਨ ਇਕ ਵਚਨ ਨਾਂਵ ਹੈ। ਜੇ ਇਸ ਨਾਲ ਓਪਨ ਕਿਰਿਆ ਹੈ, ਤਾਂ ਉਸ ਦੇ ਪਿੱਛੇ ਅੰਗਰੇਜ਼ੀ ਲਿੱਪੀ



ਦਾ ਅੱਖਰ ਐਸ ਚਾਹੀਦਾ ਹੈ- 'ਐਡਮਿਸ਼ਨ ਓਪਨਜ਼'। ਉਂਜ ਐਡਮਿਸ਼ਨ ਓਪਨਜ਼ ਵੀ ਵਧੀਆ ਅੰਗਰੇਜ਼ੀ ਨਹੀਂ। ਐਡਮਿਸ਼ਨ ਕੋਈ ਗੇਟ ਜਾਂ ਦਰਵਾਜ਼ਾ ਨਹੀਂ। ਜਦੋਂ ਮਾਪੇ ਆਪਣੇ ਬੱਚੇ ਨੂੰ ਦਾਖਲ ਕਰਵਾਉਣ ਲਈ ਲੈ ਕੇ ਜਾਂਦੇ ਹਨ ਤਾਂ ਸਕੂਲ ਪ੍ਰਬੰਧਕ ਝੱਟ-ਪੱਟ ਦਾਖਲ ਨਹੀਂ ਕਰਦੇ। ਪ੍ਰੀਖਿਆ ਲੈਂਦੇ ਹਨ। ਮਾਪਿਆਂ ਦਾ ਵੀ ਇੰਟਰਵਿਊ ਕਰਦੇ ਹਨ। ਮੁਸ਼ਕਿਲ ਨਾਲ ਬੱਚਾ ਦਾਖਲ ਕਰਦੇ ਹਨ। ਸੋ, ਸਹੀ ਅੰਗਰੇਜ਼ੀ ਹੋਏਗੀ, 'ਐਡਮਿਸ਼ਨਜ਼ ਆਰ ਬੀਇੰਗ ਮੇਡ'।

ਜਿਨ੍ਹਾਂ ਅੰਗਰੇਜ਼ਾਂ ਨੇ ਭਾਰਤ ਉਤੇ ਰਾਜ ਕੀਤਾ, ਉਹ ਵਪਾਰੀ ਸਨ। ਈਸਟ ਇੰਡੀਆ ਕੰਪਨੀ ਨੇ ਮਹਾਰਾਣੀ ਅਲਿਜ਼ਬੈਥ (ਪਹਿਲੀ) ਤੋਂ ਭਾਰਤ ਜਾਣ ਦੀ ਆਗਿਆ ਲਈ ਸੀ। ਸੂਰਤ ਦੀ ਬੰਦਰਗਾਹ ਉਤੇ ਉਤਰੇ ਸਨ। ਮੁਗਲ ਬਾਦਸ਼ਾਹ ਜਹਾਂਗੀਰ ਤੋਂ ਵਪਾਰ ਕਰਨ ਦਾ ਪਟਾ ਲਿਆ ਸੀ। ਇਹ ਪੱਛਮੀ ਤੱਟ ਉਤੇ ਹੌਲੀ-ਹੌਲੀ ਅੱਗੇ ਵਧੇ। ਬੰਬਈ (ਮੁੰਬਈ) ਉਦੋਂ ਹੁਣ ਵਾਂਗ ਕੋਈ ਸ਼ਹਿਰ ਨਹੀਂ ਸੀ। ਸਮੁੰਦਰ ਦਾ ਕਿਨਾਰਾ ਹੀ ਸੀ। ਇਹ ਸ਼ਹਿਰ ਹੌਲੀ-ਹੌਲੀ ਕਿਨਾਰੇ ਉਤੇ ਪੱਥਰ, ਰੇਤ ਤੇ ਮਿੱਟੀ ਸੁੱਟ ਕੇ ਵਸਾਇਆ ਗਿਆ। ਪਿੱਛੋਂ ਪੂਰਬੀ ਤੱਟ ਉਤੇ ਮਦਰਾਸ (ਚੇਨਈ) ਵਸਾਇਆ। ਅਖੀਰ ਕਲਕੱਤਾ ਵਸਿਆ। ਇਨ੍ਹਾਂ ਤਿੰਨਾਂ ਇਲਾਕਿਆਂ ਨੂੰ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਬੰਬਈ ਪ੍ਰੈਜ਼ੀਡੈਂਸੀ, ਮਦਰਾਸ ਪ੍ਰੈਜ਼ੀਡੈਂਸੀ ਤੇ ਬੰਗਾਲ ਪ੍ਰੈਜ਼ੀਡੈਂਸੀ ਬੋਲਦੇ ਸਨ। ਕਲਕੱਤਾ ਤਿੰਨਾਂ ਪ੍ਰੈਜ਼ੀਡੈਂਸੀਆਂ ਦੀ ਸਾਂਝੀ ਰਾਜਧਾਨੀ ਵੀ ਰਿਹਾ। 1912 ਵਿਚ ਨਵੀਂ ਦਿੱਲੀ ਰਾਜਧਾਨੀ ਬਣੀ ਸੀ।

ਸੁਭਾਵਿਕ ਹੀ ਬੰਗਾਲੀ, ਮਦਰਾਸੀ, ਗੁਜਰਾਤੀ ਤੇ ਮਹਾਰਾਸ਼ਟਰੀਅਨ ਅੰਗਰੇਜ਼ੀ ਭਾਸ਼ਾ ਦੇ ਵੱਡੇ ਮਾਹਰ ਬਣੇ। ਇਸਾਈ ਪਾਦਰੀ ਹਿੰਦੂ ਧਰਮ ਦੀ ਕਰੜੀ ਆਲੋਚਨਾ ਕਰਦੇ ਸਨ। ਹਿੰਦੂਆਂ ਵਿਚ ਪੜ੍ਹੇ-ਲਿਖੇ ਹਿੰਦੂ ਵੀ ਆਪਣੇ ਧਰਮ ਦੀਆਂ ਰੂੜੀਵਾਦੀ ਪਰੰਪਰਾਵਾਂ ਦਾ ਮਖੌਲ ਉਡਾਉਂਦੇ ਸਨ। ਇਸੇ ਕਰਕੇ ਬੰਗਾਲ ਵਿਚ ਵਿਵੇਕਾਨੰਦ ਅਤੇ ਅਰਬਿੰਦੋ ਘੋਸ਼ ਜਿਹੇ ਬੁੱਧੀਮਾਨ ਹਿੰਦੂ ਉਭਰੇ ਜੋ ਇਕ ਪਾਸੇ ਅੰਗਰੇਜ਼ੀ ਭਾਸ਼ਾ ਦੇ ਮਾਹਰ ਬਣੇ ਤੇ ਦੂਜੇ ਪਾਸੇ ਹਿੰਦੂ ਧਰਮ ਦੀ ਨਵੀਨ ਵਿਆਖਿਆ ਕਰਨ ਵਾਲੇ ਵਿਦਵਾਨ।

ਜਦੋਂ ਅੰਗਰੇਜ਼ ਪੰਜਾਬ ਵਿਚ ਆਏ ਤਾਂ ਇਥੋਂ ਦੇ ਲੋਕ (ਸਿੱਖ, ਹਿੰਦੂ, ਮੁਸਲਮਾਨ) ਘਟੀਆਪਣ ਦੇ ਸ਼ਿਕਾਰ ਸਨ। ਇਹ ਅੰਗਰੇਜ਼ਾਂ ਦੇ ਗੁਲਾਮ ਸੌ ਕੁ ਸਾਲ ਰਹੇ। ਗੁਜਰਾਤੀ, ਮਰਾਠੇ, ਮਦਰਾਸੀ ਤੇ ਬੰਗਾਲੀ ਤਿੰਨ ਸੌ ਸਾਲ ਗੁਲਾਮ ਰਹੇ। ਇਸੇ ਕਰਕੇ ਉਹ ਅੰਗਰੇਜ਼ੀ ਜ਼ਿਆਦਾ ਚੰਗੀ ਪੜ੍ਹ ਗਏ ਪਰ ਪੰਜਾਬੀਆਂ ਵਿਚ ਇਕ ਗੁਣ ਜ਼ਰੂਰ ਸੀ। ਸਰੀਰ ਤੋਂ ਬਲਵਾਨ ਸਨ। ਉਦਮੀ ਸਨ। ਸੌ ਕੁ ਸਾਲ ਦੀ ਗੁਲਾਮੀ ਵਿਚ ਉਦਮ ਕਰਕੇ ਅੱਗੇ ਵਧੇ। ਆਪੋ-ਆਪਣੇ ਸਕੂਲ ਤੇ ਕਾਲਜ ਬਣਾਏ। ਕੁਝ ਪੜ੍ਹਾਈ ਕੀਤੀ, ਪਰ ਕਈ ਕੰਮਾਂ ਲਈ ਅੰਗਰੇਜ਼ਾਂ ਵੱਲ ਦੇਖਦੇ ਰਹੇ; ਮਸਲਨ, ਗੁਰੂ ਗ੍ਰੰਥ ਸਾਹਿਬ ਦਾ ਪ੍ਰੀਚੈ ਅੰਗਰੇਜ਼ਾਂ ਨੂੰ ਦੇਣ ਲਈ ਅੰਗਰੇਜ਼ ਡਿਪਟੀ ਕਮਿਸ਼ਨਰ ਮੈਕਾਲਫ ਨੂੰ ਪ੍ਰੇਰਿਆ। ਉਸ ਨੇ ਛੇ ਜਿਲਦਾਂ ਵਿਚ 'ਸਿੱਖ ਰਿਲੀਜ਼ਨ' ਪੁਸਤਕ ਛਾਪੀ ਜਿਸ ਵਿਚ ਕੁਝ ਬਾਣੀ ਹੈ। ਬਾਕੀ ਗੁਰੂ ਸਾਹਿਬਾਨ ਤੇ ਭਗਤਾਂ ਦੇ ਜੀਵਨ ਬਾਰੇ ਰਵਾਇਤੀ ਕਿਸਮ ਦਾ ਇਤਿਹਾਸ। ਆਜ਼ਾਦੀ ਤੋਂ ਬਾਅਦ ਵੀ ਪੰਜਾਬੀਆਂ ਦੀ ਵੱਡੀ ਪ੍ਰਾਪਤੀ ਪਦਾਰਥਕ ਹੈ, ਬੌਧਿਕ ਤੇ ਸਭਿਆਚਾਰਕ ਨਹੀਂ ਪਰ ਕੋਈ ਕੌਮੀਅਤ ਉਦੋਂ ਤੱਕ ਤਰੱਕੀ ਨਹੀਂ ਕਰ ਸਕਦੀ, ਜਦੋਂ ਤੱਕ ਬੁੱਧੀਮਾਨਤਾ ਤੇ ਵਿਦਵਤਾ ਪ੍ਰਫੁੱਲਿਤ ਨਹੀਂ ਹੁੰਦੇ।

ਪੰਜਾਬ ਵਿਧਾਨ ਸਭਾ ਦੇ 2 ਮਾਰਚ ਦੇ ਪ੍ਰਸਤਾਵ ਸ਼ੁੱਭ ਸ਼ਗਨ ਹਨ ਪਰ ਲਾਭ ਤਾਂ ਹੀ ਹੋਣਾ ਹੈ, ਜੇ ਅਸੀਂ ਪੰਜਾਬੀ ਭਾਸ਼ਾ ਨਾਲ ਦਿਲੋਂ-ਮਨੋਂ ਪ੍ਰੇਮ ਕਰੀਏ। ਮਾਂ ਭਾਸ਼ਾ ਅਪਣਾਈਏ। ਅੰਗਰੇਜ਼ੀ ਭਾਸ਼ਾ ਪੜ੍ਹੀਏ ਪਰ ਪੰਜਾਬੀ ਪੜ੍ਹੇ ਬਿਨਾਂ ਸਾਡੇ ਮਨ ਨਹੀਂ ਜਾਗਣੇ। ਪੰਜਾਬ ਵਿਚ ਅਸਲੀ ਜਾਗ੍ਰਿਤੀ ਆਉਣੀ ਚਾਹੀਦੀ ਹੈ। ਬੌਧਿਕ ਤੇ ਸਭਿਆਚਾਰਕ ਜਾਗ੍ਰਿਤੀ।

ਮਹਾਂਮਾਰੀ

# ਹੋਮਿਓਪੈਥੀ ਅਤੇ ਕਰੋਨਾ ਵਾਇਰਸ

ਡਾ. ਗੋਬਿੰਦਰ ਸਿੰਘ ਸਮਰਾਓ*
ਫੋਨ: 408-991-4249

ਕਰੋਨਾ ਵਾਇਰਸ ਡੀਜੀਜ਼ 2019 ਜਾਂ ਕੋਵਿਡ-19 (Corona virus Disease 2019 or Covid-19), ਜਿਸ ਨੂੰ ਆਮ ਭਾਸ਼ਾ ਵਿਚ ਕਰੋਨਾ ਵਾਇਰਸ ਕਿਹਾ ਜਾਂਦਾ ਹੈ, ਦੇ ਦੁਨੀਆਂ ਭਰ ਵਿਚ ਤੇਜੀ ਨਾਲ ਫੈਲਣ ਦੀਆਂ ਖਬਰਾਂ ਹਨ। ਇਸ ਵਾਇਰਸ ਤੋਂ ਕਿਵੇਂ ਬਚਿਆ ਜਾਵੇ, ਇਹ ਹਰ ਇਕ ਲਈ ਸਭ ਤੋਂ ਵੱਡਾ ਫਿਕਰ ਬਣਿਆ ਹੋਇਆ ਹੈ। ਇਸ ਦੀ ਰੋਕ ਥਾਮ ਲਈ ਲੋਕ ਤਰ੍ਹਾਂ ਤਰ੍ਹਾਂ ਦੇ ਸੁਝਾਓ ਦੇ ਰਹੇ ਹਨ। ਭੀੜ ਤੋਂ ਬਚਣ ਅਤੇ ਕਿਸੇ ਬਾਹਰਲੀ ਚੀਜ਼ ਨੂੰ ਹੱਥ ਲਾਉਣ ਤੋਂ ਪਰਹੇਜ ਕਰਨ ਲਈ ਕਿਹਾ ਜਾ ਰਿਹਾ ਹੈ। ਗਰਮ ਪਾਣੀ ਨਾਲ ਹੱਥ ਧੋਣ ਤੋਂ ਲੈ ਕੇ ਤੇ ਮਾਸਕ ਪਹਿਨਣ ਤੀਕ ਕਈ ਗੱਲਾਂ ਸੁਝਾਈਆਂ ਜਾ ਰਹੀਆਂ ਹਨ, ਪਰ ਲੋਕਾਂ ਦੀ ਚਿੰਤਾ ਘਟਦੀ ਨਜ਼ਰ ਨਹੀਂ ਆਉਂਦੀ। ਘਾਬਰੇ ਲੋਕ ਅਰਦਾਸਾਂ 'ਤੇ ਉਤਰ ਆਏ ਹਨ।


ਐਲੋਪੈਥੀ ਡਾਕਟਰ ਇਸ ਵਿਸ਼ੇ 'ਤੇ ਚੁੱਪ ਹਨ। ਉਹ ਤਾਂ ਸ਼ੱਕੀ ਮਰੀਜ਼ਾਂ ਨੂੰ ਲੱਭ ਕੇ ਬੰਦ (quarantine) ਕਰ ਰਹੇ ਹਨ ਤਾਂ ਜੋ ਰੋਗ ਅੱਗੇ ਨਾ ਫੈਲੇ। ਸ਼ਾਇਦ ਉਨ੍ਹਾਂ ਕੋਲ ਇਸ ਦੇ ਇਲਾਜ ਦੀਆਂ ਦਵਾਈਆਂ ਨਹੀਂ ਹਨ ਜਾਂ ਉਹ ਇਸ ਦੀ ਕਿਸੇ ਵੈਕਸੀਨ ਦੀ ਉਡੀਕ ਕਰ ਰਹੇ ਹਨ, ਪਰ ਦੂਜੀਆਂ ਪ੍ਰਣਾਲੀਆਂ ਵਾਲੇ ਬਚਾਓ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਦੱਸ ਰਹੇ ਹਨ। ਘਰੇਲੂ ਨੁਸਖਿਆਂ ਵਾਲੇ ਕੱਚਾ ਪਿਆਜ ਖਾਣ ਨੂੰ ਤੇ ਖਾਣ ਪੀਣ ਵਾਲੇ ਵਿਸਕੀ ਜਾਂ ਬ੍ਰਾਂਡੀ ਨੂੰ ਵਾਇਰਸ ਭਜਾਉਣ ਦੀਆਂ ਰਾਮਬਾਣ ਔਸ਼ਧੀਆਂ ਦੱਸ ਰਹੇ ਹਨ। ਯੋਗਾ ਦੇ ਸਮਰਥਕ ਯੋਗ ਕਸਰਤਾਂ ਨੂੰ ਤੇ ਆਯੁਰਵੇਦ ਵਾਲੇ ਤੁਲਸੀ, ਚਵਨਪ੍ਰਾਸ਼ ਤੇ ਸ਼ਡੰਗਪਾਣੀ ਆਦਿ ਦਾ ਸੇਵਨ ਕਰਨ ਨੂੰ ਸਭ ਤੋਂ ਕਾਰਗਰ ਨੁਸਖੇ ਦੱਸ ਰਹੇ ਹਨ।

ਇਸ ਤੋਂ ਇਲਾਵਾ ਭਾਰਤ ਵਿਚ ਕਈ ਰਾਜਸੀ ਪ੍ਰਭਾਵ ਵਾਲੇ ਨੇਤਾ ਗਊ-ਮੂਤਰ ਤੇ ਗਊ-ਗੋਬਰ ਦੇ ਸੇਵਨ ਨੂੰ ਸ਼ਰਤੀਆ ਇਲਾਜ ਕਹਿ ਰਹੇ ਹਨ। ਇਸ ਦੇ ਨਾਲ ਇੱਦਾਂ ਦੇ ਕਈ ਅਣਜਾਣ ਵਿਅਕਤੀ ਹੋਮਿਓਪੈਥੀ ਦਵਾਈਆਂ ਵਿਰੁਧ ਕੂੜ ਪ੍ਰਚਾਰ ਕਰਦਿਆਂ ਇਹ ਵੀ ਕਹਿ ਰਹੇ ਹਨ ਕਿ ਇਹ ਦਵਾਈਆਂ ਵਿਦੇਸ਼ੀ ਹਨ। ਉਹ ਇਨ੍ਹਾਂ ਨੂੰ ਉਕਾ ਹੀ ਬੇਕਾਰ ਦੱਸਦੇ ਹਨ ਤੇ ਹਰ ਤਕਲੀਫ ਲਈ ਗਰਮ ਪਾਣੀ ਪੀਣ ਦੀ ਸਲਾਹ ਦਿੰਦੇ ਹਨ।

ਉਪਾਅ ਲਈ ਦਵਾਈਆਂ ਦੇ ਸਭ ਤੋਂ ਵਧ ਸੁਝਾਅ ਹੋਮਿਓਪੈਥਾਂ ਵਲੋਂ ਹੀ ਆ ਰਹੇ ਹਨ। ਉਹ ਇਸ ਮਹਾਂਮਾਰੀ ਦੀ ਰੋਕ ਥਾਮ ਲਈ ਵੱਖ ਵੱਖ ਹੋਮਿਓਪੈਥੀ ਦਵਾਈਆਂ ਲੈਣ ਦੀ ਸ਼ਿਫਾਰਸ ਕਰ ਰਹੇ ਹਨ। ਕਈ ਆਰਸੈਨਿਕਮ ਐਲਬਮ (Arsenicum Album) ਨੂੰ, ਕਈ ਇਯੂਪਾਟੋਰੀਅਮ ਪਰਫੋਲੀਏਟਮ (Eupatorium Perfoliatum) ਨੂੰ ਤੇ ਕਈ ਫਾਸਫੋਰਸ ਨੂੰ ਵੱਖ ਵੱਖ ਪੋਟੈਂਸੀਆਂ ਵਿਚ ਵਰਤਣ ਦੀ ਸਲਾਹ ਦੇ ਰਹੇ ਹਨ। ਉਨ੍ਹਾਂ ਵਲੋਂ ਕਈ ਹੋਰ ਦਵਾਈਆਂ ਦਾ ਨਾਂ ਵੀ ਲਿਆ ਜਾ ਰਿਹਾ ਹੈ, ਜਿਨ੍ਹਾਂ ਦੇ ਜ਼ਿਕਰ ਦੀ ਲੋੜ ਨਹੀਂ। ਇਨ੍ਹਾਂ ਵਿਚੋਂ ਕਿਸੇ ਦਵਾਈ 'ਤੇ ਵੀ ਉਦੋਂ ਤੀਕ ਟਿੱਪਣੀ ਕਰਨਾ ਨਹੀਂ ਬਣਦਾ, ਜਦੋਂ ਤੀਕ ਇਹ ਪਤਾ ਨਾ ਹੋਵੇ ਕਿ ਪ੍ਰੋੜ੍ਹਤਾ ਕਰਨ ਵਾਲਾ ਹੋਮਿਓਪੈਥ ਇਸ ਦੀ ਸ਼ਿਫਾਰਸ਼ ਕਿਸ ਆਧਾਰ 'ਤੇ ਕਰ ਰਿਹਾ ਹੈ। ਸਿਰਫ ਇਹੀ ਕਿਹਾ ਜਾ ਸਕਦਾ ਹੈ ਕਿ ਹੋਮਿਓਪੈਥੀ ਇਕ ਨਿਯਮ ਆਧਾਰਿਤ ਚਿਕਿਤਸਾ ਪ੍ਰਣਾਲੀ ਹੈ, ਜੋ ਕਰੋਨਾ ਵਾਇਰਸ ਜਿਹੀਆਂ ਵਬਾਵਾਂ ਦੀ ਰੋਕ ਥਾਮ ਲਈ ਪੂਰੀ ਤਰ੍ਹਾਂ ਸਮਰੱਥ ਹੈ। ਜੋ ਲੋਕ ਬਿਨਾ ਪਰਖੇ ਇਸ ਦਾ ਵਿਰੋਧ ਕਰਦੇ ਹਨ, ਉਹ ਆਪਣਾ ਹੀ ਨੁਕਸਾਨ ਕਰ ਰਹੇ ਹਨ, ਕਿਉਂਕਿ ਇਸ ਤੋਂ ਦੂਰ ਰਹਿ ਕੇ ਉਹ ਇਸ ਦੇ ਵਿਗਿਆਨਕ ਲਾਭਾਂ ਤੋਂ ਵਾਂਝੇ ਹੋ ਜਾਂਦੇ ਹਨ।

ਇਕ ਗੱਲ ਯਾਦ ਰੱਖਣ ਯੋਗ ਹੈ ਕਿ ਹੋਮਿਓਪੈਥੀ ਰੋਗ ਦੇ ਨਾਂ ਜਾਂ ਉਸ ਦੇ ਵਾਇਰਸ/ਬੈਕਟੀਰੀਆ ਨੂੰ ਖਤਮ ਕਰ ਕੇ ਇਲਾਜ ਨਹੀਂ ਕਰਦੀ, ਸਗੋਂ ਮਰੀਜ਼ ਵਿਚ ਆਏ ਰੋਗ ਦੇ ਲੱਛਣਾਂ ਅਨੁਸਾਰ ਕੰਮ ਕਰਦੀ ਹੈ। ਇਸੇ ਲਈ ਇਸ ਪ੍ਰਣਾਲੀ ਵਿਚ ਬੈਕਟੀਰੀਆ ਲੱਭਣ ਲਈ ਲੈਬਾਰਟਰੀ ਟੈਸਟਾਂ ਦੀ ਲੋੜ ਨਹੀਂ ਪੈਂਦੀ। ਮਰੀਜ਼ ਦੇ ਲੱਛਣ ਬਣਦੀ ਦਵਾਈ ਵਲ ਆਪ ਇਸ਼ਾਰਾ ਕਰ ਦਿੰਦੇ ਹਨ। ਇਸ ਦੀ ਕਾਰਜ ਸ਼ੈਲੀ ਦੂਜੀਆਂ ਪ੍ਰਣਾਲੀਆਂ ਤੋਂ ਵੱਖਰੀ ਹੋਣ ਕਾਰਨ ਇਸ ਦੀ ਇਲਾਜ ਕਰਨ ਦੀ ਸਮਰੱਥਾ ਵੀ ਉਨ੍ਹਾਂ ਤੋਂ ਵੱਖ ਕਿਸਮ ਦੀ ਹੈ। ਇਸ ਕਥਨ ਵਿਚ ਕਿਸੇ ਤਰ੍ਹਾਂ ਦੀ ਹੈਰਾਨੀ ਦੀ ਗੁੰਜਾਇਸ਼ ਨਹੀਂ ਹੈ।

ਹੋਮਿਓਪੈਥਾਂ ਦੇ ਦੱਸੇ ਉਪਾਵਾਂ ਨੂੰ ਸਮਝਣ ਲਈ ਇਹ ਜਾਣਨਾ ਜਰੂਰੀ ਹੈ ਕਿ ਹੋਮਿਓਪੈਥੀ ਮਹਾਂਮਾਰੀਆਂ ਨੂੰ ਦੋ ਪਾਸਿਆਂ ਤੋਂ ਕੰਟਰੋਲ ਕਰ ਸਕਦੀ ਹੈ। ਇਕ ਪਾਸੇ ਇਹ ਸਮਾਜਕ ਪੱਧਰ 'ਤੇ ਰੋਕ ਥਾਮ ਲਈ ਵਰਤੀ ਜਾਂਦੀ ਹੈ ਅਤੇ ਦੂਜੇ ਪਾਸੇ ਬੀਮਾਰ ਹੋ ਚੁਕੇ ਮਰੀਜ਼ਾਂ ਦੇ ਇਲਾਜ ਲਈ। ਜਦੋਂ ਇਹ ਰੋਕ ਥਾਮ ਲਈ ਵਰਤੀ ਜਾਂਦੀ ਹੈ ਤਾਂ ਵੱਖ ਵੱਖ ਸੋਮਿਆਂ ਤੋਂ ਮਹਾਂਮਾਰੀ ਦੇ ਆਮ ਲੱਛਣ ਪਤਾ ਕਰ ਕੇ ਦਵਾਈ ਲੱਭੀ ਜਾਂਦੀ ਹੈ। ਅਜਿਹੀ ਦਵਾਈ ਨੂੰ ਜੀਨੱਸ ਐਪੀਡੈਮਿਕਸ (Genus Epidemics) ਕਹਿੰਦੇ ਹਨ ਤੇ ਇਹ ਪ੍ਰਭਾਵਿਤ ਹਲਕਿਆਂ ਵਿਚ ਰਹਿੰਦੇ ਸਭ ਅਰੋਗ ਵਿਅਕਤੀਆਂ ਨੂੰ ਦਿੱਤੀ ਜਾਂਦੀ ਹੈ। ਉਨ੍ਹਾਂ ਵਿਚ ਇਹ ਇਕ ਵੈਕਸੀਨ ਵਾਂਗ ਕੰਮ ਕਰਦੀ ਹੈ, ਭਾਵ ਇਹ ਮਹਾਂਮਾਰੀ ਅੱਗੇ ਕਵਚ ਬਣ ਕੇ ਖਲੋ ਜਾਂਦੀ ਹੈ। ਪਿਛਲੀ ਸਦੀ ਵਿਚ ਅਮਰੀਕਾ 'ਚ ਹੋਮਿਓਪੈਥੀ ਨੇ ਹੈਜ਼ੇ ਦੀ ਸਫਲ ਰੋਕ ਥਾਮ ਇਸੇ ਢੰਗ ਨਾਲ ਕੀਤੀ ਸੀ। ਇਸ ਸਦੀ ਦੇ ਸ਼ੁਰੂ ਵਿਚ ਤਾਮਿਲਨਾਡੂ ਦੇ ਡਾ. ਵੀ. ਕ੍ਰਿਸ਼ਨਾਮੂਰਤੀ ਨੇ ਚਿਕਨਗੁਨਿਆ, ਸਾਰਸ ਤੇ ਸਵਾਈਨ ਫਲੂ ਦੀਆਂ ਦਵਾਈਆਂ ਕੱਢੀਆਂ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਕਹਿਣ ਅਨੁਸਾਰ 95% ਕਾਮਯਾਬੀ ਮਿਲੀ ਸੀ।



ਜਦੋਂ ਤੀਕ ਮਨੁੱਖਾਂ ਦੇ ਸਰੀਰ ਵਿਚ ਜੀਨੱਸ ਐਪੀਡੈਮਿਕਸ ਦਾ ਅਸਰ ਰਹਿੰਦਾ ਹੈ, ਇਸ ਦੇ ਲੱਛਣਾਂ ਵਾਲੀ ਬੀਮਾਰੀ ਇਸ ਵਿਚ ਦਾਖਲ ਨਹੀਂ ਹੋ ਸਕਦੀ। ਕੁਦਰਤ ਦਾ ਨਿਯਮ ਹੈ ਕਿ ਇਕ ਸਰੀਰ ਵਿਚ ਇਕ ਵੇਲੇ ਇਕੋ ਤਰ੍ਹਾਂ ਦੀਆਂ ਦੋ ਬਿਮਾਰੀਆਂ ਨਹੀਂ ਰਹਿ ਸਕਦੀਆਂ। ਹੋਮਿਓਪੈਥੀ ਇਸੇ ਨਿਯਮ ਅਨੁਸਾਰ ਕੰਮ ਕਰਦੀ ਹੈ। ਰੋਕ ਥਾਮ ਪਿਛੋਂ ਵੀ ਜੇ ਕੋਈ ਵਿਅਕਤੀ ਇਸ ਦੀ ਲਪੇਟ ਵਿਚ ਆ ਜਾਵੇ ਤਾਂ ਉਸ ਦਾ ਇਲਾਜ ਉਸ ਦੀ ਬੀਮਾਰੀ ਦੀਆਂ ਖਾਸ ਭਾਵ ਵਿਅਕਤੀਗਤ ਨਿਸ਼ਾਨੀਆਂ ਅਨੁਸਾਰ ਕੀਤਾ ਜਾਂਦਾ ਹੈ। ਬੀਮਾਰ ਵਿਅਕਤੀਆਂ ਦਾ ਇਲਾਜ ਇਕ ਵੱਖਰਾ ਵਿਸ਼ਾ ਹੈ। ਉਸ ਬਾਰੇ ਇੱਥੇ ਚਰਚਾ ਸੰਭਵ ਨਹੀਂ ਹੈ। ਉਸ ਕੰਮ ਲਈ ਮਰੀਜ਼ ਕਿਸੇ ਸਿਆਣੇ ਹੋਮਿਓਪੈਥ ਨਾਲ ਅਲੱਗ ਤੋਂ ਸੰਪਰਕ ਕਰ ਸਕਦੇ ਹਨ।

ਸੋ, ਕਰੋਨਾ ਵਾਇਰਸ ਦੀ ਰੋਕ ਥਾਮ ਲਈ ਦਵਾਈ ਲੱਭਣ ਵਾਸਤੇ ਇਸ ਦੀਆਂ ਮੁੱਖ ਅਲਾਮਤਾਂ ਦਾ ਪਤਾ ਹੋਣਾ ਚਾਹੀਦਾ ਹੈ। ਹੁਣ ਤੀਕ ਦੀਆਂ ਦੱਸੀਆਂ ਗਈਆਂ ਮੁੱਖ ਨਿਸ਼ਾਨੀਆਂ ਹਲਕਾ ਜਾਂ ਤੇਜ ਬੁਖਾਰ, ਸੁਕੀ ਖੰਘ, ਤੇਜ ਸਾਹ, ਛਾਤੀ ਦੀ ਜਕੜਨ, ਨਿਮੋਨੀਆਂ ਆਦਿ ਹਨ। ਇਰਾਨ ਵਿਚ ਕਈ ਕੇਸਾਂ ਵਿਚ ਸਿਰ ਦਰਦ ਵੀ ਪਾਇਆ ਗਿਆ ਹੈ। ਜੈਪੁਰ ਦੇ ਭਾਰਤੀ ਹੋਮਿਓਪੈਥ ਡਾ. ਮਨੀਸ਼ ਭਾਟੀਆ ਨੇ ਇਨ੍ਹਾਂ ਲੱਛਣਾਂ ਮੁਤਾਬਕ ਈ-ਮੇਲ ਰਾਹੀਂ ਵੰਡੇ ਆਪਣੇ ਇਕ ਖੋਜ ਪੱਤਰ ਵਿਚ ਇਕ ਦਰਜਨ ਤੋਂ ਵੀ ਵੱਧ ਦਵਾਈਆਂ ਦਾ ਜ਼ਿਕਰ ਕੀਤਾ ਹੈ, ਪਰ ਉਨ੍ਹਾਂ ਨੇ ਇਨ੍ਹਾਂ ਵਿਚੋਂ ਉਹ ਦਵਾਈਆਂ ਖਾਰਜ ਕਰ ਦਿੱਤੀਆਂ ਹਨ, ਜਿਨ੍ਹਾਂ ਵਿਚ ਨੱਕ 'ਚੋਂ ਪਾਣੀ ਵਗਣ ਦਾ ਲੱਛਣ ਹੈ, ਕਿਉਂਕਿ ਇਹ ਮਹਾਂਮਾਰੀ ਵਿਚ ਨਹੀਂ ਮਿਲਦਾ। ਇਸ ਤੋਂ ਇਲਾਵਾ ਕਰੋਨਾ ਵਾਇਰਸ ਇਕ ਲੰਮੇ ਵਿਕਾਸ ਸਮੇਂ (long incubation period) ਵਾਲੀ ਮਹਾਂਮਾਰੀ ਹੈ। ਇਸ ਲੱਛਣ ਅਨੁਸਾਰ ਉਨ੍ਹਾਂ ਨੇ ਦੋ ਹੋਰ ਦਵਾਈਆਂ ਛੱਡ ਦਿੱਤੀਆਂ ਹਨ। ਇਸ ਤਰ੍ਹਾਂ ਉਨ੍ਹਾਂ ਦੀ ਅੰਤਿਮ ਸੂਚੀ ਵਿਚ ਪੰਜ ਦਵਾਈਆਂ-ਬ੍ਰਾਇਓਨੀਆ, ਮਰਕਸਾਲ, ਫਾਸਫੋਰਸ, ਲਾਇਕੋਪੋਡੀਅਮ ਤੇ ਕਾਲੀ ਕਾਰਬ ਰਹਿ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਕਰੋਨਾ ਵਾਇਰਸ ਠੰਡ ਵਿਚ ਵਧਦਾ ਫੁੱਲਦਾ ਹੈ ਤੇ ਜ਼ਿਆਦਾ ਗਰਮੀ ਵਿਚ ਨਹੀਂ ਰਹਿ ਸਕਦਾ। ਇਹ ਸਾਲ ਦੇ ਉਸ ਸਮੇਂ ਆਇਆ ਹੈ, ਜਦੋਂ ਰਾਤਾਂ ਨੂੰ ਠੰਡ ਹੈ ਤੇ ਦਿਨੇ ਗਰਮੀ ਵਧਦੀ ਜਾ ਰਹੀ ਹੈ। ਇਹ ਲੱਛਣ ਸਿਰਫ ਬ੍ਰਾਇਓਨੀਆ ਵਿਚ ਹੈ। ਇਸ ਲਈ ਡਾ. ਭਾਟੀਆ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਕੋਵਿਡ-19 ਦੀ ਜੀਨੱਸ ਐਪੀਡੈਮਿਕਸ ਭਾਵ ਰੋਕ-ਥਾਮੀ ਦਵਾਈ ਬ੍ਰਾਇਓਨੀਆ ਹੈ। ਉਨ੍ਹਾਂ ਅਨੁਸਾਰ ਇਸ ਦਵਾਈ ਨੂੰ 6ਵੀਂ ਜਾਂ 30ਵੀਂ ਪੋਟੈਂਸੀ ਵਿਚ ਲੈਣ ਨਾਲ ਇਸ ਮਹਾਂਮਾਰੀ ਤੋਂ ਬਚਾਓ ਹੋ ਸਕਦਾ ਹੈ।

ਭਾਵੇਂ ਬ੍ਰਾਇਓਨੀਆ ਵਿਚ ਇਸ ਮਹਾਂਮਾਰੀ ਦੀਆਂ ਕਈ ਸਿਰਕੱਢ ਅਲਾਮਤਾਂ ਹਨ, ਪਰ ਡਾ. ਭਾਟੀਆ ਦੇ ਇਹ ਸੁਝਾਅ ਨਾਲ ਪੂਰੀ ਤਰ੍ਹਾਂ ਸਹੀ ਨਹੀਂ ਹੈ। ਕਾਰਨ ਇਹ ਹੈ ਕਿ ਸਰੀਰਕ ਅਲਾਮਤਾਂ ਦੇ ਟਾਕਰੇ ਹੋਮਿਓਪੈਥੀ ਮਾਨਸਿਕ ਸੰਕੇਤਾਂ 'ਤੇ ਵੱਧ ਨਿਰਭਰ ਕਰਦੀ ਹੈ।

ਕਿਸੇ ਵੀ ਮਹਾਂਮਾਰੀ ਦੀ ਸਭ ਤੋਂ ਵੱਡੀ ਅਲਾਮਤ ਇਹ ਹੁੰਦੀ ਹੈ ਕਿ ਇਹ ਪ੍ਰਭਾਵਿਤ ਜਨ ਸੰਖਿਆ ਵਿਚ ਡਰ ਭੈ ਪੈਦਾ ਕਰਦੀ ਹੈ। ਬਿਮਾਰੀ ਲੱਗਣ ਤੋਂ ਪਹਿਲਾਂ ਹੀ ਲੋਕ ਇਸ ਦੀ ਦਹਿਸ਼ਤ ਦਾ ਸ਼ਿਕਾਰ ਹੋਏ ਹੁੰਦੇ ਹਨ। ਉਹ ਡਰਦੇ ਹਨ ਕਿ ਕਿਤੇ ਇਹ ਉਨ੍ਹਾਂ ਨੂੰ ਦਬੋਚ ਨਾ ਲਵੇ। ਜਾਹਰ ਹੈ ਕਿ ਕਰੋਨਾ ਵਾਇਰਸ ਦੇ ਡਰ ਨੇ ਵੀ ਸੰਸਾਰ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ, ਜਿਸ ਦਾ ਅੰਦਾਜ਼ਾ ਲੋਕਾਂ ਦੇ ਮੂੰਹ 'ਤੇ ਬੰਨੀਆਂ ਪੱਟੀਆਂ ਜਾਂ ਮਾਸਕਾਂ ਤੋਂ ਲਾਇਆ ਜਾ ਸਕਦਾ ਹੈ। ਜਦੋਂ ਤੀਕ ਇਸ ਡਰ ਦੀ ਅਲਾਮਤ ਨੂੰ ਸ਼ਾਮਲ ਨਾ ਕੀਤਾ ਜਾਵੇ, ਉਦੋਂ ਤੀਕ ਇਸ ਮਹਾਂਮਾਰੀ ਦਾ ਸਹੀ ਤੋੜ ਨਹੀਂ ਲੱਭਿਆ ਜਾ ਸਕਦਾ। ਡਾ. ਭਾਟੀਆ ਨੇ ਆਪਣੇ ਵਿਸ਼ਲੇਸ਼ਣ ਵਿਚ ਡਰ ਨਾਂ ਦਾ ਕੋਈ ਲੱਛਣ ਨਹੀਂ ਲਿਆ।

ਸਰਵੇਖਣ ਤੋਂ ਪਤਾ ਚਲਦਾ ਹੈ ਕਿ ਪਹਿਲਾਂ ਡਰ ਆਉਂਦਾ ਹੈ ਤੇ ਫਿਰ ਬੀਮਾਰੀ। ਹੋਮਿਓਪੈਥੀ ਸਿਧਾਂਤ ਕਹਿੰਦਾ ਹੈ ਕਿ ਬੀਮਾਰੀ ਸਭ ਤੋਂ ਪਹਿਲਾਂ ਮਨ ਨੂੰ ਪ੍ਰਭਾਵਿਤ ਕਰਦੀ ਹੈ, ਇਸ ਲਈ ਇਸ ਦੀ ਚਾਬੀ ਮਾਨਸਿਕ ਅਲਾਮਤਾਂ ਵਿਚ ਹੈ। ਇਨ੍ਹਾਂ ਦੋਹਾਂ ਸੱਚਾਈਆਂ ਨੂੰ ਜੋੜਦਿਆਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਜੇ ਡਰ ਨੂੰ ਕੰਟਰੋਲ ਕਰ ਲਿਆ ਜਾਵੇ ਤਾਂ ਬੀਮਾਰੀ ਨਹੀਂ ਆਵੇਗੀ। ਕਰੋਨਾ ਵਾਇਰਸ ਦੇ ਅਸਲ ਜੀਨੱਸ ਐਪੀਡੈਮਿਕਸ ਵਿਚ ਵੀ ਇਸ ਮਹਾਂਮਾਰੀ ਦੇ ਡਰ ਨੂੰ ਕੰਟਰੋਲ ਕਰਨ ਦੀ ਸਮਰੱਥਾ ਦਾ ਹੋਣਾ ਜਰੂਰੀ ਹੈ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਦਵਾਈ ਉਹ ਲੱਭੀ ਜਾਵੇ, ਜਿਸ ਵਿਚ ਡਰ ਦਾ ਸੰਕੇਤ ਪ੍ਰਭਾਵੀ ਹੋਵੇ।

ਬੀਮਾਰੀ ਜਾਂ ਮਹਾਂਮਾਰੀ ਦੇ ਡਰ ਵਾਲੀਆਂ ਹੋਮਿਓਪੈਥੀ ਵਿਚ ਦੋ ਮੁੱਖ ਦਵਾਈਆਂ ਹਨ ਤੇ ਦੋ ਦਵਾਈਆਂ ਦੋ ਬੈਚ ਫਲਾਵਰ (Bach Flower) ਪ੍ਰਣਾਲੀ ਦੀਆਂ ਹਨ। ਬੈਚ ਫਲਾਵਰ ਦਵਾਈਆਂ ਐਪਸਨ (Aspen) ਤੇ ਮਿਮੂਲਸ (Mimulus) ਹਨ। ਐਪਸਨ ਵਿਚ ਡਰ ਹੁੰਦਾ ਹੈ, ਪਰ ਇਸ ਦੇ ਸੋਮੇ ਤੇ ਦਿਸ਼ਾ ਦੀ ਜਾਣਕਾਰੀ ਨਹੀਂ ਹੁੰਦੀ। ਇਹ ਇਵੇਂ ਹੀ ਹੈ, ਜਿਵੇਂ ਮਹਾਂਮਾਰੀ ਬਾਰੇ ਆਮ ਲੋਕਾਂ ਨੂੰ ਧੁੰਦਲੀ ਜਿਹੀ ਜਾਣਕਾਰੀ ਤਾਂ ਹੁੰਦੀ ਹੈ, ਪਰ ਸਹੀ ਵੇਰਵਿਆਂ ਦਾ ਪਤਾ ਨਹੀਂ ਹੁੰਦਾ। ਇਸ ਦੇ ਉਲਟ ਮਿਮੂਲਸ ਵਿਚ ਡਰ ਦੇ ਕਾਰਨ ਦਾ ਨਾਂ ਤੇ ਪਤਾ ਮਾਲੂਮ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਇਕ ਤੀਜੀ ਬੈਚ ਫਲਾਵਰ ਦਵਾਈ ਵਾਲਨਟ ਹੈ, ਜਿਸ ਵਿਚ ਭਾਵੇਂ ਡਰ ਨਹੀਂ ਹੈ, ਪਰ ਇਹ ਮਨੁੱਖੀ ਸਰੀਰ ਨੂੰ ਅਚਨਚੇਤ ਬਲਾਵਾਂ ਨਾਲ ਜੂਝਣ ਦੀ ਤਾਕਤ ਦਿੰਦੀ ਹੈ। ਭਾਵ ਜੇ ਕੋਈ ਬੀਮਾਰੀ ਹਮਲਾ ਕਰ ਵੀ ਦੇਵੇ ਤਾਂ ਇਸ ਦੇ ਪ੍ਰਭਾਵ ਹੇਠ ਸਰੀਰ ਖੁਦ ਉਸ ਦਾ ਤੋੜ (ਵੈਕਸੀਨ) ਬਣਾ ਕੇ ਟਾਕਰਾ ਕਰ ਸਕਦਾ ਹੈ।

ਇਸ ਲਈ ਕਰੋਨਾ ਵਾਇਰਸ ਤੋਂ ਬਚਣ ਲਈ ਪਹਿਲੀ ਡਿਫੈਂਸ ਲਾਈਨ ਇਹ ਹੈ ਕਿ ਹਰ ਵਿਅਕਤੀ ਇਨ੍ਹਾਂ ਤਿੰਨ ਬੈਚ ਫਲਾਵਰ ਦਵਾਈਆਂ ਦੀਆਂ 2-2 ਬੂੰਦਾਂ ਪਾਣੀ ਵਿਚ ਪਾ ਕੇ ਹਰ ਰੋਜ਼ ਪੀਵੇ। ਸੇਵਨ ਵਿਧੀ ਇਹ ਹੈ ਕਿ ਹਰ ਰੋਜ ਸਵੇਰੇ 30 ਗਰਾਮ ਪਾਣੀ ਵਿਚ 2 ਬੂੰਦਾਂ ਐਸਪਨ ਪਾ ਕੇ ਪੀਵੇ। ਇਸੇ ਤਰ੍ਹਾਂ ਦੁਪਹਿਰ ਨੂੰ 2 ਬੂੰਦਾ ਮਿਮੂਲਸ ਦੀਆਂ ਤੇ ਸ਼ਾਮ ਨੂੰ 2 ਬੂੰਦਾਂ ਵਾਲਨਟ ਦੀਆਂ। ਜਦੋਂ ਤੀਕ ਇਸ ਮਹਾਂਮਾਰੀ ਦੀ ਹਫੜਾ-ਦਫੜੀ ਤੇ ਪ੍ਰਕੋਪ ਚਲਦੇ ਰਹਿੰਦੇ ਹਨ, ਉਹ ਇਨ੍ਹਾਂ ਨੂੰ ਇਸੇ ਤਰ੍ਹਾਂ ਲੈਂਦਾ ਰਹੇ। ਇਹ ਦਵਾਈਆਂ ਨਾ ਸਿਰਫ ਉਨ੍ਹਾਂ ਨੂੰ ਇਸ ਬਲਾ ਤੋਂ ਸੁਰੱਖਿਆ ਦੇਣਗੀਆਂ, ਸਗੋਂ ਡਰ ਅਤੇ ਚਿੰਤਾ ਆਧਾਰਿਤ ਹੋਰ ਰੋਗਾਂ ਤੋਂ ਵੀ ਮੁਕਤੀ ਦਿਵਾਉਣਗੀਆਂ। ਇਹ ਤਿੰਨੇ ਦਵਾਈਆਂ ਕਿਸੇ ਵੀ ਹੋਮਿਓਪੈਥੀ ਸਟੋਰ ਤੋਂ ਮਿਲ ਸਕਦੀਆਂ ਹਨ। ਜੇ ਨਾ ਮਿਲਣ ਤਾਂ ਅਮਾਜ਼ੋਨ ਤੋਂ ਮੰਗਵਾਈਆਂ ਜਾ ਸਕਦੀਆਂ ਹਨ।

ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ, ਹੋਮਿਓਪੈਥੀ ਵਿਚ ਡਰ ਦੇ ਸੰਕੇਤ ਵਾਲੀਆਂ ਤਾਂ ਅਣਗਿਣਤ ਦਵਾਈਆਂ ਹਨ, ਪਰ ਡਰ ਨਾਲ ਰਲੇ ਥਕਾਵਟ, ਬੁਖਾਰ, ਹੱਡ ਦਰਦ, ਬੇਚੈਨੀ ਤੇ ਸਾਹ ਨਲੀ ਦੀਆਂ ਅਲਾਮਤਾਂ ਨੂੰ ਠੀਕ ਕਰਨ ਵਾਲੀਆਂ ਦੋ ਹੀ ਮੁੱਖ ਦਵਾਈਆਂ ਹਨ। ਇਹ ਹਨ, ਐਕੋਨਾਈਟ ਤੇ ਆਰਸੈਨਿਕ। ਡਾ. ਭਾਟੀਆ ਨੇ ਇਹ ਦੋਵੇਂ ਦਵਾਈਆ ਇਸ ਲਈ ਛੱਡ ਦਿੱਤੀਆਂ ਹਨ ਕਿ ਇਨ੍ਹਾਂ ਦਾ ਪ੍ਰਫੁਲਣ ਸਮਾਂ (incubation period) ਘੱਟ ਹੈ, ਭਾਵ ਇਨ੍ਹਾਂ ਦਵਾਈਆਂ ਦਾ ਅਸਰ ਬੀਮਾਰੀ ਦੇ ਅਸਰ ਨਾਲੋਂ ਤੇਜ ਹੈ।

ਤਾਜਾ ਜਾਣਕਾਰੀ ਅਨੁਸਾਰ ਕਈ ਇਲਾਕਿਆਂ ਵਿਚ ਇਸ ਕੋਵਿਡ-19 ਵਿਚ ਵੀ ਤੇਜ ਗਤੀ ਦੇ ਸੰਕੇਤ ਪਾਏ ਗਏ ਹਨ। ਭਾਵ ਜਦੋਂ ਇਹ ਇਕ ਵਾਰ ਸ਼ੁਰੂ ਹੋ ਜਾਵੇ ਤਾਂ ਇਹ ਮਹਾਂਮਾਰੀ ਮਰੀਜ਼ ਨੂੰ ਤੁਫਾਨੀ ਅਸਰ ਨਾਲ ਢਾਹੁੰਦੀ ਹੈ। ਕਿਆਸ ਕੀਤਾ ਜਾ ਸਕਦਾ ਹੈ ਕਿ ਜਦੋਂ ਇਹ ਮਰੀਜ਼ ਨੂੰ ਲਗ ਜਾਵੇ ਜਾਂ ਉਸ ਦਾ ਟੈਸਟ ਪਾਜੇਟਿਵ ਆ ਜਾਵੇ ਤਾਂ ਇਹ ਨਿਸ਼ਚੇ ਹੀ ਉਸ ਦੇ ਮਨ ਵਿਚ ਮਰਨ ਦਾ ਭਿਆਨਕ ਡਰ ਪੈਦਾ ਕਰਦੀ ਹੋਵੇਗੀ। ਇਸ ਲਈ ਮੌਤ ਦੇ ਡਰ ਦੀ ਸੰਭਾਵਨਾ ਕਾਰਨ ਇਨ੍ਹਾਂ ਦੋਹਾਂ ਦਵਾਈਆਂ ਨੂੰ ਛੱਡਣਾ ਨਹੀਂ ਬਣਦਾ।

ਫਿਰ ਇਨ੍ਹਾਂ ਵਿਚੋਂ ਕਰੋਨਾ ਵਾਇਰਸ ਦਾ ਅਸਲੀ ਜੀਨੱਸ ਐਪੀਡੈਮਿਕਸ ਕਿਸ ਨੂੰ ਮੰਨਿਆ ਜਾਵੇ? ਐਕੋਨਾਈਟ ਨੈਪਲਸ ਬੀਮਾਰੀ ਦੇ ਅਰੰਭ ਦੀ ਦਵਾਈ ਹੈ ਤੇ ਆਰਸੈਨਿਕਮ ਇਸ ਦੇ ਅੰਤ ਦੀ। ਜੋ ਲੋਕ ਆਰਸੈਨਿਕਮ ਐਲਬਮ ਨੂੰ ਜੀਨੱਸ ਐਪੀਡੈਮੀਕਸ ਮੰਨਦੇ ਹਨ, ਉਹ ਇਸ ਦੇ ਆਗਮਨ ਵਿਚ ਵਿਕਾਸ ਸਮੇਂ ਦੇ 15 ਦਿਨ ਵੀ ਜੋੜਦੇ ਹਨ, ਪਰ ਇਸ ਸਮੇਂ ਦੌਰਾਨ ਮਰੀਜ਼ ਵਿਚ ਬੀਮਾਰੀ ਦੀ ਕੋਈ ਅਲਾਮਤ ਪੈਦਾ ਨਹੀਂ ਹੁੰਦੀ। ਹੋਮਿਓਪੈਥੀ ਵਿਚ ਬੀਮਾਰੀ ਦਾ ਆਗਮਨ ਅਲਾਮਤਾਂ ਸ਼ੁਰੂ ਹੋਣ ਨਾਲ ਮੰਨਿਆ ਜਾਂਦਾ ਹੈ। ਰੋਕ ਥਾਮ ਦਾ ਮੁੱਖ ਸਬੰਧ ਵੀ ਅਲਾਮਤਾਂ ਸ਼ੁਰੂ ਨਾ ਹੋਣ ਤੋਂ ਪਹਿਲਾਂ ਦੇ ਸਮੇਂ ਨਾਲ ਹੀ ਹੈ। ਕਿਉਂਕਿ ਆਰਸੈਨਿਕਮ ਐਲਬਮ ਦਾ ਆਗਮਨ ਤੁਫਾਨੀ ਨਹੀਂ ਹੈ, ਇਸ ਲਈ ਇਹ ਕਰੋਨਾ ਵਾਇਰਸ ਦੀ ਸਹੀ ਜੀਨੱਸ ਐਪੀਡੈਮਿਕਸ ਦਾ ਕੰਮ ਨਹੀਂ ਕਰ ਸਕਦੀ। ਇਹ ਇਲਾਜ ਦੇ ਵਿਚ ਵਿਚਾਲੇ ਜਾਂ ਅੰਤ ਵਿਚ ਜਦੋਂ ਮਰੀਜ਼ ਦੀ ਕਮਜ਼ੋਰੀ ਵਧੀ ਹੋਵੇ, ਉਦੋਂ ਤਾਂ ਅਹਿਮ ਸਿੱਧ ਹੋ ਸਕਦੀ ਹੈ, ਪਰ ਸ਼ੁਰੂ ਵਿਚ ਨਹੀਂ।

ਇਸ ਤੋਂ ਉਲਟ ਐਕੋਨਾਈਟ ਨੇਪਲਜ਼ ਤੁਫਾਨੀ ਆਗਮਨ ਵਾਲੀ ਦਵਾਈ ਹੈ। ਇਸ ਦੀ ਇਕੋ ਖੁਰਾਕ ਸਿਰ ਪਰਨੇ ਸੁੱਟਣ ਵਾਲੀਆਂ ਤਕਲੀਫਾਂ ਨੂੰ ਪਟਕ ਕੇ ਮਾਰਦੀ ਹੈ। ਸਰਦੀ ਜੁਕਾਮ, ਅਲਰਜ਼ੀ, ਵਾਲਾਂ ਦੀ ਕਟਿੰਗ ਤੋਂ ਲੱਗੀ ਠੰਡ ਆਦਿ ਹਾਲਤਾਂ ਵਿਚ ਇਸ ਨੂੰ ਰੋਗ ਦੇ ਸ਼ੁਰੂ ਵਿਚ ਹੀ ਵਰਤਿਆ ਜਾਂਦਾ ਹੈ। ਤਜ਼ਰਬਾ ਦੱਸਦਾ ਹੈ ਕਿ ਜਿੱਥੇ ਵੀ ਇਹ ਕਿਸੇ ਤੀਬਰ ਸਮੱਸਿਆ (acute problem) ਦੇ ਸ਼ੁਰੂ ਵਿਚ ਦਿੱਤੀ ਜਾਂਦੀ ਹੈ, ਉਥੇ ਕਾਮਯਾਬੀ ਨਾਲ ਉਸ ਦੀ ਰੋਕ ਥਾਮ ਕਰਦੀ ਹੈ। ਕਰੋਨਾ ਵਾਇਰਸ ਇਕ ਐਕਿਊਟ ਵਬਾ ਹੈ ਅਤੇ ਸਾਡਾ ਪਹਿਲਾ ਮੰਤਵ ਇਸ ਦੀ ਰੋਕ ਥਾਮ ਕਰਨਾ ਹੈ, ਨਾ ਕਿ ਇਲਾਜ ਕਰਨਾ। ਇਸ ਲਈ ਐਕੋਨਾਈਟ ਨੇਪਲਜ਼ ਹੀ ਇਸ ਦੀ ਅਸਲ ਜੀਨੱਸ ਐਪੀਡੈਮਿਕਸ ਹੈ।

ਸੋ, ਸਪਸ਼ਟ ਹੋਇਆ ਕਿ ਕੋਵਿਡ-19 ਤੋਂ ਬਚਾਓ ਲਈ ਹੋਮਿਓਪੈਥੀ ਦੀ ਮਦਦ ਯਕੀਨਨ ਲਈ ਜਾ ਸਕਦੀ ਹੈ। ਇਸ ਕੰਮ ਲਈ ਉਕਤ ਤਿੰਨ ਬੈਚ ਫਲਾਵਰ ਦਵਾਈਆਂ ਐਸਪਨ, ਮਿਮੂਲਸ ਤੇ ਵਾਲਨਟ ਦੇ ਰੋਜ਼ਾਨਾ ਸੇਵਨ ਦੇ ਨਾਲ ਅਕੋਨਾਈਟ ਨੇਪਲਜ਼ (Aconite Napellus) 30 ਜਾਂ 200 ਪੋਟੈਂਸੀ ਦੀਆਂ ਹਫਤਾਵਾਰੀ ਖੁਰਾਕਾਂ ਵੀ ਲੈਣੀਆਂ ਬਣਦੀਆਂ ਹਨ। ਇਹ ਸਭ ਦਵਾਈਆਂ ਆਪਸ ਵਿਚ ਪੂਰਾ ਤਾਲਮੇਲ ਰੱਖਦੀਆਂ ਹਨ, ਇਸ ਲਈ ਇਕ ਦੂਜੇ ਦੇ ਨਾਲ, ਪਰ ਅੱਗੇ ਪਿੱਛੇ ਕਰ ਕੇ ਲਈਆਂ ਜਾ ਸਕਦੀਆਂ ਹਨ।

ਅਜਿਹਾ ਕਰਨ ਤੋਂ ਪਹਿਲਾਂ ਇਕ ਗੱਲ ਦਾ ਜਰੂਰ ਧਿਆਨ ਰੱਖਿਆ ਜਾਵੇ ਕਿ ਇਸ ਲੇਖ ਦਾ ਮੰਤਵ ਸਿੱਖਿਆ ਤੇ ਜਾਣਕਾਰੀ ਦੇਣਾ ਹੈ, ਨਾ ਕਿ ਕਿਸੇ ਬਿਮਾਰੀ ਦੇ ਇਲਾਜ ਲਈ ਕਿਸੇ ਦਵਾਈ ਦੀ ਸਿਫਾਰਿਸ਼ ਕਰਨਾ। ਇਸ ਲਈ ਇਹ ਦਵਾਈਆਂ ਲੈਣ ਤੋਂ ਪਹਿਲਾਂ ਕਿਸੇ ਸਿਆਣੇ ਹੋਮਿਓਪੈਥ ਕੋਲੋਂ ਸਲਾਹ ਜਰੂਰ ਲੈ ਲੈਣੀ ਚਾਹੀਦੀ ਹੈ। ਹਰ ਹਾਲਤ ਵਿਚ ਆਪਣੇ ਇਲਾਕੇ ਦੇ ਸਰਕਾਰੀ ਹਸਪਤਾਲ ਤੇ ਭਾਈਚਾਰਕ ਨਿਰਦੇਸ਼ਾਂ ਦੀ ਪਾਲਣਾ ਜਰੂਰ ਤੇ ਪਰਮ-ਅਗੇਤ ਨਾਲ ਕੀਤੀ ਜਾਵੇ।

---

*The author is a classical homeopath (SB-577) in California, United States. He has over fifty years' experience of homeopathic practice.

## ਕਰੋਨਾ

ਹਾਇ ਨੀ, ਕਰੋਨਾ ਵਾਇਰਸ
ਮਰ ਗਈ ਮੈਂ, ਕਰੋਨਾ ਵਾਇਰਸ
ਹਾਇ ਹਾਇ ਨੀ, ਕਰੋਨਾ ਵਾਇਰਸ।

ਚੀਨ ਵਿਚੋਂ ਆਇਆ ਨੱਸ ਕੇ
ਬੇਬੇ ਨਾ ਬਾਪੂ ਨੂੰ ਦੱਸ ਕੇ
ਅੱਖ ਬਚਾ ਕੇ ਭੱਜਿਆ ਓਥੋਂ
ਦੁਨੀਆਂ ਸਾਰੀ ਡਰਾਈ,
ਨੀ ਕਰੋਨਾ ਵਾਇਰਸ।
ਮਰ ਗਈ ਮੈਂ, ਕਰੋਨਾ ਵਾਇਰਸ।

ਓਦੋਂ ਦਾ ਖੁਲ੍ਹਾ ਫਿਰਦਾ ਟੁਰਿਆ
ਮੰਤਰ ਨਾ ਕੋਈ ਜਾਦੂ ਫੁਰਿਆ
ਖੂਨੀ ਝੋਟੇ ਵਾਂਗ ਬੇ-ਕਾਬੂ
ਕਰਦਾ ਫਿਰੇ ਤਬਾਹੀ,
ਨੀ ਕਰੋਨਾ ਵਾਇਰਸ।
ਹਾਇ ਹਾਇ ਨੀ, ਕਰੋਨਾ ਵਾਇਰਸ।

ਹਾਹਾਕਾਰ ਮੱਚੀ ਸਭ ਪਾਸੇ
ਡਰ ਨਾਲ ਲੋਕੀਂ ਫਿਰਨ ਹਿਰਾਸੇ
ਕਿਸੇ ਨੂੰ ਕੋਈ ਸਮਝ ਨਾ ਆਵੇ
ਮੱਚੀ ਹਾਲ ਦੁਹਾਈ,
ਨੀ ਕਰੋਨਾ ਵਾਇਰਸ।
ਮਰ ਗਈ ਮੈਂ, ਕਰੋਨਾ ਵਾਇਰਸ।

ਕੋਈ ਕਹੇ ਤੁਸੀਂ ਕਾੜ੍ਹੇ ਬਣਾਉ
ਅਧਰਕ, ਗੰਢੇ, ਥੋਮ ਖਾਉ
ਨੈਟ 'ਤੇ ਵੇਖੋ ਲੋਕੀਂ ਬੈਠੇ
ਕਿੰਜ ਹੱਟੀਆਂ ਪਾਈ,
ਨੀ ਕਰੋਨਾ ਵਾਇਰਸ।

ਹਾਇ ਹਾਇ ਨੀ, ਕਰੋਨਾ ਵਾਇਰਸ।

ਕਿਤੇ ਆਉਣੋਂ-ਜਾਣੋਂ ਕਰੋ ਪਰਹੇਜ਼
ਅਫਵਾਹਾਂ ਤੋਂ ਤੁਸੀਂ ਰਹੋ ਸੁਚੇਤ
ਸਾਬਣ ਲਾ ਲਾ ਕੇ ਹੱਥ ਧੋਵੋ
ਘਰ ਦੀ ਰਖੋ ਸਫਾਈ,
ਨੀ ਕਰੋਨਾ ਵਾਇਰਸ।
ਮਰ ਗਈ ਮੈਂ, ਕਰੋਨਾ ਵਾਇਰਸ।

ਕਰਾਂਗੇ ਛੇੜ ਜੇ ਕੁਦਰਤ ਨਾਲ
ਹੋਵੇਗਾ ਸਾਡਾ ਇਹੋ ਈ ਹਾਲ
ਖਾਣ ਪੀਣ 'ਤੇ ਸੰਜਮ ਸਾਡੀ
ਰਖਦਾ ਸਿਹਤ ਬਚਾਈ,
ਨੀ ਕਰੋਨਾ ਵਾਇਰਸ
ਹਾਇ ਹਾਇ ਨੀ, ਕਰੋਨਾ ਵਾਇਰਸ।


-ਚੰਨ
ਫੋਨ: 908-788-8427

# ਪੰਜਾਬ ਸੰਘਰਸ਼ ਦੀਆਂ ਜ਼ਿਆਦਤੀਆਂ ਬਾਰੇ ਮਲਿਕਾ ਕੌਰ ਦੀ ਪੁਸਤਕ 'ਤੇ ਚਰਚਾ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੀਆਂ ਅਕਾਦਮਿਕ ਸਫਾਂ ਵਿਚ ਹਾਰਵਰਡ ਯੂਨੀਵਰਸਿਟੀ 'ਚੋਂ ਪਬਲਿਕ ਪਾਲਿਸੀ ਦੀ ਮਾਸਟਰ ਡਿਗਰੀ ਪ੍ਰਾਪਤ ਲੇਖਿਕਾ ਮਲਿਕਾ ਕੌਰ ਦੀ ਪਿਛਲੇ ਦਿਨੀਂ ਕਾਫੀ ਚਰਚਾ ਹੋਈ। ਉਸ ਨੇ ਬਰਕਲੇ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਹਾਸਲ ਕੀਤੀ ਹੈ, ਜਿੱਥੇ ਉਹ ਅੱਜ ਕੱਲ ਕਾਨੂੰਨ ਦੀਆਂ ਕਲਾਸਾਂ ਪੜ੍ਹਾਉਂਦੀ ਹੈ। 'ਫੇਥ, ਜੈਂਡਰ ਐਂਡ ਐਕਟੀਵਿਜ਼ਮ ਇਨ ਦ ਪੰਜਾਬ ਕੌਨਫਲਿਕਟ' (Faith, Gender and Activism in the Punjab Conflict) ਉਸ ਦੀ ਪਹਿਲੀ ਲਿਖਤ ਹੈ।

ਪਿਛਲੇ ਦਿਨੀਂ ਯੂਨੀਵਰਸਿਟੀ ਆਫ ਸ਼ਿਕਾਗੋ, ਇਲੀਨਾਇ ਦੀ ਐਸੋਸੀਏਟ ਡਾਇਰੈਕਟਰ ਜੀਨਾ ਓਲਸਨ ਵੱਲੋਂ 'ਸੈਂਟਰ ਫਾਰ ਦ ਸਟੱਡੀ ਆਫ ਜੈਂਡਰ ਐਂਡ ਸੈਕਸੁਐਲਿਟੀ' (Center for the Study of Gender and Sexuality) ਵਿਖੇ ਲੇਖਿਕਾ ਮਲਿਕਾ ਕੌਰ ਨਾਲ ਖੁੱਲ੍ਹੀ ਗੱਲਬਾਤ ਰੱਖੀ ਗਈ, ਜਿੱਥੇ ਪੰਜਾਬ ਸੰਘਰਸ਼ ਦੌਰਾਨ ਬੀਬੀਆਂ ਨਾਲ ਵਾਪਰੀਆਂ ਜ਼ਿਆਦਤੀਆਂ, ਬੀਬੀਆਂ ਦੀਆਂ ਗੱਲਾਂ, ਸੋਚਾਂ ਅਤੇ ਉਨ੍ਹਾਂ ਵੱਲੋਂ ਪਾਏ ਵਡਮੁੱਲੇ ਯੋਗਦਾਨ ਤੇ ਇਨਸਾਨੀ ਹੱਕਾਂ ਦੀ ਅਮਨ ਲੜਾਈ ਬਾਰੇ ਲੇਖਿਕਾ ਨੇ ਵਿਸਥਾਰ ਨਾਲ ਦੱਸਿਆ। ਸਿੱਖ ਬੀਬੀਆਂ ਦੇ ਅਕਸਰ ਅੱਖੋਂ ਪਰੋਖੇ ਕੀਤੇ ਯੋਗਦਾਨ ਨੂੰ ਆਪਣੀ ਲਿਖਤ 'ਚ ਅਹਿਮ ਥਾਂ ਦੇ ਕੇ ਮਲਿਕਾ ਕੌਰ ਨੇ ਸਿੱਖ ਸਮਾਜ ਨੂੰ ਡੂੰਘੀ ਨੀਂਦ 'ਚੋਂ ਉਠਾਉਣ ਦਾ ਯਤਨ ਕੀਤਾ ਹੈ। ਇਤਿਹਾਸ ਅਤੇ ਸਮਾਜ ਵਿਗਿਆਨ ਦੇ ਵਿੱਦਿਆਰਥੀਆਂ ਤੋਂ ਇਲਾਵਾ ਆਮ ਜੀਵਨ 'ਚੋਂ ਸ਼ਿਕਾਗੋ ਵਸਨੀਕਾਂ ਅਤੇ ਡਾਊਨ ਟਾਊਨ, ਸ਼ਿਕਾਗੋ ਰਹਿਣ ਵਾਲੇ ਕਈ ਸਿੱਖ ਪਰਿਵਾਰਾਂ ਨੇ ਵੀ ਇਸ ਵਿਚ ਸ਼ਿਰਕਤ ਕੀਤੀ। ਯੂਨੀਵਰਸਿਟੀ ਆਫ ਸ਼ਿਕਾਗੋ, ਇਲੀਨਾਇ ਦੇ ਸੈਮਿਨਰੀ ਕੋ-ਆਪ ਬੁੱਕਸਟੋਰ (Seminary Co-Op Bookstore, UCI) ਵਿਖੇ ਵੀ ਲੇਖਿਕਾ ਮਲਿਕਾ ਕੌਰ ਨਾਲ ਰੂਬਰੂ ਹੋਣ ਦਾ ਉਪਰਾਲਾ ਕੀਤਾ ਗਿਆ, ਜਿਸ ਵਿਚ ਯੂਨੀਵਰਸਿਟੀ ਦੇ ਵਿੱਦਿਆਰਥੀਆਂ ਨੇ ਪੰਜਾਬ ਸੰਘਰਸ਼ ਦੀਆਂ ਜ਼ਿਆਦਤੀਆਂ ਨੂੰ ਸ਼ਿੱਦਤ ਨਾਲ ਸੁਣਿਆ।

ਅਗਲੇ ਦਿਨ ਯੂਨੀਵਰਸਿਟੀ ਆਫ ਇਲੀਨਾਇ, ਸ਼ਿਕਾਗੋ ਦੇ ਇਮੇਜਿੰਗ ਪੀਸ ਇਨ ਟਵੈਂਟੀ ਫਰਸਟ ਸੈਂਚੁਰੀ ਵਰਕਿੰਗ ਗਰੁੱਪ ਵਲੋਂ




ਇਤਿਹਾਸ ਦੇ ਪ੍ਰੋਫੈਸਰ ਐਨਡਿਅਸ ਫੀਲਡਮੈਨ ਅਤੇ ਲੈਟਿਨ ਅਮੈਰਿਕਨ ਐਂਡ ਲੈਟੀਨੋ ਸਟੱਡੀਜ਼ ਐਂਡ ਪੋਲੀਟੀਕਲ ਸਾਇੰਸ ਦੇ ਪ੍ਰੋਫੈਸਰ ਜੋਕੁਇਨ ਚਾਵੇਜ਼ ਦੀ ਸਰਪ੍ਰਸਤੀ ਹੇਠ ਮਲਿਕਾ ਕੌਰ ਨਾਲ ਲੰਮੀਆਂ ਵਿਚਾਰਾਂ ਕੀਤੀਆਂ ਗਈਆਂ।

ਅਕਾਦਮੀ ਆਲਮ ਵਿਚ ਭਾਰਤੀ ਹੁਕਮਰਾਨਾਂ ਵੱਲੋਂ ਪੰਜਾਬ ਸੰਘਰਸ਼ ਨੂੰ ਅਮਨ ਕਾਨੂੰਨ ਦੀ ਸਮੱਸਿਆ ਵਜੋਂ ਪੇਸ਼ ਕੀਤੀ ਗਈ ਕਹਾਣੀ ਨੂੰ ਜਿਸ ਲਹਿਜੇ ਨਾਲ ਇਹ ਕਿਤਾਬ ਝੁਠਲਾਉਂਦੀ ਸਬੂਤ ਪੇਸ਼ ਕਰਦੀ ਹੈ, ਉਹ ਨਾ



*ਗੁਰਦੁਆਰਾ ਪੈਲਾਟਾਈਨ ਵਿਖੇ ਸੰਗਤ ਨੂੰ ਸੰਬੋਧਨ ਕਰਦਿਆਂ ਲੇਖਿਕਾ ਮਲਿਕਾ ਕੌਰ*

ਸਿਰਫ ਇਕ ਨਵੀਂ ਸ਼ੈਲੀ ਹੈ, ਸਗੋਂ ਇਤਿਹਾਸਕ ਵੀ ਹੈ। ਮਲਿਕਾ ਕੌਰ ਨੇ ਤਸ਼ੱਦਦ ਦੇ ਸ਼ਿਕਾਰਾਂ ਵੱਲੋਂ ਦਿੱਤੇ ਬਿਆਨਾਂ ਨੂੰ ਉਸ ਵੇਲੇ ਦੇ ਪ੍ਰਕਾਸ਼ਿਤ ਹਵਾਲਿਆਂ ਨਾਲ ਸਾਰੇ ਬਿਰਤਾਂਤ ਨੂੰ ਗੁੰਦਣ ਤੋਂ ਇਲਾਵਾ ਅਨੇਕਾਂ ਛੋਟੀਆਂ ਕਹਾਣੀਆਂ ਨਾਲ ਪਰੋਇਆ ਹੈ। ਜਿਸ ਤਰ੍ਹਾਂ ਮੌਜੂਦਾ ਪੰਜਾਬ ਸੰਘਰਸ਼ ਨੂੰ ਲੇਖਿਕਾ ਨੇ 1839 ਪਿਛੋਂ ਵਾਪਰੀਆਂ ਇਤਿਹਾਸਕ ਘਟਨਾਵਾਂ ਨਾਲ ਗੁੰਦਿਆ ਹੈ, ਉਹ ਸਮੇਂ ਦੀ ਲੋੜ ਵੀ ਸੀ ਅਤੇ ਸ਼ੈਲੀ ਪੱਖੋਂ ਨਵੀਂ ਪਿਰਤ ਹੈ।



ਗੁਰਦੁਆਰਾ ਪੈਲਾਟਾਈਨ ਦੀ ਲਾਇਬਰੇਰੀ ਵੱਲੋਂ ਬੀਤੇ ਸਨਿੱਚਰਵਾਰ ਦੀ ਸ਼ਾਮ ਮਲਿਕਾ ਕੌਰ ਨਾਲ ਖੁੱਲ੍ਹੀ ਬੈਠਕ ਬਲਬੀਰ ਸਿੰਘ ਦੇ ਘਰ ਰੱਖੀ ਗਈ, ਜਿੱਥੇ ਪੰਜਾਬ ਸੰਘਰਸ਼, ਚੌਰਾਸੀ ਅਤੇ ਇਨਸਾਨੀ ਹੱਕਾਂ ਦੇ ਵਿਸ਼ੇ ਨਾਲ ਜੁੜੀ ਸ਼ਿਕਾਗੋ ਸੰਗਤ ਨੇ ਖੁੱਲ੍ਹੀਆਂ ਲੰਮੀਆਂ ਵਿਚਾਰਾਂ ਕੀਤੀਆਂ। ਮਲਿਕਾ ਕੌਰ ਨੇ ਕਿਤਾਬ ਲਿਖਣ ਵਿਚ ਆਈਆਂ ਔਕੜਾਂ ਅਤੇ ਲਿਖਤ ਦੀ ਨਿਵੇਕਲੀ ਸ਼ੈਲੀ ਬਾਰੇ ਸੰਗਤਾਂ ਦੇ ਸੁਆਲਾਂ ਦੇ ਜੁਆਬ ਦਿੱਤੇ। ਉਹ ਆਖਦੀ ਹੈ, "ਪੰਜਾਬ ਦੇ ਸੰਘਰਸ਼ ਨੂੰ ਬਿਆਨ ਕਰਨ ਦੇ ਅਨੇਕਾਂ ਤਰੀਕੇ ਹਨ...ਮੇਰਾ ਇਹ ਉਪਰਾਲਾ ਉਨ੍ਹਾਂ ਲੋਕਾਂ ਦੀ ਦਾਸਤਾਨ ਹੈ, ਜਿਨ੍ਹਾਂ ਨੇ ਜਬਰ ਦੇ ਸਾਹਮਣੇ ਆਪਣਾ ਅਸਰ-ਰਸੂਖ ਵਰਤ ਕੇ ਇਨਸਾਨੀ ਹੱਕਾਂ ਦੀ ਰਾਖੀ ਕੀਤੀ ਹੈ।"

ਐਤਵਾਰ ਨੂੰ ਮਲਿਕਾ ਕੌਰ ਨੇ ਗੁਰਦੁਆਰਾ ਪੈਲਾਟਾਈਨ ਦੇ ਦੀਵਾਨ ਹਾਲ ਵਿਚ ਕਿਤਾਬ ਦੇ ਪਿਛੋਕੜ ਅਤੇ ਕਿਤਾਬ ਵਿਚਲੀ ਇਕ ਪਾਤਰ ਦੀ ਹਨੇਰੇ ਵਖਤਾਂ ਵੇਲਿਆਂ ਦੀ ਇਕ ਦਰਦਨਾਕ ਘਟਨਾ ਵੀ ਪੜ੍ਹ ਕੇ ਸੁਣਾਈ, ਜਦੋਂ ਜਨੂੰਨੀ ਭਾਰਤੀ ਹਾਕਮਾਂ ਵੱਲੋਂ ਅਗਵਾ ਕੀਤੇ 'ਕਿੱਡ' ਨੂੰ ਛੁਡਵਾਉਣ ਖਾਤਰ ਇਸ ਸਿੱਖ ਬੀਬੀ ਨੇ ਸੀ. ਆਰ. ਪੀ. ਦੀਆਂ ਸੰਗੀਨਾਂ ਦੀ ਪਰਵਾਹ ਕੀਤੇ ਬਿਨਾ ਖਰੜ ਥਾਣੇ ਦਾ ਘਿਰਾਓ ਕੀਤਾ।

ਮਲਿਕਾ ਕੌਰ ਗੁਰੂ ਘਰ ਦੀ ਲਾਇਬਰੇਰੀ ਵਿਚ ਵੀ ਸੰਗਤਾਂ ਦੇ ਰੂਬਰੂ ਹੋਈ,

ਕਿਸੇ ਲੱਥੜੀ ਪੱਗ ਤੇ ਪੱਤ ਵਾਲੇ,
ਸਾਂਭ ਜਿਗਰ ਤੇ ਰੱਖੇ ਦੀਵਾਨਿਆਂ ਨੇ।
ਚੁੱਭਿਆ ਰਹੇਗਾ ਜਿੰਦ ਵਿਚ ਕੋਟ ਬਰਸਾਂ,
ਤਾਹਨਾ ਮਾਰਿਆ ਜਿਹੜਾ ਬੇਗਾਨਿਆਂ ਨੇ।


ਚੌਰਾਸੀ ਵਿਚ ਵਾਪਰੇ ਘੱਲੂਘਾਰਿਆਂ ਦੌਰਾਨ ਗੈਰ-ਸਿੱਖਾਂ ਵੱਲੋਂ ਮਾਰੇ ਤਾਹਨਿਆਂ ਦੀ ਚੀਸ ਸਿੱਖ ਮਨਾਂ ਵਿਚ ਸਦੀਵੀ ਵੱਸਦੀ ਰਹੇਗੀ। ਤਸੱਲੀ ਇਸ ਗੱਲ ਦੀ ਹੈ ਕਿ ਬੇਗਾਨਿਆਂ ਵੱਲੋਂ ਮਾਰੇ 'ਇਕ ਤਾਹਨੇ ਦੀ ਪੀੜ' ਮਲਿਕਾ ਕੌਰ ਨੇ ਹਿਰਦੇ ਵਿਚ ਵੱਸਾ ਕੇ ਨਵਾਂ ਨਿਸ਼ਾਨਾ ਚੁਣਿਆ ਅਤੇ ਵਕਾਲਤ ਪੜ੍ਹਾਉਂਦਿਆਂ, ਕਿਰਤ ਕਰਦਿਆਂ 304 ਸਫਿਆਂ ਦੀ ਕਿਤਾਬ ਕੌਮ ਦੀ ਝੋਲੀ ਪਾ ਦਿੱਤੀ।

ਇਹ ਕਿਤਾਬ ਗੁਰਦੁਆਰਾ ਪੈਲਾਟਾਈਨ ਦੀ ਲਾਇਬਰੇਰੀ ਵਿਚ ਬਲਬੀਰ ਸਿੰਘ ਪਾਸੋਂ ਜਾਂ ਆਨ ਲਾਈਨ https://www.palgrave.com/us/book/9783030246730 'ਤੇ ਜਾ ਕੇ ਵੀ ਖਰੀਦੀ ਜਾ ਸਕਦੀ ਹੈ।

## ਹਾਲੀਵੁੱਡ ਨਿਰਮਾਤਾ ਹਾਰਵੇ ਵਿੰਸਟੀਨ ਨੂੰ ਜਬਰ ਜਨਾਹ ਮਾਮਲੇ 'ਚ ਸਜ਼ਾ

**ਨਿਊ ਯਾਰਕ:** ਹਾਲੀਵੁੱਡ ਨਿਰਮਾਤਾ ਹਾਰਵੇ ਵਿੰਸਟੀਨ (67) ਨੂੰ ਜਬਰ ਜਨਾਹ ਤੇ ਜਿਣਸੀ ਸ਼ੋਸ਼ਣ ਮਾਮਲਿਆਂ 'ਚ 23 ਸਾਲ ਦੀ ਸਜ਼ਾ ਸੁਣਾਈ ਗਈ ਹੈ। ਹਾਰਵੇ ਪਿਛਲੇ ਮਹੀਨੇ ਸੁਣਾਈ ਗਈ ਆਪਣੀ ਸਜ਼ਾ ਦੇ ਬਾਅਦ ਹਿਰਾਸਤ 'ਚ ਸੀ। ਉਹ ਵੀਲ੍ਹ ਚੇਅਰ ਉਤੇ ਅਦਾਲਤ ਪਹੁੰਚਿਆ। ਨਿਊ ਯਾਰਕ ਦੀ ਇਕ ਅਦਾਲਤ ਨੇ ਉਸ ਨੂੰ ਜਬਰ ਜਨਾਹ ਤੇ ਜਿਣਸੀ ਸ਼ੋਸ਼ਣ ਮਾਮਲਿਆਂ 'ਚ ਦੋਸ਼ੀ ਪਾਇਆ। ਉਸ ਉਤੇ 80 ਤੋਂ ਜ਼ਿਆਦਾ ਔਰਤਾਂ ਨੇ ਜਿਣਸੀ ਸ਼ੋਸ਼ਣ ਦੇ ਦੋਸ਼ ਲਗਾਏ ਸਨ। ਇਨ੍ਹਾਂ 'ਚ ਉਸ ਦੀ ਸਾਬਕਾ ਸਹਿਯੋਗੀ ਮਿਮੀ ਹੈਲੀ ਤੇ ਹਾਲੀਵੁੱਡ ਅਦਾਕਾਰਾ ਜੈਸਿਕਾ ਮਾਨ ਵੀ ਸ਼ਾਮਲ ਸੀ। ਹਾਲਾਂਕਿ ਉਸ ਨੂੰ ਕੁਝ ਅਜਿਹੇ ਮਾਮਲਿਆਂ 'ਚ ਬਰੀ ਕਰ ਦਿੱਤਾ ਗਿਆ ਹੈ, ਜਿਸ 'ਚ ਉਸ ਨੂੰ ਉਮਰ ਕੈਦ ਹੋ ਸਕਦੀ ਸੀ। ਉਸ ਨੂੰ 2013 ਨਿਊ ਯਾਰਕ ਦੇ ਇਕ ਹੋਟਲ 'ਚ ਇਕ ਔਰਤ ਨਾਲ ਜਬਰ ਜਨਾਹ ਕਰਨ ਦਾ ਦੋਸ਼ੀ ਵੀ ਠਹਿਰਾਇਆ ਗਿਆ।

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298






For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store
MIDWAY Business Broker
We Build Your Dreams
MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.
We help you to
Home Selling
Home Buying
Rental / Lease
New Construction
Foreclosed / Short Sale
REO'S / HUD Property
WE WILL ASSIST YOU TO PROVIDE FUNDING FROM $25K TO 500K IN 48HRS
List your business at WWW.MBBBIZ.COM
AJEET SINGH : 847-529-9778
NICK VERMA : 630-664-1435

# ਪੰਜਾਬ ਸਰਕਾਰ ਨਿਗਮ ਤੇ ਨਗਰ ਕੌਂਸਲ ਚੋਣਾਂ ਟਾਲਣ ਦੇ ਰੌਂਅ ਵਿਚ

**ਚੰਡੀਗੜ੍ਹ:** ਪੰਜਾਬ ਦੀਆਂ 127 ਨਗਰ ਨਿਗਮਾਂ, ਮਿਉਂਸਪਲ ਕਮੇਟੀਆਂ ਅਤੇ ਨਗਰ ਕੌਂਸਲਾਂ ਵਿਚੋਂ ਦੋ ਨੂੰ ਛੱਡ ਕੇ ਬਾਕੀ ਸਾਰੀਆਂ ਸੰਸਥਾਵਾਂ ਪੰਜ ਸਾਲਾਂ ਦੀ ਮਿਆਦ ਪੂਰੀ ਕਰ ਚੁੱਕੀਆਂ ਹਨ। ਕੈਪਟਨ ਸਰਕਾਰ ਇਨ੍ਹਾਂ ਦੀਆਂ ਫੌਰੀ ਚੋਣਾਂ ਕਰਵਾਉਣ ਦੀ ਥਾਂ ਪ੍ਰਸ਼ਾਸਕ ਲਾਉਣ ਦੀ ਤਿਆਰੀ ਕਰ ਰਹੀ ਹੈ। ਇਸ ਸਾਲ ਦੇ ਅਖੀਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਪੰਜਾਹ ਫੀਸਦੀ ਰਾਖਵਾਂਕਰਨ ਲਾਗੂ ਹੋ ਜਾਵੇਗਾ।

ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਸ਼ਹਿਰਾਂ ਅਤੇ ਸਥਾਨਕ ਸਰਕਾਰਾਂ ਵਾਲੇ ਕਸਬਿਆਂ ਵਿਚ ਪਹਿਲਾਂ ਵਿਕਾਸ ਕੰਮ ਕਰਵਾਉਣ ਅਤੇ ਇਸ ਤੋਂ ਬਾਅਦ ਚੋਣਾਂ ਕਰਵਾਉਣ ਬਾਰੇ ਵਿਚਾਰ ਕਰ ਰਹੀ ਹੈ, ਜਿਸ ਕਾਰਨ ਸਥਾਨਕ ਅਦਾਰਿਆਂ ਦੀਆਂ ਚੋਣਾਂ ਇਸ ਸਾਲ ਦੇ ਅਖੀਰ ਵਿਚ ਕਰਵਾਉਣ ਦੀ ਉਮੀਦ ਹੈ। ਨਗਰ ਨਿਗਮਾਂ, ਮਿਉਂਸਪਲ ਕਮੇਟੀਆਂ ਅਤੇ ਨਗਰ ਕੌਂਸਲਾਂ ਦੇ ਪ੍ਰਸ਼ਾਸਕ ਲਾਉਣ ਦੀ ਫਾਈਲ ਮੁੱਖ ਮੰਤਰੀ ਕੋਲ ਪੁੱਜ ਚੁੱਕੀ ਹੈ ਤੇ ਉਹ ਇਸ ਬਾਰੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਬ੍ਰਹਮ ਮਹਿੰਦਰਾ ਨਾਲ ਸਲਾਹ ਕਰ ਕੇ ਕਿਸੇ ਵੀ ਸਮੇਂ ਪ੍ਰਸ਼ਾਸਕ ਲਾਉਣ ਲਈ ਹਰੀ ਝੰਡੀ ਦੇ ਸਕਦੇ ਹਨ।

ਕੈਪਟਨ ਸਰਕਾਰ ਪ੍ਰਸ਼ਾਸਕਾਂ ਦੇ ਕਾਰਜਕਾਲ ਵਿਚ ਸ਼ਹਿਰਾਂ ਅਤੇ ਕਸਬਿਆਂ ਦੇ ਵਿਕਾਸ ਲਈ ਫੰਡ ਜੁਟਾ ਕੇ ਵਿਕਾਸ ਕਾਰਜ ਤੇਜ਼ੀ ਨਾਲ ਕਰ ਕੇ ਆਪਣਾ ਅਕਸ ਸੁਧਾਰਨ ਦਾ ਯਤਨ ਕਰੇਗੀ ਤੇ ਉਸ ਤੋਂ ਬਾਅਦ ਹੀ ਚੋਣਾਂ ਕਰਵਾਉਣ ਲਈ ਅੱਗੇ ਵਧੇਗੀ, ਪਰ ਉਸ ਨੂੰ ਪੰਜਾਬ ਮਿਉਂਸਪਲ ਐਕਟ ਅਨੁਸਾਰ ਪ੍ਰਸ਼ਾਸਕ ਲਾਉਣ ਤੋਂ ਬਾਅਦ ਛੇ ਮਹੀਨਿਆਂ ਵਿਚ ਅਕਤੂਬਰ ਵਿਚ ਚੋਣਾਂ ਕਰਵਾਉਣੀਆਂ ਪੈਣਗੀਆਂ। ਕੈਪਟਨ ਸਰਕਾਰ ਪੰਚਾਇਤਾਂ ਅਤੇ ਸਥਾਨਕ ਸਰਕਾਰਾਂ ਵਿਚ ਔਰਤਾਂ ਲਈ ਪੰਜਾਹ ਫੀਸਦੀ ਰਾਖਵਾਂਕਰਨ ਲਾਗੂ ਕਰਨ ਦਾ ਐਲਾਨ ਕਰ ਚੁੱਕੀ ਹੈ ਤੇ ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਵਿਚ ਇਸ ਨੂੰ ਅਮਲੀਜਾਮਾ ਪਹਿਨਾਇਆ ਜਾ ਚੁੱਕਾ ਹੈ। ਸਥਾਨਕ ਕਮੇਟੀਆਂ ਦੀਆਂ ਚੋਣਾਂ ਵਿਚ ਵਾਰਡਬੰਦੀ ਕਰਦੇ ਸਮੇਂ ਪੰਜਾਹ ਫੀਸਦੀ ਵਾਰਡਾਂ ਵਿਚ ਔਰਤਾਂ ਲਈ ਰਾਖਵਾਂਕਰਨ ਕਰਨਾ ਪਵੇਗਾ।

ਦੱਸ ਦਈਏ ਕਿ ਦੇਸ਼ ਵਿਚ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਰਾਹੀਂ ਪੰਚਾਇਤਾਂ, ਪੰਚਾਇਤੀ ਰਾਜ ਸੰਸਥਾਵਾਂ, ਨਗਰ ਕੌਂਸਲਾਂ ਤੇ ਸ਼ਹਿਰਾਂ ਵਿਚਲੀਆਂ ਮਿਉਂਸਪਲ ਕੌਂਸਲਾਂ ਨੂੰ



ਸੰਵਿਧਾਨਕ ਦਰਜਾ ਦਿੰਦਿਆਂ ਉਨ੍ਹਾਂ ਨੂੰ ਉਸੇ ਤਰ੍ਹਾਂ ਦੇ ਅਧਿਕਾਰ ਦਿੱਤੇ ਗਏ ਜਿਸ ਤਰ੍ਹਾਂ ਦੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਪ੍ਰਾਪਤ ਹਨ। 74ਵੀਂ ਸੰਵਿਧਾਨਿਕ ਸੋਧ ਅਨੁਸਾਰ ਸ਼ਹਿਰਾਂ ਨਾਲ ਸਬੰਧਤ ਵਿਕਾਸ ਦੇ ਸਾਰੇ ਕੰਮ ਨਗਰ ਨਿਗਮਾਂ, ਕੌਂਸਲਾਂ ਅਤੇ ਨਗਰ ਪੰਚਾਇਤਾਂ ਰਾਹੀਂ ਕਰਵਾਉਣ ਵਾਸਤੇ ਸਬੰਧਤ ਵਿਭਾਗਾਂ ਦੇ ਕੰਮ, ਕਰਮਚਾਰੀ ਅਤੇ ਵਿੱਤੀ ਸਾਧਨਾਂ ਦਾ ਅਧਿਕਾਰ ਇਨ੍ਹਾਂ ਸੰਸਥਾਵਾਂ ਹਵਾਲੇ ਕੀਤਾ ਜਾਣਾ ਸੀ। ਸੰਵਿਧਾਨਕ ਸੋਧਾਂ ਨੇ ਇਨ੍ਹਾਂ ਸੰਸਥਾਵਾਂ ਦੀ ਅਹਿਮੀਅਤ ਭਾਵੇਂ ਵਧਾ ਦਿੱਤੀ ਹੈ ਪਰ ਰਾਜ ਸਰਕਾਰਾਂ ਨੇ ਇਨ੍ਹਾਂ ਸੰਸਥਾਵਾਂ ਨੂੰ ਵੱਧ ਅਧਿਕਾਰ, ਵਿੱਤੀ ਸਾਧਨ ਅਤੇ ਕਰਮਚਾਰੀ ਦੇਣ ਲਈ ਯੋਗ ਕਾਰਵਾਈ ਨਹੀਂ ਕੀਤੀ।

ਪੰਜਾਬ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀ ਚੋਣ ਪੰਜ ਸਾਲਾਂ ਦੇ ਅੰਦਰ ਨਾ ਕਰਵਾ ਕੇ ਛੇ ਮਹੀਨੇ ਲਟਕਾਉਣ ਦਾ ਸਿਲਸਿਲੇ ਦੀ ਤਰ੍ਹਾਂ ਹੁਣ ਨਗਰ ਕੌਂਸਲਾਂ ਦੀਆਂ ਚੋਣਾਂ ਵੀ ਉਸੇ ਤਰੀਕੇ ਨਾਲ ਕਰਵਾਏ ਜਾਣ ਦੇ ਆਸਾਰ ਹਨ। ਪੰਜਾਬ ਦੀਆਂ ਕੁੱਲ 127 ਨਗਰ ਨਿਗਮ, ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿਚੋਂ 125 ਦੀ ਪੰਜ ਸਾਲਾਂ ਦੀ ਮਿਆਦ 8 ਤੋਂ 10 ਮਾਰਚ ਦੇ ਦਰਮਿਆਨ ਖਤਮ ਹੋ ਗਈ ਹੈ। ਮੁਹਾਲੀ ਨਗਰ ਨਿਗਮ ਦੀ ਮਿਆਦ 30 ਮਾਰਚ ਅਤੇ ਅਬੋਹਰ ਦੀ 26 ਅਪਰੈਲ ਨੂੰ ਖਤਮ ਹੋ ਰਹੀ ਹੈ। ਇਸ ਦੇ ਬਾਵਜੂਦ ਅਜੇ ਕੋਈ ਚੋਣ ਪ੍ਰਕਿਰਿਆ ਸ਼ੁਰੂ ਨਹੀਂ ਹੋਈ ਹੈ। ਇਸ ਦੇ ਅਰਥ ਇਹ ਨਿਕਲਦੇ ਹਨ ਕਿ ਸਰਕਾਰ ਇਨ੍ਹਾਂ ਸੰਸਥਾਵਾਂ ਵਿਚ ਤੁਰਤ ਚੋਣਾਂ ਕਰਵਾਉਣ ਦੀ ਬਜਾਏ ਲਗਭਗ ਛੇ ਮਹੀਨੇ ਤੱਕ ਪ੍ਰਬੰਧਕ ਲਗਾ ਕੇ ਕੰਮ ਚਲਾਉਣਗੀਆਂ। ਪ੍ਰਬੰਧਕਾਂ ਨਾਲ ਕੰਮ ਚਲਾਉਣ ਵਾਲਾ ਵਰਤਾਰਾ ਚੁਣੀਆਂ ਸੰਸਥਾਵਾਂ ਦੇ ਦੌਰ 'ਚ ਅਸੰਵਿਧਾਨਕ ਅਤੇ ਗੈਰ-ਜਮਹੂਰੀ ਹੈ।

ਪ੍ਰਬੰਧਕਾਂ ਰਾਹੀਂ ਵਿਧਾਇਕ ਅਤੇ ਮੰਤਰੀ ਮਨਮਰਜ਼ੀ ਕਰਨ ਦੇ ਜ਼ਿਆਦਾ ਸਮਰੱਥ ਹੋ ਜਾਂਦੇ ਹਨ। ਸੰਵਿਧਾਨ ਵਿਚ ਸੋਧ ਕਰਕੇ ਤਾਕਤਾਂ ਸਥਾਨਕ ਸੰਸਥਾਵਾਂ ਨੂੰ ਦੇਣ ਦੇ ਪਿੱਛੇ ਪ੍ਰਮੁੱਖ ਭਾਵਨਾ ਇਹ ਸੀ ਕਿ ਚੁਣੇ ਹੋਏ ਨੁਮਾਇੰਦੇ ਆਪਣੇ ਸਥਾਨਕ ਲੋੜਾਂ ਅਨੁਸਾਰ ਯੋਜਨਾਵਾਂ ਬਣਾ ਕੇ ਵਿਕਾਸ ਕਰਵਾ ਸਕਣਗੇ। ਇਨ੍ਹਾਂ ਸੰਸਥਾਵਾਂ ਨੂੰ ਲੋੜੀਂਦੇ ਅਧਿਕਾਰ ਨਾ ਦੇਣ ਪਿੱਛੇ ਵੀ ਮੰਤਰੀਆਂ, ਵਿਧਾਇਕਾਂ ਅਤੇ ਹੋਰ ਵੱਡੇ ਆਗੂਆਂ ਦੁਆਰਾ ਆਪਣਾ ਪ੍ਰਭਾਵ ਬਣਾਈ ਰੱਖਣ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ।

# ਯੂ-ਟਿਊਬ ਚੈਨਲ ਨਾਲ ਮੈਦਾਨ 'ਚ ਨਿੱਤਰਿਆ ਨਵਜੋਤ ਸਿੱਧੂ

**ਅੰਮ੍ਰਿਤਸਰ:** ਲੰਮੀ ਚੁੱਪ ਮਗਰੋਂ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਨਵਾਂ ਧਮਾਕਾ ਕਰਦਿਆਂ ਆਪਣਾ ਯੂ-ਟਿਊਬ ਚੈਨਲ 'ਜਿੱਤੇਗਾ ਪੰਜਾਬ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਰਾਹੀਂ ਉਹ ਪੰਜਾਬ ਦੇ ਲੋਕਾਂ ਨਾਲ ਸੂਬੇ ਦੇ ਵਿਕਾਸ ਤੇ ਖੁਸ਼ਹਾਲੀ ਬਾਰੇ ਸੰਵਾਦ ਰਚਾਉਣਗੇ।

ਇਸ ਚੈਨਲ ਲਈ ਉਨ੍ਹਾਂ ਨੇ ਆਪਣੀ ਪਹਿਲੀ ਵੀਡੀਓ ਜਾਰੀ ਕੀਤੀ ਹੈ, ਜਿਸ ਵਿਚ ਉਹ ਆਪਣੇ ਘਰੋਂ ਹੀ ਲੋਕਾਂ ਨੂੰ ਸੰਬੋਧਨ ਕਰ ਰਹੇ ਹਨ। ਚੈਨਲ ਦੇ ਇਕ ਪਾਸੇ ਲੋਗੋ ਵਿਚ ਚੈਨਲ ਦਾ ਨਾਂ 'ਜਿੱਤੇਗਾ ਪੰਜਾਬ' ਅਤੇ ਪੰਜਾਬ ਦਾ ਰਾਜ ਪੰਛੀ 'ਬਾਜ' ਦਿਖਾਈ ਦੇ ਰਿਹਾ ਹੈ। ਆਪਣੇ ਰਵਾਇਤੀ ਅੰਦਾਜ਼ ਵਿਚ ਗੱਲ ਕਰਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਉਹ ਲੰਮਾ ਸਮਾਂ ਚਿੰਤਨ ਕਰਨ ਮਗਰੋਂ ਲੋਕਾਂ ਨਾਲ ਰਾਬਤਾ ਜੋੜਨ ਵਾਸਤੇ



ਚੈਨਲ ਸ਼ੁਰੂ ਕਰ ਰਹੇ ਹਨ, ਜਿਸ ਰਾਹੀਂ ਉਹ ਸਾਦੀ ਤੇ ਸਰਲ ਭਾਸ਼ਾ ਵਿਚ ਲੋਕਾਂ ਕੋਲ ਆਪਣੇ ਵਿਚਾਰ ਰੱਖਣਗੇ। 'ਆਸ ਤੇ ਵਿਸ਼ਵਾਸ' ਨਾਂ ਦੀ ਇਹ ਪਹਿਲੀ ਵੀਡੀਓ ਕਲਿੱਪ ਲਗਭਗ ਚਾਰ ਮਿੰਟਾਂ ਦੀ ਹੈ।

ਇਸ ਸਬੰਧੀ ਸ੍ਰੀ ਸਿੱਧੂ ਵਲੋਂ ਬਿਆਨ ਵੀ ਜਾਰੀ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਨੇ ਪੰਜਾਬ ਦੀ ਤਰੱਕੀ ਦੀ ਸੋਚ ਰੱਖਣ ਵਾਲਿਆਂ ਨੂੰ ਗੋਸ਼ਟੀਆਂ, ਮੁਲਾਕਾਤਾਂ ਅਤੇ ਸੰਵਾਦ ਰਾਹੀਂ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਚੈਨਲ ਪੰਜਾਬ ਨੂੰ ਮੁੜ ਉਸਾਰੀ ਅਤੇ ਪੁਨਰ ਜਾਗ੍ਰਿਤੀ ਵੱਲ ਲੈ ਕੇ ਜਾਣ ਦਾ ਯਤਨ ਹੋਵੇਗਾ। ਉਨ੍ਹਾਂ ਇਸ ਚੈਨਲ ਨੂੰ ਅਜਿਹਾ ਮੰਚ ਆਖਿਆ, ਜਿਸ ਰਾਹੀਂ ਪੰਜਾਬ ਦੇ ਭਖਦੇ ਮਸਲਿਆਂ ਉਤੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਰਾਹੀਂ ਪੰਜਾਬ ਵਾਸਤੇ ਰੋਡ ਮੈਪ 'ਤੇ ਵੀ ਚਰਚਾ ਹੋਵੇਗੀ। ਇਹ ਚੈਨਲ ਗੁਰੂ ਸਾਹਿਬ ਵਲੋਂ ਦਰਸਾਏ ਵਿਸ਼ਵ ਬਰਾਬਰੀ, ਪਿਆਰ ਅਤੇ ਸ਼ਾਂਤੀ ਦੇ ਮਾਰਗ ਤੋਂ ਪ੍ਰੇਰਣਾ ਲੈ ਕੇ ਆਪਣੀ ਗੱਲ ਲੋਕਾਂ ਸਾਹਮਣੇ ਰੱਖੇਗਾ। ਦੱਸਣਯੋਗ ਹੈ ਕਿ ਪਿਛਲੇ ਲਗਭਗ ਇਕ ਸਾਲ ਤੋਂ ਮੰਤਰੀ ਮੰਡਲ ਛੱਡਣ ਮਗਰੋਂ ਸ੍ਰੀ ਸਿੱਧੂ ਇਕਾਂਤਵਾਸ ਵਿਚ ਹਨ। ਉਨ੍ਹਾਂ ਨੇ ਸਰਗਰਮ ਰਾਜਨੀਤੀ ਅਤੇ ਮੀਡੀਆ ਤੋਂ ਦੂਰੀ ਬਣਾਈ ਹੋਈ ਹੈ। ਹਾਲ ਹੀ ਵਿਚ ਉਨ੍ਹਾਂ ਨੇ ਦਿੱਲੀ ਵਿਚ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤਾਂ ਕੀਤੀਆਂ ਹਨ।

ਪਹਿਲੀ ਵੀਡੀਓ ਕਲਿੱਪ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਿਆਸਤਦਾਨਾਂ ਨੂੰ ਤਾਕਤ ਬਖਸ਼ੀ ਹੈ ਅਤੇ ਇਹ ਤਾਕਤ ਚਾਰ-ਪੰਜ ਵਿਅਕਤੀਆਂ ਕੋਲ ਹੀ ਨਹੀਂ ਰਹਿਣੀ ਚਾਹੀਦੀ। ਇਹ ਤਾਕਤ ਲੋਕਾਂ ਨੂੰ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸੇ ਨੇਕ ਨੀਯਤ ਨੂੰ ਲੈ ਕੇ ਉਹ ਇਹ ਚੈਨਲ ਸ਼ੁਰੂ ਕਰ ਰਹੇ ਹਨ, ਜਿਸ ਦਾ ਮੰਤਵ ਜਿੱਤੇਗਾ ਪੰਜਾਬ, ਜਿੱਤੇਗਾ ਹਰ ਪੰਜਾਬੀ ਅਤੇ ਜਿੱਤੇਗੀ ਪੰਜਾਬੀਅਤ ਹੋਵੇਗਾ। ਇਸ ਚੈਨਲ ਰਾਹੀਂ ਉਹ ਲੋਕਾਂ ਦੇ ਸੰਪਰਕ ਵਿਚ ਰਹਿਣਗੇ। ਉਨ੍ਹਾਂ ਲੋਕਾਂ ਨੂੰ ਆਖਿਆ ਕਿ ਉਹ ਨਾ ਹੀ ਆਸ ਛੱਡਣ ਅਤੇ ਨਾ ਹੀ ਵਿਸ਼ਵਾਸ ਛੱਡਣ। ਜਲਦੀ ਹੀ ਨਿਰਾਸ਼ਾ ਖਤਮ ਹੋਵੇਗੀ ਅਤੇ ਪੰਜਾਬ ਮੁੜ ਉਭਰੇਗਾ।

## ਕਤਲੇਆਮ 84: 'ਸਿਟ' ਵਲੋਂ ਕਮਲਨਾਥ ਬਾਰੇ ਰਿਕਾਰਡ ਜ਼ਬਤ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੇ ਕੇਸਾਂ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਐਫ.ਆਈ.ਆਰ. ਨੰਬਰ 601/84 ਦਾ ਰਿਕਾਰਡ ਜ਼ਬਤ ਕਰ ਲਿਆ ਹੈ। ਇਸ ਕੇਸ ਵਿਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਮੁਲਜ਼ਮ ਹਨ ਤੇ ਸਬੂਤਾਂ ਤੋਂ ਕਤਲੇਆਮ ਦੌਰਾਨ ਤਿੰਨ ਸਿੱਖਾਂ ਦਾ ਕਤਲ ਕੀਤੇ ਜਾਣ ਵਿਚ ਉਨ੍ਹਾਂ ਦੀ ਸਿੱਧੀ ਸ਼ਮੂਲੀਅਤ ਸਾਬਤ ਕਰਦੇ ਕਈ ਖੁਲਾਸੇ ਹੋਏ ਹਨ।

ਇਹ ਜਾਣਕਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦਿੱਤੀ। ਸਬੂਤ ਮੀਡੀਆ ਨਾਲ ਸਾਂਝੇ ਕਰਦਿਆਂ ਸ੍ਰੀ ਸਿਰਸਾ ਨੇ ਦੱਸਿਆ ਕਿ ਐਸ.ਆਈ.ਟੀ., ਜੋ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਦੀ ਜਾਂਚ, ਮੁੜ ਜਾਂਚ ਤੇ ਅਗਲੇਰੀ ਜਾਂਚ ਕਰ ਰਹੀ ਹੈ, ਨੇ ਐਫ.ਆਈ.ਆਰ. ਨੰਬਰ 601/84 ਥਾਣਾ ਪਾਰਲੀਮੈਂਟ ਸਟ੍ਰੀਟ (ਗੋਸਵਾਰਾ ਨੰਬਰ 114/ਐਸ) ਨਾਮ ਸਟੇਟ ਬਨਾਮ ਕਿਸ਼ੋਰ ਵਗੈਰਾ ਦਾ ਰਿਕਾਰਡ ਜ਼ਬਤ ਕਰ ਲਿਆ ਹੈ।

# ਸੁਖਬੀਰ ਵਲੋਂ ਬਾਗੀਆਂ ਨੂੰ ਮਨਾਉਣ ਲਈ ਘਰ ਤੱਕ ਪਹੁੰਚ

**ਬਰਨਾਲਾ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਬਾਗੀ ਹੋਏ ਕੁਝ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਖੁਦ ਉਨ੍ਹਾਂ ਦੇ ਘਰਾਂ 'ਚ ਜਾ ਕੇ ਮਨਾਉਣ ਲੱਗੇ ਹਨ। ਬਰਨਾਲਾ ਜ਼ਿਲ੍ਹੇ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਖਿਲਰਨ ਤੋਂ ਬਚਾਉਣ ਲਈ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਜ਼ਿਲ੍ਹੇ ਦੇ ਆਗੂਆਂ ਨੂੰ ਮਿਲਣ ਲਈ ਚੱਕਰ ਲਾਏ ਜਾ ਰਹੇ ਹਨ। ਸੁਖਬੀਰ ਸਿੰਘ ਬਾਦਲ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ, ਮੌਜੂਦਾ ਕੌਂਸਲਰ ਤੇ ਸੀਨੀਅਰ ਅਕਾਲੀ ਆਗੂ ਪਰਮਜੀਤ ਸਿੰਘ ਢਿੱਲੋਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਪੁੱਜੇ।

ਇਸ ਮੌਕੇ ਪਾਰਟੀ ਛੱਡ ਕੇ ਗਏ ਅਕਾਲੀ ਦਲ ਦੇ ਕੌਂਸਲਰ ਧਰਮ ਸਿੰਘ ਫੌਜੀ ਵੀ ਮੁੜ ਪਾਰਟੀ 'ਚ ਸ਼ਾਮਲ ਹੋ ਗਏ। ਇਸ ਮੌਕੇ ਸੁਖਬੀਰ ਨੇ ਕਿਹਾ ਕਿ ਪਰਮਜੀਤ ਸਿੰਘ ਢਿੱਲੋਂ ਦਾ ਪਰਿਵਾਰ ਟਕਸਾਲੀ ਅਕਾਲੀ ਹੈ ਅਤੇ ਉਹ ਉਨ੍ਹਾਂ ਦੇ ਘਰ ਚਾਹ ਪੀਣ ਲਈ ਆਏ ਹਨ। ਉਨ੍ਹਾਂ ਕਿਹਾ



ਕਿ ਪੂਰੇ ਸੂਬੇ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਆਗੂਆਂ ਤੇ ਵਰਕਰਾਂ 'ਚ ਉਤਸ਼ਾਹ ਹੈ। ਢੀਂਡਸਾ ਪਰਿਵਾਰ ਨੂੰ ਵੀ ਮੁੜ ਪਾਰਟੀ 'ਚ ਸ਼ਾਮਲ ਕਰਨ ਦੀ ਕੋਸ਼ਿਸ਼ ਬਾਰੇ ਪੁੱਛਣ ਉਤੇ ਉਨ੍ਹਾਂ ਕਿਹਾ ਕਿ ਜਿਨ੍ਹਾਂ ਆਗੂਆਂ ਨੇ ਪਾਰਟੀ ਦੀ ਪਿੱਠ 'ਚ ਛੁਰਾ ਮਾਰਿਆ ਹੈ, ਉਨ੍ਹਾਂ ਨੂੰ ਕਿਸੇ ਵੀ ਕੀਮਤ ਉਤੇ ਪਾਰਟੀ 'ਚ ਸ਼ਾਮਲ ਨਹੀਂ ਕੀਤਾ ਜਾਵੇਗਾ। ਬਰਨਾਲਾ ਜ਼ਿਲ੍ਹੇ 'ਚ ਵੱਡੀ ਪੱਧਰ ਉਤੇ ਬਗਾਵਤ ਹੋਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਿਰਫ ਅਫਵਾਹਾਂ ਹਨ। ਜਿਹੜੇ ਆਗੂ ਤੇ ਵਰਕਰ ਕਿਸੇ ਬਹਿਕਾਵੇ 'ਚ ਆ ਕੇ ਚਲੇ ਗਏ ਹਨ, ਉਹ ਜਲਦ ਪਾਰਟੀ 'ਚ ਵਾਪਸ ਆ ਜਾਣਗੇ।

# ਦਿੱਲੀ ਕਮੇਟੀ ਚੋਣਾਂ ਪੰਜਾਬ ਦੀ ਸਿਆਸਤ ਦਾ ਏਜੰਡਾ ਤੈਅ ਕਰਨਗੀਆਂ: ਜੀ. ਕੇ.

**ਜਲੰਧਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਾਅਵਾ ਕੀਤਾ ਹੈ ਕਿ ਕਮੇਟੀ ਦੀਆਂ ਜਨਵਰੀ 2021 ਵਿਚ ਹੋਣ ਵਾਲੀਆਂ ਆਮ ਚੋਣਾਂ ਪੰਜਾਬ ਦੀ ਸਿਆਸਤ ਦਾ ਏਜੰਡਾ ਤੈਅ ਕਰਨਗੀਆਂ। ਇਸ ਦਾ ਅਸਰ ਸਪੱਸ਼ਟ ਰੂਪ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਉਤੇ ਪਵੇਗਾ। ਉਨ੍ਹਾਂ ਕਿਹਾ ਕਿ ਜਦੋਂ ਪਿਛਲੀਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ ਸਨ ਤਾਂ ਉਦੋਂ ਇਸ ਕਰਕੇ ਵੱਡੀ ਜਿੱਤ ਹਾਸਲ ਹੋਈ ਸੀ ਕਿਉਂਕਿ ਚੋਣ ਪ੍ਰਚਾਰ ਵਿਚ ਕਿਸੇ ਵੀ ਪੋਸਟਰ ਉਤੇ ਬਾਦਲਾਂ ਦੀਆਂ ਤਸਵੀਰਾਂ ਨਹੀਂ ਸੀ ਲਾਈਆਂ ਗਈਆਂ।

ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ 2022 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣੀਆਂ ਹਨ, ਜਿਨ੍ਹਾਂ ਨੂੰ ਸਿਰਫ ਦਸ ਮਹੀਨੇ ਰਹਿ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਕਮੇਟੀ ਦੀਆਂ ਚੋਣਾਂ ਰੁਕਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣਾ ਪੂਰਾ ਪ੍ਰਭਾਵ ਵਰਤ ਰਹੇ ਹਨ ਤਾਂ ਜੋ ਇਹ ਚੋਣਾਂ ਕਿਸੇ ਤਰ੍ਹਾਂ ਟਾਲੀਆਂ ਜਾ ਸਕਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗੰਭੀਰਤਾ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਵੋਟਰ ਸੂਚੀਆਂ ਵਿਚ ਸੁਧਾਈ ਕਰਵਾਉਣੀ ਚਾਹੀਦੀ ਹੈ।

ਉਨ੍ਹਾਂ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਿਸ ਤਰ੍ਹਾਂ ਨਾਲ ਸਿੱਖਾਂ ਦੇ ਨਿਸ਼ਾਨੇ ਉਤੇ ਆਏ ਹਨ, ਉਸ ਨੇ ਦਿੱਲੀ ਵਿਚ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਸਨ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਉਨ੍ਹਾਂ ਦੀਆਂ ਤਸਵੀਰਾਂ ਤੋਂ ਹੀ ਲੋਕ ਨਫਰਤ ਕਰਨ ਲੱਗ ਪਏ ਸਨ। ਇਸ ਕਰਕੇ ਪੋਸਟਰਾਂ ਉਤੇ ਉਨ੍ਹਾਂ ਦੀਆਂ ਤਸਵੀਰਾਂ ਨਾ ਲਾਉਣ ਕਾਰਨ ਹੀ ਵੱਡੀ ਜਿੱਤ ਹਾਸਲ ਹੋਈ ਸੀ ਤੇ ਪੰਜਾਬ ਵਿਚੋਂ ਵੀ ਅਕਾਲੀ ਆਗੂਆਂ ਦੇ ਪ੍ਰਚਾਰ 'ਤੇ ਰੋਕ ਲਾ ਦਿੱਤੀ ਸੀ।

# ਪੰਚਾਇਤੀ ਜ਼ਮੀਨਾਂ ਬਚਾਉਣ ਲਈ ਬੈਂਸ ਵਲੋਂ ਰਾਹੁਲ ਗਾਂਧੀ ਨੂੰ ਚਿੱਠੀ

**ਲੁਧਿਆਣਾ:** ਪਿੰਡ ਖਾਨਪੁਰ ਵਿਚ ਕੀਤੀ ਜਾ ਰਹੀ ਪੰਚਾਇਤੀ ਜ਼ਮੀਨ ਦੀ ਬੋਲੀ ਰੱਦ ਕਰਵਾਉਣ ਮਗਰੋਂ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਆਲ ਇੰਡੀਆ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਉਹ ਸੂਬੇ ਵਿਚ ਪੰਚਾਇਤੀ ਜ਼ਮੀਨਾਂ ਨੂੰ ਬਚਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਤਾੜਨਾ ਕਰਨ।

ਇਥੇ ਸਰਕਟ ਹਾਊਸ ਵਿਚ ਵਿਧਾਇਕ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਪੰਚਾਇਤੀ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਵੇਚਣ ਦੀ ਤਿਆਰੀ ਵਿਚ ਹੈ ਜਦਕਿ ਸਾਲ 2013 ਵਿਚ ਕਾਂਗਰਸ ਨੇ ਹੀ ਪੰਚਾਇਤੀ ਜ਼ਮੀਨਾਂ ਨੂੰ ਬਚਾਉਣ ਲਈ ਐਲ.ਏ.ਆਰ.ਆਰ. ਕਾਨੂੰਨ ਬਣਾਇਆ ਸੀ। ਕਾਂਗਰਸ ਪਾਰਟੀ ਨੇ ਚੋਣ ਘੋਸ਼ਣਾ ਪੱਤਰ ਵਿਚ ਇਸ ਕਾਨੂੰਨ ਨੂੰ ਸ਼ਾਮਲ ਕੀਤਾ ਹੈ, ਪਰ ਦੂਜੇ ਪਾਸੇ ਉਨ੍ਹਾਂ ਦੀ ਪਾਰਟੀ ਦੇ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਲੈਂਡ ਬੈਂਕ ਐਕਟ ਤਿਆਰ ਕੀਤਾ ਹੈ, ਜਿਸ ਤਹਿਤ



ਪੰਚਾਇਤੀ ਜ਼ਮੀਨਾਂ ਸਸਤੇ ਭਾਅ ਵੇਚਣ ਦੀ ਤਿਆਰੀ ਹੈ। ਬੀਤੇ ਦਿਨੀਂ ਪਿੰਡ ਖਾਨਪੁਰ (ਸਮਰਾਲਾ) ਵਿਚ ਵੀ 20 ਏਕੜ ਪੰਚਾਇਤੀ ਜ਼ਮੀਨ ਨੂੰ ਵੇਚਿਆ ਜਾ ਰਿਹਾ ਸੀ ਪਰ ਉਨ੍ਹਾਂ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਇਸ ਨੂੰ ਰੋਕ ਦਿੱਤਾ ਹੈ। ਵਿਧਾਇਕ ਬੈਂਸ ਅਨੁਸਾਰ ਕਾਂਗਰਸ ਸਰਕਾਰ ਨੇ ਜੋ ਐਲ.ਏ.ਆਰ.ਆਰ-2013 ਕਾਨੂੰਨ ਬਣਾਇਆ ਸੀ, ਉਸ ਨੂੰ ਲੋਕ ਸਭਾ 'ਚ 24 ਅਗਸਤ, 2013 ਤੇ 8 ਸਤੰਬਰ ਨੂੰ ਰਾਜ ਸਭਾ 'ਚ ਪਾਸ ਕਰਵਾਇਆ ਗਿਆ ਸੀ। ਰਾਹੁਲ ਗਾਂਧੀ ਨੇ ਇਸ ਕਾਨੂੰਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਪੈਦਲ ਯਾਤਰਾ ਵੀ ਕੱਢੀ ਸੀ ਪਰ ਹੁਣ ਆਪਣੇ ਨਿੱਜੀ ਫਾਇਦੇ ਲਈ ਉਨ੍ਹਾਂ ਦੀ ਹੀ ਸਰਕਾਰ ਦਾ ਮੁੱਖ ਮੰਤਰੀ ਪੰਜਾਬ 'ਚ ਉਨ੍ਹਾਂ ਦੇ ਹੀ ਬਣਾਏ ਗਏ ਕਾਨੂੰਨ ਦੀਆਂ ਧੱਜੀਆਂ ਉਡਾ ਰਿਹਾ ਹੈ।

ਵਿਧਾਇਕ ਬੈਂਸ ਨੇ ਕਿਹਾ ਕਿ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਨੂੰ ਚਿੱਠੀ ਭੇਜਣ ਦੇ ਨਾਲ ਨਾਲ ਉਨ੍ਹਾਂ ਤੋਂ ਮਿਲਣ ਦਾ ਸਮਾਂ ਵੀ ਮੰਗਿਆ ਗਿਆ ਹੈ ਤਾਂ ਕਿ ਪੰਜਾਬ 'ਚ ਹੋ ਰਹੇ ਘਪਲਿਆਂ ਦੀ ਪੋਲ ਉਨ੍ਹਾਂ ਸਾਹਮਣੇ ਖੋਲ੍ਹੀ ਜਾ ਸਕੇ।

# ਸੁਰੱਖਿਆ ਲਈ ਸ਼ਿਵ ਸੈਨਾ ਆਗੂ ਨੇ ਕੀਤਾ ਹਮਲੇ ਦਾ ਡਰਾਮਾ

**ਲੁਧਿਆਣਾ:** ਸ਼ਿਵ ਸੈਨਾ ਹਿੰਦੁਸਤਾਨ ਲੇਬਰ ਵਿੰਗ ਦੇ ਕੌਮੀ ਚੇਅਰਮੈਨ ਨਰਿੰਦਰ ਭਾਰਦਵਾਜ ਉਤੇ ਬੀਤੀ ਛੇ ਮਾਰਚ ਨੂੰ ਕਿਸੇ ਨੇ ਹਮਲਾ ਨਹੀਂ ਸੀ ਕੀਤਾ, ਸਗੋਂ ਉਸ ਨੇ ਪੁਲਿਸ ਦੀ ਸੁਰੱਖਿਆ ਛੱਤਰੀ ਲੈਣ ਲਈ ਖੁਦ ਹਮਲੇ ਦਾ ਡਰਾਮਾ ਕੀਤਾ ਸੀ। ਪੁਲਿਸ ਨੇ ਮਾਮਲੇ ਦੀ ਜਾਂਚ ਕੀਤੀ ਤਾਂ ਇਹ ਪਤਾ ਲੱਗਿਆ ਕਿ ਜਿਸ ਸਮੇਂ ਉਹ ਹਮਲੇ ਦੀ ਗੱਲ ਕਰ ਰਿਹਾ ਹੈ, ਉਸ ਸਮੇਂ ਉਹ ਘਰ 'ਚ ਮੌਜੂਦ ਸੀ। ਪੁਲਿਸ ਨੇ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਸਚਾਈ ਸਾਹਮਣੇ ਆ ਗਈ। ਉਸ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਪੁਲਿਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਨਰਿੰਦਰ ਭਾਰਦਵਾਜ ਇਕ ਫੈਕਟਰੀ 'ਚ ਬਤੌਰ ਸੁਪਰਵਾਈਜ਼ਰ ਨੌਕਰੀ ਕਰਦਾ ਹੈ। ਉਸ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਹ 6 ਮਾਰਚ ਨੂੰ ਕਾਰ ਵਿਚ ਫੈਕਟਰੀ ਤੋਂ ਘਰ ਜਾ ਰਿਹਾ ਸੀ ਤਾਂ ਕੁਹਾੜਾ ਨੇੜੇ ਸਥਿਤ ਪੈਟਰੋਲ ਪੰਪ ਨੇੜੇ ਉਸ ਦੀ ਕਾਰ ਅੱਗੇ ਦੋ ਮੋਟਰਸਾਈਕਲ ਸਵਾਰ ਨੌਜਵਾਨ ਆ ਕੇ ਰੁਕੇ ਤੇ ਉਸ ਦੀ ਕਾਰ ਉਤੇ ਹਮਲਾ ਕਰ ਦਿੱਤਾ। ਪੁਲਿਸ ਜਾਂਚ ਮੁਤਾਬਕ, ਕਾਰ ਦਾ ਸ਼ੀਸ਼ਾ ਕਿਸੇ ਟਰਾਲੇ ਨਾਲ ਟੱਕਰ ਹੋਣ ਕਾਰਨ ਟੁੱਟਿਆ ਸੀ। ਅਸਲ ਵਿਚ ਨਰਿੰਦਰ ਗੰਨਮੈਨ ਲੈਣ ਦਾ ਚਾਹਵਾਨ ਸੀ।

# ਕੈਪਟਨ ਵੱਲੋਂ ਮੁੱਕੇਬਾਜ਼ ਸਿਮਰਨਜੀਤ ਕੌਰ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ



**ਚੰਡੀਗੜ੍ਹ (ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਕੇਬਾਜ਼ ਸਿਮਰਨਜੀਤ ਕੌਰ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੀ ਅਗਵਾਈ ਹੇਠ ਮੁੱਖ ਮੰਤਰੀ ਨੂੰ ਉਚੇਚੇ ਤੌਰ 'ਤੇ ਮਿਲਣ ਆਈ ਸਿਮਰਨਜੀਤ ਕੌਰ ਓਲੰਪਿਕ ਖੇਡਾਂ ਲਈ ਕੁਆਲੀਫਾਈ ਹੋਣ ਵਾਲੀ ਪਹਿਲੀ ਪੰਜਾਬਣ ਮੁੱਕੇਬਾਜ਼ ਹੈ।

ਮੁੱਖ ਮੰਤਰੀ ਨੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਨਾ ਸਿਰਫ ਪੰਜਾਬ, ਸਗੋਂ ਪੂਰੇ ਦੇਸ਼ ਨੂੰ ਸਿਮਰਨਜੀਤ 'ਤੇ ਮਾਣ ਹੈ, ਜਿਸ ਨੇ ਏਸ਼ੀਆ ਓਸੀਨੀਆ ਕੁਆਲੀਫਾਈ ਮੁਕਾਬਲੇ ਵਿਚ ਚਾਂਦੀ ਦਾ ਤਮਗਾ ਜਿੱਤ ਕੇ ਦੁਨੀਆਂ ਦੇ ਸਭ ਤੋਂ ਵੱਡੇ ਖੇਡ ਮੰਚ ਵਿਚ ਹਾਜ਼ਰੀ ਭਰਨ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਇਹ ਮੁੱਕੇਬਾਜ਼ ਪੰਜਾਬ ਦੀਆਂ ਕੁੜੀਆਂ ਲਈ ਵੀ ਚਾਨਣ ਮੁਨਾਰਾ ਹੈ, ਜੋ ਕੁੜੀਆਂ ਲਈ ਨਵੀਂ ਖੇਡ ਮੁੱਕੇਬਾਜ਼ੀ ਵਿਚ ਆਪਣਾ ਭਵਿੱਖ ਬਣਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਆਮ ਪਰਿਵਾਰ ਦੀ ਧੀ ਦੀ ਇਹ ਖਾਸ ਪ੍ਰਾਪਤੀ ਹੈ ਅਤੇ ਉਸ ਦੇ ਅੱਗੇ ਵਧਣ ਲਈ ਸੂਬਾ ਸਰਕਾਰ ਹਰ ਸੰਭਵ ਮਦਦ ਮੁਹੱਈਆ ਕਰਵਾਏਗੀ।


ਇਸ ਮੌਕੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਲੁਧਿਆਣਾ ਜਿਲੇ ਦੇ ਪਿੰਡ ਚਕਰ ਦੀ ਇਸ ਮੁੱਕੇਬਾਜ਼ ਨੇ ਪਿੰਡ ਤੋਂ ਹੀ ਆਪਣਾ ਕੈਰੀਅਰ ਬਣਾਉਣਾ ਸ਼ੁਰੂ ਕੀਤਾ। 2013 ਵਿਚ ਜੂਨੀਅਰ ਵਿਸ਼ਨ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਮਗਾ, 2018 ਵਿਚ ਸੀਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਮਗਾ ਤੇ 2019 ਵਿਚ ਏਸ਼ੀਅਨ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚ ਚਾਂਦੀ ਦਾ ਤਮਗਾ ਜਿੱਤਿਆ। ਮੁਹਾਲੀ ਸਥਿਤ ਪੰਜਾਬ ਇੰਸਟੀਚਿਊਟ ਆਫ ਸਪੋਰਟਸ 'ਚ ਵੀ ਸਿਮਰਨਜੀਤ ਨੇ ਤਿਆਰੀ ਕੀਤੀ। ਰਾਣਾ ਸੋਢੀ ਨੇ ਮੁੱਕੇਬਾਜ਼ ਨੂੰ ਵਿਸ਼ਵਾਸ ਦਿਵਾਇਆ ਕਿ ਉਸ ਦੀ ਯੋਗਤਾ ਅਨੁਸਾਰ ਖੇਡ ਵਿਭਾਗ ਉਸ ਨੂੰ ਨੌਕਰੀ ਵੀ ਦਿਵਾਏਗਾ।

ਇਸ ਮੌਕੇ ਲੋਕ ਸਭਾ ਮੈਂਬਰ ਪਰਨੀਤ ਕੌਰ, ਸਿਮਰਨਜੀਤ ਕੌਰ ਦੀ ਮਾਤਾ ਰਾਜਪਾਲ ਕੌਰ, ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਉਸ ਦੇ ਮੁੱਢਲੇ ਕੋਚ ਪ੍ਰਿੰ. ਬਲਵੰਤ ਸਿੰਘ ਸੰਧੂ ਅਤੇ ਪਿੰਡ ਚਕਰ ਦੇ ਪੰਚ ਗੁਰਜੀਤ ਸਿੰਘ ਵੀ ਹਾਜ਼ਰ ਸਨ।

## ਮਾਊਂਟ ਐਵਰੈਸਟ ਉਤੇ ਚੜ੍ਹਨ 'ਤੇ ਪਾਬੰਦੀ

**ਕਾਠਮੰਡੂ:** ਵਿਸ਼ਵ ਸਿਹਤ ਸੰਸਥਾ (ਡਬਲਿਊਐਚਓ) ਵੱਲੋਂ ਕਰੋਨਾ ਵਾਇਰਸ ਨੂੰ ਮਹਾਂਮਾਰੀ ਐਲਾਨੇ ਜਾਣ ਮਗਰੋਂ ਨੇਪਾਲ ਨੇ ਇਹਤਿਆਤ ਵਜੋਂ ਮਾਊਂਟ ਐਵਰੈਸਟ ਸਣੇ ਹੋਰ ਪਹਾੜਾਂ ਉਤੇ ਚੜ੍ਹਨ ਵਾਲੇ ਪਰਬਤਾਰੋਹੀਆਂ ਨੂੰ ਆਨ- ਅਰਾਈਵਲ (ਦੇਸ਼ 'ਚ ਪਹੁੰਚਣ ਉਤੇ) ਸੈਲਾਨੀ ਵੀਜ਼ਾ ਦੇਣ 'ਤੇ ਰੋਕ ਲਾ ਦਿੱਤੀ।

ਉਪ-ਪ੍ਰਧਾਨ ਮੰਤਰੀ ਈਸ਼ਵਰ ਪੋਖਰਿਆਲ ਦੀ ਅਗਵਾਈ ਹੇਠ ਇਕ ਉੱਚ ਪੱਧਰੀ ਕੋਆਰਡੀਨੇਸ਼ਨ ਕਮੇਟੀ ਵੱਲੋਂ ਮਾਊਂਟ ਐਵਰੈਸਟ ਸਣੇ ਹੋਰ ਪਹਾੜਾਂ 'ਤੇ ਚੜ੍ਹਨ ਵਾਲੇ ਪਰਬਤਾਰੋਹੀਆਂ ਦੇ ਪਰਮਿਟ ਮੁਅੱਤਲ ਕਰਨ ਦਾ ਫੈਸਲਾ ਕੀਤਾ। ਮੀਟਿੰਗ ਦੌਰਾਨ ਬਸੰਤ ਰੁੱਤ 'ਚ ਚੜ੍ਹਾਈ ਲਈ ਜਾਰੀ ਕੀਤੇ ਜਾ ਚੁੱਕੇ ਅਤੇ ਜਾਰੀ ਕੀਤੇ ਜਾਣ ਵਾਲੇ ਪਰਮਿਟਾਂ ਉਤੇ ਰੋਕ ਲਗਾਉਣ ਦਾ ਫੈਸਲਾ ਕੀਤਾ ਗਿਆ।



Madan Khatri

Want to Buy/Sell
Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BH HS Berkshire Hathaway HomeServices
BHHS American Heritage
1010 Rohwing Road, Elk Grove Village, IL

Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ


ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250
Gurdeep (Garry) Chhokar
Realtor/Broker
Cell: 317-500-1247
Star Alliance BROKERAGE

We do all type of Home and Commercial Loan. Same day loan approval...

# ਪਾਕਿਸਤਾਨ 'ਚ ਮੂਲ ਨਾਨਕਸ਼ਾਹੀ ਕੈਲੰਡਰ ਰਿਲੀਜ਼



**ਅੰਮ੍ਰਿਤਸਰ:** ਮੂਲ ਨਾਨਕਸ਼ਾਹੀ ਕੈਲੰਡਰ ਉਤੇ ਆਧਾਰਿਤ ਨਾਨਕਸ਼ਾਹੀ ਸੰਮਤ 552 ਦਾ ਨਵੇਂ ਵਰ੍ਹੇ (2020-21) ਦਾ ਕੈਲੰਡਰ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਜਾਰੀ ਕੀਤਾ ਗਿਆ। ਕੈਲੰਡਰ ਜਾਰੀ ਕਰਨ ਸਮੇਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਗਏ। ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਛਾਪੇ ਗਏ ਕੈਲੰਡਰ ਨੂੰ ਪੀ.ਜੀ.ਪੀ.ਸੀ. ਮੈਂਬਰਾਂ, ਪੰਜਾਬੀ ਸਿੱਖ ਸੰਗਤ, ਸਿੱਖ ਮੁਸਲਿਮ ਫਰੈਂਡਸ਼ਿਪ ਐਸੋਸੀਏਸ਼ਨ ਵੱਲੋਂ ਸਾਂਝੇ ਰੂਪ ਵਿਚ ਜਾਰੀ ਕੀਤਾ ਗਿਆ। ਕੈਲੰਡਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸਮਰਪਿਤ ਕੀਤਾ ਗਿਆ, ਜਿਸ ਦੇ ਪਿਛੋਕੜ ਵਿਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤਸਵੀਰ, ਲਾਂਘੇ ਦੀ ਸ਼ੁਰੂਆਤ ਵੇਲੇ ਗੁਰਦੁਆਰੇ ਵਿਚ ਸਥਾਪਤ ਕੀਤੀ ਸ੍ਰੀ ਸਾਹਿਬ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸੰਬੋਧਨ ਕਰਦਿਆਂ ਦੀ ਤਸਵੀਰ ਸ਼ਾਮਲ ਹੈ। ਦਲ ਖਾਲਸਾ ਵੱਲੋਂ ਇਹੀ ਕੈਲੰਡਰ ਕੁਝ ਦਿਨ ਪਹਿਲਾਂ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਤੋਂ ਜਾਰੀ ਕੀਤਾ ਗਿਆ ਸੀ। ਇਸ ਦਾ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਨੇ ਵਿਰੋਧ ਕੀਤਾ ਸੀ। ਦਲ ਖਾਲਸਾ ਨੇ ਮਗਰੋਂ ਇਹ ਕੈਲੰਡਰ ਸ੍ਰੀ ਅਕਾਲ ਤਖਤ ਦੇ ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਹੋਰਨਾਂ ਨੂੰ ਵੀ ਭੇਟ ਕੀਤਾ ਸੀ।

ਇਸ ਮੌਕੇ ਪੀ.ਜੀ.ਪੀ.ਸੀ. ਦੇ ਸਾਬਕਾ ਜਨਰਲ ਸਕੱਤਰ ਅਤੇ ਪੰਜਾਬੀ ਸਿੱਖ ਸੰਗਤ ਦੇ ਮੁਖੀ ਗੋਪਾਲ ਸਿੰਘ ਚਾਵਲਾ, ਸਿੱਖ ਮੁਸਲਿਮ ਫਰੈਂਡਸ਼ਿਪ ਐਸੋਸੀਏਸ਼ਨ ਦੇ ਹੰਸ ਰਾਜ ਸਿੰਘ, ਸਤਵਿੰਦਰ ਸਿੰਘ ਤੇ ਹੋਰ ਸ਼ਾਮਲ ਸਨ। ਪਹਿਲਾਂ ਮੁੱਖ ਗ੍ਰੰਥੀ ਭਾਈ ਦਯਾ ਸਿੰਘ ਵੱਲੋਂ ਨਵੇਂ ਵਰ੍ਹੇ ਦੀ ਆਮਦ ਉਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਗੋਪਾਲ ਸਿੰਘ ਚਾਵਲਾ ਨੇ ਕਿਹਾ ਕਿ ਪਾਕਿਸਤਾਨੀ ਸਿੱਖ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦੇਣਗੇ ਅਤੇ ਇਸ ਮੁਤਾਬਕ ਹੀ ਦਿਨ ਤਿਉਹਾਰ ਮਨਾਉਣਗੇ। ਇਸ ਮੌਕੇ ਕਸ਼ਮੀਰ ਵਿਚ ਲੋਕਾਂ ਨਾਲ ਹੋ ਰਹੀ ਵਧੀਕੀ ਅਤੇ ਦਿੱਲੀ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਦੀ ਨਿੰਦਾ ਕੀਤੀ ਗਈ। ਜਾਣਕਾਰੀ ਅਨੁਸਾਰ ਦਲ ਖਾਲਸਾ ਵੱਲੋਂ ਉਕਤ ਕੈਲੰਡਰ ਬੀਤੇ ਦਿਨੀਂ ਅੰਮ੍ਰਿਤਸਰ ਵਿਚ ਵੀ ਰਿਲੀਜ਼ ਕੀਤਾ ਗਿਆ ਸੀ।

## ਜਥੇਦਾਰ ਵਲੋਂ ਸੋਧਿਆ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ:** ਸਾਲ 2020-21 ਸੰਮਤ 552 ਲਈ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਾਰੀ ਕਰ ਦਿੱਤਾ। ਉਨ੍ਹਾਂ ਆਖਿਆ ਕਿ ਸੰਗਤਾਂ ਗੁਰਪੁਰਬ ਤੇ ਹੋਰ ਦਿਨ ਤਿਉਹਾਰ ਇਸ ਕੈਲੰਡਰ ਅਨੁਸਾਰ ਹੀ ਮਨਾਉਣ। ਇਹ ਕੈਲੰਡਰ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਸੰਗਤ ਨੂੰ ਅਰਪਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ, ਨਿਹੰਗ ਸਿੰਘ ਜਥੇਬੰਦੀਆਂ ਤੇ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ। ਕੈਲੰਡਰ ਰਿਲੀਜ਼ ਕਰਨ ਮਗਰੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਨਵੇਂ ਵਰ੍ਹੇ ਦੀ ਵਧਾਈ ਦਿੱਤੀ। ਕੈਲੰਡਰ ਵਿਵਾਦ ਦੇ ਭੰਬਲਭੂਸੇ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਤੋਂ ਯਤਨ ਕੀਤਾ ਜਾਵੇਗਾ ਕਿ ਸਮੁੱਚੀ ਸਿੱਖ ਸੰਗਤ ਸਾਰੇ ਦਿਨ ਤਿਉਹਾਰ ਇਕੋ ਦਿਨ ਅਤੇ ਇਕਜੁੱਟਤਾ ਨਾਲ ਮਨਾਵੇ। ਉਹ ਚਾਹੁੰਦੇ ਹਨ ਕਿ ਸਿੱਖਾਂ ਦਾ ਇਕ ਕੈਲੰਡਰ ਹੋਵੇ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਲਈ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਗੁਰਮਤਿ ਸਮਾਗਮ ਕਰਾਇਆ। ਸਮਾਗਮ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਮੁੱਚੀ ਸਿੱਖ ਸੰਗਤ ਨੂੰ ਨਵੇਂ ਵਰ੍ਹੇ ਦੀ ਵਧਾਈ ਦਿੱਤੀ। ਇਸ ਮੌਕੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਮੋਹਨ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ ਹਾਜ਼ਰ ਸਨ।

# ਹਰਿਮੰਦਰ ਸਾਹਿਬ ਦੇ ਸੋਨ ਪੱਤਰਾਂ ਦੀ ਧੁਆਈ ਸ਼ੁਰੂ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ ਉਤੇ ਲੱਗੇ ਸੋਨੇ ਦੀ ਧੁਆਈ ਦੀ ਸੇਵਾ ਯੂਕੇ ਦੇ ਨਿਸ਼ਕਾਮ ਸੇਵਕ ਜਥੇ ਵਲੋਂ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਇਸ ਸੋਨੇ ਦੀ ਸਫਾਈ ਕਰਕੇ ਇਸ ਦੀ ਚਮਕ ਨੂੰ ਮੁੜ ਕਾਇਮ ਕੀਤਾ ਜਾਵੇਗਾ।

ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵਲੋਂ ਸੋਨੇ ਦੀ ਧੁਆਈ ਦੀ ਇਹ ਸੇਵਾ ਹਰ ਵਰ੍ਹੇ ਹੀ ਕੀਤੀ ਜਾਂਦੀ ਹੈ। ਜਿਸ ਤਹਿਤ ਇਸ ਦੀ ਸ਼ੁਰੂਆਤ ਕੀਤੀ ਗਈ ਹੈ। ਸ਼ੁਰੂਆਤ ਵੇਲੇ ਅਰਦਾਸ ਕੀਤੀ ਗਈ ਅਤੇ ਅਰਦਾਸ ਮਗਰੋਂ ਧੁਆਈ ਦਾ ਕੰਮ ਸ਼ੁਰੂ ਕੀਤਾ ਗਿਆ। ਧੁਆਈ ਦਾ ਕੰਮ ਸਭ ਤੋਂ ਉਪਰਲੇ ਗੁੰਬਦਾਂ ਤੋਂ ਸ਼ੁਰੂ ਕੀਤਾ ਗਿਆ ਹੈ, ਜਿਸ ਨੂੰ ਕਰਨ ਮਗਰੋਂ ਹੇਠਲੇ ਪਾਸੇ ਧੁਆਈ ਕੀਤੀ ਜਾਵੇਗੀ। ਸੋਨੇ ਦੀ ਧੁਆਈ ਲਈ ਰੀਠੇ ਦੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਦੱਸਿਆ ਕਿ ਨਿਸ਼ਕਾਮ ਸੇਵਕ ਜਥਾ ਦੇ ਲਗਭਗ 25 ਮੈਂਬਰਾਂ ਵਲੋਂ ਸੋਨੇ ਦੀ ਧੁਆਈ ਦੀ ਸੇਵਾ ਸ਼ੁਰੂ ਕੀਤੀ ਹੈ।

ਇਨ੍ਹਾਂ ਵਿਚ ਮਾਹਿਰ ਵੀ ਸ਼ਾਮਲ ਹਨ। ਲਗਭਗ ਦਸ ਦਿਨਾਂ ਵਿਚ ਧੁਆਈ ਦੀ ਸੇਵਾ ਮੁਕੰਮਲ ਹੋ ਜਾਵੇਗੀ। ਧੁਆਈ ਮਗਰੋਂ ਸੋਨੇ 'ਤੇ ਜੰਮੀ ਧੂੜ ਅਤੇ ਹੋਰ ਦੂਸ਼ਿਤ ਕਣ ਸਾਫ ਹੋ ਜਾਣਗੇ ਅਤੇ ਚਮਕ ਕਾਇਮ ਰਹੇਗੀ। ਉਨ੍ਹਾਂ ਦੱਸਿਆ ਕਿ ਸੇਵਾ ਕਰਨ ਵਾਲੇ ਮੈਂਬਰਾਂ ਵਿਚੋਂ ਵਧੇਰੇ ਇੰਗਲੈਂਡ ਤੋਂ ਆਏ ਹਨ। ਇਨ੍ਹਾਂ ਵਲੋਂ ਹਰ ਵਰ੍ਹੇ ਹੀ ਮਾਰਚ ਮਹੀਨੇ ਵਿਚ ਸੋਨੇ ਦੀ ਧੁਆਈ ਦੀ ਇਹ ਸੇਵਾ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਹੋਣ ਕਾਰਨ ਇਹ ਸੋਨਾ ਪ੍ਰਭਾਵਿਤ ਹੁੰਦਾ ਰਿਹਾ ਹੈ, ਜਿਸ ਦੀ ਰੋਕਥਾਮ ਲਈ ਅਦਾਲਤ ਦੇ ਆਦੇਸ਼ਾਂ ਮਗਰੋਂ ਸਰਕਾਰ ਵਲੋਂ ਕਈ ਯਤਨ ਵੀ ਕੀਤੇ ਗਏ ਹਨ।

# ਗਿਆਨੀ ਹਰਪ੍ਰੀਤ ਸਿੰਘ ਅਕਾਲ ਤਖਤ ਦੇ ਪੱਕੇ ਜਥੇਦਾਰ ਨਿਯੁਕਤ ਹੋਣਗੇ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਛੇਤੀ ਹੀ 'ਰੈਗੂਲਰ' ਜਥੇਦਾਰ ਬਣਾਇਆ ਜਾ ਰਿਹਾ ਹੈ। ਸਮਝਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਗਾਮੀ ਅੰਤ੍ਰਿੰਗ ਕਮੇਟੀ ਦੀ ਸੱਦੀ ਜਾਣ ਵਾਲੀ ਬੈਠਕ ਵਿਚ ਗਿਆਨੀ ਹਰਪ੍ਰੀਤ ਸਿੰਘ ਦੇ ਬਤੌਰ ਜਥੇਦਾਰ ਵਜੋਂ ਪਦ ਉੱਨਤੀ ਦੇ ਮਾਮਲੇ 'ਤੇ ਮੋਹਰ ਲੱਗ ਸਕਦੀ ਹੈ। ਇਸ ਮਾਮਲੇ ਉਤੇ ਉੱਠੇ ਸਵਾਲ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇੰਕਸਾਫ ਕੀਤਾ ਕਿ ਅਗਲੀ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਬੈਠਕ 'ਚ ਗਿਆਨੀ ਹਰਪ੍ਰੀਤ ਸਿੰਘ ਦੇ ਬਤੌਰ ਜਥੇਦਾਰ ਨਿਯੁਕਤੀ ਦੇ ਮਾਮਲੇ 'ਤੇ ਵਿਚਾਰ ਕਰਕੇ ਫੈਸਲਾ ਲੈ ਲਿਆ ਜਾਵੇਗਾ।

ਦੱਸਣਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਅਸਤੀਫਾ ਦੇਣ ਮਗਰੋਂ ਕਾਰਜਕਾਰੀ ਜਥੇਦਾਰ ਵਜੋਂ ਅਕਾਲ ਤਖਤ ਸਾਹਿਬ ਦੀਆਂ ਵਾਧੂ ਸੇਵਾਵਾਂ ਸੌਂਪੀਆਂ ਗਈਆਂ ਸਨ। ਇਸ ਵੇਲੇ ਗਿਆਨੀ ਹਰਪ੍ਰੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਦੇ ਵੀ ਬਤੌਰ ਰੈਗੂਲਰ ਜਥੇਦਾਰ ਵਜੋਂ ਕਾਰਜਸ਼ੀਲ ਹਨ। ਸ਼੍ਰੋਮਣੀ ਕਮੇਟੀ ਦੇ ਇਕ ਵਿਧਾਨ ਹੇਠ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪਹਿਲਾਂ ਬਕਾਇਦਾ ਵੱਖ-ਵੱਖ ਪੰਥਕ ਸੰਸਥਾਵਾਂ ਨਾਲ ਵਿਚਾਰ ਚਰਚਾ ਕਰਨੀ ਹੁੰਦੀ ਹੈ। ਮਗਰੋਂ ਸਿੱਖ ਸੰਸਥਾਵਾਂ ਦੀ ਰਾਏ ਦੇ ਮੁਤੱਲਕ ਜਥੇਦਾਰ ਬਾਰੇ ਮਾਮਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਬੈਠਕ 'ਚ ਵਿਚਾਰ ਚਰਚਾ ਲਈ ਲਿਆ ਕੇ ਹੀ ਇਸ ਨਿਯੁਕਤੀ ਉਤੇ ਕੋਈ ਅੰਤਿਮ ਫੈਸਲਾ ਲਿਆ ਜਾਂਦਾ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਜਲਦੀ ਹੀ ਜਥੇਦਾਰ ਥਾਪਿਆ ਜਾ ਰਿਹਾ ਹੈ। ਇਸ ਸਬੰਧੀ ਫੈਸਲਾ ਅਗਲੀ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਲਿਆ ਜਾਵੇਗਾ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਵਿਦਵਾਨ ਤੇ ਅਤਿ ਸੂਝਵਾਨ ਦੱਸਿਆ। ਸ਼੍ਰੋਮਣੀ ਕਮੇਟੀ ਸੂਤਰਾਂ ਮੁਤਾਬਕ ਗਿਆਨੀ ਹਰਪ੍ਰੀਤ ਸਿੰਘ ਅਕਾਲ ਤਖਤ ਦੇ ਜਥੇਦਾਰ ਦੀਆਂ ਸੇਵਾਵਾਂ ਨਿਭਾਉਣ ਦੇ ਯੋਗ ਹਨ, ਲਿਹਾਜ਼ਾ ਇਸ ਮਹੀਨੇ ਦੇ ਅਖੀਰ ਜਾਂ ਅਗਲੇ ਮਹੀਨੇ ਦੇ ਆਰੰਭ 'ਚ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਬੈਠਕ ਵਿਚ ਗਿਆਨੀ ਹਰਪ੍ਰੀਤ ਸਿੰਘ ਦੇ ਬਤੌਰ ਜਥੇਦਾਰ ਦੇ ਫੈਸਲੇ ਉਤੇ ਮੋਹਰ ਲੱਗ ਜਾਏਗੀ।

# ਲੰਗਾਹ ਵਲੋਂ ਪੰਥ ਵਾਪਸੀ ਲਈ ਅਕਾਲ ਤਖਤ 'ਤੇ ਪਹੁੰਚ

**ਅੰਮ੍ਰਿਤਸਰ:** ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਆਗੂ ਸੁੱਚਾ ਸਿੰਘ ਲੰਗਾਹ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਸੌਂਪ ਕੇ ਪੰਥ ਵਿਚ ਵਾਪਸੀ ਲਈ ਖਿਮਾ ਯਾਚਨਾ ਦੀ ਅਪੀਲ ਕੀਤੀ ਹੈ। ਇਸ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਉਹ ਇਸ ਸਬੰਧੀ ਫੈਸਲਾ ਸੰਗਤ ਦੀ ਰਾਇ ਅਤੇ ਭਾਵਨਾਵਾਂ ਅਨੁਸਾਰ ਲੈਣਗੇ।

ਯਾਦ ਰਹੇ ਕਿ ਸੁੱਚਾ ਸਿੰਘ ਲੰਗਾਹ ਨੂੰ ਇਕ ਔਰਤ ਨਾਲ ਅਨੈਤਿਕ ਸਬੰਧਾਂ ਕਾਰਨ 5 ਅਕਤੂਬਰ 2017 ਨੂੰ ਸ੍ਰੀ ਅਕਾਲ ਤਖਤ ਤੋਂ ਸਿੱਖ ਪੰਥ ਵਿਚੋਂ ਛੇਕ ਦਿਤਾ ਗਿਆ ਸੀ। ਉਸ ਦੀ ਸ਼੍ਰੋਮਣੀ ਅਕਾਲੀ ਦਲ ਵਿਚੋਂ ਮੈਂਬਰਸ਼ਿਪ ਖਤਮ ਕਰ ਦਿੱਤੀ ਗਈ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਫਾਰਗ ਕਰ ਦਿੱਤਾ ਗਿਆ ਸੀ। ਸ੍ਰੀ ਅਕਾਲ ਤਖਤ ਵਲੋਂ ਇਹ ਕਾਰਵਾਈ ਲੰਗਾਹ ਦੀ ਵਾਇਰਲ ਹੋਈ ਅਸ਼ਲੀਲ ਵੀਡੀਓ ਤੋਂ ਬਾਅਦ ਕੀਤੀ ਗਈ ਸੀ। ਹੁਣ ਜਦੋਂ ਇਹ ਸਿੱਖ ਆਗੂ ਖਿਮਾ-ਯਾਚਨਾ ਦਾ ਪੱਤਰ ਦੇਣ ਲਈ ਇਥੇ ਪੁੱਜਿਆ ਤਾਂ ਉਸ ਨਾਲ ਵੱਡੀ ਗਿਣਤੀ ਵਿਚ ਸਮਰਥਕ ਵੀ ਹਾਜ਼ਰ ਸਨ।



ਖਿਮਾ ਯਾਚਨਾ ਪੱਤਰ ਵਿਚ ਲੰਗਾਹ ਨੇ ਆਖਿਆ ਕਿ ਉਹ ਸ੍ਰੀ ਅਕਾਲ ਤਖਤ ਨੂੰ ਸਮਰਪਿਤ ਹੈ ਅਤੇ ਰਹੇਗਾ। ਉਸ ਕੋਲੋਂ ਜਾਣੇ-ਅਣਜਾਣੇ ਵਿਚ ਜੋ ਭੁੱਲਾਂ ਹੋਈਆਂ ਹਨ, ਉਸ ਲਈ ਉਹ ਖਿਮਾ ਯਾਚਨਾ ਕਰਦਾ ਹੈ। ਉਸ ਨੇ ਅਪੀਲ ਕੀਤੀ ਹੈ ਕਿ ਪੰਥ ਵਿਚ ਵਾਪਸੀ ਦਾ ਇਕ ਮੌਕਾ ਦਿੱਤਾ ਜਾਵੇ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਜਦੋਂ ਉਸ ਨੇ ਖਿਮਾ ਯਾਚਨਾ ਪੱਤਰ ਦਿੱਤਾ, ਉਸ ਵੇਲੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਹਾਜ਼ਰ ਨਹੀਂ ਸਨ। ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਇਸ ਸਬੰਧੀ ਕੋਈ ਵੀ ਫੈਸਲਾ ਉਹ ਇਕੱਲੇ ਨਹੀਂ ਕਰਨਗੇ ਸਗੋਂ ਸੰਗਤ ਦੀਆਂ ਭਾਵਨਾਵਾਂ ਮੁਤਾਬਕ ਅਤੇ ਸੰਗਤ ਦੀ ਰਾਇ ਨਾਲ ਫੈਸਲਾ ਲਿਆ ਜਾਵੇਗਾ।

## ਲੰਗਾਹ ਨੂੰ ਮੁਆਫੀ ਨਾ ਦੇਣ ਦੀ ਮੰਗ

**ਅੰਮ੍ਰਿਤਸਰ:** ਪੰਥ ਵਿਚੋਂ ਛੇਕੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਵਲੋਂ ਪੰਥ ਵਾਪਸੀ ਲਈ ਅਕਾਲ ਤਖਤ ਉਤੇ ਖਿਮਾ ਯਾਚਨਾ ਪੱਤਰ ਦਿੱਤੇ ਜਾਣ ਤੋਂ ਬਾਅਦ ਉਸ ਨੂੰ ਮੁਆਫੀ ਨਾ ਦੇਣ ਸਬੰਧੀ ਮੰਗ ਪੱਤਰ ਦਿੱਤਾ ਗਿਆ ਹੈ। ਇਹ ਮੰਗ ਪੱਤਰ ਲਖਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਸੁਖਦੇਵ ਸਿੰਘ ਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਅਕਾਲ ਤਖਤ ਦੇ ਸਕੱਤਰੇਤ ਵਿਖੇ ਰਣਜੀਤ ਸਿੰਘ ਨੂੰ ਸੌਂਪਿਆ। ਲਖਵਿੰਦਰ ਸਿੰਘ ਨੇ ਆਖਿਆ ਕਿ ਜੇ ਲੰਗਾਹ ਨੂੰ ਮੁਆਫੀ ਦਿੱਤੀ ਗਈ ਅਤੇ ਪੰਥ ਵਿਚ ਵਾਪਸੀ ਕੀਤੀ ਗਈ ਤਾਂ ਇਸ ਫੈਸਲੇ ਖਿਲਾਫ ਸੰਗਤ ਵਿਚ ਰੋਹ ਪੈਦਾ ਹੋਵੇਗਾ। ਉਨ੍ਹਾਂ ਇਸ ਬਾਰੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਦੇ ਫੈਸਲੇ ਦਾ ਹਵਾਲਾ ਦਿੱਤਾ ਹੈ ਤੇ ਕਿਹਾ ਕਿ ਲੰਗਾਹ ਨੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੁੰਦਿਆਂ ਬੱਜਰ ਕੁਰਹਿਤ ਕੀਤੀ ਸੀ। ਪੰਥ ਵਿਚੋਂ ਛੇਕੇ ਜਾਣ ਦੇ ਬਾਵਜੂਦ ਉਹ ਪ੍ਰੋਗਰਾਮਾਂ 'ਚ ਵਿਚਰਦਾ ਰਿਹਾ ਹੈ।

# ਗੁਟਕਿਆਂ ਨਾਲ ਛੇੜਛਾੜ: ਨਾਮਧਾਰੀ ਸੰਪਰਦਾ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਸਿੱਖ ਆਗੂ ਬਲਦੇਵ ਸਿੰਘ ਸਿਰਸਾ ਨੇ ਸ੍ਰੀ ਅਕਾਲ ਤਖਤ ਉਤੇ ਮੰਗ ਪੱਤਰ ਦੇ ਕੇ ਨਾਮਧਾਰੀ ਸੰਪਰਦਾ ਵਲੋਂ ਗੁਰਬਾਣੀ ਦੇ ਗੁਟਕਿਆਂ ਨਾਲ ਛੇੜਛਾੜ ਕੀਤੇ ਜਾਣ ਦਾ ਮੁੱਦਾ ਮੁੜ ਉਭਾਰਿਆ ਹੈ। ਇਸ ਮਾਮਲੇ ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਖਿਲਾਫ ਵੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਮੰਗ ਪੱਤਰ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੂੰ ਸੌਂਪਿਆ ਹੈ। ਮੰਗ ਪੱਤਰ ਵਿਚ ਸ੍ਰੀ ਸਿਰਸਾ ਨੇ ਆਖਿਆ ਕਿ 24 ਦਸੰਬਰ 2018 ਨੂੰ ਸ੍ਰੀ ਅਕਾਲ ਤਖਤ ਵਲੋਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਲੋੜੀਂਦੀ ਕਾਰਵਾਈ ਦੇ ਆਦੇਸ਼ ਦਿੱਤੇ ਗਏ ਸਨ ਪਰ ਹੁਣ ਤਕ ਸ਼੍ਰੋਮਣੀ ਕਮੇਟੀ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਅਕਾਲ ਤਖਤ ਉਤੇ ਤਲਬ ਕਰਕੇ ਨਾ ਸਿਰਫ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਸਗੋਂ ਅਕਾਲ ਤਖਤ ਦੇ ਆਦੇਸ਼ ਲਾਗੂ ਕਰਾਉਣ ਲਈ ਵੀ ਆਖਿਆ ਜਾਵੇ। ਸਿੱਖ ਆਗੂ ਨੇ ਦੋਸ਼ ਲਾਇਆ ਕਿ ਪਿਛਲੇ ਸਮੇਂ ਦੌਰਾਨ ਤਖਤ ਦੀ ਸੇਵਾ ਨਿਭਾ ਰਹੇ ਜਥੇਦਾਰਾਂ ਵਲੋਂ ਸਿੱਖ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਫੈਸਲੇ ਨਾ ਕੀਤੇ ਜਾਣ ਕਾਰਨ ਸਿੱਖ ਕੌਮ ਵਿਚ ਨਿਰਾਸ਼ਾ ਆਈ ਹੈ।



ਉਨ੍ਹਾਂ ਇਸ ਮਾਮਲੇ ਵਿਚ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ, ਮਗਰੋਂ ਮੁਆਫੀ ਵਾਪਸ ਲੈਣ ਅਤੇ ਮੁਆਫੀ ਦੇ ਸਮਰਥਨ ਵਿਚ ਸ਼੍ਰੋਮਣੀ ਕਮੇਟੀ ਵਲੋਂ 92 ਲੱਖ ਦੇ ਇਸ਼ਤਿਹਾਰ ਦੇਣ ਦੇ ਮਾਮਲੇ ਨੂੰ ਉਭਾਰਿਆ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਤੋਂ ਮਹਾਰਾਜਾ ਰਣਜੀਤ ਸਿੰਘ, ਸਾਬਕਾ ਤੇ ਮਰਹੂਮ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਤੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੱਕ ਨੂੰ ਤਲਬ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖਤ ਤੋਂ ਇਸ ਰਵਾਇਤ ਨੂੰ ਕਾਇਮ ਰੱਖਣ ਦੀ ਲੋੜ ਹੈ।

## ਨਕੋਦਰ ਕਾਂਡ ਪੀੜਤਾਂ ਦੀ ਅਕਾਲ ਤਖਤ 'ਤੇ ਅਪੀਲ

**ਅੰਮ੍ਰਿਤਸਰ**: 1986 ਵਿਚ ਪੁਲਿਸ ਵਲੋਂ ਨਕੋਦਰ ਵਿਚ ਸਿੱਖਾਂ ਉਪਰ ਚਲਾਈ ਗੋਲੀ ਨਾਲ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੇ ਨਿਆਂ ਲਈ ਸ੍ਰੀ ਅਕਾਲ ਤਖਤ ਉਤੇ ਮੰਗ ਪੱਤਰ ਦਿੱਤਾ ਹੈ। ਇਹ ਮੰਗ ਪੱਤਰ ਬਲਦੇਵ ਸਿੰਘ ਤੇ ਹੋਰਨਾਂ ਵੱਲੋਂ ਦਿੱਤਾ ਗਿਆ ਹੈ। ਬਲਦੇਵ ਸਿੰਘ ਦਾ ਪੁੱਤਰ ਰਵਿੰਦਰ ਸਿੰਘ ਇਸ ਕਾਂਡ ਵਿਚ ਮਾਰਿਆ ਗਿਆ ਸੀ। ਇਸ ਮੌਕੇ ਬਲਧੀਰ ਸਿੰਘ, ਝਲਮਣ ਸਿੰਘ, ਹਰਮਿੰਦਰ ਸਿੰਘ ਵੀ ਮੌਜੂਦ ਸਨ। ਮੰਗ ਪੱਤਰ ਵਿਚ ਇਸ ਕਾਂਡ ਲਈ ਜ਼ਿੰਮੇਵਾਰ ਤਤਕਾਲੀ ਅਧਿਕਾਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਕੇ ਪਰਿਵਾਰਾਂ ਨੂੰ ਨਿਆਂ ਦੇਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਅਜ਼ਮਤ ਲਈ ਸ਼ਹੀਦ ਹੋਏ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਸ੍ਰੀ ਅਕਾਲ ਤਖਤ ਦਖਲ ਦੇਵੇ।

# ਬੇਅਦਬੀ ਕਾਂਡ: ਸਿੱਖ ਜਥੇਬੰਦੀਆਂ ਨੇ ਮੁੜ ਮੋਰਚਾ ਸੰਭਾਲਿਆ

**ਅੰਮ੍ਰਿਤਸਰ:** ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸਿੱਖ ਜਥੇਬੰਦੀਆਂ ਨੇ ਮੁੜ ਮੋਰਚਾ ਸੰਭਾਲ ਲਿਆ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਗੱਠਜੋੜ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ ਨੇ ਬਰਗਾੜੀ ਬੇਅਦਬੀ ਮਾਮਲੇ ਵਿਚ ਨਿਆਂ ਪ੍ਰਾਪਤੀ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤੇ ਸੰਘਰਸ਼ ਦੇ ਦੂਜੇ ਪੜਾਅ ਵਿਚ ਪੱਟੀ ਤੋਂ ਕਾਂਗਰਸ ਵਿਧਾਇਕ ਹਰਮਿੰਦਰ ਸਿੰਘ ਗਿੱਲ ਦੇ ਘਰ ਦੇ ਬਾਹਰ ਰੋਸ ਧਰਨਾ ਦਿੱਤਾ।

ਸਥਾਨਕ ਰਣਜੀਤ ਐਵੀਨਿਊ ਵਿਖੇ ਜਥੇਬੰਦੀ ਦੇ ਆਗੂ ਸੁਖਦੇਵ ਸਿੰਘ ਫਗਵਾੜਾ ਨੇ ਆਖਿਆ ਕਿ ਬਰਗਾੜੀ ਇਨਸਾਫ ਲਈ ਸ਼ੁਰੂ ਕੀਤੇ ਸੰਘਰਸ਼ ਦੇ ਪਹਿਲੇ ਪੜਾਅ ਤੋਂ ਬਾਅਦ ਦੂਜੇ ਪੜਾਅ ਵਿਚ ਸਰਕਾਰ ਦੇ ਕਈ ਆਗੂਆਂ ਦੀ ਜਵਾਬ-ਤਲਬੀ ਕੀਤੀ ਜਾਵੇਗੀ, ਜਿਨ੍ਹਾਂ ਨੇ ਉਸ ਵੇਲੇ ਵੱਡੇ ਵੱਡੇ ਭਾਸ਼ਣ ਦਿੱਤੇ ਸਨ। ਇਸੇ ਤਹਿਤ ਸ੍ਰੀ ਹਰਮਿੰਦਰ ਸਿੰਘ ਗਿੱਲ ਦੇ ਘਰ ਬਾਹਰ ਧਰਨਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸ੍ਰੀ ਗਿੱਲ ਨੇ ਇਸ ਮਾਮਲੇ ਵਿਚ ਸੀ.ਬੀ.ਆਈ. ਨੂੰ ਕਸੂਰਵਾਰ ਠਹਿਰਾਇਆ ਪਰ ਉਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ ਹਨ। ਇਸ ਮੌਕੇ 1986 ਦੇ ਨਕੋਦਰ ਗੋਲੀ ਕਾਂਡ ਦੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਹੋਣ ਦਾ ਮਾਮਲਾ ਵੀ ਉਭਾਰਿਆ। ਸਿੱਖ ਆਗੂਆਂ ਨੇ ਐਲਾਨ ਕੀਤਾ ਕਿ 22 ਮਾਰਚ ਨੂੰ ਫਰੀਦਕੋਟ ਤੋਂ ਵਿਧਾਇਕ ਕੁਸ਼ਲਦੀਪ ਸਿੰਘ , 29 ਮਾਰਚ ਨੂੰ ਖਡੂਰ ਸਾਹਿਬ ਤੋਂ ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ 5 ਅਪਰੈਲ ਨੂੰ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਘਰ ਬਾਹਰ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਜਵਾਬ-ਤਲਬੀ ਕੀਤੀ ਜਾਵੇਗੀ। ਸ੍ਰੀ ਗਿੱਲ ਨੇ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਮੁੱਖ ਮੰਤਰੀ ਕੋਲ ਰੱਖਣਗੇ।



ਦੱਸ ਦਈਏ ਕਿ ਪੰਜਾਬ ਸਰਕਾਰ ਅਤੇ ਪੁਲਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 2015 ਦੌਰਾਨ ਲਗਾਤਾਰ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਾਹਮਣੇ ਲਿਆਉਣ ਲਈ ਕਿੰਨੀ ਕੁ ਸੰਜੀਦਾ ਹੈ, ਉਸ ਦਾ ਪਤਾ ਮਲਕਿ (ਮੋਗਾ) ਵਿਖੇ 4 ਨਵੰਬਰ 2015 ਨੂੰ ਬੇਅਦਬੀ ਦੀ ਵਾਪਰੀ ਘਟਨਾ ਤੋਂ ਚਲਦਾ ਹੈ ਜਿਸ ਦਾ ਕੇਸ ਇਸ ਵੇਲੇ ਮੋਗਾ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਚੱਲ ਰਿਹਾ ਹੈ। ਇਸ ਘਟਨਾ ਲਈ ਦੋਸ਼ੀਆਂ ਵਿਰੁੱਧ ਮੁੱਖ ਗਵਾਹ ਸੇਵਕ ਸਿੰਘ ਫੌਜੀ ਦਾ ਕਹਿਣਾ ਹੈ ਕਿ ਉਸ ਨੂੰ ਗਵਾਹੀ ਤੋਂ ਮੁੱਕਰਨ ਲਈ ਲਗਾਤਾਰ ਧਮਕੀਆਂ ਅਤੇ ਲਾਲਚ ਮਿਲ ਰਹੇ ਹਨ ਅਤੇ ਉਨ੍ਹਾਂ ਵਲੋਂ ਇਸ ਸਾਰੇ ਘਟਨਾਕ੍ਰਮ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸੂਬੇ ਦੇ ਡੀ.ਜੀ.ਪੀ. ਅਤੇ ਰਾਜ ਦੇ ਮੁੱਖ ਮੰਤਰੀ ਸਮੇਤ ਦੂਜੇ ਸੀਨੀਅਰ ਅਧਿਕਾਰੀਆਂ ਨੂੰ ਮਗਰਲੇ 6 ਮਹੀਨਿਆਂ ਦੌਰਾਨ ਲਗਾਤਾਰ ਲਿਖਤੀ ਤੌਰ ਉਤੇ ਸ਼ਿਕਾਇਤਾਂ ਭੇਜੀਆਂ ਹਨ ਪਰ ਕਿਸੇ ਵਲੋਂ ਅੱਜ ਤੱਕ ਮੈਨੂੰ ਜਵਾਬ ਨਹੀਂ ਦਿੱਤਾ ਗਿਆ, ਜਿਨ੍ਹਾਂ ਨੰਬਰਾਂ ਤੋਂ ਮੈਨੂੰ ਧਮਕੀ ਦੇ ਟੈਲੀਫੋਨ ਆ ਰਹੇ ਹਨ ਮੈਂ ਉਹ ਵੀ ਸੀਨੀਅਰ ਸਥਾਨਕ ਅਧਿਕਾਰੀਆਂ ਨੂੰ ਦਿੱਤੇ ਹਨ ਅਤੇ ਸ਼ਿਕਾਇਤਾਂ ਵੀ ਦਿੱਤੀਆਂ ਹਨ ਪਰ ਕਿਸੇ ਵਲੋਂ ਅੱਜ ਤੱਕ ਉਨ੍ਹਾਂ ਉਤੇ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦੇ ਸਮਰਥਕ ਮੇਰੇ ਘਰ 15 ਸਤੰਬਰ 2019 ਨੂੰ 2 ਲੱਖ ਰੁਪਏ ਦਾ ਚੈੱਕ ਅਤੇ ਬਾਕੀ 3 ਲੱਖ ਬਿਆਨ ਤੋਂ ਮੁੱਕਰਨ ਮੌਕੇ ਅਦਾਲਤ ਵਿਚ ਦੇਣ ਦੀ ਗੱਲ ਕਹਿ ਕੇ ਅਤੇ ਮੈਨੂੰ ਕਾਫੀ ਧਮਕਾ ਕੇ ਗਏ ਜਦੋਂਕਿ ਮੈਂ ਅਦਾਲਤ ਨੂੰ ਇਹ ਘਟਨਾਕ੍ਰਮ ਦੱਸਦਿਆਂ ਚੈੱਕ ਵੀ ਪੇਸ਼ ਕਰ ਦਿੱਤਾ ਅਤੇ ਅਦਾਲਤ ਵਲੋਂ ਸਖਤੀ ਕਰਨ ਉਤੇ ਪੁਲਿਸ ਨੇ ਇਸ ਮਾਮਲੇ ਵਿਚ ਕੇਸ ਵੀ ਦਰਜ ਕੀਤਾ ਪਰ ਹੁਣ ਵੀ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ।

## ਪੰਜਾਬ ਸਰਕਾਰ ਤੋਂ ਸ਼ਰਾਬ ਕਾਰੋਬਾਰੀ ਔਖੇ

**ਚੰਡੀਗੜ੍ਹ:** ਸੂਬੇ ਵਿਚ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਕਰਕੇ ਇਸ ਵਾਰ ਕਈ ਸ਼ਰਾਬ ਕਾਰੋਬਾਰੀਆਂ ਦਾ ਮੋਹ ਭੰਗ ਹੁੰਦਾ ਨਜ਼ਰ ਆ ਰਿਹਾ ਹੈ, ਜਿਸ ਕਰਕੇ ਕਈ ਜ਼ਿਲ੍ਹਿਆਂ ਵਿਚ ਕਾਰੋਬਾਰੀਆਂ ਨੇ ਪੁਰਾਣੇ ਗਰੁੱਪਾਂ ਲਈ ਫੀਸ ਦੇ ਕੇ ਰੀਨਿਊ ਕਰਵਾਉਣ ਵਾਲੀ ਨੀਤੀ ਵਿਚ ਕਿਸੇ ਤਰ੍ਹਾਂ ਦੀ ਕੋਈ ਦਿਲਚਸਪੀ ਨਹੀਂ ਦਿਖਾਈ ਹੈ। ਹੁਣ ਐਕਸਾਈਜ਼ ਵਿਭਾਗ ਇਨ੍ਹਾਂ ਜ਼ਿਲ੍ਹਿਆਂ ਵਿਚ ਰਹਿ ਗਏ ਸ਼ਰਾਬ ਦੇ ਕਾਰੋਬਾਰੀਆਂ ਨੂੰ ਪਰਚੀ ਰਾਹੀਂ ਅਲਾਟ ਕਰਨ ਜਾ ਰਿਹਾ ਹੈ।

ਐਕਸਾਈਜ਼ ਵਿਭਾਗ ਨੇ ਇਸ ਵਾਰ ਸਾਲ 2020-21 ਦੀ ਬਣਾਈ ਗਈ ਸ਼ਰਾਬ ਨੀਤੀ ਵਿਚ ਰੀਨਿਊ ਨੀਤੀ ਲਾਗੂ ਕੀਤੀ ਸੀ ਕਿ ਜਿਸ ਕੋਲ ਇਸ ਵੇਲੇ ਸ਼ਰਾਬ ਦੇ ਗਰੁੱਪ ਮੌਜੂਦ ਹਨ, ਉਹ ਫੀਸਾਂ ਸਮੇਤ 12 ਤੋਂ 14 ਫੀਸਦੀ ਫੀਸ ਦੇ ਕੇ ਗਰੁੱਪਾਂ ਨੂੰ ਰੀਨਿਊ ਕਰਵਾ ਲਏ। ਚਾਹੇ ਕਈ ਜ਼ਿਲ੍ਹਿਆਂ ਵਿਚ ਇਸ ਨੀਤੀ ਦੇ ਤਹਿਤ ਲੋਕਾਂ ਨੇ ਆਪਣੇ ਗਰੁੱਪਾਂ ਨੂੰ ਰੀਨਿਊ ਕਰਵਾ ਲਿਆ ਹੈ ਪਰ ਕਈ ਜ਼ਿਲ੍ਹਿਆਂ ਵਿਚ ਤਾਂ ਇਸ ਨੀਤੀ ਨੂੰ ਬਿਲਕੁਲ ਹੁੰਗਾਰਾ ਨਹੀਂ ਮਿਲਿਆ ਹੈ।

ਇਸ ਦਾ ਸਭ ਤੋਂ ਵੱਡਾ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਜਿਨ੍ਹਾਂ ਜਿਨ੍ਹਾਂ ਥਾਂਵਾਂ ਵਿਚ ਗਰੁੱਪਾਂ ਨੂੰ ਨਵਿਆਉਣ ਕਰਨ ਵਿਚ ਕਾਰੋਬਾਰੀਆਂ ਨੇ ਦਿਲਚਸਪੀ ਨਹੀਂ ਦਿਖਾਈ ਹੈ, ਉਨ੍ਹਾਂ ਥਾਂਵਾਂ ਉਤੇ ਨਾਜਾਇਜ਼ ਸ਼ਰਾਬ ਦਾ ਕੰਮ ਬਹੁਤ ਧੜੱਲੇ ਨਾਲ ਚੱਲ ਰਿਹਾ ਹੈ।

# ਸ਼ਹੀਦਾਂ ਦੀਆਂ ਤਸਵੀਰਾਂ ਅਜਾਇਬ ਘਰ 'ਚ ਲਾਈਆਂ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਹਰਿਮੰਦਰ ਸਾਹਿਬ ਵਿਖੇ ਕੇਂਦਰੀ ਸਿੱਖ ਅਜਾਇਬ ਘਰ 'ਚ ਦਰਬਾਰ ਸਾਹਿਬ ਦੀ ਰਖਵਾਲੀ ਲਈ ਸ਼ਹੀਦ ਹੋਏ ਜਥੇਦਾਰ ਗੁਰਬਖਸ਼ ਸਿੰਘ ਨਿਹੰਗ ਸਿੰਘ, ਗੁਰਮਤਿ ਸੰਗੀਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ ਰਹੇ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ ਲੁਧਿਆਣਾ, ਗੁਰੂ ਘਰ ਦੇ ਸੇਵਕ ਬਾਬਾ ਭਾਨ ਸਿੰਘ ਲੁਧਿਆਣਾ ਅਤੇ ਸਾਰਾਗੜ੍ਹੀ ਦੇ ਸ਼ਹੀਦਾਂ ਦਾ ਬਦਲਾ ਲੈਣ ਵਾਲੇ ਲੈਫਟੀਨੈਂਟ ਰਾਮ ਸਿੰਘ ਦੀਆਂ ਤਸਵੀਰਾਂ ਸਥਾਪਿਤ ਕੀਤੀਆਂ ਹਨ।

ਅਰਦਾਸ ਉਪਰੰਤ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਨਿਭਾਈ। ਜਥੇਦਾਰ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਿੱਖ ਪੰਥ ਲਈ ਯੋਗਦਾਨ ਪਾਉਣ ਵਾਲਿਆਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਬਾਬਾ ਗੁਰਬਖਸ਼ ਸਿੰਘ ਦੀ ਸ਼ਹਾਦਤ ਬਹੁਤ ਵੱਡੀ ਹੈ। ਇਸ ਕਰ ਕੇ ਸੰਗਤਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾਂ ਬਾਬਾ ਸੁੱਚਾ ਸਿੰਘ ਜਵੱਦੀ ਟਕਸਾਲ, ਬਾਬਾ ਭਾਨ ਸਿੰਘ ਅਤੇ ਲੈਫਟੀਨੈਂਟ ਰਾਮ ਸਿੰਘ ਬਹਾਦਰ ਦੇ ਕੰਮਾਂ ਦੀ ਵੀ ਪ੍ਰਸ਼ੰਸਾ ਕੀਤੀ।

### ਜਥੇਦਾਰ ਤਲਵੰਡੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਲਾਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਿਤ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜਥੇਦਾਰ ਤਲਵੰਡੀ ਨੂੰ ਕੌਮੀ ਪਰੰਪਰਾਵਾਂ ਨੂੰ ਸਮਰਪਿਤ ਆਗੂ ਕਰਾਰ ਦਿੱਤਾ। ਅਜਿਹੇ ਪੰਥ ਪ੍ਰਸਤੀ ਵਾਲੇ ਆਗੂਆਂ ਦੇ ਜੀਵਨ ਤੋਂ ਅਜੋਕੀ ਸਿੱਖ ਨੌਜਵਾਨੀ ਨੂੰ ਪ੍ਰੇਰਣਾ ਪ੍ਰਾਪਤ ਕਰਦਿਆਂ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਜਥੇਦਾਰ ਤਲਵੰਡੀ ਦੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕੀਤੀ।

# ਫਾਰੂਖ ਅਬਦੁੱਲਾ ਸੱਤ ਮਹੀਨੇ ਮਗਰੋਂ ਰਿਹਾ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਸੰਸਦ ਦੇ ਪੰਜ ਵਾਰ ਮੈਂਬਰ ਰਹੇ ਫਾਰੂਖ ਅਬਦੁੱਲਾ (82) ਖਿਲਾਫ ਪ੍ਰਸ਼ਾਸਨ ਨੇ ਜਨ ਸੁਰੱਖਿਆ ਐਕਟ (ਪੀ.ਐਸ.ਏ.) ਹਟਾ ਕੇ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਗ੍ਰਹਿ ਸਕੱਤਰ ਸ਼ਾਲੀਨ ਕਾਬਰਾ ਵੱਲੋਂ ਜਾਰੀ ਹੁਕਮ ਮੁਤਾਬਕ ਸ੍ਰੀਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਫਾਰੂਖ ਅਬਦੁੱਲਾ ਖਿਲਾਫ ਪਿਛਲੇ ਸਾਲ 15 ਸਤੰਬਰ ਅਤੇ ਬਾਅਦ 'ਚ 13 ਦਸੰਬਰ ਨੂੰ ਤਿੰਨ ਹੋਰ ਮਹੀਨਿਆਂ ਲਈ ਲਗਾਏ ਗਏ ਪੀ.ਐਸ.ਏ. ਨੂੰ ਰੱਦ ਕੀਤਾ ਜਾਂਦਾ ਹੈ।

ਇਸ ਹਫਤੇ ਦੇ ਸ਼ੁਰੂ 'ਚ ਉਨ੍ਹਾਂ ਦੀ ਅੱਖ ਦਾ ਅਪਰੇਸ਼ਨ ਹੋਇਆ ਸੀ ਅਤੇ ਘਰ ਵਿਚ ਬੰਦ ਫਾਰੂਖ ਨੂੰ ਸੱਤ ਮਹੀਨਿਆਂ ਮਗਰੋਂ ਰਿਹਾਈ ਮਿਲੀ ਹੈ। ਕੇਂਦਰ ਵੱਲੋਂ ਪਿਛਲੇ ਸਾਲ 5 ਅਗਸਤ ਨੂੰ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕੀਤੇ ਜਾਣ ਮਗਰੋਂ ਸ੍ਰੀ ਅਬਦੁੱਲਾ ਨੂੰ ਇਹਤਿਆਤ ਵਜੋਂ ਬੰਦੀ ਬਣਾਇਆ ਗਿਆ ਸੀ। ਉਹ ਪਹਿਲੇ ਮੁੱਖ ਮੰਤਰੀ ਸਨ ਜਿਨ੍ਹਾਂ ਖਿਲਾਫ ਪੀ.ਐਸ.ਏ. ਲਾਗੂ ਕੀਤਾ ਗਿਆ ਸੀ।

ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਫਾਰੂਖ ਅਬਦੁੱਲਾ ਖਿਲਾਫ ਪੀ.ਐਸ.ਏ. 15 ਸਤੰਬਰ ਨੂੰ ਉਸ ਸਮੇਂ ਲਾਗੂ ਕੀਤਾ ਸੀ ਜਦੋਂ ਸੁਪਰੀਮ ਕੋਰਟ ਨੇ ਐਮ.ਡੀ.ਐਮ.ਕੇ. ਆਗੂ ਵਾਇਕੋ ਦੀ ਪਟੀਸ਼ਨ 'ਤੇ ਸੁਣਵਾਈ ਕਰਨੀ ਸੀ। ਵਾਇਕੋ ਨੇ ਦਾਅਵਾ ਕੀਤਾ ਸੀ ਕਿ ਸ੍ਰੀ ਅਬਦੁੱਲਾ ਨੂੰ ਗੈਰਕਾਨੂੰਨੀ ਹਿਰਾਸਤ 'ਚ ਰੱਖਿਆ ਗਿਆ ਹੈ।

ਨੈਸ਼ਨਲ ਕਾਨਫਰੰਸ ਦੇ ਪੈਟਰਨ ਨੂੰ ਰਿਹਾਅ ਕਰਨ ਦਾ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਉਨ੍ਹਾਂ ਦੇ ਤਿੰਨ ਮਹੀਨਿਆਂ ਦੀ ਮਿਆਦ ਖਤਮ ਹੋ ਜਾਣੀ ਸੀ। ਜ਼ਿਲ੍ਹਾ ਮੈਜਿਸਟਰੇਟ ਸ਼ਾਹਿਦ ਇਕਬਾਲ ਚੌਧਰੀ ਨੇ ਫਾਰੂਖ ਅਬਦੁੱਲਾ ਨੂੰ ਘਰ ਜਾ ਕੇ



ਰਿਹਾਈ ਦੇ ਹੁਕਮ ਸੌਂਪੇ। ਪੀ.ਐਸ.ਏ. ਹਟਾਉਣ ਮਗਰੋਂ ਫਾਰੂਖ ਅਬਦੁੱਲਾ ਦੀ ਰਿਹਾਈ ਦਾ ਸਿਆਸੀ ਆਗੂਆਂ ਨੇ ਸਵਾਗਤ ਕੀਤਾ ਹੈ। ਨੈਸ਼ਨਲ ਕਾਨਫਰੰਸ ਨੇ ਆਪਣੇ ਪੈਟਰਨ ਦੀ ਰਿਹਾਈ ਨੂੰ ਜੰਮੂ ਕਸ਼ਮੀਰ 'ਚ ਸਿਆਸੀ ਅਮਲ ਦੀ ਬਹਾਲੀ ਵੱਲ ਸਹੀ ਕਦਮ ਠਹਿਰਾਇਆ ਹੈ। ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਉਨ੍ਹਾਂ ਦੀ ਰਿਹਾਈ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਛੇਤੀ ਹੀ ਲੋਕ ਸਭਾ ਦੇ ਮੂਹਰਲੇ ਬੈਂਚਾਂ ਉਤੇ ਨਜ਼ਰ ਆਉਣਗੇ ਜਿਥੋਂ ਉਹ ਸੂਬੇ ਦੀਆਂ ਸਮੱਸਿਆਵਾਂ ਬਾਰੇ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨਗੇ।

# ਪੰਜਾਬ ਵਿਚ ਅਜੇ ਨਹੀਂ ਲੱਗਣਗੇ 'ਆਪ' ਦੇ ਪੈਰ: ਗਾਂਧੀ

**ਪਟਿਆਲਾ:** ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਦੋਗਲੀ ਰਾਜਨੀਤੀ ਕਰ ਰਿਹਾ ਹੈ, ਜਿਸ ਕਾਰਨ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਪੰਜਾਬ 'ਚ ਪਿਛਲੀਆਂ ਚੋਣਾਂ ਵਾਂਗ ਬੁਰੀ ਤਰ੍ਹਾਂ ਹਾਰੇਗੀ। ਡਾ. ਗਾਂਧੀ ਨੇ ਕਿਹਾ ਕਿ ਇਕ ਪਾਸੇ ਅਰਵਿੰਦ ਕੇਜਰੀਵਾਲ ਧਰਮ ਨਿਰਪੱਖਤਾ ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਭਾਜਪਾ ਵਰਗੀ ਰਾਜਨੀਤੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਜਾਂ ਉਸ ਦਾ ਕੋਈ ਵੀ ਮੰਤਰੀ ਨਾ ਤਾਂ ਸ਼ਾਹੀਨ ਬਾਗ ਦੇ ਧਰਨੇ ਵਿਚ ਗਿਆ, ਨਾ ਹੀ ਜਾਮੀਆ ਮਿਲੀਆ ਯੂਨੀਵਰਸਿਟੀ ਵਿਚ ਪੀੜਤ ਵਿਦਿਆਰਥੀਆਂ ਦਾ ਪੱਖ ਪੂਰਿਆ ਤੇ ਨਾ ਹੀ ਜੇ.ਐਨ.ਯੂ. ਵਿਚ ਵਿਦਿਆਰਥੀਆਂ ਦਾ ਦੁੱਖ ਸੁਣਿਆ। ਦਿੱਲੀ ਵਿਚ ਹਿੰਸਾ ਹੋਈ ਉਤੇ ਵੀ ਕੇਜਰੀਵਾਲ ਦੇ ਮੰਤਰੀਆਂ ਨੇ ਪੀੜਤਾਂ ਦਾ ਪੱਖ ਨਹੀਂ ਪੂਰਿਆ। ਡਾ. ਗਾਂਧੀ ਨੇ ਆਖਿਆ ਕਿ ਪੰਜਾਬ 'ਚ ਦਿੱਲੀ ਦਾ ਮਾਡਲ ਕਿਸੇ ਵੀ ਹਾਲਤ ਵਿਚ ਕਾਮਯਾਬ ਨਹੀਂ ਹੋ ਸਕਦਾ।




ਦਿੱਲੀ ਵਿਚ ਟੈਕਸਾਂ ਦੀ ਭਰਮਾਰ ਹੈ ਪਰ ਪੰਜਾਬ ਢਾਈ ਲੱਖ ਕਰੋੜ ਦਾ ਕਰਜ਼ਾਈ ਹੈ। ਉਨ੍ਹਾਂ ਆਖਿਆ ਕਿ ਜੋ ਪਾਰਟੀ ਪੰਜਾਬ ਦੇ ਅਸਲ ਮੁੱਦਿਆਂ ਉਤੇ ਕੰਮ ਕਰੇਗੀ, ਪੰਜਾਬ ਦੇ ਪਾਣੀਆਂ ਦਾ ਦਿੱਲੀ, ਰਾਜਸਥਾਨ ਤੇ ਹਰਿਆਣਾ ਤੋਂ ਮੁਆਵਜ਼ਾ ਦਿਵਾਉਣ ਦੀ ਗੱਲ ਕਰੇਗੀ, ਉਹ ਹੀ ਪੰਜਾਬ ਦਾ ਰਾਜ ਸੰਭਾਲ ਸਕੇਗੀ। ਪੰਜਾਬ ਵਿਚ ਦੋਗਲੀ ਰਾਜਨੀਤੀ ਕਰਨ ਵਾਲੇ ਲੋਕ ਕਾਮਯਾਬ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੂੰ ਪੰਜਾਬ ਪ੍ਰਤੀ ਆਪਣੀ ਨੀਤੀ ਸਪੱਸ਼ਟ ਕਰਨੀ ਹੋਵੇਗੀ। ਪੰਜਾਬ ਦੇ ਦਿੱਲੀ ਨਾਲੋਂ ਵੱਖਰੇ ਮੁੱਦੇ ਹਨ, ਇਥੇ ਮੁਫਤ ਬਿਜਲੀ ਵਾਲਾ ਸਿਆਸੀ ਫੰਡਾ ਫੇਲ੍ਹ ਹੋ ਚੁੱਕਿਆ ਹੈ।

# ਪੰਜਾਬ ਵਿਚ ਅਪਰਾਧਿਕ ਵਾਰਦਾਤਾਂ ਵਿਚ ਵਾਧਾ

**ਚੰਡੀਗੜ੍ਹ:** ਪੰਜਾਬ ਭਰ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਵੱਖ-ਵੱਖ ਸ਼ਹਿਰਾਂ 'ਚ 3491 ਵਿਅਕਤੀਆਂ ਨੂੰ ਕਤਲ ਕੀਤਾ ਗਿਆ ਹੈ ਜਦਕਿ ਇਨ੍ਹਾਂ 'ਚੋਂ 442 ਕਤਲ ਦੇ ਮਾਮਲੇ ਪੁਲਿਸ ਲਈ ਅਜੇ ਵੀ ਸਿਰ ਦਰਦੀ ਬਣੇ ਹੋਏ ਹਨ। ਇਸ ਸਬੰਧੀ ਆਰ.ਟੀ.ਆਈ. ਕਾਰਕੁਨ ਰੋਹਿਤ ਸੱਭਰਵਾਲ ਵਲੋਂ ਸੂਚਨਾ ਅਤੇ ਅਧਿਕਾਰ ਐਕਟ ਤਹਿਤ ਪ੍ਰਾਪਤ ਕੀਤੀ ਗਈ ਜਾਣਕਾਰੀ ਤੋਂ ਇਹ ਖੁਲਾਸਾ ਹੋਇਆ ਹੈ।

ਸਾਲ 2015 ਵਿਚ ਸੂਬੇ ਭਰ 'ਚ 701 ਵਿਅਕਤੀਆਂ ਨੂੰ ਕਤਲ ਕਰਨ ਦੇ ਮਾਮਲੇ ਪੁਲਿਸ ਵਲੋਂ ਦਰਜ ਕੀਤੇ ਗਏ ਸਨ, ਇਨ੍ਹਾਂ 'ਚੋਂ ਪੁਲਿਸ ਸਿਰਫ 636 ਮਾਮਲੇ ਹੀ ਹੱਲ ਕਰ ਸਕੀ ਜਦਕਿ ਅਗਲੇ ਸਾਲ ਸਾਲ 2016 'ਚ ਅਜਿਹੇ ਮਾਮਲਿਆਂ ਦੀ ਗਿਣਤੀ 771 ਸੀ, ਇਨ੍ਹਾਂ ਵਿਚੋਂ ਪੁਲਿਸ ਸਿਰਫ 639 ਮਾਮਲੇ ਹੀ ਹੱਲ ਕਰ ਸਕੀ, ਸਾਲ 2017 'ਚ ਸੂਬੇ ਭਰ ਵਿਚ 658 ਵਿਅਕਤੀਆਂ ਨੂੰ ਕਤਲ ਕੀਤਾ ਗਿਆ ਸੀ, ਇਨ੍ਹਾਂ 'ਚੋਂ ਪੁਲਿਸ ਹੁਣ ਤੱਕ 587 ਮਾਮਲੇ ਹੀ ਹੱਲ




ਕਰ ਸਕੀ ਹੈ, ਜਦਕਿ 2018 'ਚ ਕਤਲ ਕੀਤੇ ਗਏ ਵਿਅਕਤੀਆਂ ਦੀ ਗਿਣਤੀ 684 ਸੀ ਤੇ ਪੁਲਿਸ ਇਨ੍ਹਾਂ 'ਚੋਂ 595 ਮਾਮਲੇ ਹੱਲ ਕਰਨ 'ਚ ਸਫਲ ਹੋਈ ਹੈ ਜਦਕਿ ਪਿਛਲੇ ਸਾਲ ਸੂਬੇ ਭਰ 'ਚ 677 ਵਿਅਕਤੀਆਂ ਨੂੰ ਕਤਲ ਕੀਤਾ ਗਿਆ ਸੀ, ਇਨ੍ਹਾਂ 'ਚੋਂ ਪੁਲਿਸ 592 ਮਾਮਲੇ ਹੀ ਹੱਲ ਕਰ ਸਕੀ ਹੈ।

ਸੂਬੇ ਭਰ ਵਿਚ ਪਿਛਲੇ ਚਾਰ ਸਾਲਾਂ ਦੌਰਾਨ 9469 ਖੋਹ ਦੀਆਂ ਵਾਰਦਾਤਾਂ ਹੋਈਆਂ, ਜਿਨ੍ਹਾਂ 'ਚੋਂ ਪੁਲਿਸ ਸਿਰਫ 5288 ਮਾਮਲੇ ਹੀ ਹੱਲ ਕਰ ਸਕੀ ਹੈ ਜਦਕਿ ਬਾਕੀ ਮਾਮਲੇ ਪੁਲਿਸ ਲਈ ਸਿਰਦਰਦੀ ਬਣੇ ਹੋਏ ਹਨ। ਪਿਛਲੇ ਪੰਜ ਸਾਲਾਂ ਦੌਰਾਨ 795 ਲੁੱਟ ਖੋਹ ਤੇ ਡਕੈਤੀ ਦੇ ਮਾਮਲੇ ਦਰਜ ਕੀਤੇ ਗਏ, ਇਨ੍ਹਾਂ 'ਚੋਂ ਪੁਲਿਸ 543 ਮਾਮਲੇ ਹੱਲ ਕਰਨ 'ਚ ਸਫਲ ਹੋਈ ਹੈ, ਜਦਕਿ ਢਾਈ ਸੌ ਦੇ ਕਰੀਬ ਮਾਮਲੇ ਅਜੇ ਵੀ ਅਣਸੁਲਝੇ ਹਨ।

ਪਿਛਲੇ ਪੰਜ ਸਾਲਾਂ ਦੌਰਾਨ ਪੁਲਿਸ ਹਿਰਾਸਤ ਦੌਰਾਨ 27 ਵਿਅਕਤੀਆਂ ਦੀ ਮੌਤ ਹੋਈ ਹੈ ਅਤੇ ਇਸ ਸਬੰਧੀ ਪੁਲਿਸ ਵਲੋਂ ਵੱਖ-ਵੱਖ ਥਾਣਿਆਂ 'ਚ ਮਾਮਲੇ ਦਰਜ ਕੀਤੇ ਗਏ ਹਨ, ਇਨ੍ਹਾਂ 'ਚੋਂ ਜ਼ਿਆਦਾਤਰ ਮਾਮਲੇ ਅਜੇ ਵਿਚਾਰ ਅਧੀਨ ਹੀ ਹਨ। ਪਿਛਲੇ ਪੰਜ ਸਾਲਾਂ ਦੌਰਾਨ ਸੂਬੇ 'ਚ ਅਪਰਾਧਿਕ ਵਾਰਦਾਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਪੁਲਿਸ ਵਲੋਂ ਜ਼ਿਆਦਾਤਰ ਮਾਮਲੇ ਹੱਲ ਨਹੀਂ ਕੀਤੇ ਗਏ ਹਨ।

# ਸਾਡੇ ਵਿਆਹ: ਕੱਲ੍ਹ, ਅੱਜ ਅਤੇ ਭਲਕ



'ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ' - ਵਿਆਹ ਨੂੰ ਦੋ ਰੂਹਾਂ ਦਾ ਮੇਲ ਆਖਿਆ ਗਿਆ ਹੈ। ਆਨੰਦ ਕਾਰਜ ਸਮੇਂ ਚਾਰ ਲਾਵਾਂ ਦਾ ਪਾਠ, ਗੁਰਬਾਣੀ ਅਨੁਸਾਰ ਵਿਆਹੁਤਾ ਜੀਵਨ ਲਈ ਸਿੱਖਿਆ ਅਤੇ ਅਸੀਸ ਹੈ। ਏਨਾ ਹੀ ਨਹੀਂ, ਇਸ ਸਫਰ ਨੂੰ ਅਧਿਆਤਮਕ ਸਫਰ ਦਾ ਦਰਜਾ ਹਾਸਲ ਹੈ। ਕਿਹਾ ਜਾਂਦਾ ਹੈ ਕਿ ਮਨੁੱਖੀ ਜ਼ਿੰਦਗੀ ਦੇ ਇਸ ਅਹਿਮ ਰਿਸ਼ਤੇ ਨੂੰ ਅੰਬਰਾਂ 'ਤੇ ਤੈਅ ਕਰ ਕੇ ਧਰਤੀ 'ਤੇ ਲਾਗੂ ਕੀਤਾ ਜਾਂਦਾ ਹੈ। 'ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ' - ਲੋਕ ਗੀਤਾਂ ਵਿਚ ਵੀ ਅਜਿਹਾ ਜ਼ਿਕਰ ਹੈ। ਵਿਆਹ ਨੂੰ ਪਵਿਤਰ ਰਸਮ ਮੰਨਿਆ ਗਿਆ ਹੈ ਪਰ ਸਮੇਂ ਦੇ ਨਾਲ-ਨਾਲ ਇਹ ਪਵਿਤਰ ਰਸਮ ਬਹੁਤ ਮਹਿੰਗੀ ਤੇ ਕਈ ਕੁਰੀਤੀਆਂ ਦਾ ਸ਼ਿਕਾਰ ਹੋ ਗਈ ਹੈ।

ਵਿਆਹ ਦੇ ਗਾਉਣ: ਅਤੀਤ ਅਤੇ ਵਰਤਮਾਨ ਦੇ ਫਾਸਲੇ ਨੇ ਸਾਡੇ ਸਭਿਆਚਾਰ ਨੂੰ

**ਗੁਰਪ੍ਰੀਤ ਸਿੰਘ ਤੂਰ**
**ਫੋਨ: +91-98158-00405**

ਕੀ ਤੋਂ ਕੀ ਬਣਾ ਦਿੱਤਾ ਹੈ! ਕਣਕ ਨੂੰ ਭਿਉਂਣ-ਸੁਕਾਉਣ ਤੇ ਦਾਲਾਂ ਦੀ ਸਫਾਈ ਨਾਲ ਵਿਆਹ ਦੀਆਂ ਤਿਆਰੀਆਂ ਮਹੀਨਾ-ਮਹੀਨਾ ਪਹਿਲਾਂ ਸ਼ੁਰੂ ਹੋ ਜਾਂਦੀਆਂ ਸਨ। ਕੰਧਾਂ-ਕੰਧੋਲੀਆਂ 'ਤੇ ਪਰੋਲਾ ਫੇਰਦੀਆਂ ਔਰਤਾਂ ਅਤੇ ਬਨੇਰਿਆਂ ਨੂੰ ਰੰਗ ਕਰਨ ਵਾਲੇ ਕਾਮੇ ਵਿਆਹ ਦੀਆਂ ਖੁਸ਼ੀਆਂ ਦਾ ਪਹਿਲਾ ਪੂਰ ਹੁੰਦੇ ਸਨ। ਦਰਜੀ ਘਰ ਬਿਠਾਇਆ ਜਾਂਦਾ। ਭੱਠੀ ਚੜ੍ਹਨ ਵਾਲਾ ਦਿਨ ਵਿਆਹ ਦੀਆਂ ਖੁਸ਼ੀਆਂ ਵਿਚ ਚੋਖਾ ਵਾਧਾ ਕਰ ਜਾਂਦਾ। ਅਗਲੇ ਦਿਨ ਦਰਵਾਜ਼ਿਆਂ ਨਾਲ ਕੇਲਿਆਂ ਦੀਆਂ ਗੇਲੀਆਂ ਗੱਡ ਦਿੱਤੀਆਂ ਜਾਂਦੀਆਂ ਅਤੇ ਘਰ ਨੂੰ ਰੰਗ-ਬਰੰਗੀਆਂ



*ਆਨੰਦ ਕਾਰਜ ਦੀ ਝਲਕ।*

ਝੰਡੀਆਂ ਨਾਲ ਸ਼ਿੰਗਾਰਿਆ ਜਾਂਦਾ। ਖੁਸ਼ਬੋਆਂ ਤੇ ਰੰਗਾਂ ਦਾ ਜਿਵੇਂ ਕੋਈ ਮੁਕਾਬਲਾ ਹੋਵੇ। ਰੋਟੀ-ਟੁੱਕ ਤੋਂ ਵਿਹਲੀਆਂ ਹੋ ਕੇ ਆਂਢ-ਗੁਆਂਢ ਦੀਆਂ ਔਰਤਾਂ ਵਿਆਹ ਵਾਲੇ ਘਰ ਗੀਤ ਗਾਉਣ ਆਉਂਦੀਆਂ। ਲੰਬੀ ਹੇਕ ਵਾਲੇ ਗੀਤ ਤੇ ਫੇਰ ਟਿਕੀ ਰਾਤ ਵਿਚ ਦੇਰ ਤੱਕ ਗਿੱਧਾ ਪੈਂਦਾ। ਆਵਾਜ਼ ਸਾਫ ਸੁਣਾਈ ਦਿੰਦੀ:

ਧੀਆਂ ਲੰਘ ਚੱਲੀਆਂ, ਬਾਬਲ ਵਾਲਾ ਬੂਹਾ
ਧੀਆਂ ਚੱਲੀਆਂ, ਮਾਏ ਤੇਰਾ ਦਿਲ ਕੀਕੂ ਲੱਗੂ ਗਾ।

ਮਾਂ ਦਾ ਉਦਾਸ ਚਿਹਰਾ ਦੇਖ ਕੇ ਧੀ ਹੌਂਸਲੇ ਭਰਿਆ ਮੋੜਾ ਆਪ ਹੀ ਦਿੰਦੀ:

ਤੰਦ ਚਰਖੇ ਦੇ ਪਾਵੇਂਗੀ,
ਤੂੰਬਾ ਉਥੇ ਈ ਵੱਜੂਗਾ।

ਆਖਰੀ ਦੋਵੇਂ ਲਾਈਨਾਂ ਤਿੰਨ-ਚਾਰ ਵਾਰ ਦੁਹਰਾਈਆਂ ਜਾਂਦੀਆਂ। ਝਾਲ ਵਾਲੇ ਪੁਲ ਦੀ ਆਵਾਜ਼ ਵਾਂਗ ਗਿੱਧੇ ਦੀ ਧਮਾਲ ਪੈਂਦੀ। ਸਮੇਂ ਦੀ ਚਾਲ ਨਾਲ ਇਸ ਸਮਾਗਮ ਦਾ ਸਮਾਜਿਕ ਤੇ ਸਭਿਆਚਾਰਕ ਪਤਨ ਹੋ ਰਿਹਾ ਹੈ। ਇਕ ਵਿਆਹ ਮੌਕੇ ਅਸੀਂ ਲੇਡੀਜ਼ ਸੰਗੀਤ ਸਮਾਗਮ 'ਤੇ ਦੇਰ ਰਾਤ ਪਹੁੰਚੇ। ਟੈਂਟ ਵਾਲੇ ਗੇਟ ਦੇ ਆਸੇ-ਪਾਸੇ ਬੈਠੇ ਕੁੱਤੇ ਹੱਡੀਆਂ ਚੱਬ ਰਹੇ ਸਨ। ਮੇਜ਼ ਗਲਾਸਾਂ ਤੇ ਬੋਤਲਾਂ ਨਾਲ ਭਰੇ ਪਏ। ਡੀ.ਜੇ. ਦੇ ਬੋਲ ਸਨ, "ਐਨਾ ਵੀ ਨਾ ਡੋਪ ਸ਼ੋਪ ਮਾਰਿਆ ਕਰੋ, ਐਵੇਂ ਸੁੱਕੀ ਵੋਦਕਾ ਨਾ ਚਾੜ੍ਹਿਆ ਕਰੋ, ਥੋੜ੍ਹਾ ਬਹੁਤਾ ਲਿਮਕਾ ਵੀ ਪਾ ਲਿਆ ਕਰੋ।" ਬੱਚਿਆਂ ਤੋਂ ਵੱਡਿਆਂ ਤੱਕ ਡਾਂਸ ਫਲੋਰ 'ਤੇ ਘਮਸਾਣ ਪੈਂਦਾ ਸੀ। ਅਜਿਹੇ ਸ਼ਗਨਾਂ ਭਰੇ ਮੌਕਿਆਂ 'ਤੇ ਅਜਿਹੀ ਸ਼ਬਦਾਵਲੀ ਵਾਲੇ ਗੀਤ ਅਥਾਹ ਮੰਦਭਾਗੇ ਹਨ। ... ਹਾਏ ਓ, ਆਪਣਾ ਪੰਜਾਬ ਓਏ। ਹੋਰ ਸੂਬਿਆਂ ਵਿਚ ਵਿਆਹਾਂ 'ਤੇ ਸ਼ਰਾਬ ਦਾ ਖੁੱਲਮ-ਖੁੱਲ੍ਹਾ ਸੇਵਨ ਨਹੀਂ ਹੈ, ਭਾਵੇਂ ਪਰਦੇ ਪਿੱਛੇ ਇਸ ਦੀ ਸੀਮਤ ਵਰਤੋਂ ਹੁੰਦੀ ਹੋਵੇ ਪਰ ਸਾਡੇ ਵਾਂਗ ਸਜਾ-ਸਜਾ ਕੇ ਸ਼ਰਾਬ ਦੇ ਸਟਾਲ ਹੋਰ ਕਿਤੇ ਵੀ ਨਹੀਂ ਲੱਗਦੇ। ਦਸ-ਬਾਰਾਂ ਸਾਲ ਪੁਰਾਣੀ ਗੱਲ ਹੈ। ਪੰਜਾਬ ਦੇ ਤਿੰਨ ਅਧਿਕਾਰੀ ਆਪਣੇ ਸਾਥੀ ਅਫਸਰ ਦੇ ਸੱਦੇ 'ਤੇ ਦੱਖਣੀ ਭਾਰਤ ਦੇ ਕਿਸੇ ਸ਼ਹਿਰ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਪਹੁੰਚੇ। ਮੇਜ਼ਬਾਨ ਅਫਸਰ ਨੇ ਬੇਨਤੀ ਕੀਤੀ ਕਿ ਸਾਡੇ ਇਥੇ ਵਿਆਹਾਂ ਵਿਚ ਸ਼ਰਾਬ ਪ੍ਰਚਲਿਤ ਨਹੀਂ ਹੈ ਪਰ ਹੋਟਲ ਦੇ ਕਮਰੇ ਵਿਚ ਅਜਿਹਾ ਪ੍ਰਬੰਧ ਕੀਤਾ ਜਾ ਸਕਦਾ ਹੈ। ਘੰਟੇ ਕੁ ਬਾਅਦ ਉਸ ਨੇ ਇੱਕ ਹੋਰ ਬੇਨਤੀ ਕੀਤੀ ਕਿ ਇਸੇ ਹੋਟਲ ਵਿਚ ਵਿਆਹ ਸਮਾਗਮ ਨਾਲ ਸਬੰਧਤ ਹੋਰ ਮਹਿਮਾਨ ਵੀ ਠਹਿਰੇ ਹੋਏ ਹਨ, ਸੋ ਪਤਾ ਲੱਗ ਜਾਣ ਦੇ ਡਰੋਂ ਹੋਟਲ ਵਿਚ ਸ਼ਰਾਬ ਦੇ ਪ੍ਰਬੰਧ ਦਾ ਪ੍ਰੋਗਰਾਮ ਮੁਲਤਵੀ ਕੀਤਾ ਜਾਂਦਾ ਹੈ। ਲੇਕਿਨ ਸਾਡੇ ਵਿਆਹਾਂ ਵਿਚ ਸ਼ਰਾਬ ਦੇ ਸੇਵਨ ਨੂੰ ਰੋਕਣ ਲਈ ਅਜਿਹਾ ਕਿਸੇ ਵੀ ਤਰ੍ਹਾਂ ਦਾ ਕੋਈ ਸਮਾਜਿਕ ਦਬਾਓ ਨਹੀਂ ਹੈ। ਪੁਰਾਣੇ ਸਮਿਆਂ ਵਿਚ ਘਰਾਂ ਵਿਚ ਹੀ ਆਨੰਦ ਕਾਰਜ ਹੁੰਦੇ ਸਨ। ਇੱਕ ਬੱਚੀ ਉਠ ਕੇ ਸਿੱਖਿਆ ਪੜ੍ਹਦੀ ਤਾਂ ਸਭ ਦੀਆ ਅੱਖਾਂ ਨਮ ਹੋ ਜਾਂਦੀਆਂ। ਚੰਗੀ ਦਿੱਖ ਵਾਲਾ ਕੋਈ ਸ਼ਖਸ ਦੋਵੇਂ ਪਰਿਵਾਰਾਂ ਲਈ ਮਾਣ-ਮੱਤੇ ਅਤੇ ਮੋਹ-ਭਿੱਜੇ ਬੋਲ ਬੋਲਦਾ। ਉਥੇ ਬੈਠਾ ਹਰ ਸ਼ਖਸ ਮਨ ਹੀ ਮਨ ਆਪਣੇ ਆਪ ਅਤੇ ਆਪਣੇ ਪਰਿਵਾਰ ਨੂੰ ਤੋਲਣ ਲੱਗ ਜਾਂਦਾ ਸੀ। ਅਜਿਹੀ ਮਾਨਸਿਕਤਾ ਵਿਚੋਂ ਉਠ ਕੇ ਸ਼ਰਾਬ ਪੀਣ ਬੈਠ ਜਾਣਾ ਸੰਭਵ ਹੀ ਨਹੀਂ ਹੁੰਦਾ ਸੀ।

ਅਨੇਕਾਂ ਤਰ੍ਹਾਂ ਦੇ ਪਕਵਾਨ ਅਤੇ ਖਾਣ-ਪੀਣ ਦੀਆਂ ਵਸਤਾਂ ਨੂੰ ਵਿਅਰਥ ਗਵਾਉਣਾ ਸਾਡੇ ਵਿਆਹਾਂ ਦੀ ਅਗਲੀ ਵਿਸ਼ੇਸ਼ ਊਣਤਾਈ ਹੈ। ਅਕਸਰ ਹੀ ਵਿਆਹ ਸਮਾਗਮਾਂ ਦੌਰਾਨ ਨਾਸ਼ਤੇ ਅਤੇ ਦੁਪਹਿਰ ਦੇ ਖਾਣੇ ਦਾ ਅੰਤਰ ਢਾਈ-ਤਿੰਨ ਘੰਟਿਆਂ ਤੋਂ ਵੱਧ ਨਹੀਂ ਹੁੰਦਾ ਅਤੇ ਵਿਚਕਾਰਲਾ ਸਮਾਂ ਵੀ ਖਾਣ-ਪੀਣ ਦੇ ਅਨੇਕਾਂ ਪਕਵਾਨਾਂ ਨਾਲ ਤੂਸਿਆ ਪਿਆ ਹੁੰਦਾ ਹੈ। ਕਿਰਤ ਵਿਚ ਰੁੱਝੇ ਤੇ ਗੁੜ ਦੀ ਰੋੜੀ ਨਾਲ ਮੂੰਹ ਸੁਆਦਲਾ ਕਰਨ ਵਾਲੇ ਲੋਕ ਅੱਜ ਸਵੀਟ ਡਿਸ਼ਜ ਦੇ ਕੈਟਾ-ਲਾਗਜ਼ ਖੋਲ੍ਹ ਕੇ ਬਹਿ ਗਏ ਹਨ। ਇੰਡੀਅਨ, ਸਾਊਥ ਇੰਡੀਅਨ, ਇਟਾਲੀਅਨ, ਚਾਈਨੀਜ਼, ਰਸ਼ੀਅਨ ਤੇ ਸੀ ਫੂਡਜ਼ - ਵਿਆਹਾਂ ਮੌਕੇ ਕਈ ਤਰ੍ਹਾਂ ਦੇ ਖਾਣੇ ਪਰੋਸੇ ਜਾਂਦੇ ਹਨ। ਅਜਿਹੇ ਵਿਆਹਾਂ 'ਤੇ ਖਾਣੇ ਦਾ ਖਰਚਾ ਦੋ ਹਜ਼ਾਰ ਰੁਪਏ ਪ੍ਰਤੀ ਪਲੇਟ ਤੋਂ ਸ਼ੁਰੂ ਹੋ ਕੇ ਤਿੰਨ ਹਜ਼ਾਰ ਤੱਕ ਪੁੱਜ ਜਾਂਦਾ ਹੈ। ਵਿਆਹਾਂ 'ਤੇ ਜਦੋਂ ਅਸੀਂ ਪਲੇਟਾਂ ਵਿਚ ਖਾਣਾ ਪਾ ਰਹੇ ਹੁੰਦੇ ਹਾਂ ਤਾਂ ਉਸੇ ਪਲੇਟ ਵਿਚ ਕਿਸੇ ਬੇਵੱਸ ਧੀ ਦੇ ਹੰਝੂ ਅਤੇ ਕਿਸੇ ਅਭਾਗੇ ਬਾਬਲ ਦਾ ਪਸੀਨਾ ਪਹਿਲਾਂ ਹੀ ਮੌਜੂਦ ਹੁੰਦਾ ਹੈ।

ਵਿਆਹਾਂ 'ਤੇ ਅਥਾਹ ਖਰਚੇ ਸਭ ਤੋਂ ਵੱਡੀ ਚੁਣੌਤੀ ਹਨ। ਵਿਆਹ ਸਮਾਗਮਾਂ ਨੂੰ ਬਹੁਤ ਵਧਾ ਲਿਆ ਗਿਆ ਹੈ: ਰੋਕ, ਮੰਗਣਾ, ਪ੍ਰੀ-ਵੈਡਿੰਗ ਸ਼ੂਟ, ਲੇਡੀਜ਼ ਸੰਗੀਤ, ਵਿਆਹ, ਰਿਸੈਪਸ਼ਨ। ਉਹ ਲੋਕ ਕਿਥੇ ਚਲੇ ਗਏ ਜੋ ਧੀ ਆਖ, ਸਿਰ 'ਤੇ ਹੱਥ ਰੱਖ, ਚੁੰਨੀ ਚੜ੍ਹਾ ਲਿਆਉਂਦੇ ਸਨ। ਵਿਆਹਾਂ ਦੇ ਖਰਚਿਆਂ ਨਾਲ ਗਰੀਬ ਪਰਿਵਾਰਾਂ ਸਿਰ ਕਰਜ਼ਾ ਚੜ੍ਹ ਜਾਂਦਾ ਹੈ ਅਤੇ ਮੱਧ ਵਰਗ ਦੇ ਪਰਿਵਾਰਾਂ ਦੀ ਜਾਇਦਾਦ ਵਿਕ ਜਾਂਦੀ ਹੈ। ਅਮੀਰ ਲੋਕ ਮਹਿੰਗੇ ਵਿਆਹਾਂ ਦੇ ਪੂਰਨੇ ਪਾਉਂਦੇ ਹਨ ਅਤੇ ਵਿਆਹਾਂ 'ਤੇ ਅਥਾਹ ਖਰਚਿਆਂ ਨੂੰ ਆਪਣੀ ਇਜ਼ਤ ਵਾਲੀ ਗੱਲ ਦਰਸਾਉਂਦੇ ਹਨ। ਵੱਡਿਆਂ ਨਾਲ ਮੱਥਾ ਲਾਉਣ ਦੀ ਤਾਂਘ, ਦਿਖਾਵੇ ਦੀ ਲਾਲਸਾ ਅਤੇ ਮੁਕਾਬਲੇ ਦੀ ਦੌੜ- ਸਾਂਝੇ ਤੌਰ 'ਤੇ ਵਿਆਹਾਂ ਦੇ ਵੱਡੇ ਖਰਚਿਆਂ ਦਾ ਕਾਰਨ ਬਣਦੇ ਹਨ। ਵਿਦੇਸ਼ਾਂ ਤੋਂ ਆਏ ਰਿਸ਼ਤਿਆਂ ਅਤੇ ਆਈਲੈਟਸ ਦੇ ਨੰਬਰਾਂ ਨੇ ਇਨ੍ਹਾਂ ਖਰਚਿਆਂ ਦੀ ਰਫਤਾਰ ਨੂੰ ਤੇਜ਼ ਕੀਤਾ ਹੈ। ਪੈਲੇਸ ਵਿਚ ਹੋਣ ਵਾਲਾ ਹਰ ਵਿਆਹ ਚੌਵੀ-ਪੱਚੀ ਲੱਖ ਤੋਂ ਸ਼ੁਰੂ ਹੋ ਕੇ ਕਰੋੜ-ਕਰੋੜ ਨੂੰ ਅੱਪੜ ਜਾਂਦਾ ਹੈ। ਪਿਛਲੇ ਵਰ੍ਹੇ ਇੱਕ ਵਿਆਹ 'ਤੇ ਅੱਸੀ ਲੱਖ ਰੁਪਏ ਖਰਚ ਹੋਏ ਪਰ ਉਹ ਬਦਕਿਸਮਤ ਰਿਸ਼ਤਾ ਜਿਸ ਦੀ ਖੁਸ਼ੀ ਵਿਚ ਚਾਰ ਲੱਖ ਸਜਾਵਟੀ ਫੁੱਲਾਂ ਦਾ ਹੀ ਖਰਚਾ ਹੋਇਆ ਸੀ, ਚਾਲੀ ਦਿਨਾਂ ਦੇ ਅੰਦਰ-ਅੰਦਰ ਟੁੱਟ ਗਿਆ।

ਵਿਦੇਸ਼ਾਂ ਤੋਂ ਆਏ ਪ੍ਰੀ-ਵੈਡਿੰਗ ਸ਼ੂਟ ਨਾਮ ਦੇ ਇੱਕ ਹੋਰ ਰਿਵਾਜ ਨੇ ਸਾਡਾ ਬੂਹਾ ਖੜਕਾਇਆ ਹੈ। ਲੋਹੜੀ ਦੇ ਦਿਨਾਂ ਦੀ ਗੱਲ ਹੈ ਕਿ ਸਾਨੂੰ ਮਹਾਰਾਜਾ ਦਲੀਪ ਸਿੰਘ ਨਾਲ ਸਬੰਧਤ ਬੱਸੀਆਂ ਰੈਸਟ ਹਾਊਸ ਵਿਖੇ ਜਾਣ ਦਾ ਮੌਕਾ ਮਿਲਿਆ। ਚਹਿਲ-ਪਹਿਲ ਸੀ। ਮੈਂ ਖੁਸ਼ ਹੋਇਆ ਤੇ ਆਪਣੀ ਪਤਨੀ ਨੂੰ ਆਖਿਆ ਕਿ ਲੋਕਾਂ ਦੀ ਇਤਿਹਾਸ ਵਿਚ ਜਾਗਰੂਕਤਾ ਵਧੀ ਹੈ। ਖਾਸ ਤੌਰ 'ਤੇ ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰ ਅਜਿਹੇ ਮਾਣ ਦਾ ਹੱਕ ਰੱਖਦੀ ਹੈ।

"ਵਿਆਹ ਕਰਵਾਉਣ ਵਾਲੇ ਬੱਚੇ ਇਥੇ ਪ੍ਰੀ ਵੈਡਿੰਗ ਸ਼ੂਟ ਲਈ ਆਏ ਹੋਏ ਹਨ।" ਮੇਰੀ ਪਤਨੀ ਨੇ ਮੈਨੂੰ ਯਥਾਰਥ ਦੇ ਧਰਾਤਲ 'ਤੇ ਮੋੜ ਲਿਆਂਦਾ। ਪੁਰਾਤਨ, ਇਤਿਹਾਸਕ ਅਤੇ ਰੌਲੇ-ਰੱਪੇ ਤੋਂ ਦੂਰ ਖੇਤਾਂ ਵਿਚ ਸਥਿਤ ਇਹ ਯਾਦਗਾਰ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਹੈ। ਉਸ ਸਮੇਂ ਅੱਠ-ਦਸ ਜੋੜੇ ਫੋਟੋਆਂ ਕਰਵਾ ਰਹੇ ਸਨ। ਹਰ ਇੱਕ ਨਾਲ ਇੱਕ-ਇੱਕ, ਦੋ-ਦੋ ਕੈਮਰਿਆਂ ਵਾਲੇ ਤੇ ਉਨ੍ਹਾਂ ਦੇ ਪਰਿਵਾਰਕ ਜੀਅ ਵੀ ਨਾਲ ਸਨ। ਵਿਚਕਾਰ ਜਿਹੇ ਅਸੀਂ ਇੱਕ ਬੈਂਚ 'ਤੇ ਬੈਠ ਗਏ। ਵੀਹ-ਇੱਕੀ ਵਰ੍ਹਿਆਂ ਦੀ ਲੜਕੀ ਨੂੰ ਫੋਟੋਗ੍ਰਾਫਰ ਆਦੇਸ਼ ਦੇ ਰਿਹਾ ਸੀ, "ਚੁੰਨੀ ਸਿਰ ਤੋਂ ਥੋੜ੍ਹੀ ਥੱਲੇ ਕਰੋ, ਹੋਰ ਸਰਕਾ ਦਿਓ, ਹੋਰ ਝੁਕ ਜਾਓ, ਦੋਵੇਂ ਬਾਹਵਾਂ ਉਨ੍ਹਾਂ ਦੇ ਗਲ ਵਿਚ ਪਾ ਲਵੋ।" ਮੈਥੋਂ ਰਿਹਾ ਨਾ ਗਿਆ ਤੇ ਮੈਂ ਫੋਟੋਗ੍ਰਾਫਰ ਨੂੰ ਆਵਾਜ਼ ਮਾਰੀ ਪਰ ਝੱਟ-ਪੱਟ ਮੇਰੀ ਪਤਨੀ ਨੇ ਮੈਨੂੰ ਵਰਜਿਆ, "ਇਹ ਪਬਲਿਕ ਪਲੇਸ ਹੈ ਅਤੇ ਫੋਟੋਗ੍ਰਾਫੀ ਕਿਸੇ ਦੀ ਨਿੱਜੀ ਜ਼ਿੰਦਗੀ ਨਾਲ ਸਬੰਧਤ ਹੈ।" ਉਹ ਬੈਂਚ ਤੋਂ ਉਠ ਕੇ ਇੰਜ ਖੜ੍ਹੀ ਹੋ ਗਈ ਕਿ ਮੈਂ ਉਨ੍ਹਾਂ ਨੂੰ ਆਸਾਨੀ ਨਾਲ ਦੇਖ ਨਾ ਸਕਾਂ। "ਬਾਅਦ ਵਿਚ ਗੱਲ ਕਰਦੇ ਹਾਂ", ਉਸ ਨੇ ਥੋੜ੍ਹਾ ਰੁਕ ਕੇ ਆਖਿਆ। ਘੰਟਾ ਕੁ ਬਾਅਦ ਜਦੋਂ ਅਸੀਂ ਵਾਪਸ ਚੱਲਣ ਲੱਗੇ ਤਾਂ ਪਾਰਕਿੰਗ ਵਿਚ ਸਾਦਾ ਪਹਿਰਾਵਾ, ਹੱਥ ਵਿਚ ਝੋਲਾ ਫੜੀ ਖੜ੍ਹੇ ਇੱਕ ਬਜ਼ੁਰਗ ਨਾਲ ਮੈਂ ਗੱਲਾਂ ਕਰਨ ਲੱਗਾ। "ਜਿਸ ਲੜਕੀ ਨਾਲ ਤੁਸੀਂ ਗੱਲਾਂ ਕਰ ਰਹੇ ਸੀ, ਉਹ ਮੇਰੀ ਪੋਤਰੀ ਹੈ", ਉਨ੍ਹਾਂ ਨੇ ਦੱਸਿਆ। 'ਬਾਹਰਲੇ ਮੁਲਕ ਵੀਜ਼ਾ ਦੇਣ ਲਈ ਇਹ ਫੋਟੋਆਂ ਮੰਗਵਾਉਂਦੇ ਆ ਨਾ', ਉਨ੍ਹਾਂ ਨੇ ਮੈਨੂੰ ਪੁੱਛਿਆ ਜਾਂ ਦੱਸਿਆ, ਮੈਂ ਇਸ ਗੱਲ ਦਾ ਅੰਦਾਜ਼ਾ ਨਾ ਲਾ ਸਕਿਆ। ਵੱਧ ਖਰਚਿਆਂ ਦੇ ਨਾਲ-ਨਾਲ ਇਸ ਰਿਵਾਜ ਨੇ ਔਰਤ ਦਾ ਸਨਮਾਨ ਘਟਾਇਆ ਹੈ ਅਤੇ ਜਵਾਨੀ ਤੋਂ ਉਡੀਕ ਦੀਆਂ ਖੁਸ਼ੀਆਂ ਖੋਹ ਲਈਆਂ ਹਨ। ਸੰਗ-ਸ਼ਰਮ ਤੋਂ ਵਾਂਝੀ ਜ਼ਿੰਦਗੀ ਦੀ ਹੋਂਦ ਬਿਨਾਂ ਮਹਿਕ ਦੇ ਫੁੱਲਾਂ ਵਾਂਗ ਹੈ।

ਦਰਅਸਲ, ਅਸੀਂ ਸਾਧਾਰਨ ਜ਼ਿੰਦਗੀ ਤੋਂ ਉਖੜ ਗਏ ਹਾਂ। ਉਨ੍ਹੀਵੀਂ ਸਦੀ ਦੀ ਗੱਲ ਹੈ। ਝੰਗ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਲਾਹੌਰ ਤੋਂ ਵਾਪਸ ਮੁੜਦਾ ਰਾਵੀ ਕਿਨਾਰੇ ਨੂਰ ਵਲੀ ਸ਼ਾਹ ਦੀ ਦਰਗਾਹ 'ਤੇ ਰੁਕਿਆ। ਦਿਨ ਛਿਪਿਆ, ਅਜ਼ਾਨ ਗੂੰਜੀ, ਉਸ ਨੇ ਦਰਿਆ ਦੇ ਵਹਿਣ ਨੂੰ ਰੀਝ ਨਾਲ ਤੱਕਿਆ ਅਤੇ ਝਾੜੀਆਂ ਵਿਚਦੀ ਛੁਪ ਗਏ ਸੂਰਜ ਦੀ ਲਾਲੀ ਨੂੰ ਮਾਨਣ ਲੱਗਾ। ਉਸ ਦੇ ਮਨ ਵਿਚ ਖਿਆਲ ਆਇਆ, ਤੇ ਅਗਲੇ ਹੀ ਦਿਨ ਉਸ ਨੇ ਪੰਜਾਬ ਦੇ ਗਵਰਨਰ ਨੂੰ ਪੱਤਰ ਲਿਖ ਕੇ ਇਸ ਦਰਿਆ 'ਤੇ ਬੰਨ੍ਹ ਮਾਰ ਕੇ ਨਹਿਰਾਂ ਕੱਢਣ ਦੀ ਤਜਵੀਜ਼ ਰੱਖੀ। ਨਹਿਰਾਂ, ਸੂਇਆਂ, ਕੱਸੀਆਂ ਅਤੇ ਖਾਲਾਂ ਦਾ ਜਾਲ ਵਿਛ ਗਿਆ। ਖਾਲ ਪੱਕੇ ਹੁੰਦੇ ਗਏ ਅਤੇ ਜਲੰਧਰ, ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ, ਲੁਧਿਆਣਾ, ਸਿਆਲਕੋਟ, ਲਾਹੌਰ ਤੇ ਮੁਲਤਾਨ ਦੇ ਕਿਸਾਨਾਂ ਨੂੰ ਬਰਫੀ ਦੇ ਟੁਕੜਿਆਂ ਵਾਂਗ ਜ਼ਮੀਨਾਂ ਅਲਾਟ ਹੁੰਦੀਆਂ ਗਈਆਂ। ਪੰਜਾਬੀਆਂ ਨੇ ਸਿਰ ਤੋੜ ਮਿਹਨਤ ਕੀਤੀ, ਕੰਮ ਕਰਦੇ-ਕਰਦੇ ਉਹ ਮਿੱਟੀ ਨਾਲ ਹੀ ਹੱਥ ਸੁੱਚੇ ਕਰਕੇ ਹੱਥਾਂ ਉਤੇ ਹੀ ਰੋਟੀ ਰੱਖ ਕੇ ਖਾ ਲੈਂਦੇ। ਹਰੀ ਕ੍ਰਾਂਤੀ ਨਾਲੋਂ ਮਿਹਨਤ ਦੀ ਇਹ ਕਠਿਨ ਪ੍ਰੀਖਿਆ ਸੀ। ਉਦੋਂ ਉਨ੍ਹਾਂ ਦਾ ਖਾਣ-ਪੀਣ, ਰਹਿਣ-ਸਹਿਣ ਤੇ ਰਸਮੋਂ-ਰਿਵਾਜ ਅਤਿ ਸਾਧਾਰਨ ਸਨ। ਇੰਜ ਸਾਂਦਲ ਅਤੇ ਗੰਜੀ ਬਾਰਾਂ ਆਬਾਦ ਹੋਈਆਂ। ਦੇਖਦਿਆਂ ਹੀ ਦੇਖਦਿਆਂ ਲਾਇਲਪੁਰ ਆਟਾ ਮਿੱਲਾਂ, ਰੂੰ ਪਿੰਜਣ ਵਾਲੇ ਕਾਰਖਾਨਿਆਂ ਅਤੇ ਕੋਹਲੂਆਂ ਦਾ ਸ਼ਹਿਰ ਬਣ ਗਿਆ। ਪੰਜਾਬ ਦਾ ਇਹ ਉਹ ਸਮਾਂ ਸੀ ਜਦੋਂ ਕੰਮ ਸਿੱਖਣ ਲਈ ਉਸਤਾਦ ਧਾਰਿਆ ਜਾਂਦਾ ਅਤੇ ਉਸਤਾਦ ਦੀ ਚੁੱਪ ਬਹੁਤ ਵੱਡਾ ਇਨਾਮ ਹੋਇਆ ਕਰਦੀ ਸੀ। ਕੰਮ ਵਿਚ ਰੁੱਝੇ ਸਰੀਰ ਅਤੇ ਮਨ ਕ੍ਰਮਵਾਰ ਅਨਾਜ ਅਤੇ ਖੁਸ਼ੀਆਂ ਦੇ ਢੇਰ ਲਾ ਦਿੰਦੇ ਸਨ; ਲੇਕਿਨ ਅੱਜ ਅਸੀਂ ਅਜਿਹੀਆਂ ਖੁਸ਼ੀਆਂ ਸ਼ਰਾਬ ਅਤੇ ਮਹਿੰਗੇ ਖਾਣਿਆਂ ਵਿਚੋਂ ਲੱਭਦੇ ਹਾਂ। ਜਿਸ ਵਿਆਹ ਵਿਚ ਮਾਸਾਹਾਰੀ ਭੋਜਨ ਅਤੇ ਸ਼ਰਾਬ ਨਹੀਂ ਹੁੰਦੀ, ਉਸ ਵਿਆਹ ਵਿਚ ਸਾਡਾ ਵਿਹਾਰ ਅਤੇ ਵਿਚਰਨ ਚੋਣ ਡਿਊਟੀ ਸਬੰਧੀ ਹੋ ਰਹੀ ਰਿਹਰਸਲ ਜਿਹਾ ਹੁੰਦਾ ਹੈ। ਭਾਈ ਲਾਲੋ ਦੇ ਵਾਰਸ ਹੁਣ ਸਲਾਦ ਦੀਆਂ ਵੰਨਗੀਆਂ ਵਿਚ ਉਲਝ ਗਏ ਹਨ।

ਵੱਡਾ ਸਵਾਲ ਹੈ ਕਿ ਵਿਆਹਾਂ ਦੇ ਖਰਚੇ ਘਟਾਉਣ ਲਈ ਅਤੇ ਇਨ੍ਹਾਂ ਸਮਾਗਮਾਂ ਨੂੰ ਸਭਿਆਚਾਰਕ ਸੀਮਾਵਾਂ ਤੱਕ ਸੀਮਤ ਰੱਖਣ ਲਈ ਕਿਹੜੇ-ਕਿਹੜੇ ਯਤਨ ਕੀਤੇ ਜਾਣ। ਪੱਛਮੀ ਪੰਜਾਬ ਵਿਚ ਅਸੀਮਤ ਪਕਵਾਨਾਂ ਅਤੇ ਜੀਭ ਦੀ ਲਾਲਸਾ 'ਤੇ ਕਾਨੂੰਨ ਬਣਾ ਕੇ ਲਗਾਮ ਕਸੀ ਗਈ ਹੈ। ਮੁੰਡੇ ਵਾਲੇ ਪਰਿਵਾਰ ਵਿਆਹ ਦੇ ਖਰਚੇ ਘੱਟ ਕਰਨ ਲਈ ਅਹਿਮ ਰੋਲ ਅਦਾ ਕਰ ਸਕਦੇ ਹਨ। ਟਾਵੇਂ-ਟਾਵੇਂ ਪਰਿਵਾਰ ਇਹ ਰੋਲ ਨਿਭਾਉਂਦੇ ਵੀ ਆਏ ਹਨ ਪਰ ਅਜਿਹੇ ਵਿਆਹਾਂ ਦੀ ਸਮਾਜ ਵਿਚ ਗੱਲ ਨਹੀਂ ਹੁੰਦੀ ਅਤੇ ਇਸੇ ਲਈ ਗੱਲ ਅੱਗੇ ਤੁਰਦੀ ਨਹੀਂ। ਮਾਲਵਾ ਖੇਤਰ ਵਿਚ ਕਈ ਪੇਂਡੂ ਸੰਸਥਾਵਾਂ/ਕਲੱਬਾਂ ਨੇ ਵਿਆਹਾਂ ਦੇ ਖਰਚੇ ਘਟਾਉਣ ਦਾ ਹੋਕਾ ਦਿੱਤਾ ਹੈ ਅਤੇ ਆਸੇ-ਪਾਸੇ ਦੇ ਪੰਦਰਾਂ-ਵੀਹ ਪਿੰਡਾਂ ਵਿਚ ਇਸ ਆਵਾਜ਼ ਨੂੰ ਪਹੁੰਚਾਇਆ ਵੀ ਹੈ। ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਕਰਨ ਵਾਲੇ ਲੋਕ ਪ੍ਰਸ਼ੰਸਾ ਦੇ ਪਾਤਰ ਹਨ। ਕਈ ਪੰਚਾਇਤਾਂ ਨੇ ਵੀ ਅਜਿਹਾ ਉਦਮ ਕੀਤਾ ਹੈ। ਹੋਰ ਵੀ ਕਈ ਲੋਕ ਇਸ ਪਾਸੇ ਯਤਨਸ਼ੀਲ ਹਨ।

ਕਾਸ਼! ਆਉਣ ਵਾਲਾ ਵਕਤ ਸਾਦੇ ਵਿਆਹਾਂ ਦਾ ਹੋਵੇ। ਇਸ ਲਈ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸੰਚਾਰ ਖੇਤਰ ਦੇ ਵੱਡੇ ਪਰਦਿਆਂ ਦੀ ਲੋੜ ਹੈ। ਸਾਡੀਆਂ ਸਿਰਮੌਰ ਧਾਰਮਿਕ ਸੰਸਥਾਵਾਂ ਸਾਦੇ ਵਿਆਹਾਂ ਦੇ ਫਰਮਾਨ ਜਾਰੀ ਕਰਨ ਅਤੇ ਇਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ। ਰਾਜਨੀਤਿਕ ਖੇਤਰ ਦੇ ਲੋਕ ਮਿਸਾਲ ਕਾਇਮ ਕਰਕੇ ਰੋਲ ਮਾਡਲ ਬਣਨੇ ਚਾਹੀਦੇ ਹਨ। ਸਮਾਜਿਕ ਖੇਤਰ ਦੀ ਹਰ ਇਕਾਈ ਨੂੰ ਇਸ ਸਾਂਝੇ ਕੰਮ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਕੋਈ ਲਘੂ ਫਿਲਮ ਬਣਾਵੇ ਤੇ ਕੋਈ ਵਿਆਹਾਂ ਦੇ ਵੱਧ ਖਰਚਿਆਂ ਵਿਰੁਧ ਗੀਤ ਲਿਖੇ। ਕਿਸੇ ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਨੂੰ ਵਿਆਹਾਂ ਦੇ ਅਥਾਹ ਖਰਚਿਆਂ ਵਿਰੁਧ ਬੀੜਾ ਚੁੱਕਣਾ ਚਾਹੀਦਾ ਹੈ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨਾਂ ਦੌਰਾਨ ਸੜਕ 'ਤੇ ਲੰਗਰਾਂ ਵਾਲੀ ਥਾਂ ਕੁਝ ਲੋਕ ਸਮਾਜਿਕ ਬੁਰਾਈਆਂ ਵਿਰੁਧ ਪੈਂਫਲਿਟ ਵੰਡਦੇ ਦੇਖੇ ਗਏ। 'ਸਾਦੇ ਵਿਆਹ, ਪੰਜਾਬੀ ਵਿਰਸਾ, ਨੇਕ ਕਮਾਈ' ਦੋ-ਦੋ/ਚਾਰ-ਚਾਰ ਸ਼ਬਦਾਂ ਦੇ ਅਜਿਹੇ ਚੌਵੀ-ਪੱਚੀ ਛੋਟੇ-ਛੋਟੇ ਵਾਕ ਸਨ। ਹਰ ਵਾਕ ਹੀ ਜਿਵੇਂ ਸਾਧਾਰਨ ਜ਼ਿੰਦਗੀ ਅਤੇ ਸਾਦੇ ਵਿਆਹਾਂ ਨੂੰ ਪੁਕਾਰਦਾ ਹੋਵੇ:

ਡੁੱਬਦੇ ਸੂਰਜ ਨੂੰ
ਜੁਗਨੂੰ ਨੇ ਉਤਰ ਦਿੱਤਾ...
ਤੇਰੇ ਜਾਣ ਤੋਂ ਬਾਅਦ
ਹਨੇਰਾ ਘਟਾਉਣ ਦੀ
ਕੋਸ਼ਿਸ਼ ਕਰਾਂਗਾ ਮੈਂ।



*ਅੱਜ ਕੱਲ੍ਹ ਦੀ ਮਹਿੰਗੀ ਪ੍ਰੀ-ਵੈਡਿੰਗ ਦਾ ਦ੍ਰਿਸ਼।*

# ਜੱਗੇ ਜੱਟ ਦੀ ਬੰਤੋ ਤੇ ਗੋਰੇ ਰੰਗ ਦੀਆਂ ਡੱਬੀਆਂ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਨਵੇਂ ਸਾਲ ਦੀ ਆਮਦ ਦੇ ਦਿਨਾਂ ਵਿਚ ਮੈਨੂੰ ਅਕਾਸ਼ਵਾਣੀ ਜਲੰਧਰ ਤੋਂ ਟੈਲੀਫੋਨ ਆਇਆ ਕਿ ਉਹ ਮੇਰੀ ਇੰਟਰਵਿਊ ਕਰਨਾ ਚਾਹੁੰਦੇ ਹਨ। ਚੰਡੀਗੜ੍ਹ ਤੋਂ ਜਲੰਧਰ ਜਾਣਾ ਸੀ। ਮੇਰੀ ਉਮਰ ਤੇ ਲੰਮੀ ਡਰਾਈਵਰੀ ਦੀ ਅਸਮਰਥਾ ਨੇ ਮੈਨੂੰ ਜਕੋ-ਤਕੀ ਵਿਚ ਪਾ ਦਿੱਤਾ। ਇਸ ਲਈ ਵੀ ਕਿ ਰੇਡੀਓ ਉਤੇ ਮੇਰੀਆਂ ਪਹਿਲਾਂ ਵੀ ਕਈ ਮੁਲਾਕਾਤਾਂ ਦਾ ਪ੍ਰਸਾਰਨ ਹੋ ਚੁਕਾ ਹੈ। ਮੈਨੂੰ ਝਿਜਕਦਾ ਵੇਖ ਸੱਦਣ ਵਾਲੇ ਨੇ ਦੱਸਿਆ ਕਿ ਇਹ ਇੰਟਰਵੀਊ ਆਰਕਾਈਵਜ਼ ਵਿਚ ਸਾਂਭ ਕੇ ਰੱਖੀ ਜਾਵੇਗੀ, ਭਾਵ ਉਦੋਂ ਹੀ ਵਰਤੀ ਜਾਵੇਗੀ, ਜਦੋਂ ਮੈਂ ਇਸ ਸੰਸਾਰ ਨੂੰ ਪੱਕੀ ਅਲਵਿਦਾ ਕਹਿ ਚੁਕਾ ਹੋਵਾਂਗਾ।

ਮੈਂ ਉਤਰ ਦੇਣ ਤੋਂ ਪਹਿਲਾਂ ਸੋਚਣ ਲਈ ਸਮਾਂ ਮੰਗਿਆ ਤਾਂ ਸੱਦਣ ਵਾਲੇ ਨੇ ਇਹ ਵੀ ਕਿਹਾ ਕਿ ਉਹਦਾ ਪਿੰਡ ਕਿੱਤਣਾ ਮੇਰੇ ਜੱਦੀ ਪਿੰਡ ਸੁੰਨੀ ਦੇ ਨੇੜੇ ਪੈਂਦਾ ਹੈ ਤੇ ਉਸ ਨੇ ਮੇਰੀਆਂ ਲਿਖਤਾਂ ਪੜ੍ਹੀਆਂ ਹੋਈਆਂ ਹਨ। ਰਿਕਾਰਡਿੰਗ ਦਾ ਸਮਾਂ ਮੈਂ ਤੈਅ ਕਰਨਾ ਸੀ ਤੇ ਪ੍ਰਸਾਰਨ ਦਾ ਅਕਾਸ਼ਵਾਣੀ ਵਾਲਿਆਂ ਨੇ। ਮੈਂ ਮੰਨ ਗਿਆ।

ਮਿਲਣੀ ਖੁਸ਼ਗਵਾਰ ਰਹੀ। ਉਹ ਗੱਲਾਂ ਵੀ ਹੋਈਆਂ, ਜੋ ਮੈਂ ਕਦੀ ਕਿਸੇ ਨੂੰ ਨਹੀਂ ਦੱਸੀਆਂ। ਭੁੱਲੇ ਵਿਸਰੇ ਬਚਪਨ ਦੀਆਂ। ਬੀਤੇ ਸਮੇਂ ਦੀਆਂ ਸਾਂਝਾਂ ਤੇ ਕਦਰਾਂ ਕੀਮਤਾਂ, ਮੇਰੇ ਵਲੋਂ ਆਉਣ ਵਾਲੀ ਪੀੜ੍ਹੀ ਲਈ ਨਸੀਹਤਾਂ ਸਮੇਤ। ਫਿਰ ਉਹ ਦਿਨ ਵੀ ਆ ਗਿਆ, ਜਦੋਂ ਇਸ ਦਾ ਪ੍ਰਸਾਰਨ ਹੋਣਾ ਸੀ। ਮੈਂ ਦੂਰ ਦੇ ਮਿੱਤਰ ਪਿਆਰਿਆਂ ਤੇ ਸੰਗੀ ਸਾਥੀਆਂ ਨੂੰ ਪ੍ਰਸਾਰਨ ਦੀ ਮਿਤੀ ਅਤੇ ਸਮੇਂ ਦੇ ਨਾਲ ਨਾਲ ਪ੍ਰਸਾਰਨ ਚੈਨਲ ਤੇ ਸਬੰਧਤ ਬੈਂਡ ਵੀ ਲਿਖਵਾ ਦਿੱਤਾ। ਬਹੁਤਿਆਂ ਨੂੰ ਆਪਣੇ ਘਰ ਵਾਲਾ ਰੇਡੀਓ ਹੀ ਨਾ ਲੱਭਾ। ਲੰਮੇ ਸਮੇਂ ਤੋਂ ਲੋੜ ਹੀ ਨਹੀਂ ਸੀ ਪਈ। ਮੈਨੂੰ ਆਪਣੇ ਵਾਲਾ ਮੁਸ਼ਕਿਲ ਨਾਲ ਲੱਭ ਤਾਂ ਗਿਆ, ਪਰ ਚੈਨਲ ਤੇ ਬੈਂਡ ਵਾਲੀ ਸੂਈ ਨਾ ਮਿਲੇ। ਇਹ ਕੰਮ ਸਾਡੇ ਘਰ ਆਈ ਇੱਕ ਨੌਜਵਾਨ ਪ੍ਰਾਹੁਣੀ ਨੇ ਕੀਤਾ। ਸਫਲ ਤਾਂ



ਹੋਏ ਪਰ ਯਤਨ ਕਰਕੇ।

ਅੱਧੇ ਘੰਟੇ ਦੀ ਇੰਟਰਵਿਊ ਘਰ ਦੇ ਸਾਰੇ ਜੀਆਂ ਨੇ ਏਦਾਂ ਸੁਣੀ ਜਿਵੇਂ ਛੇ ਸੱਤ ਦਹਾਕੇ ਪਹਿਲਾਂ ਦਿਨ ਭਰ ਦਾ ਕੰਮ ਕਰਕੇ ਮੇਰੇ ਨਾਨਕੇ ਪਿੰਡ ਕੋਟਲਾ ਦੇ ਵਾਸੀ ਪਿੰਡ ਦੇ ਦਰਵਾਜੇ ਇੱਕਠੇ ਹੋ ਕੇ ਪੰਚਾਇਤੀ ਰੇਡੀਓ ਤੋਂ ਸੁਣਦੇ ਹੁੰਦੇ ਸਨ। ਉਦੋਂ ਪਿੰਡ ਵਾਲਿਆਂ ਨੇ ਇਸ ਯੰਤਰ ਬਾਰੇ ਇਕ ਲੋਕ ਬੋਲੀ ਵੀ ਘੜੀ ਸੀ,

ਜੱਗੇ ਜੱਟ ਨੇ ਸੰਦੂਕੜੀ ਲਿਆਂਦੀ
ਵਿਚ ਬੋਲੇ ਬੰਤੋ ਬਾਹਮਣੀ।

ਇਸ ਦੇ ਨਾਲ ਹੀ ਇਹ ਵੀ ਚੇਤੇ ਆਇਆ ਕਿ ਉਦੋਂ ਰੇਡੀਓ ਨਾਂ ਦਾ ਯੰਤਰ ਧੀਆਂ ਦੇ ਵਿਆਹ ਸਮੇਂ ਉਨ੍ਹਾਂ ਨੂੰ ਦਾਜ ਵਿਚ ਦਿੰਦੇ ਸਨ। ਇਹ ਵੀ ਕਿ ਇਸ ਦੀ ਅਹਿਮੀਅਤ ਸਾਈਕਲ ਨਾਲੋਂ ਘੱਟ ਨਹੀਂ ਸੀ, ਜਿਸ ਦੀ ਮੁੰਡੇ ਵਾਲੇ ਦਾਜ ਵਿਚ ਲੈਣ ਦੀ ਸ਼ਰਤ ਰਖਿਆ ਕਰਦੇ ਸਨ। ਲੋਕ ਬੋਲੀ ਨੂੰ ਜਨਮ ਦੇਣ ਵਿਚ ਸਾਈਕਲ ਵੀ ਘਟ ਨਹੀਂ ਸੀ,

ਟੱਲੀਆਂ ਵਜਾਉਂਦਾ ਜਾਊਂ
ਬਹਿ ਜਾ ਸਾਈਕਲ 'ਤੇ।

ਰੇਡੀਓ ਤੇ ਅਕਾਸ਼ਵਾਣੀ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਇਹ ਵੀ ਦੱਸ ਦਿਆਂ ਕਿ ਉਦੋਂ ਦਾਜ ਵਿਚ ਦਿੱਤੀ ਜਾਂਦੀ ਟੈਲਕਮ ਪਾਊਡਰ ਦੀ ਡੱਬੀ ਵੀ ਨਵੀਂ ਨਵੀਂ ਮਾਰਕਿਟ ਵਿਚ ਆਈ ਸੀ ਤੇ ਇਸ ਨੇ ਹੇਠ ਲਿਖੀ ਬੋਲੀ ਨੂੰ ਜਨਮ ਦਿੱਤਾ ਸੀ,

ਗੋਰਾ ਰੰਗ ਡੱਬੀਆਂ ਵਿਚ ਆਇਆ
ਕਾਲਿਆਂ ਨੂੰ ਖਬਰ ਕਰੋ।

ਚੇਤੇ ਰਹੇ, ਹਿੰਦੁਸਤਾਨ (ਭਾਰਤ, ਪਾਕਿਸਤਾਨ, ਬੰਗਲਾ ਦੇਸ਼) ਵਿਚ ਰੇਡੀਓ ਨਾਂ ਦਾ ਯੰਤਰ 1927 ਵਿਚ ਆਇਆ, ਜਦੋਂ ਇਸ ਦੇ ਮੁਢਲੇ ਦਫਤਰ ਨਵੀਂ ਦਿੱਲੀ ਸਮੇਤ ਮਦਰਾਸ, ਬੰਬੇ, ਕਲਕੱਤਾ ਜਿਹੇ ਮਹਾਨਗਰਾਂ ਵਿਚ ਖੋਲ੍ਹੇ ਗਏ ਸਨ। ਇਸ ਨੂੰ ਲਿਆਉਣ ਵਾਲੀ ਬਰਤਾਨਵੀ ਸਰਕਾਰ ਸੀ, ਜਿਸ ਨੇ ਨਵੀਂ ਦਿੱਲੀ ਵਾਲਾ ਦਫਤਰ ਪਾਰਲੀਮੈਂਟ ਸਟਰੀਟ ਉਤੇ ਖੋਲ੍ਹਿਆ ਅਤੇ ਲਿਉਨਿਲ ਫੀਲਡਨ ਤੇ ਏ. ਐਸ. ਬੁਖਾਰੀ ਜਿਹੇ ਮੰਨੇ ਪ੍ਰਮੰਨੇ ਮਾਹਿਰਾਂ ਨੂੰ ਇਸ ਦਾ ਇੰਸਪੈਕਟਰ ਜਨਰਲ ਨਿਯੁਕਤ ਕੀਤਾ। ਪਿੱਛੋਂ ਜਾ ਕੇ ਕਰਤਾਰ ਸਿੰਘ ਦੁੱਗਲ ਤੇ ਐਸ. ਐਸ. ਮੀਸ਼ਾ ਜਿਹੇ ਮੇਰੇ ਸਮਕਾਲੀ ਜਲੰਧਰ ਸਟੇਸ਼ਨ ਦੇ ਕਰਤਾ ਧਰਤਾ ਰਹੇ। ਅੱਜ ਦੇ ਦਿਨ ਜੱਗੇ ਜੱਟ ਦੀ ਸੰਦੂਕੜੀ ਨੂੰ ਨੰਗੀਆਂ ਲੱਤਾਂ ਤੇ ਨੰਗੇ ਮੂੰਹ ਵਾਲੀ ਟੀ. ਵੀ. ਨੇ ਖੁੱਡੇ ਲਾ ਛੱਡਿਆ ਹੈ। ਜੇ ਅਸੀਂ ਭਲੇ ਦਿਨਾਂ ਵਿਚ ਦਾਜ ਦਾ ਸ਼ਿੰਗਾਰ ਬਣੇ ਇਨ੍ਹਾਂ ਯੰਤਰਾਂ ਦੇ ਖੁੱਲ੍ਹੇ ਦਰਸ਼ਨ ਕਰਨੇ ਹੋਣ ਤਾਂ ਸਾਨੂੰ ਪਾਕਿਸਤਾਨ ਜਾਣਾ ਪਵੇਗਾ। ਸਾਈਕਲ ਹੀ ਸਾਈਕਲ। ਜੱਗੇ ਜੱਟ ਦੀ ਸੰਦੂਕੜੀ ਤੇ ਗੋਰੇ ਰੰਗ ਦੀਆਂ ਡੱਬੀਆਂ ਸਮੇਤ। ਅਸੀਂ ਜਿੱਤੇ ਕਿ ਉਹ? ਅੱਲ੍ਹਾ ਜਾਣੇ ਜਾਂ ਵਾਹਿਗੁਰੂ!

**ਇੱਕ ਮਿੱਠੀ ਯਾਦ:** ਘਰ ਦੀ ਸਫਾਈ ਕਰਦਿਆਂ ਇੱਕ ਥੈਲੇ ਵਿਚੋਂ ਸਿਉਂਕ ਲੱਗੇ ਖਤ ਮਿਲੇ, ਜਿਨ੍ਹਾਂ ਵਿਚ ਬਲਵੰਤ ਗਾਰਗੀ ਦਾ ਇੱਕ ਸਤਰਾ ਨੋਟ ਹੈ, "ਮੈਂ ਇੱਕ ਸਦੀ ਤੋਂ 400 ਰੁਪਏ ਦਾ ਦੇਣਦਾਰ ਹਾਂ, ਸ਼ੁਕਰਾਨੇ ਸਮੇਤ ਹਾਜ਼ਰ ਹਨ।" ਕਦੋਂ ਤੇ ਕਿਥੋਂ ਲਿਖਿਆ, ਸਿਉਂਕ ਜਾਣੇ!

**ਅੰਤਿਕਾ: ਮਾਂ ਮਮਤਾ**

ਕੰਕਰੀਟ ਦੇ ਜੰਗਲ ਅੰਦਰ
ਰਿਸ਼ਤੇ ਪਥਰ ਹੋ ਗਏ,
ਸਹਿਰ 'ਚ ਆ ਕੇ ਚੇਤੇ ਰੱਖੇ
ਮਾਂਵਾਂ ਕੋਈ ਕੋਈ। **(ਜਸਵਿੰਦਰ)**

---

ਦੁਵਾ, ਸ਼ੁਭ ਇੱਛਾਵਾਂ
ਹੋਰਨਾਂ ਤੋਂ ਮਿਲਦੀਆਂ ਲੱਖਾਂ,
ਮਗਰ ਮਾਂ ਦੀ ਦੁਆ ਵਰਗੀ
ਨਹੀਂ ਹੁੰਦੀ ਦੁਆ ਕੋਈ।
**(ਗੁਰਚਰਨ ਕੌਰ ਕੋਛੜ)**

---

ਅੱਧੀ ਰਾਤ ਹੋਏਗੀ,
ਮੇਰੇ ਪਿੰਡ ਉਤੇ ਇਸ ਵੇਲੇ
ਜਾਗਦੀਆਂ ਹੋਣਗੀਆਂ,
ਸੁੱਤਿਆਂ ਪੁੱਤਰਾਂ ਲਾਗੇ ਮਾਂਵਾਂ।
**(ਸੁਰਜੀਤ ਪਾਤਰ)**

# ਕਿਆ ਬਾਤਾਂ ਮੰਨਣਹਾਣੇ ਦੰਗਲ ਦੀਆਂ!

ਖੇਡ ਜਗਤ

ਪ੍ਰਿੰ. ਸਰਵਣ ਸਿੰਘ

ਮੰਨਣਹਾਣੇ ਦੇ ਦੰਗਲ ਦੀਆਂ ਤਾਰੀਖਾਂ ਪੱਕੀਆਂ ਹੀ ਹਨ। ਹਰ ਸਾਲ 11, 12 ਤੇ 13 ਮਾਰਚ ਨੂੰ ਛਿੰਝ ਪੈਂਦੀ ਹੈ। ਉਥੇ ਸੈਂਕੜੇ ਪਹਿਲਵਾਨ ਤੇ ਹਜ਼ਾਰਾਂ ਦਰਸ਼ਕ ਹਾਜ਼ਰ ਹੁੰਦੇ ਹਨ। ਜਿਵੇਂ ਮਾਲਵੇ ਵਿਚ ਕਿਲਾ ਰਾਇਪੁਰ ਦੀਆਂ ਖੇਡਾਂ ਅਤੇ ਦੁਆਬੇ ਵਿਚ ਹਕੀਮਪੁਰ ਦੀਆਂ ਪੁਰੇਵਾਲ ਖੇਡਾਂ ਮਸ਼ਹੂਰ ਹਨ, ਉਵੇਂ ਉੱਤਰੀ ਭਾਰਤ ਵਿਚ ਮੰਨਣਹਾਣੇ ਦੇ ਦੰਗਲ ਦੀ ਮਸ਼ਹੂਰੀ ਦੀਆਂ ਵੀ ਕਿਆ ਬਾਤਾਂ! ਇਹ ਦੰਗਲ ਮੈਂ ਪਹਿਲਾਂ ਵੀ ਵੇਖਿਆ ਸੀ, ਜਿਸ ਤੋਂ ਬੜਾ ਪ੍ਰਭਾਵਿਤ ਹੋਇਆ ਸਾਂ। ਐਤਕੀਂ ਫਿਰ ਮੈਨੂੰ ਮੰਨਣਹਾਣੇ ਦੰਗਲ ਦੇ ਨਜ਼ਾਰੇ ਅੱਖੀਂ ਵੇਖਣ ਦਾ ਮੌਕਾ ਮਿਲ ਗਿਆ। ਪ੍ਰਬੰਧਕਾਂ ਵੱਲੋਂ ਸੱਦਾ ਸੀ ਕਿ ਮੇਰਾ ਖੇਡ ਲੇਖਕ ਵਜੋਂ ਸਨਮਾਨ ਕੀਤਾ ਜਾਣਾ ਹੈ, ਇਸ ਲਈ ਜ਼ਰੂਰ ਪਹੁੰਚਾਂ।

ਅਸੀਂ ਮੁਕੰਦਪੁਰ ਤੋਂ ਬੰਗੇ ਤੇ ਕੋਟ ਫਤੂਹੀ ਹੁੰਦਿਆਂ ਮੰਨਣਹਾਣੇ ਵੱਲ ਨੂੰ ਮੁੜੇ ਤਾਂ ਦੂਰੋਂ ਹੀ ਗੁਰਦੁਆਰਾ ਹਰੀਸਰ ਦੀ ਤਾਜ ਮਹੱਲ ਵਰਗੀ ਸਫੈਦ ਸੰਗਮਰਮਰੀ ਇਮਾਰਤ ਦੇ ਗੁੰਬਦ ਦਿਸੇ। ਮੇਰੇ ਨਾਲ ਹਕੀਮਪੁਰ ਦੀਆਂ ਪੁਰੇਵਾਲ ਖੇਡਾਂ ਦੇ ਬਾਨੀ ਗੁਰਜੀਤ ਸਿੰਘ ਪੁਰੇਵਾਲ ਅਤੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਵੀ ਸਨ। ਕੋਟ ਫਤੂਹੀ ਤੋਂ ਅੱਗੇ ਗਏ ਤਾਂ ਨਹਿਰ ਕਿਨਾਰੇ ਆਲੀਸ਼ਾਨ ਇਮਾਰਤ ਦੇਖ ਕੇ ਹੈਰਾਨ ਹੋਏ ਕਿ ਇਹ ਅਜੂਬਾ ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੇ ਸ਼ਰਧਾਲੂਆਂ ਨੇ ਉਸਾਰਿਆ ਕਿਵੇਂ? ਇਸ ਨੂੰ ਦੁਆਬੇ ਦਾ ਤਾਜ ਮਹੱਲ ਕਿਹਾ ਜਾ ਸਕਦੈ।

ਅਗਾਂਹ ਗਏ ਤਾਂ ਰਾਤੀਂ ਮੀਂਹ ਪੈ ਜਾਣ ਦੇ ਬਾਵਜੂਦ ਮੰਨਣਹਾਣੇ ਦੇ ਜੋੜ ਮੇਲੇ ਵਿਚ ਸ਼ਰਧਾਲੂਆਂ ਦਾ ਅੰਤ ਨਹੀਂ ਸੀ-ਵਿਚੇ ਬੱਚੇ, ਵਿਚੇ ਬੁੱਢੇ, ਵਿਚੇ ਜੁਆਨ; ਔਰਤਾਂ ਤੇ ਮਰਦ ਵੀ। ਸਭਨਾਂ ਦੇ ਮੇਲੇ ਦੇ ਚਾਅ ਵਿਚ ਹਾਰ ਸ਼ਿੰਗਾਰ ਲਾਏ ਹੋਏ। ਹਰ ਸਾਲ ਇਹ ਜੋੜ ਮੇਲਾ 108 ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੀ ਯਾਦ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਵੱਡੀ ਪੱਧਰ 'ਤੇ ਕੁਸ਼ਤੀਆਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਅਤੇ ਜੇਤੂਆਂ ਨੂੰ ਲੱਖਾਂ ਰੁਪਏ ਦੇ ਇਨਾਮ ਦਿੱਤੇ ਜਾਂਦੇ ਹਨ। ਡੇਰਾ ਮੰਨਣਹਾਣਾ ਜਿਲਾ ਹੁਸ਼ਿਆਰਪੁਰ ਵਿਚ ਕਸਬਾ ਕੋਟ ਫਤੂਹੀ ਕੋਲ ਹੈ। ਇਸ ਵਾਰ ਦਾ ਜੋੜ ਮੇਲਾ ਸੰਤ ਬਾਬਾ ਬਲਬੀਰ ਸਿੰਘ ਨੂੰ ਸਮਰਪਿਤ ਸੀ। ਸੰਤ ਬਾਬਾ ਜਸਵੰਤ ਸਿੰਘ ਇਸ ਡੇਰੇ ਦੇ ਗੱਦੀ ਨਸ਼ੀਨ ਹਨ। ਡੇਰਾ ਜਿਥੇ ਧਰਮ ਪ੍ਰਚਾਰ ਦਾ ਕੇਂਦਰ ਹੈ, ਉਥੇ ਲੜਕੀਆਂ ਦਾ ਕਾਲਜ ਵੀ ਚਲਾਉਂਦਾ ਹੈ ਅਤੇ ਮੱਲਾਂ ਦੇ ਘੋਲ ਵੀ ਕਰਵਾਉਂਦਾ ਹੈ।

1983 ਵਿਚ ਉਥੇ ਪਹਿਲਾ ਕੁਸ਼ਤੀ ਦੰਗਲ ਕਰਵਾਇਆ ਗਿਆ, ਜੋ ਮਿੱਟੀ ਦੇ ਅਖਾੜੇ ਵਿਚ ਹੋਇਆ ਸੀ। ਪਿਛੋਂ ਕੁਸ਼ਤੀਆਂ ਵਰਲਡ ਰੈਸਲਿੰਗ ਫੈਡਰੇਸ਼ਨ ਦੇ ਨਿਯਮਾਂ ਅਨੁਸਾਰ ਮੈਟ ਉਤੇ ਹੋਣ ਲੱਗੀਆਂ। ਸਲਵਿੰਦਰ ਪੱਟੀ ਵਾਲੇ ਤੋਂ ਲੈ ਕੇ ਸੰਨੀ ਗਿੱਲ, ਸੰਜੇ ਦਿੱਲੀ, ਸੁਭਾਸ਼ ਦਿੱਲੀ, ਕੇਹਰ ਆਲਮਗੀਰ, ਜਗਦੀਸ਼ ਭੋਲਾ, ਸ਼ਮਸ਼ੇਰ ਮੁਹਾਲੀ, ਜਗਦੀਸ਼ ਕਾਲੀਰਮਨ, ਹਰਵਿੰਦਰ ਆਲਮਗੀਰ ਅਤੇ ਵਿਦੇਸ਼ੀ ਪਹਿਲਵਾਨ ਤੀਦੋਰ ਬਨੋਦਸਾ ਤੇ ਰੂਬਲਜੀਤ ਜਿਹੇ ਪਹਿਲਵਾਨ ਭਾਰਤ ਕੇਸਰੀ ਦੇ ਖਿਤਾਬ ਜਿੱਤਦੇ ਰਹੇ ਹਨ। ਪਹਿਲਵਾਨ ਦਾਰਾ ਸਿੰਘ, ਮਾਸਟਰ ਚੰਦਗੀ ਰਾਮ, ਕਰਤਾਰ ਸਿੰਘ, ਪ੍ਰਿੰ. ਕਸ਼ਮੀਰਾ ਸਿੰਘ ਤੇ ਪਹਿਲਵਾਨੀ ਨਾਲ ਜੁੜੇ ਹੋਰ ਬਹੁਤ ਸਾਰੇ ਮੋਹਤਬਰ ਸੱਜਣ ਮੰਨਣਹਾਣੇ ਦੇ ਦੰਗਲ ਦੀ ਸ਼ਾਨ ਵਧਾਉਂਦੇ ਆ ਰਹੇ ਹਨ। ਕੁਸ਼ਤੀ ਕੋਚ ਪੀ. ਆਰ. ਸੋਂਧੀ, ਪ੍ਰੋ. ਸੀਤਲ ਸਿੰਘ, ਫੁੱਟਬਾਲਰ ਗੁਰਦੇਵ ਸਿੰਘ ਤੇ ਇਲਾਕੇ ਦੇ ਖੇਡ ਅਧਿਆਪਕ ਮੰਨਣਹਾਣੇ ਦੇ ਦੰਗਲ ਨਾਲ ਮੁੱਢ ਤੋਂ ਹੀ ਜੁੜੇ ਹੋਏ ਹਨ। ਐਤਕੀਂ ਮਰਦਾਂ ਦੀਆਂ ਕੁਸ਼ਤੀਆਂ ਦਾ 34ਵਾਂ ਅਤੇ ਮੁਟਿਆਰਾਂ ਦੀਆਂ ਕੁਸ਼ਤੀਆਂ ਦਾ 22ਵਾਂ ਦੰਗਲ ਸੀ।

ਉਥੇ ਨਹਿਰ ਕਿਨਾਰੇ ਬੜਾ ਵਧੀਆ ਸਟੇਡੀਅਮ ਬਣਿਆ ਹੋਇਐ। ਕੁਸ਼ਤੀਆਂ ਕਰਾਉਣ ਦੀ ਤਿਆਰੀ ਪੂਰੀ ਸੀ, ਪੰਡਾਲ ਲੱਗ ਚੁਕੇ ਸਨ, ਝੰਡੇ ਝੂਲ ਰਹੇ ਸਨ, ਪਰ ਰਾਤੀਂ ਭਰਵੇਂ ਮੀਂਹ ਕਾਰਨ ਪਾਣੀ ਭਰ ਗਿਆ ਸੀ। ਉਥੇ ਕੁਸ਼ਤੀਆਂ ਕਰਾਉਣੀਆਂ ਹੁਣ ਸੰਭਵ ਨਹੀਂ ਸਨ। ਵਿਸ਼ਾਲ ਗੁਰਦੁਆਰੇ ਹਰੀਸਰ ਹੇਠਾਂ ਬਹੁਤ ਵੱਡਾ ਲੰਗਰ ਹਾਲ ਬਣਿਆ ਹੋਇਆ ਹੈ। ਇਸ ਵਾਰ ਕੁਸ਼ਤੀਆਂ ਉਸ ਹਾਲ ਵਿਚ ਕਰਵਾਈਆਂ ਗਈਆਂ। ਅਸੀਂ ਹਾਲ ਵਿਚ ਪੁੱਜੇ ਤਾਂ ਵਿਚਾਲੇ ਵਿਛਾਏ ਗੱਦੇ ਉਤੇ ਕੁਸ਼ਤੀਆਂ ਚੱਲ ਰਹੀਆਂ ਸਨ। ਮਸ਼ਹੂਰ ਕੁਸ਼ਤੀ ਕੋਚ ਪੀ. ਆਰ. ਸੋਂਧੀ, ਰਾਜਿੰਦਰ ਸਿੰਘ ਤੇ ਸੀਤਲ ਸਿੰਘ ਕੁਮੈਂਟਰੀ ਕਰ ਰਹੇ ਸਨ।



ਪਹਿਲਵਾਨ ਕਰਤਾਰ ਸਿੰਘ, ਗੁਰਜੀਤ ਸਿੰਘ ਪੁਰੇਵਾਲ, ਗੁਰਚਰਨ ਸਿੰਘ ਸ਼ੇਰਗਿੱਲ ਤੇ ਕੁਸ਼ਤੀ ਕੋਚ ਸੋਂਧੀ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦਾ ਸਨਮਾਨ ਕਰਦੇ ਹੋਏ।

ਆਮ ਪੇਂਡੂ ਛਿੰਝਾਂ ਵਾਂਗ ਵਾਧੂ ਦੇ ਰੌਲੇ-ਰੱਪੇ ਜਾਂ ਭੀੜ-ਭੜੱਕੇ ਵਾਲਾ ਮਾਹੌਲ ਨਹੀਂ ਸੀ। ਡਿਸਿਪਲਿਨ ਪਹਿਲਵਾਨਾਂ 'ਤੇ ਵੀ ਲਾਗੂ ਸੀ ਅਤੇ ਦਰਸ਼ਕਾਂ 'ਤੇ ਵੀ। ਮੁਕਾਬਲੇ ਨੌਂ ਵਜ਼ਨ ਵਰਗਾਂ ਦੇ ਨੌਂ ਖਿਤਾਬਾਂ ਲਈ ਸਨ। 90 ਕਿਲੋ ਤੋਂ ਵੱਧ ਵਜ਼ਨ ਵਰਗ ਵਿਚ ਭਾਰਤ ਕੇਸਰੀ ਟਾਈਟਲ ਲਈ 1 ਲੱਖ 51 ਹਜ਼ਾਰ ਰੁਪਏ ਤੇ ਗੁਰਜ ਦਾ ਇਨਾਮ ਸੀ, ਜੋ ਦਿੱਲੀ ਦੇ ਸਤਿੰਦਰ ਪਹਿਲਵਾਨ ਨੇ ਜਿੱਤਿਆ। ਦੂਜੇ, ਤੀਜੇ ਤੇ ਚੌਥੇ ਥਾਂ ਆਉਣ ਵਾਲੇ ਪਹਿਲਵਾਨਾਂ ਨੂੰ ਕ੍ਰਮਵਾਰ 76 ਹਜ਼ਾਰ, 35 ਹਜ਼ਾਰ ਤੇ 25 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਗਏ। ਲੜਕੀਆਂ ਵਿਚੋਂ ਪੀ. ਏ. ਪੀ. ਦੀ ਪਹਿਲਵਾਨ ਗੁਰਸ਼ਰਨ ਪ੍ਰੀਤ ਕੌਰ ਭਾਰਤ ਕੇਸਰੀ ਬਣੀ, ਜਿਸ ਨੂੰ 55 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਗਿਆ। ਦੂਜੇ, ਤੀਜੇ ਤੇ ਚੌਥੇ ਨੰਬਰ ਵਾਲੀਆਂ ਲੜਕੀਆਂ ਨੂੰ 26, 12 ਤੇ 7 ਹਜ਼ਾਰ ਦੇ ਇਨਾਮ ਵੰਡੇ ਗਏ।

ਭਾਰਤ ਕੁਮਾਰ ਦਾ ਟਾਈਟਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਨੀਤ ਨੇ ਜਿੱਤਿਆ ਅਤੇ ਭਾਰਤ ਕੁਮਾਰੀ ਦਾ ਮੇਰਠ ਦੀ ਸੀਤਲ ਤੋਮਰ ਨੇ ਹਾਸਲ ਕੀਤਾ। ਸ਼ੇਰ-ਏ-ਹਿੰਦ ਦਾ ਟਾਈਟਲ ਦੀਪਕ ਦਿੱਲੀ ਨੇ ਜਿੱਤਿਆ ਅਤੇ ਆਫਤਾਬ-ਏ-ਹਿੰਦ ਦਾ ਸੰਦੀਪ ਖੰਨਾ ਨੇ। ਕਰੀਬ ਤੇਰਾਂ ਲੱਖ ਰੁਪਏ ਦੇ ਨਕਦ ਇਨਾਮ ਹੋਣਹਾਰ ਪਹਿਲਵਾਨਾਂ ਨੂੰ ਵੰਡੇ ਗਏ, ਜੋ ਮੰਨਣਹਾਣੇ ਡੇਰੇ ਦਾ ਸਲਾਹੁਣਯੋਗ ਕਾਰਜ ਹੈ। ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿਚ ਪਹਿਲਵਾਨ ਇਸ ਦੰਗਲ ਵਿਚ ਹਿੱਸਾ ਲੈਣ ਆਉਂਦੇ ਹਨ, ਜਿਨ੍ਹਾਂ ਨੂੰ ਦੇਸੀ ਘਿਉ ਦੇ ਗੱਫੇ ਮਿਲਦੇ ਹਨ। ਇਸ ਵਾਰ ਦੇ ਦੰਗਲ ਵਿਚ ਮਿਸਿਜ਼ ਖੁਰਸ਼ੀਦ ਮੁਖਤਾਰ ਅਵਾਰਡ ਏਸ਼ਿਆਈ ਖੇਡਾਂ ਦੀ ਮੈਡਲ ਜੇਤੂ ਗੁਰਸ਼ਰਨ ਪ੍ਰੀਤ ਕੌਰ ਅਤੇ ਖੇਡ ਲੇਖਕ ਐਚ. ਐਮ. ਬਿਲਗਾ ਦੀ ਯਾਦ ਵਿਚ ਖੇਡ ਸਾਹਿਤਕਾਰ ਅਵਾਰਡ ਪ੍ਰਿੰ. ਸਰਵਣ ਸਿੰਘ ਯਾਨਿ ਮੈਨੂੰ ਦਿੱਤਾ ਗਿਆ।

## ਸਵਰਗੀ ਸੰਤੋਖ ਸਿੰਘ ਦੀਆਂ ਦੋ ਗਜ਼ਲਾਂ

ਹੈ ਮੌਲਾ ਅੱਗੇ ਦੁਆ ਮੇਰੀ
ਸੱਜਣਾ ਵੇ ਤੇਰੀ ਖੈਰ ਹੋਵੇ।
ਤੂੰ ਠੰਢੀ ਸੰਘਣੀ ਛਾਂ ਮਾਣੇ
ਭਾਵੇਂ ਸਿਰ 'ਤੇ ਚੜ੍ਹੀ ਦੁਪਹਿਰ ਹੋਵੇ।
ਤੈਨੂੰ ਤੱਤੀ 'ਵਾ ਕਦੇ ਲੱਗੇ ਨਾ
ਭਾਵੇਂ ਟੁੱਟਿਆ ਕੋਈ ਕਹਿਰ ਹੋਵੇ।

ਤੂੰ ਵਸਦਾ ਰਸਦਾ ਰਹੇਂ ਨਾਲ ਖੁਸ਼ੀ
ਭਾਵੇਂ ਪਿੰਡ ਹੋਵੇ ਜਾਂ ਸ਼ਹਿਰ ਹੋਵੇ।
ਤੇਰਾ ਹਰ ਇਕ ਦੇ ਨਾਲ ਪਿਆਰ ਰਹੇ
ਤੇਰਾ ਕਿਸੇ ਨਾਲ ਨਾ ਵੈਰ ਹੋਵੇ।
ਕੁਝ ਪਲ ਜੋ ਤੇਰੇ ਨਾਲ ਤੁਰੇ
ਉਸ ਲਈ ਉਹ ਚਮਨ ਦੀ ਸੈਰ ਹੋਵੇ।

ਜੱਗ ਅੰਦਰ ਮੁਹੱਬਤ ਫਲੇ ਫੁੱਲੇ
ਇਕ ਦੂਜੇ ਨਾਲ ਨਾ ਵੈਰ ਹੋਵੇ।
ਹਰ ਜ਼ੁਬਾਨ 'ਚੋਂ ਰਹੇ ਵਸਦਾ ਅੰਮ੍ਰਿਤ
ਕਿਸੇ ਅੱਖ ਅੰਦਰ ਨਾ ਜ਼ਹਿਰ ਹੋਵੇ।
ਹਰ ਇਕ ਦੇ ਨੈਣਾਂ ਵਿਚ ਮਸਤੀ ਰਹੇ
ਕਿਸੇ ਨੈਣ ਦੇ ਵਿਚ ਨਾ ਗਹਿਰ ਹੋਵੇ।

ਹਰ ਅੱਖ ਬਸ਼ਰ ਦੀ ਗਜ਼ਲ ਹੋਵੇ
ਤੇ ਗਜ਼ਲ 'ਚ ਪੂਰੀ ਬਹਿਰ ਹੋਵੇ।
ਦਿਲ ਹੋਵੇ ਵਾਂਗ ਸਮੁੰਦਰ ਦੇ
ਖੁਸ਼ੀਆਂ ਨਾਲ ਲੱਦੀ ਹਰ ਲਹਿਰ ਹੋਵੇ।
ਮਿਲ ਜਾਏ ਤ੍ਰਿਪਤੀ ਟੁੱਭੀਆਂ ਲਾ ਕੇ
ਹਰ ਖੁਸ਼ੀ ਵੀ ਸ਼ਹਿਰ ਸ਼ਹਿਰ ਹੋਵੇ।

ਜੱਗ ਸਾਰਾ ਮਾਣੇ ਖੁਸ਼ੀਆਂ ਖੇੜੇ
ਦੂਰ ਦੁੱਖ ਦਰਦ ਤੇ ਕਹਿਰ ਹੋਵੇ।
ਕਰੇ ਦੇਸ਼ ਤਰੱਕੀ ਹਰ ਖੇਤਰ ਵਿਚ
ਹਰ ਪਾਸੇ ਖੁਸ਼ੀਆਂ ਦੀ ਲਹਿਰ ਹੋਵੇ।
'ਸੰਤੋਖ' ਇਹੋ ਤ੍ਰਿਸ਼ਨਾ ਰੱਖਦੈ
ਹਰ ਤਰਫ ਖੁਸ਼ੀਆਂ ਦੀ ਲਹਿਰ ਹੋਵੇ।
ਮੇਰੇ ਦੇਸ਼ ਦੇ ਹਰ ਇਕ ਵਾਸੀ ਘਰ
ਲੱਗੀ ਲਹਿਰ ਤੇ ਬਹਿਰ ਹੋਵੇ।

---

ਦਿਲਾਂ 'ਚੋਂ ਨਫਰਤ ਮਿਟਾ ਦਿਓ ਯਾਰੋ।
ਦੂਈ-ਦਵੈਖ ਦਾ ਪਾੜਾ ਘਟਾ ਦਿਓ ਯਾਰੋ।

ਦਿਲ ਦੇ ਸ਼ੀਸ਼ੇ ਨੂੰ ਰੱਖੋ ਹਮੇਸ਼ਾ ਸਾਫ
ਕੁਝ ਗਰੀਬ ਦੀ ਝੋਲੀ ਪਾ ਦਿਓ ਯਾਰੋ।

ਦਿਲ ਵਿਚ ਰੱਖਣੀ ਖਾਰ ਇਕ ਜਹਾਲਤ ਹੈ
ਦਿਲਾਂ 'ਚੋਂ ਪੂਰੀ ਤਰ੍ਹਾਂ ਮੁਕਾ ਦਿਓ ਯਾਰੋ।

ਪਾਸ ਰਹੋ ਮਹਿਰਮ ਦੇ, ਦੂਰ ਕਦੇ ਨਾ ਹੋਵੋ
ਰੋਸੇ ਛੱਡ ਕੇ ਉਸ ਨੂੰ ਹਸਾ ਦਿਓ ਯਾਰੋ।

ਜਦੋਂ ਉਹ ਸਾਹਵੇਂ ਆਵੇ ਕਰੋ ਨਾ ਸੰਕੋਚ
ਦਿਲ ਦੀ ਗੱਲ ਉਸ ਨੂੰ ਸੁਣਾ ਦਿਓ ਯਾਰੋ।

ਪਿਆਰ 'ਚ ਥਾਂ ਨਹੀਂ ਵਖਰੇਵੇਂ ਰੱਖਣ ਦੀ
ਪ੍ਰੀਤਾਂ ਨੂੰ ਅੰਬਰੀਂ ਚੜ੍ਹਾ ਦਿਓ ਯਾਰੋ।

'ਸੰਤੋਖ' ਦੁਨੀਆਂ 'ਤੇ ਫੁੱਲਾਂ ਵਾਂਗੂੰ ਮਹਿਕੋ
ਏਸ ਜੱਗ ਨੂੰ ਮਹਿਕਾ ਦਿਓ ਯਾਰੋ।

*ਵਲੋਂ: ਸੁਰਜੀਤ ਕੌਰ*
*ਫੋਨ: 281-935-1957*

# ਅਲਵਿਦਾ ਅਮਾਨਉਲ੍ਹਾ



**ਕਲਾ ਪਰਿਕਰਮਾ**

**ਜਤਿੰਦਰ ਸਿੰਘ**
**ਫੋਨ: +91-94174-78446**

ਅਮਾਨਉਲ੍ਹਾ ਖਾਨ ਦਾ ਨਾਮ ਲੈਂਦਿਆਂ ਹੀ ਚਿਹਰੇ ਖੁਸ਼ੀ ਨਾਲ ਖਿੜ ਜਾਂਦੇ ਹਨ। ਲੋਕਾਂ ਦੇ ਚਿਹਰੇ 'ਤੇ ਖੁਸ਼ੀ ਲਿਆਉਣ 'ਤੇ ਢਿੱਡੀਂ ਪੀੜਾਂ ਪਾਉਣ ਵਾਲੀ ਇਹ ਅਜ਼ੀਮ ਸ਼ਖਸੀਅਤ 7 ਮਾਰਚ 2020 ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਈ। ਉਸਤਾਦ ਅਮਾਨਉਲ੍ਹਾ ਖਾਨ ਦੀ ਪੈਦਾਇਸ਼ 1950 ਵਿਚ ਲਾਹੌਰ ਵਿਖੇ ਹੋਈ। ਲਾਹੌਰ ਵਾਸੀ ਹੋਣ ਕਾਰਨ ਉਨ੍ਹਾਂ ਦੇ ਲਹਿਜੇ 'ਤੇ ਮਾਝੀ ਜ਼ਬਾਨ ਭਾਰੂ ਸੀ ਤੇ ਉਨ੍ਹਾਂ ਦੇ ਮੂੰਹੋਂ ਫੱਬਦੀ ਵੀ ਬਹੁਤ ਸੀ ਖਾਸ ਤੌਰ 'ਤੇ ਜਦੋਂ ਉਹ ਸਟੇਜ ਉਪਰ ਪੇਸ਼ਕਾਰੀ ਕਰ ਰਹੇ ਹੋਣ।

ਅਮਾਨਉਲ੍ਹਾ ਖਾਨ ਸਟੇਜ ਕਲਾਕਾਰ ਦੇ ਨਾਲ ਨਾਲ ਚੰਗੇ ਗਾਇਕ ਤੇ ਫਿਲਮ ਅਦਾਕਾਰ ਵੀ ਸਨ। ਉਨ੍ਹਾਂ ਨੇ ਪਾਕਿਸਤਾਨੀ ਟੀ.ਵੀ. ਸ਼ੋਅ ਖਬਰਨਾਕ, ਖਬਰਦਾਰ, ਹਸ-ਬੇ-ਹਾਲ, ਮਜ਼ਾਕ ਰਾਤ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ। ਉਨ੍ਹਾਂ ਨੂੰ ਇਸ ਅਦਾਕਾਰੀ ਸਦਕਾ ਪਾਕਿਸਤਾਨ ਸਰਕਾਰ ਵਲੋਂ 2018 ਵਿਚ 'ਪ੍ਰਾਈਡ ਆਫ ਪ੍ਰਫਾਰਮੈਂਸ ਐਵਾਰਡ' ਨਾਲ ਨਿਵਾਜਿਆ ਗਿਆ।

ਉਨ੍ਹਾਂ ਨੇ ਸਟੇਜ ਸ਼ੋਅ ਤੇ ਥੀਏਟਰ ਨੂੰ ਹਾਸ ਵਿਅੰਗ ਰਾਹੀਂ ਨਵਾਂ ਮੁਹਾਂਦਰਾ ਬਖਸ਼ਿਆ। ਪੰਜਾਬੀ ਜੁਗਤਾਂ ਤੇ ਜੁਮਲਿਆਂ ਦੀ ਬਦੌਲਤ ਸਟੇਜ ਦੇ ਡਰਾਮਿਆਂ ਵਿਚ ਨਵੀਂ ਰੂਹ ਫੂਕੀ। ਖਾਸ ਤੌਰ 'ਤੇ ਲੱਚਰ ਤੇ ਅਸ਼ਲੀਲ ਕਿਸਮ ਦੇ ਥੀਏਟਰ ਤੋ ਹਟ ਕੇ। ਅਮਾਨਉਲ੍ਹਾ ਦੀ ਖਾਸੀਅਤ ਉਨ੍ਹਾਂ ਦੀ ਲੋਕ ਹਿਤੈਸ਼ੀ ਪਹੁੰਚ ਸੀ। ਉਹ ਹਮੇਸ਼ਾਂ ਹੀ ਹਾਸ ਵਿਅੰਗ ਰਾਹੀਂ ਲੋਕ ਚੇਤਨਾ ਵਾਲੀ ਅਤੇ ਅਮੀਰ ਗਰੀਬ ਵਿਚਲੀ ਵਿੱਥ ਬਾਰੇ ਗੱਲ ਕਰਦੇ। ਮਿਸਾਲ ਦੇ ਤੌਰ 'ਤੇ ਇਕ ਟੀ.ਵੀ. ਸ਼ੋਅ ਵਿਚ ਐਂਕਰ ਨੂੰ ਕਹਿਣ ਲੱਗੇ, "ਤੁਹਾਨੂੰ ਹਮੇਸ਼ਾਂ ਆਲਮੀ ਤਪਸ਼ (ਗਲੋਬਲ ਵਾਰਮਿੰਗ) ਕਰਕੇ ਗਲੇਸ਼ੀਅਰ ਦੀ ਬਰਫ ਖੁਰਨ ਦਾ ਤਾਂ ਫਿਕਰ ਹੈ ਪਰ ਜੋ ਗਰੀਬ ਬੰਦਾ ਫੱਟੇ 'ਤੇ ਬਰਫ ਵੇਚਣ ਡਿਆ, ਉਹਦੀ ਬਰਫ ਖੁਰਨ ਦਾ ਕੋਈ ਫਿਕਰ ਨਹੀਂ।" ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਉਨ੍ਹਾਂ ਦੀ ਅਦਾਕਾਰੀ ਵਿਚੋਂ ਆਮ ਹੀ ਮਿਲਦੀਆਂ ਹਨ।

ਕਾਮੇਡੀ ਦਾ ਆਪਣਾ ਜਗਤ ਹੈ। ਇਹ ਸਿਰਫ ਲਫਜ਼ਾਂ ਦੀ ਗੰਢ-ਤੁੱਪ ਨਹੀਂ ਸਗੋਂ ਅਦਾਕਾਰਾਂ ਦੇ ਹਾਵ-ਭਾਵ, ਉਸ ਦੀ ਪੇਸ਼ਕਾਰੀ, ਸਥਿਤੀ, ਪ੍ਰਤੀਕਰਮ ਤੇ ਪ੍ਰਤੀਕਿਰਿਆ, ਹਾਜ਼ਰ-ਜਵਾਬੀ ਤੇ ਹੋਰ ਕਈ ਕੁਝ ਹੁੰਦਾ ਹੈ। ਕਾਮੇਡੀ ਸਿਰਫ ਸਮਾਜਿਕ ਨਹੀਂ ਸਗੋਂ ਮਨੋਵਿਗਿਆਨਕ ਕਾਰਜ ਵੀ ਹੈ। ਮਜ਼ਾਹੀਆ ਕਲਾਕਾਰ ਦੀ ਭੂਮਿਕਾ ਨਿਭਾਉਣ ਵੇਲੇ ਕਾਮੇਡੀਅਨ ਕੋਲ ਸਮਾਜਿਕ, ਸਿਆਸੀ ਅਤੇ ਇਤਿਹਾਸਕ ਪਿਛੋਕੜ ਦੀ ਸਮਝ ਅਤੇ ਉਸ 'ਤੇ ਵਿਅੰਗ ਕੱਸਣ ਦੀ ਮੁਹਾਰਤ, ਕਿਰਦਾਰ ਦੀ ਨਿਰਖ ਤੇ ਸਮੇਂ 'ਤੇ ਕੰਟਰੋਲ ਰੱਖਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਇਸ ਸਭ ਵਿਚ ਅਮਾਨਉਲ੍ਹਾ ਮਾਹਿਰ ਸਨ। ਹੋਰ ਤਾਂ ਹੋਰ ਉਨ੍ਹਾਂ ਨੇ ਪਾਕਿਸਤਾਨੀ ਜਨਰਲ ਜ਼ਿਆ-ਉਲ-ਹੱਕ ਸਾਹਮਣੇ ਪੇਸ਼ਕਾਰੀ ਸਮੇਂ ਵੀ ਆਪਣੇ ਜੁਮਲੇ ਤੇ ਜੁਗਤਾਂ ਨਾਲ ਸਿਆਸੀ ਪ੍ਰਤੀਕਰਮ ਦਿੱਤਾ। ਅਮਾਨਉਲ੍ਹਾ ਨੇ ਪਹਿਲੇ ਫਿਕਰੇ ਵਿਚ ਕਿਹਾ, "ਉਏ ਯਾਰ! ਜ਼ਰਾ ਬੱਤੀਆਂ ਤਾਂ ਬਾਲੋ, ਮੈਂ ਜਰਨਲ ਸਾਹਿਬ ਨੂੰ ਕਲੀਅਰ ਦੇਖਣਾ ਚਾਹੁੰਦਾਂ।" ਇਸ ਜੁਮਲੇ ਵਿਚ ਉਸ ਸਮੇਂ ਦੇ ਪਾਕਿਸਤਾਨੀ ਸਿਆਸੀ ਮਾਹੌਲ ਦੀ ਪੇਸ਼ਕਾਰੀ ਕਰਨਾ ਕਿਸੇ ਸਾਧਾਰਨ ਕਲਾਕਾਰ ਦੇ ਵੱਸ ਦੀ ਗੱਲ ਨਹੀਂ ਲੱਗਦੀ।



ਅਮਾਨਉਲ੍ਹਾ ਹਮੇਸ਼ਾਂ ਇਸ ਗੱਲ ਨੂੰ ਮਹਿਸੂਸ ਕਰਦਾ ਕਿ ਉਹ ਬਹੁਤਾ ਪੜ੍ਹਿਆ-ਲਿਖਿਆ ਨਹੀਂ ਪਰ ਉਹ ਇਸ ਗੱਲ ਵਿਚ ਵਿਸ਼ਵਾਸ ਰੱਖਦਾ ਸੀ ਕਿ ਤਾਲੀਮ ਦਾ ਅਕਲ ਨਾਲ ਬਹੁਤਾ ਤਾਅਲੁਕ ਨਹੀਂ ਹੁੰਦਾ ਸਗੋਂ ਅਨਪੜ੍ਹ ਬੰਦੇ ਦੀ ਸਾਧਾਰਨਤਾ ਵਧੇਰੇ ਸੂਝ-ਬੂਝ ਵਾਲੀ ਹੁੰਦੀ ਹੈ। ਜਾਹਲ ਨਾਲੋਂ ਅਨਪੜ੍ਹ ਲੋਕ ਵਧੇਰੇ ਸਪਸ਼ਟ ਹੁੰਦੇ ਹਨ।



*ਅਮਾਨਉਲ੍ਹਾ ਖਾਨ (ਉਪਰ) ਇਕ ਟੀ.ਵੀ. ਪ੍ਰੋਗਰਾਮ ਦੌਰਾਨ ਅਤੇ (ਹੇਠਾਂ) ਸਨਮਾਨ ਹਾਸਲ ਕਰਦਿਆਂ।*

ਅਮਾਨਉਲ੍ਹਾ ਮਜ਼ਾਕ ਵਿਚ ਬੀਵੀ ਅਤੇ ਖਾਵੰਦ ਦੇ ਝਗੜੇ ਨੂੰ ਲੈ ਕੇ ਅਮੀਰ ਤੇ ਗਰੀਬ ਦੇ ਸਮਾਜਿਕ ਤੇ ਆਰਥਿਕ ਹਾਲਾਤ ਬਿਆਨ ਕਰ ਦਿੰਦਾ। ਗੱਲਾਂ-ਗੱਲਾਂ ਵਿਚ ਹੀ ਉਹ ਇਤਿਹਾਸ, ਸਿਆਸਤ ਅਤੇ ਆਰਥਿਕਤਾ ਦੇ ਪਾਠ ਪੜ੍ਹਾ ਦਿੰਦਾ, ਜਿਵੇਂ ਕੋਈ ਅਧਿਆਪਕ ਵਿਦਿਆਰਥੀਆਂ ਨੂੰ ਜਮਾਤ ਦੇ ਕਮਰੇ ਵਿਚ ਕੋਈ ਸਬਕ ਦੇ ਰਿਹਾ ਹੋਵੇ।

ਹਿੰਦੋਸਤਾਨ ਦੇ ਲੋਕ ਤੇ ਕਲਾਕਾਰ ਉਨ੍ਹਾਂ ਦੇ ਦੀਵਾਨੇ ਹਨ। ਖਾਸ ਤੌਰ 'ਤੇ ਕਪਿਲ ਸ਼ਰਮਾ ਦੇ ਸ਼ੋਅ ਦੇ ਬਹੁਤੇ ਜੁਮਲੇ ਤੇ ਜੁਗਤਾਂ ਤਾਂ ਅਮਾਨਉਲ੍ਹਾ ਤੋਂ ਉਧਾਰੇ ਲਏ ਹਨ। ਭਗਵੰਤ ਮਾਨ ਦੀ ਗਰੀਬ ਅਤੇ ਅਮੀਰ ਬੱਚਿਆਂ ਵਾਲੀ ਜੁਗਤ ਵੀ ਉਨ੍ਹਾਂ ਤੋਂ ਪ੍ਰਭਾਵਿਤ ਹੈ ਜਾਂ ਉਨ੍ਹਾਂ ਦੀ ਨਕਲ ਵੀ ਕਹੀ ਜਾ ਸਕਦੀ ਹੈ। ਪਾਕਿਸਤਾਨੀ ਟੀ.ਵੀ. ਸ਼ੋਅ ਅਤੇ ਹਿੰਦੋਸਤਾਨੀ ਕਾਮੇਡੀ ਟੀ.ਵੀ. ਸ਼ੋਅ ਵਿਚਲਾ ਵੱਡਾ ਫਰਕ ਸਿਰਫ ਇੰਨਾ ਹੈ ਕਿ ਪਾਕਿਸਤਾਨੀ ਟੀ.ਵੀ. ਸ਼ੋਅ ਅਵਾਮ ਦੇ ਹਿੱਤਾਂ ਦੀ ਗੱਲ ਕਰਦਾ ਹੈ ਤੇ ਹਿੰਦੋਸਤਾਨੀ ਸ਼ੋਅ ਮੁਨਾਫਾਖੋਰਾਂ ਦੇ ਢਿੱਡ ਭਰਦੇ ਹਨ। ਅਮਾਨਉਲ੍ਹਾ ਨੇ ਹਮੇਸ਼ਾਂ ਲੋਕ ਹਿੱਤਾਂ ਨੂੰ ਪਹਿਲ ਦਿੱਤੀ ਨਾ ਕਿ ਦੌਲਤ ਤੇ ਸ਼ੋਹਰਤ ਨੂੰ।





*ਖੱਬੇ: ਹਸਪਤਾਲ 'ਚ ਦਾਖਲ ਅਮਾਨਉਲ੍ਹਾ ਅਤੇ (ਸੱਜੇ) ਲਾਹੌਰ ਆਰਟਸ ਕਲੱਬ ਵਿਚ ਸ਼ਰਧਾਂਜਲੀ ਸਮਾਗਮ 'ਚ ਹਾਜ਼ਰ ਲੋਕ।*

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਮਾਰਚ 2020 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-422



**ਦੇਖ ਕੇ ਰੇੜ੍ਹਾ ਖੜ੍ਹਾ ਤਿਆਰ, ਛੋਟੇ ਨੂੰ ਆਇਆ ਬੜਾ ਪਿਆਰ।**
**ਚੱਲ ਵੀਰਾ ਤੂੰ ਹੱਕ ਲੈ ਬੱਗਾ, ਖੇਤ ਵੱਲ ਗੇੜਾ ਆਈਏ ਮਾਰ।**

### ਕੈਪਸ਼ਨ ਮੁਕਾਬਲਾ-420



ਕੰਮ ਕਾਰ ਤੋਂ ਹੋ ਕੇ ਵਿਹਲੇ
ਧੁੱਪੇ ਮੰਜਾ ਡਾਹਿਆ।
ਦੁੱਖ ਸੁੱਖ ਸਾਂਝਾ ਕਰਦਿਆਂ
ਭਾਰ ਮਨਾਂ ਤੋਂ ਲਾਹਿਆ।
ਤਿੱਖੀ ਨਜ਼ਰ ਬਾਹਰ ਵੀ ਰੱਖੀ।
ਕੌਣ ਗਿਆ ਤੇ ਆਇਆ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਮੰਜਾ ਡਾਹ ਕੇ ਬੈਠੀ ਬੇਬੇ,
ਰਾਖੀ ਸੱਜਰ ਝੋਟੀ ਦੀ।
ਨਾਲੇ ਬਿੜ੍ਹਕ ਰੱਖੇ ਨੂੰਹ ਦੀ,
ਭੈੜੀ ਆਦਤ ਖੋਟੀ ਦੀ।
ਮਤਾਂ ਚੁਗਲੀਆਂ ਕਰਦੀ ਨੂੰ,
ਰੰਗੇ ਹੱਥੀਂ ਆਣ ਫੜੇ।
ਗੁਆਂਢਣ ਮੁਸ਼ਕੀ ਹੱਸਦੀ,
ਸਿਰ 'ਤੇ ਨਾ ਆਣ ਖੜ੍ਹੇ।
*-ਸੇਵਾ ਸਿੰਘ ਨੂਰਪੁਰੀ*

---

ਬਾਹਰਲੇ ਘਰ, ਪਸ਼ੂਆਂ ਨੇੜੇ,
ਬੇਬੇ ਨੇ ਧੁੱਪੇ ਮੰਜਾ ਲਿਆ ਹੈ ਡਾਹ।
ਕਰੇ ਪਛਾਣ ਅੱਖਾਂ 'ਤੇ ਹੱਥ ਧਰ ਕੇ,
ਲੰਘਦੇ-ਵੜਦੇ ਨੂੰ ਲਵੇ ਬਿਠਾ।
ਖਬਰਸਾਰ ਸਾਰੀ ਲੈ ਕੇ,
ਦਿਲ ਆਪਣਾ ਲੈਂਦੀ ਹੈ ਪਰਚਾ।
*-ਦਵਿੰਦਰ ਕੌਰ*

---

ਨਵੀਂ ਪੀੜ੍ਹੀ ਤਾਂ ਭੁੱਲ ਚੱਲੀ ਸ਼ਕੀਰੀਆਂ
ਪਰ ਭੂਆ ਪੇਕੀਂ ਮਿਲਣ ਹੈ ਆਈ।
ਪਿੰਡ 'ਚ ਦਿਖਦਾ ਹੈ
ਟਾਵਾਂ ਟਾਵਾਂ ਜਾਣਕਾਰ
ਬਾਹਰਲੇ ਘਰੇ ਭਰਾ ਦੀ
ਨੂੰਹ ਰਾਣੀ ਨੇ ਬਿਠਾਈ।
ਕਿਹੜੈ ਵੇ ਤੂੰ ਮੈਂ ਨ੍ਹੀਂ ਪਛਾਣਿਆ ਤੈਨੂੰ
ਦੂਰੋਂ ਦੂਰੋਂ ਜਾਨੈਂ ਫਤਿਹ ਬੁਲਾਈ।
ਮੁੱਦਤਾਂ ਹੋ ਗਈਆਂ ਮਿਲਿਆਂ ਨੂੰ
ਦੂਜਾ ਅੱਖ ਮੈਂ ਹੁਣੇ ਹੁਣੇ ਸਮਰਾਈ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਕੌਣ ਆ ਰਿਹਾ ਹੈ, ਕੌਣ ਜਾ ਰਿਹਾ,
ਬੇਬੇ ਦੀ ਨਿਗ੍ਹਾ ਤੋਂ ਬਚ ਨਾ ਪਾਵੇ।
ਗੱਲਾਂ ਵੇਲੇ ਚੌਕਸ ਰਹਿਣਾ ਜਰੂਰੀ,
ਸਾਨੂੰ ਸਭਨਾਂ ਨੂੰ ਇਹ ਸਮਝਾਵੇ।
*-ਚਮਨਦੀਪ ਸ਼ਰਮਾ, ਪਟਿਆਲਾ*
*ਫੋਨ: 91-95010-33005*

---

ਅੱਜ ਵੀ ਹੈ ਉਡੀਕ
ਕਦੇ ਤਾਂ ਉਹ ਆਵੇਗਾ।
ਬੇਵਤਨਾ ਹੋਇਆ ਮੇਰਾ ਪੁੱਤ
ਕਦੇ ਤਾਂ ਗਲ ਲਾਵੇਗਾ।
*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਨਿਗ੍ਹਾ ਘੱਟ ਹੈ ਭਾਵੇਂ ਬੇਬੇ ਦੀ
ਪੂਰੀ ਬਿੜਕ ਹੈ ਹਰ ਪਾਸੇ।
ਆਈ ਪੈਛਲ ਕਿਸੇ ਦੇ ਆ ਵੜਨ ਦੀ
ਕੋਸ਼ਿਸ਼ ਕਰਦੀ ਹੱਥ ਖੋਲ੍ਹ ਅੱਖਾਂ ਉਤੇ
ਕਰ ਕੇਂਦ੍ਰਿਤ ਨਿਗ੍ਹਾ, ਸਿਆਣਨ ਦੀ।
ਨਾਲ ਬੈਠੀ ਗੁਆਂਢਣ ਨੂੰ ਪੁੱਛੇ
ਦੇਖੀਂ ਨੀਂ ਕੁੜੇ ਕੌਣ ਹੈ ਆ ਰਹੀ
ਦਾਦੇ ਮਗਾਉਣੀਆਂ ਅੱਖਾਂ ਚੁੰਧਿਆ ਗਈਆਂ
ਸੂਰਜ ਦੀ ਧੁੱਪ ਨਾਲ
ਤੋਰ ਤਾਂ ਆਪਣੇ ਹੀ ਕਿਸੇ ਦੀ ਹੈ ਲੱਗਦੀ।
*-ਦਰਸ਼ਨਪਾਲ ਦੋਸਾਂਝ*

---

ਗਵਾਂਢਣ ਦੇ ਨਾਲ ਮੰਜੇ 'ਤੇ ਬੈਠੀ
ਬੇਬੇ ਸਿਆਣੀ, ਬਿਆਣੀ।
ਇਸ਼ਾਰੇ ਦੇ ਨਾਲ ਦੱਸਦੀ ਸਾਨੂੰ
ਧੁੱਪ ਤੋਂ ਏਦਾਂ ਅੱਖ ਬਚਾਣੀ।
*-ਬੱਲਾ ਲਬਾਣਾ, ਨਿਊ ਯਾਰਕ*

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

# ਪਲ ਪਲ ਦੀ ਪਰਿਕਰਮਾ

**ਚਿਰਾਗ-ਡਾਰ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪਹਾੜਾਂ ਤੋਂ ਧਰਤੀ ਵੱਲ ਆਉਂਦੇ ਦਰਿਆਵਾਂ ਦੇ ਹਵਾਲੇ ਨਾਲ ਕਿਹਾ ਸੀ ਕਿ ਉਹ ਪਿਛੇ ਨਹੀਂ ਮੁੜਦੇ, ਪਰ ਮਨੁੱਖ ਲਈ ਬੇਸ਼ੱਕ ਬਹੁਤ ਔਖਾ ਹੁੰਦਾ ਪਿੰਡ ਤੋਂ ਨਗਰ, ਨਗਰ ਤੋਂ ਮਹਾਂਨਗਰ ਅਤੇ ਫਿਰ ਵਿਦੇਸ਼ ਵੰਨੀਂ ਉਡਾਣ ਭਰਨਾ।...ਪਿਛਾਂਹ ਨਾ ਮੁੜੋ, ਪਰ ਘੜੀ ਪਲ ਖਲੋ ਕੇ ਪਾਸਾ ਤਾਂ ਪਰਤਿਆ ਜਾ ਸਕਦਾ। ਬੀਤੇ ਨੂੰ ਵਿਚਾਰਿਆ ਜਾ ਸਕਦਾ। ਹੋਈਆਂ ਗਲਤੀਆਂ, ਕਮੀਆਂ ਤੇ ਕੁਤਾਹੀਆਂ ਨੂੰ ਦੂਰ ਕਰ ਕੇ, ਨਵੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਨੂੰ ਨਵੀਂ ਤਰਤੀਬ ਤਾਂ ਦਿਤੀ ਜਾ ਸਕਦੀ, ਜੋ ਤੁਹਾਡੀ ਤਕਦੀਰ ਨੂੰ ਨਵੀਂ ਤਹਿਜ਼ੀਬ ਅਤੇ ਦੂਰ-ਦਰਸ਼ੀ ਪੈੜ ਦਾ ਪਤਾ ਦੱਸੇ। ਹਥਲੇ ਲੇਖ ਵਿਚ ਉਨ੍ਹਾਂ ਪਲ ਛਿਣ ਦੀ ਗੱਲ ਕਰਦਿਆਂ ਕਿਹਾ ਹੈ, "ਪਲ 'ਚ ਨਿੱਕੀ ਜਿਹੀ ਕੁਤਾਹੀ ਮਨੁੱਖੀ ਬਰਬਾਦੀ ਦਾ ਕਾਰਨ ਵੀ ਹੁੰਦੀ ਅਤੇ ਕਈ ਵਾਰ ਮਨੁੱਖੀ ਸਦੀਵਤਾ ਦਾ ਹਾਸਲ ਵੀ ਬਣਦੀ।" ਉਨ੍ਹਾਂ ਦਾ ਨਿਰਣਾ ਹੈ ਕਿ ਪਲ ਨੂੰ ਪਲ ਵਾਂਗ ਵਰਤੀਏ ਤਾਂ ਇਸ ਦੀਆਂ ਨਿਆਮਤਾਂ ਨਾਲ ਲਬਰੇਜ਼ ਮਨੁੱਖੀ ਕਾਰਗੁਜ਼ਾਰੀ ਵਿਚ ਸੁੱਖਦ ਅਹਿਸਾਸਾਂ ਦੀ ਬਾਰਿਸ਼ ਹੁੰਦੀ, ਜਿਸ 'ਚ ਭਿੱਜੀ ਮਨੁੱਖਤਾ ਉਮਰਾਂ ਦੀ ਖੈਰ ਮੰਗਦੀ ਹੈ। ਉਨ੍ਹਾਂ ਦੀ ਨਸੀਹਤ ਹੈ, "ਬੀਤੇ ਪਲ ਦਾ ਸ਼ੁਕਰਗੁਜ਼ਾਰ ਤੇ ਆਉਣ ਵਾਲੇ ਪਲ ਲਈ ਆਸਵੰਦ ਰਹੋ। ਅਗਲੇ ਪਲ ਸਾਹ ਆਵੇ, ਨਾ ਆਵੇ, ਇਸ ਦੀ ਕੀ ਗਾਰੰਟੀ!" -ਸੰਪਾਦਕ***

ਪਲ, ਸਮੇਂ ਦੀ ਸਭ ਤੋਂ ਛੋਟੀ ਇਕਾਈ, ਪਰ ਸਭ ਤੋਂ ਅਹਿਮ। ਸਮੇਂ ਦਾ ਸਭ ਤੋਂ ਅਹਿਮ ਹਿੱਸਾ ਅਤੇ ਇਸ ਵਿਚੋਂ ਹੁੰਦਾ, ਵਕਤ ਦਾ ਉਭਾਰ ਜਾਂ ਨਿਘਾਰ। ਪਲ 'ਚ ਕੁਝ ਦਾ ਕੁਝ ਹੋ ਜਾਂਦਾ, ਕਿਉਂਕਿ ਪਲ ਦੀ ਕੁੱਖ ਵਿਚ ਬਹੁਤ ਕੁਝ ਅਣ-ਹੋਇਆ, ਅਣ-ਜਾਣਿਆ, ਅਣ-ਸੋਚਿਆ ਅਤੇ ਅਣ-ਕਿਆਸਿਆ ਪਿਆ ਹੁੰਦਾ, ਜਿਸ ਦਾ ਪਤਾ ਸਿਰਫ ਇਸ ਦੇ ਵਾਪਰਨ ਪਿਛੋਂ ਹੀ ਲੱਗਦਾ।

ਪਲ 'ਚ ਹੀ ਸੁਪਨਿਆਂ ਦੀ ਨਗਰੀ ਵੱਸਦੀ ਅਤੇ ਕਦੇ ਕਿਸੇ ਅਣਹੋਏ ਪਲ ਵਿਚ ਇਹ ਨਗਰੀ ਰਾਖ ਦੀ ਢੇਰੀ ਬਣ ਕੇ ਉਡਦੀ ਅਤੇ ਨੈਣਾਂ ਦੇ ਕੁੱਕਰੇ ਬਣ ਸਾਰੀ ਉਮਰ ਰੜਕਦੀ ਰਹਿੰਦੀ।

ਪਲ 'ਚ ਨਿੱਕੀ ਜਿਹੀ ਕੁਤਾਹੀ ਮਨੁੱਖੀ ਬਰਬਾਦੀ ਦਾ ਕਾਰਨ ਵੀ ਹੁੰਦੀ ਅਤੇ ਕਈ ਵਾਰ ਮਨੁੱਖੀ ਸਦੀਵਤਾ ਦਾ ਹਾਸਲ ਵੀ ਬਣਦੀ। ਫਰਕ ਸਿਰਫ ਇਹੀ ਹੁੰਦਾ ਕਿ ਕੌਣ ਉਸ ਪਲ ਨੂੰ ਕਿਸ ਰੂਪ ਵਿਚ ਵਰਤਦਾ ਅਤੇ ਇਸ ਦੀ ਅਹਿਮੀਅਤ ਨੂੰ ਕਿਹੜੇ ਅਰਥਾਂ ਵਿਚ ਲੈਂਦਾ?

ਖੁਦਕੁਸ਼ੀਆਂ, ਹਾਦਸੇ, ਅੱਗਜ਼ਨੀ ਜਾਂ ਤਬਾਹੀ ਦੀਆਂ ਘਟਨਾਵਾਂ ਪਲ ਭਰ ਵਿਚ ਹੀ ਵਾਪਰਦੇ। ਪਲ ਕੁ ਦੀ ਬੇਧਿਆਨੀ, ਗੁੱਸੇ ਦਾ ਉਬਾਲ ਜਾਂ ਮਨ ਵਿਚ ਆਇਆ ਕਰੋਧ ਬਹੁਤ ਕੁਝ ਅਜਿਹਾ ਕਰ ਜਾਂਦਾ, ਜਿਸ ਦਾ ਪਛਤਾਵਾ ਮਨੁੱਖ ਸਾਰੀ ਉਮਰ ਹੀ ਕਰਦਾ ਰਹਿੰਦਾ।

ਬਹੁਤ ਸਾਰੇ ਝਗੜੇ, ਦੁਸ਼ਮਣੀਆਂ ਜਾਂ ਸਬੰਧਾਂ ਵਿਚ ਉਪਜੇ ਵਿਗਾੜ ਪਿੱਛੇ ਵੀ ਇਕ ਪਲ ਵਿਚ ਬੋਲਿਆ ਕੁਸੈਲਾ ਬੋਲ, ਮੰਗ ਦੀ ਅਪੂਰਤੀ ਜਾਂ ਆਸ/ਵਿਸ਼ਵਾਸ ਦੀ ਤਿੜਕਣ ਹੁੰਦੀ।

ਪਲ ਲਈ ਮਨੁੱਖੀ ਮਨ ਵਿਚ ਪੈਦਾ ਹੋਈ ਕੁੜਿੱਤਣ, ਰੰਜਿਸ਼ ਜਾਂ ਬਦਲੇ ਦੀ ਭਾਵਨਾ, ਕਈ ਵਾਰ ਕਤਲਾਂ ਦਾ ਕਾਰਨ ਬਣਦੀ। ਇਕ ਕਤਲ ਹੋਣ ਪਿਛੋਂ ਕਾਤਲ ਹਰ ਰੋਜ਼ ਕਤਲ ਹੁੰਦਾ ਅਤੇ ਫਿਰ ਤਿੱਲ ਤਿੱਲ ਕਰਕੇ ਮਰਨ ਵਿਚੋਂ ਜ਼ਿੰਦਗੀ ਭਾਲਣਾ ਬਹੁਤ ਮੁਹਾਲ ਹੁੰਦਾ।

ਪਲ, ਬਹੁਤ ਹੀ ਸੂਖਮ, ਸੰਵੇਦਨਸ਼ੀਲ, ਸੰਭਾਵਨਾ ਭਰਪੂਰ, ਸਮਝਦਾਰੀ ਵਾਲੇ, ਸਾਰਥਕ ਅਤੇ ਸਮਿਆਂ ਦੀ ਵਾਗ ਮੋੜਨ ਵਾਲੇ। ਇਸ 'ਚ ਕੁਚੱਜ ਜਾਂ ਸੁਚੱਜ, ਦੁੱਖ ਜਾਂ ਸੁੱਖ ਵੀ, ਆਪਸੀ ਮਿਲਵਰਤਣ ਜਾਂ ਤਰੇੜ ਵੀ, ਹਾਸਿਆਂ ਦੀਆਂ ਫੁਲਝੜੀਆਂ ਜਾਂ ਗੁੱਸੇ 'ਚ ਗਾਲ੍ਹਾਂ ਵੀ, ਇਕ ਦੂਜੇ ਦੀ ਜਾਨ ਦੇ ਪਿਆਸੇ ਹੋਣਾ ਜਾਂ ਇਕ ਦੂਜੇ ਤੋਂ

***ਕਦੇ ਉਸ ਪਲ ਨੂੰ ਕਿਆਸਣਾ, ਜਦ ਮਾਤਾ ਗੁਜਰੀ ਨੇ ਹੱਥੀਂ ਤਿਆਰ ਕਰਕੇ ਪੋਤਿਆਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇਗਾ, ਗੁਰੂ ਗੋਬਿੰਦ ਸਿੰਘ ਨੇ ਆਪਣੇ ਲਾਡਲਿਆਂ ਨੂੰ ਤਲਵਾਰ ਪਹਿਨਾ ਕੇ ਕੌਮ ਤੋਂ ਕੁਰਬਾਨ ਹੋਣ ਲਈ ਮੌਤ ਦਾ ਸਿਹਰਾ ਬੰਨਿਆ ਹੋਵੇਗਾ, ਕੋਈ ਬੱਚਾ ਤੋਪ ਦੇ ਗੋਲੇ ਨਾਲ ਉਡਾਏ ਜਾਣ ਲਈ, ਇੱਟ 'ਤੇ ਖੜਾ ਹੋ ਕੇ ਤੋਪ ਦੇ ਬਰਾਬਰ ਹੋਇਆ ਹੋਵੇਗਾ ਜਾਂ ਗੁਰੂ ਗੋਬਿੰਦ ਸਿੰਘ ਨੇ ਬਾਪ ਦੇ ਸੀਸ ਨੂੰ ਝੋਲੀ ਵਿਚ ਪਵਾਇਆ ਹੋਵੇਗਾ। ਅਜਿਹੇ ਪਲਾਂ ਦੌਰਾਨ ਮਨ ਵਿਚ ਆਈਆਂ ਤਬਦੀਲੀਆਂ ਕਾਰਨ ਪਲ ਭਰ ਵਿਚ ਕੀਤੇ ਫੈਸਲੇ ਹੀ ਮਨੁੱਖੀ ਕੀਰਤੀ ਦੇ ਜਾਮਨ ਬਣਦੇ।***

ਜਾਨ ਵਾਰ ਦੇਣਾ ਅਤੇ ਦੀਦਿਆਂ ਵਿਚ ਸੁਪਨੇ ਧਰਨਾ ਜਾਂ ਨੈਣਾਂ ਦਾ ਸੁਪਨਾ ਖੋਹਿਆ ਵੀ ਜਾ ਸਕਦਾ। ਇਹ ਸਿਰਫ ਪਲ ਦੀ ਸੁਵਰਤੋਂ ਜਾਂ ਕੁਵਰਤੋਂ 'ਤੇ ਨਿਰਭਰ। ਸੂਝਵਾਨ ਲੋਕ ਪਲ ਦੀ ਅਹਿਮੀਅਤ ਤੋਂ ਜਾਣੂ। ਜੀਵਨ ਦੇ ਹਰੇਕ ਪਲ ਨੂੰ ਬਹੁਤ ਹੀ ਸਿਆਣਪ ਅਤੇ ਸਾਰਥਕ ਤਰੀਕੇ ਨਾਲ ਬਤੀਤ ਕਰ, ਇਸ ਦੀ ਸਾਰਥਕਤਾ ਨੂੰ ਸਮਿਆਂ ਦੀ ਤਹਿਜ਼ੀਬ ਦੇ ਨਾਮ ਲਾਉਂਦੇ।

ਉਹ ਪਲ ਕੇਹਾ ਮਨਹੂਸ ਸੀ, ਜਦ ਜਪਾਨ 'ਤੇ ਸੁੱਟੇ ਐਟਮ ਬੰਬ ਮਨੁੱਖੀ ਤਬਾਹੀ ਦਾ ਅਜਿਹਾ ਮੰਜ਼ਰ ਸਿਰਜ ਗਏ, ਜਿਨ੍ਹਾਂ ਨੂੰ ਦੇਖ ਕੇ ਹੁਣ ਤੀਕ ਵੀ ਨੈਣ ਸਿੱਲੇ ਹੋ ਜਾਂਦੇ। ਅਜਿਹੀ ਤ੍ਰਾਸਦੀ ਵਾਪਰਨ ਦਾ ਭੈਅ ਹੀ ਜੰਗਾਂ ਨੂੰ ਰੋਕਣ ਵਿਚ ਕੁਝ ਹੱਦ ਤੀਕ ਸਫਲ ਹੈ, ਪਰ ਜੋ ਲੋਕ ਕਿਸੇ ਦੀ ਮੌਤ ਵਿਚੋਂ ਆਪਣੀ ਹੋਂਦ ਭਾਲਦੇ, ਕਿਸੇ ਦੇ ਮਰਸੀਏ 'ਚੋਂ ਖੁਸ਼ੀਆਂ ਨੂੰ ਖਿਆਲਦੇ ਅਤੇ ਕਿਸੇ ਦੀ ਬਰਬਾਦੀ ਵਿਚੋਂ ਹੀ ਆਪਣੇ ਵਿਹੜਿਆਂ ਦੀ ਰੌਣਕ ਨੂੰ ਸੋਚ-ਪੈਮਾਨਾ ਬਣਾਉਂਦੇ, ਉਨ੍ਹਾਂ ਦੇ ਹੱਥਾਂ ਵਿਚ ਆਇਆ ਕੋਈ ਵੀ ਪਲ ਅਣਸੁਖਾਵੀਂ ਘਟਨਾ ਨੂੰ ਅੰਜ਼ਾਮ ਦੇ ਸਕਦਾ। ਇਸ ਕਰਕੇ ਹੀ ਜ਼ਾਹਲਾਂ, ਗੰਵਾਰਾਂ ਅਤੇ ਪਾਗਲਾਂ ਦੇ ਹੱਥ ਆਈ ਤਾਕਤ, ਬਾਂਦਰ ਦੇ ਹੱਥਾਂ ਵਿਚ ਤੀਲੀ ਦੇ ਆਉਣ ਵਾਂਗ, ਜੋ ਕਦੇ ਵੀ ਵੱਸਦੇ ਘਰਾਂ ਨੂੰ ਉਜਾੜ ਬਣਾ ਸਕਦੀ।

ਪਲ ਬਹੁਤ ਹੀ ਮੁੱਲਵਾਨ, ਪ੍ਰੇਰਕ ਅਤੇ ਉਤਪਾਦਕ। ਪਲ ਵਿਚ ਹੀ ਕੋਈ ਖਿਆਲ ਕਿਸੇ ਨਵੀਂ ਖੋਜ ਦਾ ਆਧਾਰ ਹੁੰਦਾ, ਕੋਈ ਵਿਚਾਰ ਸਹਿਚਾਰੀ ਸਬੰਧ ਸਿਰਜਣ ਵਿਚ ਪਹਿਲ ਕਰਦਾ ਜਾਂ ਕੋਈ ਚਾਨਣ ਦੀ ਕਾਤਰ, ਕਲਾ-ਕ੍ਰਿਤ ਵਿਚ ਰੌਸ਼ਨੀ ਦਾ ਫੈਲਾਅ ਬਣਦੀ। ਪਲ ਵਿਚ ਉਪਜੇ ਖਿਆਲਾਂ ਦਾ ਪ੍ਰਗਟਾਅ ਹੀ ਕਲਾ ਹੁੰਦੀ। ਭਾਵੇਂ ਉਹ ਕੋਈ ਕਾਵਿ-ਕ੍ਰਿਤ, ਪੇਂਟਿੰਗ, ਗੀਤ ਦੀ ਧੁਨ ਹੋਵੇ ਜਾਂ ਕਿਸੇ ਅਣਪੂਰਨ ਆਸ ਨੂੰ ਪੂਰਨਤਾ ਦਾ ਵਰਦਾਨ ਹੋਵੇ। ਪਲ ਬੋਲਦਾ ਹੈ,

ਪਲ ਪਲ ਕਰਕੇ ਸਰਘੀ ਉਤਰੇ
ਤੇ ਪਲ 'ਚ ਢਲਦੀਆਂ ਸ਼ਾਮਾਂ
ਪਲ ਪਲ ਕਰਕੇ ਰੁਤਬਾ ਵਧਦਾ
ਤੇ ਪਲ 'ਚ ਗੁੰਮ ਸਲਾਮਾਂ
ਪਲ ਪਲ ਕਰਕੇ ਰਾਤ ਉਤਰਦੀ
ਤੇ ਪਲ 'ਚ ਚਮਕਣ ਤਾਰੇ
ਪਲ ਪਲ ਕਰਕੇ ਚੁੱਪ ਪਸਰਦੀ
ਤੇ ਪਲ 'ਚ ਬੋਲ-ਫੁਹਾਰੇ
ਪਲ ਪਲ ਕਰਕੇ ਚੰਨ ਚੜ੍ਹਦਾ ਏ
ਤੇ ਪਲ 'ਚ ਮੱਸਿਆ ਆਵੇ
ਪਲ ਪਲ ਕਰਕੇ ਜਖਮ ਰਿਸੇਂਦਾ
ਤੇ ਪਲੀਂ ਖਰੀਂਢ ਬਣ ਜਾਵੇ
ਪਲ ਪਲ ਕਰਕੇ ਵਧਦੀਆਂ ਛਾਂਵਾਂ
ਪਲ ਪਲ ਕਰਕੇ ਢਲਦਾ ਪਰਛਾਵਾਂ
ਪਲ ਪਲ ਕਰਕੇ ਬਿਰਖ ਪਲਮਦਾ
ਤੇ ਪਲ 'ਚ ਜੰਗਲ ਹੋ ਜਾਵਾਂ
ਪਲ ਪਲ ਕਰਕੇ ਸਾਂਝਾਂ ਬਣਦੀਆਂ
ਤੇ ਪਲ 'ਚ ਟੁੱਟਦੀ ਯਾਰੀ
ਪਲ ਪਲ ਕਰਕੇ ਰੁੱਤ ਮੌਲਦੀ
ਪਲ 'ਚ ਚਲਦੀ ਆਰੀ।

ਪਲ 'ਚ ਖੁਸ਼ੀ ਤੇ ਪਲ 'ਚ ਖੇੜੇ
ਪਲ 'ਚ ਠੱਠੇ, ਪਲ 'ਚ ਝੇੜੇ
ਪਲ 'ਚ ਮਿਲਣੀ ਤੇ ਪਲੀਂ ਬਖੇੜੇ
ਪਲ 'ਚ ਦੂਰੀ ਤੇ ਪਲ 'ਚ ਨੇੜੇ
ਪਲ ਨੂੰ ਪਲ ਵਾਂਗ ਮਨਾ
ਪਲ ਦਾ ਨਹੀਂ ਕੋਈ ਵਸਾਹ
ਪਲ ਦਾ ਕਾਹਦਾ ਕਰਨਾ ਭਾਅ
ਕਦੇ ਕੋਲ, ਕਦੇ ਜਾਂਦੀ ਜਾਹ
ਪਲ ਨੂੰ ਸਕਿਆ ਕੌਣ ਭਰਮਾ
ਪਲ ਦੇ ਸਦਾ ਬਦਲਦੇ ਰਾਹ
ਪਲ ਦੀ ਮਹਿਮਾ ਬੜੀ ਨਿਰਾਲੀ
ਕਦੇ ਨਾ ਪਾਵੇ ਸਦਾ ਭਿਆਲੀ
ਪਲ ਲਈ ਉਤਰੋ ਵਿਚ ਖਿਆਲੀ
ਫਿਰ ਨਾ ਕਦੇ ਦਏ ਦਿਖਾਲੀ।

ਸੁਪਨੇ ਜਿਹੇ ਪਲ ਬਹੁਤ ਕੁਝ ਮਨੁੱਖੀ ਚੇਤਨਾ ਵਿਚ ਧਰ ਜਾਂਦੇ, ਜਿਨ੍ਹਾਂ ਦੀ ਪੂਰਤੀ ਮਨੁੱਖੀ ਜਦੋ-ਜਹਿਦ ਦਾ ਨਾਮ ਹੁੰਦਾ। ਇਹ ਪਲ ਦਾ ਕ੍ਰਿਸ਼ਮਾ ਹੀ ਹੁੰਦਾ ਕਿ ਅਜਿਹੇ ਸੁਪਨਿਆਂ ਦੀ ਪੂਰਤੀ ਲਈ ਮਾਇਕ ਸਾਧਨ, ਹਾਲਾਤ ਜਾਂ ਅਣਸੁਖਾਂਵੀਆਂ ਸਥਿਤੀਆਂ ਵੀ ਮਨੁੱਖੀ ਦਲੇਰੀ ਅਤੇ ਸਿਰੜ-ਸਾਧਨਾ ਸਾਹਵੇਂ ਨਿਗੂਣੀਆਂ ਹੋ ਜਾਂਦੀਆਂ। ਫਿਰ ਇਕ ਮੰਜ਼ਿਲ-ਮਾਰਗ ਉਸ ਦੇ ਪੈਰਾਂ ਵਿਚ ਵਿੱਛਦਾ, ਜੋ ਉਸ ਦੇ ਸੁਪਨ-ਸਿਰਨਾਵੇਂ ਨੂੰ ਮਸਤਕ 'ਤੇ ਉਕਰਦਾ।

ਪਲ ਕਦੇ ਵੀ ਅਸਾਵਾਂ, ਅਵੈੜਾ ਜਾਂ ਅੜਬੰਗ ਨਾ ਹੋਵੇ, ਸਗੋਂ ਇਸ ਵਿਚ ਸੰਤੁਲਿਤ ਸੋਚ, ਸਰਬ-ਸਾਂਝੀਵਾਲਤਾ ਅਤੇ ਸਰਬ-ਸੁਖਨ ਦਾ ਸੰਦੇਸ਼ ਰਮਿਆ ਹੋਵੇ। ਅਜਿਹੇ ਪਲ ਦੇ ਬਲਿਹਾਰੇ ਜਾਣ ਨੂੰ ਜੀਅ ਕਰਦਾ।

ਕਦੇ ਉਨ੍ਹਾਂ ਪਲਾਂ ਨੂੰ ਕਿਆਸਣਾ ਜਦ ਕੋਈ ਸ਼ਹੀਦ ਫਾਂਸੀ 'ਤੇ ਲਟਕਣ ਲਈ ਫਾਂਸੀ ਦੇ ਰੱਸੇ ਨੂੰ ਚੁੰਮਦਾ, ਜਦ ਕੋਈ ਯੋਧਾ ਦੁਸ਼ਮਣਾਂ ਦੀ ਲਲਕਾਰ ਸਾਹਵੇਂ ਹਿੱਕ ਡਾਹ, ਸੀਨੇ 'ਚ ਬਰਛੀਆਂ ਦੀ ਫਸਲ ਉਗਾਉਣ ਲਈ ਕਾਹਲਾ ਹੋਵੇ, ਨਿੱਕੇ ਨਿੱਕੇ ਸਾਹਿਬਜ਼ਾਦੇ ਸਿਰ ਤੀਕ ਆਈ ਕੰਧ ਵਿਚੋਂ ਆਪਣੀ ਸ਼ਹਾਦਤ ਦੇ ਉਗਮ ਰਹੇ ਸੂਰਜ ਦੀਆਂ ਕਿਰਨਾਂ ਨਾਲ ਧਰਤ ਨੂੰ ਰੌਸ਼ਨ ਹੁੰਦਿਆਂ ਦੇਖਦੇ ਹੋਣਗੇ ਜਾਂ ਕੋਈ ਬਦਲੇ ਦੀ ਅੱਗ ਨੂੰ ਸ਼ਾਂਤ ਕਰਨ ਲਈ ਦੁਸ਼ਮਣ ਨੂੰ ਗੋਲੀਆਂ ਨਾਲ ਛਲਣੀ ਕਰਦਾ ਹੋਵੇਗਾ। ਅਜਿਹੇ ਪਲ ਹੀ ਤਵਾਰੀਖ ਨੂੰ ਨਵੀਂ ਦਿੱਖ ਅਤੇ ਦਿਸ਼ਾ ਪ੍ਰਦਾਨ ਕਰਦੇ। ਆਉਣ ਵਾਲੀਆਂ ਸਦੀਆਂ ਅਜਿਹੇ ਪਲਾਂ ਵਿਚੋਂ ਹੀ ਆਪਣੇ ਆਪ ਨੂੰ ਪਛਾਣਦੀਆਂ।

ਕਦੇ ਉਸ ਪਲ ਨੂੰ ਕਿਆਸਣਾ, ਜਦ ਮਾਤਾ ਗੁਜਰੀ ਨੇ ਹੱਥੀਂ ਤਿਆਰ ਕਰਕੇ ਪੋਤਿਆਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇਗਾ, ਗੁਰੂ ਗੋਬਿੰਦ ਸਿੰਘ ਨੇ ਆਪਣੇ ਲਾਡਲਿਆਂ ਨੂੰ ਤਲਵਾਰ ਪਹਿਨਾ ਕੇ ਕੌਮ ਤੋਂ ਕੁਰਬਾਨ ਹੋਣ ਲਈ ਮੌਤ ਦਾ ਸਿਹਰਾ ਬੰਨਿਆ ਹੋਵੇਗਾ, ਕੋਈ ਬੱਚਾ ਤੋਪ ਦੇ ਗੋਲੇ ਨਾਲ ਉਡਾਏ ਜਾਣ ਲਈ, ਇੱਟ 'ਤੇ ਖੜਾ ਹੋ ਕੇ ਤੋਪ ਦੇ ਬਰਾਬਰ ਹੋਇਆ ਹੋਵੇਗਾ ਜਾਂ ਗੁਰੂ ਗੋਬਿੰਦ ਸਿੰਘ ਨੇ ਬਾਪ ਦੇ ਸੀਸ ਨੂੰ ਝੋਲੀ ਵਿਚ ਪਵਾਇਆ ਹੋਵੇਗਾ। ਅਜਿਹੇ ਪਲਾਂ ਦੌਰਾਨ ਮਨ ਵਿਚ ਆਈਆਂ ਤਬਦੀਲੀਆਂ ਕਾਰਨ ਪਲ ਭਰ ਵਿਚ ਕੀਤੇ ਫੈਸਲੇ ਹੀ ਮਨੁੱਖੀ ਕੀਰਤੀ ਦੇ ਜਾਮਨ ਬਣਦੇ।

ਪਲ ਵਿਚ ਬਹੁਤ ਕੁਝ ਵਾਪਰਦਾ ਤਾਂ ਪਲ ਬਹੁਤ ਕੁਝ ਨੂੰ ਆਪੇ ਵਿਚ ਸਮੇਟ ਲੈਂਦਾ। ਖੁਦਕੁਸ਼ੀ, ਮਰਨ ਵਾਲੇ ਲਈ ਪਲ 'ਚ ਮੁੱਕ ਗਏ ਝੰਜਟ ਦਾ ਨਾਮ ਹੋ ਸਕਦਾ, ਪਰ ਪਿੱਛੇ ਰਹਿ ਗਿਆਂ ਦੀ ਹੋਣੀ ਨੂੰ ਕਿਆਸ ਕੇ ਅਤੇ ਉਨ੍ਹਾਂ 'ਤੇ ਟੁੱਟੇ ਮੁਸੀਬਤਾਂ ਦੇ ਪਹਾੜ, ਸਦਾ ਲਈ ਤੁਰ ਜਾਵਣ ਵਾਲੇ ਦੀ ਰੂਹ ਨੂੰ ਲਾਹਣਤਾਂ ਜਰੂਰ ਪਾਉਂਦੇ ਹੋਣਗੇ। ਪਲ ਦੀ ਕਾਇਰਤਾ, ਮਨੁੱਖੀ ਤਾਕਤ ਨੂੰ ਜ਼ਲੀਲ ਕਰ ਜਾਂਦੀ। ਲੋੜ ਹੈ, ਹਾਲਾਤ ਨਾਲ ਟੱਕਰ ਲੈ ਕੇ ਆਪਣੀ ਜਿੱਤ ਦਾ ਪਰਚਮ ਲਹਿਰਾਇਆ ਜਾਵੇ, ਨਾ ਕਿ ਹਾਲਾਤ ਤੋਂ ਹਾਰ ਹੀ ਮੰਨ ਲਈ ਜਾਵੇ।

ਪਲ ਨੂੰ ਅਣਮੋਲ ਸਮਝਣ ਵਾਲੇ ਹੀ ਇਸ ਦੀ ਵਰਤੋਂ ਕਰਨ ਲੱਗਿਆਂ, ਭਵਿੱਖ-ਮੁਖੀ ਸੋਚ ਨੂੰ ਕਿਆਸਦੇ। ਇਸੇ ਲਈ ਤਾਂ ਕਹਿੰਦੇ ਨੇ ਕਿ ਕਦੇ ਵੀ ਕਾਹਲੀ ਵਿਚ ਕੋਈ ਫੈਸਲਾ ਨਾ ਲਓ, ਸਗੋਂ ਠਰੰਮੇ ਨਾਲ ਸੋਚੋ। ਸਾਰੀਆਂ ਸੰਭਾਵਨਾਵਾਂ, ਚੰਗੇਰੇ ਅਤੇ ਮਾੜੇ ਪੱਖਾਂ ਨੂੰ ਵਿਚਾਰੋ। ਹਾਂ-ਪੱਖੀ ਤੇ ਨਾਂਹ-ਪੱਖੀ ਪ੍ਰਭਾਵਾਂ ਨੂੰ ਸੋਚ ਕੇ ਹੀ ਫੈਸਲਾ ਲਿਆ ਜਾਵੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਪਲ ਦੀਆਂ ਸ਼ੁਕਰਗੁਜ਼ਾਰ ਹੁੰਦੀਆਂ।

ਪਲ ਵਿਚ ਗੁਣ ਵੀ ਤੇ ਔਗੁਣ ਵੀ, ਆਸਾ ਵੀ ਤੇ ਨਿਰਾਸ਼ਾ ਵੀ, ਉਦਾਸੀ ਵੀ ਤੇ ਹਾਸੀ ਵੀ, ਭਟਕਣਾ ਵੀ ਤੇ ਠਹਿਰਾਓ ਵੀ, ਪਾਉਣਾ ਵੀ ਤੇ ਖੋਹਣਾ ਵੀ, ਹਾਸਲ ਵੀ ਤੇ ਗਵਾਉਣਾ ਵੀ, ਪੀੜਾ ਵੀ ਤੇ ਪ੍ਰਸੰਨਤਾ ਵੀ, ਮੱਸਿਆ ਵੀ ਤੇ ਪੁੰਨਿਆ ਵੀ ਅਤੇ ਉਗਦੀ ਸਰਘੀ ਤੇ ਲਹਿੰਦੀ ਸ਼ਾਮ ਵੀ। ਬਹੁਤ ਕੁਝ ਹੁੰਦਾ ਏ ਇਕ ਪਲ ਵਿਚ। ਪਲ ਨੂੰ ਪਲ ਵਾਂਗ ਵਰਤੀਏ ਤਾਂ ਇਸ ਦੀਆਂ ਨਿਆਮਤਾਂ ਨਾਲ ਲਬਰੇਜ਼ ਮਨੁੱਖੀ ਕਾਰਗੁਜ਼ਾਰੀ ਵਿਚ ਸੁੱਖਦ ਅਹਿਸਾਸਾਂ ਦੀ ਬਾਰਿਸ਼ ਹੁੰਦੀ, ਜਿਸ 'ਚ ਭਿੱਜੀ ਮਨੁੱਖਤਾ ਉਮਰਾਂ ਦੀ ਖੈਰ ਮੰਗਦੀ ਹੈ।

ਪਲ ਪ੍ਰਾਹੁਣੇ ਜਿਹੇ। ਪਲ ਭਰ ਬਹਿਣਾ, ਕੁਝ ਕਹਿਣਾ ਤੇ ਆਪਣੇ ਰਾਹ ਪੈਣਾ। ਇਸ ਪਲ ਵਿਚ ਹੀ ਸਮੇਂ ਨੇ ਸੰਦਲੀ ਕਰਵਟ ਬਦਲਣੀ ਜਾਂ ਧੁਆਂਖੇ ਵਕਤ ਨੇ ਕਰੂਪ ਚਿਹਰਾ ਦਿਖਾਉਣਾ, ਇਹ ਮਨੁੱਖ ਵਲੋਂ ਉਸ ਪਲ ਦੀ ਵਰਤੋਂ 'ਤੇ ਨਿਰਭਰ।

ਜੀਵਨ-ਸਫਰ ਦੌਰਾਨ ਬਹੁਤ ਸਾਰੀਆਂ ਸੰਭਾਵਨਾਵਾਂ ਅਤੇ ਮੌਕੇ ਪਲ ਭਰ ਲਈ ਦਰੀਂ ਦਸਤਕ ਦਿੰਦੇ। ਇਹ ਤਾਂ ਮਨੁੱਖ 'ਤੇ ਨਿਰਭਰ ਕਿ ਉਸ ਨੇ ਉਸ ਪਲ ਵਿਚ ਕੀ ਫੈਸਲਾ ਕੀਤਾ, ਹੱਥ 'ਚ ਆਏ ਮੌਕਿਆਂ ਨੂੰ ਸੁਚੱਜੇ ਰੂਪ ਵਿਚ ਕਿਵੇਂ ਵਰਤਿਆ? ਇਹ ਮਨੁੱਖੀ ਜ਼ਿੰਦਗੀ ਦਾ ਆਉਣ ਵਾਲਾ ਕੱਲ, ਜਿਸ ਦੀ ਡੋਰ ਅੱਜ ਦੇ ਹੱਥ।

ਪਲ 'ਚ ਕਿਸੇ ਨਾਲ ਨਫਰਤ ਅਤੇ ਪਲ 'ਚ ਕਿਸੇ ਨਾਲ ਪਿਆਰ ਹੋ ਜਾਂਦਾ। ਪਲ 'ਚ ਕਿਸੇ ਨਾਲ ਉਮਰ ਭਰ ਦੀ ਸਾਂਝ ਦੀ ਨੀਂਹ ਰੱਖੀ ਜਾਂਦੀ। ਪਲ 'ਚ ਮਨ ਦੇ ਵਿਹੜੇ ਫੁੱਲਾਂ ਦੀ ਖੇਤੀ, ਜਿਸ ਦੀ ਫਸਲ ਮਨੁੱਖ ਸਾਰੀ ਉਮਰ ਹੀ ਵੱਢਦਾ। ਤੁਸੀਂ ਕਿਹੜੇ ਸੋਚ-ਬੀਜ ਨੂੰ ਕਿਸ ਧਰਾਤਲ 'ਤੇ, ਕਿਸ ਰੂਪ ਵਿਚ ਉਗਾਉਣਾ, ਇਹ ਮਨੁੱਖੀ ਨਸਲ ਅਤੇ ਇਸ ਦੀ ਸਦੀਵਤਾ ਨੂੰ ਸਥਾਪਤ ਕਰਨ 'ਚ ਅਹਿਮ।

ਪਲ ਨੂੰ ਮਾਣੋ। ਪਲਾਂ ਨੇ ਜੀਵਨ 'ਚੋਂ ਕਿਰ ਜਾਣਾ ਹੈ ਰੇਤ ਵਾਂਗ। ਪਲ ਨਹੀਂ ਕਿਸੇ ਦੇ ਮਿੱਤ। ਇਸ ਤੋਂ ਪਹਿਲਾਂ ਕਿ ਪਲਾਂ ਦੇ ਤੁਰ ਜਾਣ ਦਾ

***ਪਲ ਨੂੰ ਬਹੁਤ ਹੀ ਨਿਗੁਣਾ ਸਮਝਣ ਵਾਲੇ ਸਮੇਂ ਦੀ ਕਦਰ ਨਹੀਂ ਜਾਣਦੇ। ਜਦ ਜੀਵਨ ਜੁਗਤੀਆਂ ਵਾਲਾ ਸਮਾਂ ਬਹੁਤ ਦੂਰ ਤਿਲਕ ਜਾਂਦਾ ਤਾਂ ਪਲ-ਨਿਆਮਤ ਦੇ ਗਵਾਚਣ ਦਾ ਝੋਰਾ ਮਨ ਨੂੰ ਕੁਰੇਦਦਾ ਅਤੇ ਮਨੁੱਖ ਨੂੰ ਗਰਕਣੀ ਵੱਲ ਧਕੇਲਦਾ। ਪਲ ਨੂੰ ਕਦੇ ਨਾ ਗਵਾਓ। ਇਸ 'ਚ ਹੁੰਦੇ ਅਮੋਲ ਖਜਾਨੇ, ਜਿਨ੍ਹਾਂ ਨੇ ਤੁਹਾਨੂੰ ਅਮੀਰੀ ਬਖਸ਼ਣੀ ਹੁੰਦੀ। ਸਾਹ-ਸੁਰੰਗੀ ਦੀ ਧੁਨ ਪੈਦਾ ਕਰਨੀ ਹੁੰਦੀ ਅਤੇ ਸੰਵੇਦਨਾਵਾਂ ਨੂੰ ਸੰਭਾਵਨਾਵਾਂ ਤੇ ਸੁਪਨਿਆਂ ਦੀ ਜੂਹ ਵੰਨੀਂ ਤੋਰਨਾ ਹੁੰਦਾ। ਸੁਪਨੇ ਹੀ ਹੁੰਦੇ, ਜਿਨ੍ਹਾਂ ਕਰਕੇ ਮਨੁੱਖ ਜਿਉਂਦਾ ਤੇ ਸੁਪਨ-ਪ੍ਰਾਪਤੀ ਨੂੰ ਜੀਵਨ-ਲਕਸ਼ ਬਣਾਉਂਦਾ।***

ਪਛਤਾਵਾ, ਸੋਚ-ਘੁਣ ਬਣ ਜਾਵੇ, ਹਰ ਪਲ ਦੀ ਤਲੀ 'ਤੇ ਸੰਤੁਸ਼ਟੀ, ਸੁਖਨ ਅਤੇ ਸਹਿਜ ਦੀ ਮਹਿੰਦੀ ਲਾਓ। ਪਲ ਦੀ ਝੋਲੀ ਵਿਚ ਸ਼ਗਨ-ਸਗੂਫਿਆਂ ਦੀ ਇਨਾਇਤ ਪਾਓ। ਪਲ ਨੂੰ ਆਪਣਾ ਯਾਰ ਬਣਾਓ। ਦੁੱਖ-ਸੁੱਖ ਸੁਣਾਓ। ਮਨ ਦੀ ਵੇਦਨਾ ਇਸ ਦੇ ਨਾਮ ਲਾਓ ਤਾਂ ਇਹ ਪਲ ਤੁਹਾਡੇ ਮਨ ਵਿਚ ਭਲਿਆਈ ਅਤੇ ਬੰਦਿਆਈ ਵਾਲੇ ਅਜਿਹੇ ਭਾਵ ਪੈਦਾ ਕਰਨਗੇ, ਜੋ ਜੀਵਨ ਨੂੰ ਨਵੀਂ ਬੁਲੰਦੀ ਬਣਨ ਵਿਚ ਪਹਿਲ ਕਰਨਗੇ।

ਪਲ ਪਲ ਜ਼ਿੰਦਗੀ ਬੀਤਦੀ ਜਾਵੇ, ਜੋ ਇਸ ਦੀ ਝੋਲੀ ਸੁਗੰਧਤ ਪਲਾਂ ਦਾ ਸੰਧਾਰਾ ਪਾਵੇ, ਉਹ ਜੀਵਨ-ਸਾਰਥਕਤਾ ਨੂੰ ਸਮਿਆਂ ਦੇ ਨਾਮ ਲਾਵੇ। ਸੁਖਨ ਰਾਗ ਗਾਵੇ ਅਤੇ ਸਾਹ-ਬੀਹੀ ਵਿਚ ਰੂਹ-ਰੰਗਤਾ ਨਾਲ ਲਬਰੇਜ਼ੀ ਸੱਦ ਲਾਵੇ। ਕਦੇ ਇਸ ਸੱਦ ਨੂੰ ਆਪਣੇ ਅੰਤਰੀਵ ਵਿਚ ਗੁਣਗੁਣਾਉਣਾ, ਜੀਵਨ-ਅਨੰਦਤਾ ਦਾ ਅਭਾਵ ਜਰੂਰ ਹੋਵੇਗਾ।

ਪਲ ਨੂੰ ਬਹੁਤ ਹੀ ਨਿਗੁਣਾ ਸਮਝਣ ਵਾਲੇ ਸਮੇਂ ਦੀ ਕਦਰ ਨਹੀਂ ਜਾਣਦੇ। ਜਦ ਜੀਵਨ ਜੁਗਤੀਆਂ ਵਾਲਾ ਸਮਾਂ ਬਹੁਤ ਦੂਰ ਤਿਲਕ ਜਾਂਦਾ ਤਾਂ ਪਲ-ਨਿਆਮਤ ਦੇ ਗਵਾਚਣ ਦਾ ਝੋਰਾ ਮਨ ਨੂੰ ਕੁਰੇਦਦਾ ਅਤੇ ਮਨੁੱਖ ਨੂੰ ਗਰਕਣੀ ਵੱਲ ਧਕੇਲਦਾ। ਪਲ ਨੂੰ ਕਦੇ ਨਾ ਗਵਾਓ। ਇਸ 'ਚ ਹੁੰਦੇ ਅਮੋਲ ਖਜਾਨੇ, ਜਿਨ੍ਹਾਂ ਨੇ ਤੁਹਾਨੂੰ ਅਮੀਰੀ ਬਖਸ਼ਣੀ ਹੁੰਦੀ। ਸਾਹ-ਸੁਰੰਗੀ ਦੀ ਧੁਨ ਪੈਦਾ ਕਰਨੀ ਹੁੰਦੀ ਅਤੇ ਸੰਵੇਦਨਾਵਾਂ ਨੂੰ ਸੰਭਾਵਨਾਵਾਂ ਤੇ ਸੁਪਨਿਆਂ ਦੀ ਜੂਹ ਵੰਨੀਂ ਤੋਰਨਾ ਹੁੰਦਾ। ਸੁਪਨੇ ਹੀ ਹੁੰਦੇ, ਜਿਨ੍ਹਾਂ ਕਰਕੇ ਮਨੁੱਖ ਜਿਉਂਦਾ ਅਤੇ ਸੁਪਨ-ਪ੍ਰਾਪਤੀ ਨੂੰ ਜੀਵਨ-ਲਕਸ਼ ਬਣਾਉਂਦਾ।

ਪਲ, ਬਦਾਮ ਦੀ ਗਿਰੀ। ਬਹੁਤ ਕੁਝ ਖੋਲ ਵਿਚ ਲੁਕਾਈ ਰੱਖਦੀ। ਲੋੜ ਹੈ, ਇਸ ਨੂੰ ਤੋੜ ਕੇ ਇਸ ਵਿਚ ਛੁਪੀਆਂ ਗਿਰੀ-ਰੂਪੀ ਪ੍ਰਾਪਤੀਆਂ ਨੂੰ ਆਪਣਾ ਬਣਾਇਆ ਜਾਵੇ।

ਪਲ, ਸਮੇਂ ਦਾ ਇਕ ਕੂਹਣੀ ਮੋੜ। ਇਸ ਤੋਂ ਪਹਿਲਾਂ ਵਾਲੀ ਅਤੇ ਬਾਅਦ ਵਾਲੀ ਜ਼ਿੰਦਗੀ ਸਦਾ ਵੱਖਰੀ। ਕਦੇ ਵੀ ਉਹੀ ਨਹੀਂ ਰਹਿੰਦੀ, ਕਿਉਂਕਿ ਪਲ ਤਾਂ ਤਬਦੀਲੀ ਦਾ ਨਾਮ ਹੈ।

ਪਲ ਵਿਚ ਟੁੱਟੇ ਦੁੱਖਾਂ ਅਤੇ ਪੀੜਾਂ ਦੇ ਪਹਾੜ, ਮਨੁੱਖ ਨੂੰ ਅੰਦਰੋਂ ਮਜਬੂਤ ਕਰਦੇ। ਇਨ੍ਹਾਂ ਵਿਚ ਆਪਣੇ-ਪਰਾਏ ਦੀ ਪਛਾਣ ਹੁੰਦੀ ਕਿ ਕੌਣ ਤੁਹਾਡੀ ਪੀੜ ਨੂੰ ਆਪਣਾ ਹੁਲਾਸ ਬਣਾਉਂਦੇ ਅਤੇ ਕੌਣ ਤੁਹਾਡੀ ਪੀੜ ਵਿਚ ਪੀੜ ਪੀੜ ਹੁੰਦੇ। ਪਲ, ਦਰਅਸਲ ਮਨੁੱਖੀ ਇਮਤਿਹਾਨ ਜਦ ਮਨੁੱਖ ਦੀ ਪਰਖ ਹੁੰਦੀ ਕਿ ਉਹ ਇਨ੍ਹਾਂ ਪਲਾਂ 'ਚ ਤਿੱੜਕ ਜਾਂਦਾ ਜਾਂ ਸਬੂਤਾ ਰਹਿੰਦਾ।

ਇਕ ਹੀ ਪਲ 'ਚ ਜਿਉਂਦਾ, ਜਾਗਦਾ, ਹੱਸਦਾ, ਖੇਡਦਾ ਅਤੇ ਜੀਵਨ ਦੇ ਰੰਗ ਤਮਾਸ਼ਿਆਂ 'ਚ ਵਰਚਿਆ ਮਨੁੱਖ ਮਿੱਟੀ ਦੀ ਢੇਰੀ ਬਣ ਜਾਂਦਾ, ਜਦ ਪਲ ਵਿਚ ਦਿਲ ਦੀ ਧੜਕਣ ਬੰਦ ਹੋ ਜਾਂਦੀ। ਮਨੁੱਖੀ ਜੀਵਨ ਪਲ ਪਲ ਦਾ ਹੀ ਨਾਮ। ਬੀਤੇ ਪਲ ਦਾ ਸ਼ੁਕਰਗੁਜ਼ਾਰ ਤੇ ਆਉਣ ਵਾਲੇ ਪਲ ਲਈ ਆਸਵੰਦ ਰਹੋ। ਅਗਲੇ ਪਲ ਸਾਹ ਆਵੇ, ਨਾ ਆਵੇ, ਇਸ ਦੀ ਕੀ ਗਾਰੰਟੀ!

ਕੁਝ ਪਲ ਅਜਿਹੇ ਵੀ ਹੁੰਦੇ, ਜਦ ਲੱਗਦਾ ਕਿ ਧੜਕਣ ਬੰਦ ਹੋ ਗਈ, ਹੁਣ ਕੁਝ ਨਹੀਂ ਬਚਿਆ, ਸਭ ਖਤਮ; ਪਰ ਅਜਿਹਾ ਕੁਝ ਨਹੀਂ ਹੁੰਦਾ। ਜੀਵਨ ਦਾ ਸਫਰ ਜਾਰੀ ਰਹਿੰਦਾ। ਪਲ ਭਰ ਲਈ ਜੀਵਨ-ਤੋਰ 'ਚ ਆਏ ਅਣਚਾਹੇ ਮੋੜ, ਘਟਨਾਵਾਂ ਜਾਂ ਦੁਰ-ਘਟਨਾਵਾਂ ਹੀ ਅਸਲ ਜੀਵਨ-ਯਾਤਰਾ। ਇਸ ਨੂੰ ਜਾਰੀ ਰੱਖਣਾ ਹੀ ਜੀਵਨ।

ਪਲ 'ਚ ਲਏ ਕੁਝ ਅਜਿਹੇ ਫੈਸਲੇ ਹੁੰਦੇ, ਜੋ ਮਸਤਕ-ਲਕੀਰਾਂ ਦੀ ਕਲਾ-ਨਕਾਸ਼ੀ ਕਰਦੇ ਅਤੇ ਪੈਰਾਂ ਨੂੰ ਪੈੜਾਂ ਬਖਸ਼ਦੇ।

ਕਦੇ ਕਦੇ ਉਨ੍ਹਾਂ ਪਲਾਂ ਨੂੰ ਵਾਰ ਵਾਰ ਜਿਉਣ ਦੀ ਜਾਚ ਸਿੱਖੋ, ਜਦ ਤੁਸੀਂ ਬਹੁਤ ਖੁਸ਼ ਸਓ, ਪ੍ਰਾਪਤੀਆਂ ਨਾਲ ਲਬਰੇਜ਼ ਸਓ, ਰਾਂਗਲੇ ਸਾਥ ਵਿਚ ਇਲਾਹੀ ਅਤੇ ਅਕਹਿ ਅਨੰਦ 'ਚ ਜੀਵੇ, ਮਾਂ ਦੀ ਅਸੀਸ ਮਿਲੀ, ਬਾਪ ਦੀ ਛਾਂ 'ਚ ਤੁਰੇ, ਖਾਲੀ ਬਸਤੇ ਵਿਚ ਕਿਤਾਬਾਂ-ਕਾਪੀਆਂ ਨੇ ਰੌਣਕ ਲਾਈ ਜਾਂ ਰੇਤ ਦੇ ਘਰ ਬਣਾਉਂਦਿਆਂ ਸਾਰੀ ਦੁਪਹਿਰ ਸੁਪਨਸਾਜ਼ੀ ਵਿਚ ਖੁਦ ਤੋਂ ਬੇਖਬਰ ਸਓ। ਉਨ੍ਹਾਂ ਝਿੜਕਾਂ ਨੂੰ ਵੀ ਯਾਦ ਕਰਨਾ, ਜਦ ਚਰਦੀਆਂ ਮੱਝਾਂ ਨੇ ਬਿਗਾਨੇ ਖੇਤਾਂ ਨੂੰ ਉਜਾੜ ਦਿਤਾ ਤੇ ਇਸ ਕੁਤਾਹੀ ਦੇ ਭੁਗਤੇ ਖਮਿਆਜ਼ੇ ਨੇ ਸੁਹੰਢਣੇ ਰਾਹ ਅਰਪੇ।

ਮਿੱਤਰ, ਪਿਆਰਿਆਂ, ਮਾਪਿਆਂ, ਪਰਿਵਾਰ ਅਤੇ ਸਹਿਕਰਮੀਆਂ ਨਾਲ ਬਿਤਾਏ ਬਹੁਤ ਹੀ ਪਿਆਰੇ ਪਲਾਂ ਨੂੰ ਚੇਤਿਆਂ ਵਿਚ ਜਰੂਰ ਵਸਾਈ ਰੱਖਣਾ। ਮਨ ਦੀ ਕਿਸੇ ਨੁੱਕਰੇ ਉਨ੍ਹਾਂ ਪਲਾਂ ਨੂੰ ਜਰੂਰ ਥਾਂ ਦੇਣੀ, ਜੋ ਅਤੀਤ ਨੂੰ ਸਦਾ ਯਾਦ ਕਰਵਾਉਂਦੇ ਰਹਿੰਦੇ ਕਿਉਂਕਿ ਮੂਲ ਨਾਲ ਜੁੜਿਆ ਬੰਦਾ ਹੀ ਵਿਕਾਸ ਕਰ ਸਕਦਾ।

**ਗੁਰਬਾਣੀ ਗਿਆਨ**

# ਸੁਣਿਐ ਸਿਧ ਪੀਰ ਸੁਰਿ ਨਾਥ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

***ਅੱਜ ਤੀਕ ਕਿਸੇ ਸਾਧ ਸੰਤ ਨੇ ਅਧਿਆਤਮਵਾਦ ਦੀ ਇਕ ਵੀ ਪ੍ਰਾਪਤੀ ਨਹੀਂ ਗਿਣਾਈ ਤੇ ਗੁਰੂ ਸਾਹਿਬ ਦੀ ਸਿੱਖੀ ਵਿਚਾਰਧਾਰਾ ਦੀ ਇਕ ਵੀ ਚੁਣੌਤੀ ਸਵੀਕਾਰ ਨਹੀਂ ਕੀਤੀ। ਉਨ੍ਹਾਂ ਜੇ ਕੁਝ ਵੀ ਕੀਤਾ ਹੈ, ਸ਼ਰਧਾਲੂਆਂ ਨੂੰ ਗੁਮਰਾਹ ਕਰਨ ਲਈ ਕੀਤਾ ਹੈ। ਇਹ ਗੁਰੂ ਨਾਨਕ ਦੀ ਹਿੰਮਤ ਸੀ ਕਿ ਉਹ ਸੁਣੀਆਂ ਸੁਣਾਈਆਂ ਗੱਲਾਂ ਭਾਵ ਅਫਵਾਹਾਂ ਵਿਰੁਧ ਕੰਧ ਵਾਂਗ ਡਟੇ ਤੇ ਤਰਕ ਵਿਗਿਆਨ ਦੇ ਹੱਕ ਵਿਚ ਅੱਗੇ ਆ ਕੇ ਨਿੱਤਰੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸਾਰੀ ਦੁਨੀਆਂ ਛਾਣ ਮਾਰੀ, ਪਰ ਕਿਤੇ ਅਜਿਹਾ ਕੁਝ ਨਹੀਂ ਮਿਲਿਆ, ਜੋ ਕਰਮਾਂ ਭਾਵ ਢੁਕਵੇਂ ਕੰਮ ਕੀਤੇ ਬਿਨਾ ਪ੍ਰਾਪਤ ਕੀਤਾ ਗਿਆ ਹੋਵੇ। ਇੱਡਾ ਵੱਡਾ ਬਿਆਨ ਦੇ ਕੇ ਉਹ ਅਤਿਕਥਨੀਆਂ ਵਿਚ ਵਿਸ਼ਵਾਸ ਕਰਨ ਦੀ ਗੱਲ ਕਿਵੇਂ ਕਹਿ ਸਕਦੇ ਸਨ?***

ਵਿਦਵਾਨ ਅਕਸਰ ਸੋਚਦੇ ਹਨ ਕਿ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਨੇ ਰੱਬ ਨੂੰ ਮਿਲਣ ਦੀ ਵਿਧੀ ਦਿੱਤੀ ਹੋਈ ਹੈ, ਪਰ ਅਸਲ ਵਿਚ ਉਨ੍ਹਾਂ ਨੇ ਇਸ ਵਿਚ ਗੁਮਰਾਹ ਹੋਈ ਖਲਕਤ ਨੂੰ ਸਤਿ ਅਰਥਾਤ ਸੱਚ ਪ੍ਰਾਪਤੀ ਦੀ ਵਿਧੀ ਦੱਸੀ ਹੈ। ਉਨ੍ਹਾਂ ਨੇ ਇਸ ਗੱਲ ਦਾ ਉਲੇਖ ਮੂਲਮੰਤਰ ਦੇ ਮੁੱਢ ਵਿਚ ਹੀ ਕੀਤਾ ਹੋਇਆ ਹੈ। ਵਿਦਵਾਨਾਂ ਦਾ ਇਹ ਕਹਿਣਾ ਵੀ ਨਿਰਮੂਲ ਹੈ ਕਿ ੴ ਰੱਬ ਦਾ ਸੂਚਕ ਹੈ। ਜੇ ਗੁਰੂ ਸਾਹਿਬ ਨੇ ਅਜਿਹਾ ਕੁਝ ਕਹਿਣਾ ਹੁੰਦਾ ਤਾਂ ਉਹ ਸਪਸ਼ਟ ਲਿਖ ਦਿੰਦੇ।

ਉਨ੍ਹਾਂ ਦੇ ਅਜਿਹਾ ਨਾ ਲਿਖਣ ਦਾ ਵੀ ਕਾਰਨ ਹੈ। ਗੁਰੂ ਸਾਹਿਬ ਰੱਬ ਦੇ ਪ੍ਰਚਲਿਤ ਸੰਕਲਪਾਂ ਨੂੰ ਅਗਿਆਨ ਤੇ ਹਉਮੈ ਤੋਂ ਪੈਦਾ ਹੋਇਆ ਸਮਝਦੇ ਹਨ। ਉਹ ਮੂਲ ਤੌਰ 'ਤੇ ਕੁਦਰਤ ਅਤੇ ਕੁਦਰਤ ਦੇ ਵਿਧਾਨ ਨੂੰ ਆਪਣੇ ਸਾਹਮਣੇ ਵਾਪਰਦਾ ਦੇਖਦੇ ਹਨ, ਪਰ ਇਹ ਕਿਸ ਤਰ੍ਹਾਂ ਚਲ ਰਿਹਾ ਹੈ ਤੇ ਕਦੋਂ ਤੋਂ ਚਲ ਰਿਹਾ ਹੈ? ਉਨ੍ਹਾਂ ਲਈ ਇਕ ਖੋਜ ਦਾ ਵਿਸ਼ਾ ਹੈ। ਖੋਜ ਤੋਂ ਬਿਨਾ ਉਹ ਇਸ ਬਾਰੇ ਕੁਝ ਵੀ ਕਹਿਣਾ ਨਹੀਂ ਚਾਹੁੰਦੇ ਕਿਉਂਕਿ ਉਹ ਕਿਸੇ ਵੀ ਪ੍ਰਮਾਣ-ਰਹਿਤ ਕਥਨ ਨੂੰ ਕੂੜ ਮੰਨਦੇ ਹਨ। ਖੋਜ ਦੀਆਂ ਜੋ ਪਰੰਪਰਾਗਤ ਵਿਧੀਆਂ ਹਨ, ਉਹ ਉਨ੍ਹਾਂ ਨੇ ਪਹਿਲੀ ਪਉੜੀ ਵਿਚ ਹੀ ਨਕਾਰ ਦਿੱਤੀਆਂ ਹਨ। ਚਾਹੇ ਸਾਰੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਰਲ ਕੇ ਦਿਨ ਰਾਤ ਕਹਿੰਦੇ ਰਹਿਣ ਕਿ 'ਸੋਚੈ ਸੋਚਿ ਨਾ ਹੋਵਈ' ਵਿਚ ਸੁੱਚਮ-ਸਫਾਈ ਦਾ ਸੰਕੇਤ ਹੈ, ਤਾਂ ਵੀ ਉਹ ਇਹ ਨਹੀਂ ਝੁਠਲਾ ਸਕਦੇ ਕਿ ਸੋਚਣਾ, ਚੁਪ ਰਹਿਣਾ, ਪੇਟ ਉਤੇ ਰੋਟੀਆਂ ਬੰਨ ਕੇ ਭੁੱਖ-ਤਪੱਸਿਆ ਕਰਨੀ, ਸਿੱਧ-ਸਿਆਣਪਾਂ, ਟੂਣੇ ਆਦਿ ਵਰਤਣਾ ਉਸ ਵੇਲੇ ਦੀਆਂ 'ਗਿਆਨ ਪ੍ਰਾਪਤੀ' ਦੀਆਂ ਵਿਧੀਆਂ ਹਨ। ਗੁਰੂ ਸਾਹਿਬ ਨੇ ਇਨ੍ਹਾਂ ਅਖੌਤੀ ਵਿਧੀਆਂ ਦੀ ਨਿਖੇਧੀ ਕੀਤੀ ਹੈ।

ਗੁਰੂ ਸਾਹਿਬ ਨੇ ਇਹ ਇਸ ਲਈ ਕੀਤਾ ਕਿ ਇਹ ਪਰੰਪਰਾਗਤ ਢੰਗ ਤਰੀਕੇ ਮਨੁੱਖ ਦੇ ਸਚਿਆਰਾ ਬਣਨ ਲਈ ਢੁਕਵੇਂ ਨਹੀਂ ਹਨ। ਉਨ੍ਹਾਂ ਨੇ ਇਸ ਕੰਮ ਲਈ ਗਣਿਤ ਜਿਹੀ ਤਰਕ-ਪੂਰਣ ਤੇ ਹਉਮੈ ਰਹਿਤ ਵਿਧੀ ਚੁਣੀ ਹੈ ਤੇ ਇਸ ਨੂੰ ਗਣਿਤਮਈ ਸੂਤਰ ੴ ਰਾਹੀਂ ਦਰਸਾਇਆ ਹੈ। ਉਨ੍ਹਾਂ ਦਾ ਸੋਚਣਾ ਹੈ ਕਿ ਮਾਯਾ ਅਰਥਾਤ ਪ੍ਰਤੀਤੀ ਸੱਚ (apparent reality) ਸਿਰਫ ਇਕੋ ਮੂਲ-ਤੱਤ ਭਾਵ ਇਕ ਅੰਤਿਮ ਯਥਾਰਥ (ultimate reality) ਅਰਥਾਤ ਪਰਮ-ਸਤਿ (ultimate truth) ਦੀ ਉਪਜ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਇਸ ਅਣਦਿਸਦੀ 'ਅਸੂਲ ਇਕ ਧਾਤ' ਭਾਵ ਪਰਮ-ਸਤਿ ਦਾ ਸੰਕਲਪ ਘੜ੍ਹਨ ਲਈ ਇਸ ਦੇ ਗੁਣਾਂ ਨੂੰ ਜਾਣਨਾ ਜਰੂਰੀ ਹੈ, ਜੋ ਪ੍ਰਕ੍ਰਿਤੀ ਦੇ ਨਿਯਮਾਂ (ਹੁਕਮਾਂ) ਰਾਹੀਂ ਪ੍ਰਗਟ ਹੋ ਰਹੇ ਹਨ। ਇਸ ਲਈ ਪ੍ਰਕ੍ਰਿਤੀ ਭਾਵ 'ਜਿਣਸੀ ਮਾਯਾ' (material appearance) ਅਰਥਾਤ ਦੁਆਲੇ ਪਸਰੇ ਅਥਾਹ ਪਦਾਰਥ ਦੇ ਨਿਯਮਾਂ ਦੀ ਵਿਗਿਆਨਕ ਖੋਜ ਜਰੂਰੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਸਤਿ ਦਾ ਅਸਲ ਨਾਂ ਵੀ ਇਕ ਲੰਮੀ ਖੋਜ ਅਰਥਾਤ ਉਦਮ ਦੀ 'ਟਕਸਾਲ' ਵਿਚੋਂ ਹੀ ਬਣ ਕੇ ਨਿਕਲੇਗਾ, ਜਦੋਂ ਇਸ ਦੇ ਸਭ ਗੁਣ ਲੱਭ ਲਏ ਜਾਣਗੇ। ਇਹ ਉਨ੍ਹਾਂ ਦਾ ਇਕ ਵਿਗਿਆਨਕ ਨਿਰਣਾ ਹੈ, ਜਿਸ ਵਿਚ ਪਦਾਰਥ ਦਾ ਸੰਕਲਪ ਤੇ ਵਿਗਿਆਨਕ ਵਿਧੀ-ਦੋਵੇਂ ਘੁਲੇ ਮਿਲੇ ਹਨ।

ਗੁਰੂ ਸਾਹਿਬ ਦੀ ਖੋਜ ਵਿਧੀ ਦਾ ਇਕ ਵੱਡਾ ਅਸੂਲ ਨਿਰਪੱਖਤਾ ਹੈ, ਜਿਸ ਨੂੰ ਉਹ 'ਨਦਰਿ' ਕਹਿੰਦੇ ਹਨ। ਅਸਲ ਵਿਚ ਤੱਥਾਂ ਦੀ ਨਿਰਪੱਖ ਜਾਣਕਾਰੀ ਲਈ ਨਦਰਿ ਦਾ ਕਿਸੇ ਵੀ ਖੋਜ ਵਿਧੀ ਵਿਚ ਹੋਣਾ ਅਤਿ ਜਰੂਰੀ ਹੈ ਤੇ ਗੁਰੂ ਸਾਹਿਬ ਨੇ ਵੀ ਇਸ ਦੇ ਮਹੱਤਵ ਨੂੰ ਸਹੀ ਪਛਾਣਿਆ ਹੈ। ਇਸ ਦਾ ਜ਼ਿਕਰ ਗੁਰੂ ਸਾਹਿਬ ਨੇ ਪਿਛਲੀ ਪਉੜੀ ਵਿਚ ਵੀ ਕੀਤਾ ਹੋਇਆ ਹੈ। ਅੱਠਵੀਂ ਤੇ ਇਸ ਤੋਂ ਅਗਲੀਆਂ ਕੁਝ ਪਉੜੀਆਂ ਵਿਚ 'ਨਦਰਿ' ਦੇ ਕੁਝ ਹੋਰ ਸਹਾਇਕ ਅੰਸ਼ਾਂ ਦਾ ਜ਼ਿਕਰ ਹੈ, ਜਿਨ੍ਹਾਂ ਦੇ ਤਰਕਪੂਰਣ ਅਧਿਐਨ ਦੀ ਲੋੜ ਹੈ। ਪਹਿਲਾਂ ਅੱਠਵੀਂ ਪਉੜੀ 'ਤੇ ਇਕ ਸਰਸਰੀ ਝਾਤ ਪਾਉਂਦੇ ਹਾਂ,

ਸੁਣਿਐ ਸਿਧ ਪੀਰ ਸੁਰਿ ਨਾਥ॥
ਸੁਣਿਐ ਧਰਤਿ ਧਵਲ ਆਕਾਸ॥
ਸੁਣਿਐ ਦੀਪ ਲੋਅ ਪਾਤਾਲ॥
ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੮॥

ਇਹ ਪਉੜੀ ਪੜ੍ਹਿਆਂ ਪਤਾ ਚਲਦਾ ਹੈ ਕਿ ਇਸ ਦੀ ਸਿੱਖੀ ਸਿਧਾਂਤ ਨੂੰ ਸਮਝਣ ਲਈ ਵਿਸ਼ੇਸ਼ ਭੂਮਿਕਾ ਹੈ। ਜੇ ਕੋਈ ਸਿਰਫ ਇਸੇ ਪਉੜੀ ਨੂੰ ਧਿਆਨ ਨਾਲ ਪੜ੍ਹ ਲਵੇ ਤੇ ਇਸ ਦੇ ਸੰਦੇਸ਼ ਨੂੰ ਚੰਗੀ ਤਰ੍ਹਾਂ ਸਮਝ ਕੇ ਜੀਵਨ ਵਿਚ ਉਤਾਰ ਲਵੇ ਤਾਂ ਉਹ ਸਿੱਖੀ ਦੀਆਂ ਕਈ ਪੁਲਾਂਘਾਂ ਭਰ ਲਵੇਗਾ। ਇਸ ਦੇ ਗਿਆਨ ਨਾਲ ਉਹ ਮੌਜੂਦਾ ਵਿਦਵਾਨਾਂ ਦੇ ਬਿਨਾ ਸਿਰ-ਪੈਰ ਵਿਚਾਰਾਂ 'ਤੇ ਕਦੇ ਵਿਸ਼ਵਾਸ ਨਹੀਂ ਕਰੇਗਾ ਤੇ ਪੁਜਾਰੀ ਵਰਗ ਦੀਆਂ ਮਿੱਥ ਕਥਾਵਾਂ ਨੂੰ ਤਾਂ ਭੁੱਲ ਕੇ ਵੀ ਨਹੀਂ ਸੁਣੇਗਾ। ਫਿਰ ਨਾ ਉਸ ਨੂੰ ਵਿਦਵਾਨਾਂ ਤੇ ਪ੍ਰਚਾਰਕਾਂ ਦੇ ਗੁਮਰਾਹਕੁਨ ਵਾਦ ਵਿਵਾਦ ਭਰਮਾਉਣਗੇ ਤੇ ਨਾ ਹੀ ਉਨ੍ਹਾਂ ਦੇ ਖੜ੍ਹੇ ਕੀਤੇ ਅਧਿਆਤਮਕ ਹਊਏ ਡਰਾਉਣਗੇ। ਇਸ ਦੇ ਸਮਝਣ ਨਾਲ ਉਹ ਕੂੜ ਬਿਰਤਾਂਤ ਦੀਆਂ ਸਾਖੀਆਂ ਤੋਂ ਦੂਰ ਰਹੇਗਾ। ਫਿਰ ਤਾਂ ਉਹ ਬਸ ਗੁਰੂ ਸਾਹਿਬ ਦੀ ਸੋਚ ਦੇ ਨੇੜੇ ਲੱਗ ਕੇ ਉਨ੍ਹਾਂ ਜਿਹੇ ਪ੍ਰਗਤੀਵਾਦੀ ਸਰੋਕਾਰ ਅਪਨਾਵੇਗਾ।

ਪਉੜੀ ਦੇ ਅੰਤ ਵਿਚ ਸ਼ਬਦ 'ਭਗਤ' ਆਇਆ ਹੈ, ਜੋ ਸੁਣਨ ਵਾਲੇ ਸ਼ਰਧਾਲੂਆਂ ਲਈ ਵਰਤਿਆ ਗਿਆ ਹੈ। ਇਸ ਲਈ 'ਸੁਣੀਐ' ਦਾ ਅਰਥ ਉਹ ਕੁਝ ਹੈ, ਜੋ ਡੇਰੇਦਾਰਾਂ ਤੇ ਪੁਜਾਰੀਆਂ ਰਾਹੀਂ ਸ਼ਰਧਾਲੂਆਂ ਨੂੰ ਧਰਮ ਅਸਥਾਨਾਂ 'ਤੇ ਸੁਣਾਇਆ ਜਾਂਦਾ ਹੈ। ਇਹ ਪਉੜੀ ਪਿਛਲੀ ਪਉੜੀ ਦੇ ਤਰਕ-ਉਪਦੇਸ਼ ਪਿਛੋਂ ਆਈ ਹੋਣ ਕਾਰਨ ਇਸ ਵਿਚ ਸੁਣੀ ਸੁਣਾਈ ਗੱਲ ਦਾ ਮਹਤੱਵ ਤਰਕ ਦੇ ਸੰਦਰਭ ਵਿਚ ਹੀ ਵਿਚਾਰਿਆ ਗਿਆ ਹੈ। ਇਸ ਪਉੜੀ ਦਾ ਮੋਕਲਾ ਜਿਹਾ, ਪਰ ਸਹੀ ਸਹੀ ਅਨੁਵਾਦ ਕੁਝ ਇਸ ਤਰ੍ਹਾਂ ਹੈ,

"ਧਾਰਮਿਕ ਸੰਸਥਾਨਾਂ ਅਤੇ ਡੇਰਿਆਂ ਵਿਚ ਭਗਤਾਂ ਭਾਵ ਸ਼ਰਧਾਲੂਆਂ ਨੂੰ ਗਿਆਨ ਦੀ ਥਾਂ ਕਈ ਵਿਚਿੱਤਰ ਅਧਿਆਤਮਕ ਗੱਲਾਂ ਤੇ ਕਥਾਵਾਂ ਸੁਣਾਈਆਂ ਜਾਂਦੀਆਂ ਹਨ। ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਇਸ ਦੁਨੀਆਂ ਜਾਂ ਇਸ ਸਮਾਜ ਵਿਚ ਕਈ ਪਹੁੰਚੇ ਹੋਏ ਸਿੱਧ ਪੀਰ ਜਾਂ ਸਾਧੂ ਸੰਤ ਰਹਿੰਦੇ ਹਨ, ਜਿਨ੍ਹਾਂ ਨੇ ਵੱਖ ਵੱਖ ਦੇਵਤਿਆਂ ਨੂੰ ਧਿਆ ਕੇ ਸਿੱਧੀਆਂ ਪ੍ਰਾਪਤ ਕਰ ਰੱਖੀਆਂ ਹਨ। ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਸਿੱਧੀਆਂ ਪ੍ਰਾਪਤ ਕਰ ਚੁਕੇ ਮਹਾਂਪੁਰਖ ਕੁਦਰਤ ਦੀਆਂ ਸ਼ਕਤੀਆਂ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ। ਉਹ ਆਪਣੀਆਂ ਗੈਬੀ ਤਾਕਤਾਂ ਨਾਲ ਸੰਸਾਰ ਵਿਚ ਕੁਝ ਵੀ ਕਰ ਸਕਦੇ ਹਨ ਤੇ ਕਿਸੇ ਨੂੰ ਕੁਝ ਵੀ ਬਖਸ਼ ਜਾਂ ਬਖਸ਼ਵਾ ਸਕਦੇ ਹਨ। ਲੋੜਾਂ ਦੇ ਸਤਾਏ ਸ਼ਰਧਾਲੂ ਜਦੋਂ ਉਨ੍ਹਾਂ ਕੋਲ ਜਾਂਦੇ ਹਨ ਤਾਂ ਉਹ ਧਰਤੀ ਤੇ ਧਵਲੇ ਦੀ ਅਨੋਖੀ ਮਿੱਥ ਕਥਾ ਵੀ ਸੁਣਦੇ ਹਨ। ਇਸ ਮੁਤਾਬਿਕ ਅਸਮਾਨ ਵਿਚ ਅਟਕੀ ਇਹ ਧਰਤੀ ਇਕ ਸ਼ਕਤੀਸ਼ਾਲੀ ਧੌਲੇ ਬਲਦ ਦੇ ਸਿੰਗ ਉਤੇ ਟਿਕੀ ਹੋਈ ਹੈ। ਉਹ ਇਹ ਵੀ ਸੁਣਦੇ ਹਨ ਕਿ ਇਸ ਧਰਤੀ ਦੇ ਅੰਦਰ ਜਾਂ ਹੇਠ ਇਕ ਹੋਰ ਧਰਤੀ ਹੈ, ਜਿਸ ਨੂੰ ਪਤਾਲਦੀਪ ਕਿਹਾ ਜਾਂਦਾ ਹੈ, ਉਥੇ ਕਾਲ ਦੇਵਤਾ ਨਹੀਂ ਪਹੁੰਚ ਸਕਦਾ। ਇਸ ਲਈ ਉਥੋਂ ਦੇ ਵਾਸੀ ਦੂਖ, ਪਾਪ ਅਤੇ ਮ੍ਰਿਤੂ ਕਸ਼ਟ ਤੋਂ ਮੁਕਤ ਹਨ। ਗੁਰੂ ਸਾਹਿਬ ਪਰਿਹਾਸ ਨਾਲ ਕਹਿੰਦੇ ਹਨ ਕਿ ਸ਼ਰਧਾਲੂ ਇਨ੍ਹਾਂ ਕਹਾਣੀਆਂ ਉਤੇ ਇਤਬਾਰ ਕਰ ਕੇ ਆਪਣੀਆਂ ਚਿੰਤਾਵਾਂ ਤੋਂ ਰਾਹਤ ਮਹਿਸੂਸ ਕਰਦੇ ਹਨ ਤੇ ਨਿਹਾਲ ਹੋ ਉਠਦੇ ਹਨ!"

ਇਸ ਪਉੜੀ ਦਾ ਨਿਰਪੱਖ ਉਲਥਾ ਪੜ੍ਹਨ ਪਿਛੋਂ ਸਵਾਲ ਉਠਦਾ ਹੈ ਕਿ ਕੀ ਗੁਰੂ ਸਾਹਿਬ ਅਜਿਹੀਆਂ ਮਿੱਥ-ਕਥਾਵਾਂ ਸੁਣਨ ਦਾ ਸਮਰਥਨ ਕਰਦੇ ਸਨ? ਕੀ ਸੁਣੀਆਂ ਗੱਲਾਂ ਨੂੰ ਮਹੱਤਤਾ ਦੇ ਕੇ ਅਜੋਕੇ ਵਿਦਵਾਨ ਉਨ੍ਹਾਂ ਦੀ ਬਾਣੀ ਨੂੰ ਸਮਝਣ ਵਿਚ ਕੋਈ ਗਲਤੀ ਤਾਂ ਨਹੀਂ ਕਰ ਰਹੇ? ਕੀ ਕਿਸੇ ਨੇ ਅਜਿਹੇ ਸਿੱਧ ਪੀਰ ਦੇਖੇ ਹਨ, ਜੋ ਕੁਦਰਤੀ ਨਿਯਮਾਂ ਨੂੰ ਆਪਣੇ ਵਸ ਵਿਚ ਕਰ ਸਕਦੇ ਹਨ? ਕੀ ਕੋਈ ਕਰਾਮਾਤਾਂ ਰਾਹੀਂ ਪ੍ਰਕ੍ਰਿਤੀ ਦੇ ਨਿਯਮਾਂ 'ਤੇ ਆਪਣਾ ਹੱਕ ਜਮਾ ਸਕਦਾ ਹੈ? ਕੀ ਕੋਈ ਸਭ ਦੇ ਸਾਹਮਣੇ ਆ ਕੇ ਆਪਣੇ ਇਸ ਹੁਨਰ ਦਾ ਪ੍ਰਦਰਸ਼ਨ ਕਰ ਸਕਦਾ ਹੈ? ਕੀ ਕਿਸੇ ਸ਼ਰਧਾਲੂ ਨੇ ਇਨ੍ਹਾਂ ਅਫਵਾਹਾਂ ਨੂੰ ਸੁਣ ਕੇ ਦੱਸਣ ਵਾਲਿਆਂ ਤੋਂ ਕੋਈ ਮੋੜਵਾਂ ਸਵਾਲ ਪੁੱਛਿਆ? ਕੀ ਕਿਸੇ ਨੇ ਪੁੱਛਿਆ ਨਹੀਂ ਕਿ ਸਿੰਗ ਉਤੇ ਧਰਤੀ ਉਠਾਉਣ ਵਾਲਾ ਧਵਲਾ ਬਲਦ ਆਪ ਕਿਸ ਆਧਾਰ 'ਤੇ ਖੜ੍ਹਾ ਹੈ? ਕੀ ਕਿਸੇ ਨੇ ਸ਼ੱਕ ਜਾਹਰ ਨਹੀਂ ਕੀਤਾ ਕਿ ਧਰਤੀ ਹੇਠ ਇਕ ਧਵਲਾ ਹੀ ਹੈ ਜਾਂ ਕੁਝ ਹੋਰ? ਕੀ ਕਿਸੇ ਪੂਰਵੀ ਮਿੱਥ-ਪ੍ਰਚਾਰਕ ਨੇ ਕਦੇ ਪੱਛਮੀ ਮਿੱਥ-ਪ੍ਰਚਾਰਕਾਂ ਨਾਲ ਮੱਥਾ ਨਹੀਂ ਲਾਇਆ, ਜੋ ਬਲਦ ਦੀ ਥਾਂ ਕੱਛੂਕੁੰਮੇ ਨੂੰ ਧਰਤੀ ਦਾ ਸਹਾਰਾ ਮੰਨਦੇ ਹਨ? ਕੀ ਕਿਸੇ ਸਿੱਖ ਸ਼ਰਧਾਲੂ ਨੇ ਸਿੱਖ ਪ੍ਰਚਾਰਕਾਂ ਤੇ ਡੇਰੇਦਾਰ ਸਾਧਾਂ ਸੰਤਾਂ ਤੋਂ ਇਹ ਨਹੀਂ ਪੁੱਛਿਆ ਕਿ ਪਤਾਲਦੀਪ ਦੁਨੀਆਂ ਦੇ ਨਕਸ਼ੇ 'ਤੇ ਕਿੱਥੇ ਸਥਿਤ ਹੈ? ਕੀ ਕਦੇ ਸਿੱਖ ਸ਼ਰਧਾਲੂਆਂ ਨੇ ਸਿੱਖ ਪੁਜਾਰੀਆਂ ਤੋਂ ਇਹ ਪੁੱਛਿਆ ਕਿ ਉਹ ਵਿਗਿਆਨ ਵਿਰੋਧੀ ਕਿਉਂ ਹਨ? ਜੇ ਅਜਿਹਾ ਕੋਈ ਸਵਾਲ ਕਿਸੇ ਨੇ ਪੁੱਛਿਆ ਹੀ ਨਹੀਂ, ਫਿਰ ਸੱਚ ਦਾ ਚੰਦਰਮਾ ਤਾਂ ਚੜ੍ਹਿਆ ਹੀ ਨਹੀਂ।

ਅੱਜ ਤੀਕ ਕਿਸੇ ਸਾਧ ਸੰਤ ਨੇ ਅਧਿਆਤਮਵਾਦ ਦੀ ਇਕ ਵੀ ਪ੍ਰਾਪਤੀ ਨਹੀਂ ਗਿਣਾਈ ਤੇ ਗੁਰੂ ਸਾਹਿਬ ਦੀ ਸਿੱਖੀ ਵਿਚਾਰਧਾਰਾ ਦੀ ਇਕ ਵੀ ਚੁਣੌਤੀ ਸਵੀਕਾਰ ਨਹੀਂ ਕੀਤੀ। ਉਨ੍ਹਾਂ ਜੇ ਕੁਝ ਵੀ ਕੀਤਾ ਹੈ, ਸ਼ਰਧਾਲੂਆਂ ਨੂੰ ਗੁਮਰਾਹ ਕਰਨ ਲਈ ਕੀਤਾ ਹੈ। ਇਹ ਗੁਰੂ ਨਾਨਕ ਦੀ ਹਿੰਮਤ ਸੀ ਕਿ ਉਹ ਸੁਣੀਆਂ ਸੁਣਾਈਆਂ ਗੱਲਾਂ ਭਾਵ ਅਫਵਾਹਾਂ ਵਿਰੁਧ ਕੰਧ ਵਾਂਗ ਡਟੇ ਤੇ ਤਰਕ ਵਿਗਿਆਨ ਦੇ ਹੱਕ ਵਿਚ ਅੱਗੇ ਆ ਕੇ ਨਿੱਤਰੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸਾਰੀ ਦੁਨੀਆਂ ਛਾਣ ਮਾਰੀ, ਪਰ ਕਿਤੇ ਅਜਿਹਾ ਕੁਝ ਨਹੀਂ ਮਿਲਿਆ, ਜੋ ਕਰਮਾਂ ਭਾਵ ਢੁਕਵੇਂ ਕੰਮ ਕੀਤੇ ਬਿਨਾ ਪ੍ਰਾਪਤ ਕੀਤਾ ਗਿਆ ਹੋਵੇ। ਇੱਡਾ ਵੱਡਾ ਬਿਆਨ ਦੇ ਕੇ ਉਹ ਅਤਿਕਥਨੀਆਂ ਵਿਚ ਵਿਸ਼ਵਾਸ ਕਰਨ ਦੀ ਗੱਲ ਕਿਵੇਂ ਕਹਿ ਸਕਦੇ ਸਨ?

ਜਿਨ੍ਹਾਂ ਲੋਕਾਂ ਨੇ ਇਤਿਹਾਸ ਦਾ ਅਧਿਐਨ ਕੀਤਾ ਹੈ, ਉਹ ਇਸ ਤੱਥ ਨੂੰ ਭਲੀ ਭਾਂਤ ਸਮਝਦੇ ਹਨ ਕਿ ਇਤਿਹਾਸ ਜਿਵੇਂ ਕਿਵੇਂ ਆਪਣੇ ਆਪ ਨੂੰ ਦੁਹਰਾਉਂਦਾ ਹੈ। ਦੁਹਰਾਉਣਾ ਤਾਂ ਇਸ ਨੇ ਹੋਇਆ ਹੀ, ਜੇ ਮਨੁੱਖੀ ਫਿਤਰਤ ਵੀ ਉਹੀ ਰਹੇ ਤੇ ਮਨੁੱਖੀ ਹਾਲਾਤ ਵੀ ਨਾ ਬਦਲੇ ਹੋਣ। ਜੋ ਗੁਰੂ ਸਾਹਿਬ ਦੇ ਸਮਿਆਂ ਵਿਚ ਵਾਪਰ ਰਿਹਾ ਸੀ, ਉਹ ਅੱਜ ਫਿਰ ਵਾਪਰ ਰਿਹਾ ਹੈ। ਆਮ ਜਨਤਾ ਉਦੋਂ ਵੀ ਅਨਪੜ੍ਹ ਤੇ ਲਾਈਲੱਗ ਸੀ ਤੇ ਇਹ ਅੱਜ ਵੀ ਪਿਛਲੱਗ ਤੇ ਅਗਿਆਨੀ ਹੈ। ਡੇਰੇਦਾਰ ਸੰਤ ਤੇ ਪੁਜਾਰੀ ਉਦੋਂ ਵੀ ਮਿੱਥ ਕਥਾਵਾਂ ਸੁਣਾ ਕੇ ਲੋਕਾਂ ਨੂੰ ਵਰਗਲਾਉਂਦੇ ਸਨ ਤੇ ਅਜੋਕੇ ਸਾਧ ਸੰਤ ਵੀ ਨਿਰਾਧਾਰ ਗੱਪ ਕਹਾਣੀਆਂ ਸੁਣਾ ਕੇ ਉਨ੍ਹਾਂ ਨੂੰ ਭਟਕਾ ਰਹੇ ਹਨ। ਉਸ ਵੇਲੇ ਦੇ ਕਰਮਕਾਂਡੀ ਬ੍ਰਾਹਮਣ, ਡੇਰੇਦਾਰ, ਨਾਥ ਤੇ ਪੀਰ ਆਪਣੇ ਸ਼ਰਧਾਲੂਆਂ ਨੂੰ ਹਵਾਈ ਗੱਲਾਂ ਨਾਲ ਭਰਮਾਉਂਦੇ ਸਨ ਅਤੇ ਇਹੀ ਭੂਮਿਕਾ ਹੂਬਹੂ ਅੱਜ ਪਰੰਪਰਾਵਾਦੀ ਸਿੱਖ ਡੇਰੇਦਾਰ, ਪੁਜਾਰੀ ਤੇ ਪ੍ਰਚਾਰਕ ਨਿਭਾ ਰਹੇ ਹਨ। ਉਤੋਂ ਚਿੰਤਾਜਨਕ ਗੱਲ ਇਹ ਕਿ ਅਜੋਕੇ ਸਿੱਖ ਸਮਾਜ ਵਿਚ ਪਹਿਲਾਂ ਦੇ ਮੁਕਾਬਲੇ ਭਾਰੀ ਗਿਰਾਵਟ ਦਿਸ ਰਹੀ ਹੈ। ਇਸ ਦਾ ਪੈਮਾਨਾ ਇਹ ਹੈ ਕਿ ਗੁਰੂ ਨਾਨਕ ਨੇ 15ਵੀਂ ਸਦੀ ਵਿਚ ਵਿਗਿਆਨ ਨਾ ਹੋਣ 'ਤੇ ਵੀ ਵਿਗਿਆਨਕ ਸੋਚ ਦਾ ਪੱਲਾ ਫੜ੍ਹਿਆ ਅਤੇ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਵਿਗਿਆਨ ਦੇ ਸਭ ਸੁਖ ਭੋਗਦਿਆਂ ਵੀ ਅਗਿਆਨ ਦਾ ਪੱਲਾ ਫੜੀ ਬੈਠੇ ਹਨ।

ਗੁਰੂ ਸਾਹਿਬ ਆਪਣੇ ਸੱਚੇ ਗਿਆਨ ਨੂੰ ਜਾ ਜਾ ਕੇ ਵੰਡਦੇ ਸਨ ਤੇ ਸਿੱਖੀ ਦੇ ਅਜੋਕੇ ਪ੍ਰਚਾਰਕ ਸ਼ਰਧਾਲੂਆਂ ਨੂੰ ਮਿੱਥ ਕਥਾਵਾਂ ਸੁਣਾਉਣ ਲਈ ਡੇਰੇ 'ਚ ਇੱਕਤਰ ਕਰਦੇ ਹਨ ਤੇ ਬਹਾਨੇ ਸਿਰ ਧਨ ਬਟੋਰਦੇ ਹਨ। ਅਸਲ ਵਿਚ ਉਹ ਸ਼ਰਧਾਲੂਆਂ ਨੂੰ ਨਕਲੀ ਕਥਾ ਕਹਾਣੀਆਂ ਸੁਣਾ ਕੇ ਗੁਰੂ ਸਾਹਿਬ ਦੀਆਂ ਅਸਲ ਸਿੱਖਿਆਵਾਂ ਤੋਂ ਦੂਰ ਰੱਖਣਾ ਚਾਹੁੰਦੇ ਹਨ। ਅਜਿਹਾ ਉਹ ਗੁਰਬਾਣੀ ਦੇ ਅਰਥਾਂ ਨੂੰ ਬਦਲ ਕੇ ਵੀ ਕਰਦੇ ਹਨ। ਇਸ ਗੱਲ ਦਾ ਇਕ ਵੱਡਾ ਪ੍ਰਮਾਣ ਉਨ੍ਹਾਂ ਦੀ ਇਸੇ ਪਉੜੀ ਦੀ ਵਿਆਖਿਆ ਹੈ, ਜੋ ਸਭ ਵਿਦਵਾਨਾਂ ਨੇ ਥੋੜੇ ਬਹੁਤੇ ਫਰਕ ਨਾਲ ਇਕੋ ਜਿਹੀ ਕੀਤੀ ਹੈ।

ਮਿਸਾਲ ਵਜੋਂ ਉਨ੍ਹਾਂ ਦੇ ਅੱਠਵੀਂ ਪਉੜੀ ਦੇ ਅਰਥ ਜੋ ਇੰਟਰਨੈਟ (http://www.gurugranthdarpan.net/0002.html) 'ਤੇ ਪਏ ਮੰਨੇ ਪ੍ਰਮੰਨੇ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਕ੍ਰਿਤ ਸ੍ਰੀ ਗੁਰੂ ਗ੍ਰੰਥ ਦਰਪਣ 'ਚੋਂ ਲਏ ਗਏ ਹਨ, ਹੇਠ ਦਿੱਤੇ ਹੋਏ ਹਨ,

"ਹੇ ਨਾਨਕ! (ਅਕਾਲ ਪੁਰਖ ਦੇ ਨਾਮ ਵਿਚ ਸੁਰਤਿ ਜੋੜਨ ਵਾਲੇ) ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, (ਕਿਉਂਕਿ) ਉਸ ਦੀ ਸਿਫਤਿ-ਸਾਲਾਹ ਸੁਣਨ ਕਰ ਕੇ (ਮਨੁੱਖ ਦੇ) ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। ਇਹ ਨਾਮ ਹਿਰਦੇ ਵਿਚ ਟਿਕਣ ਦੀ ਹੀ ਬਰਕਤਿ ਹੈ ਕਿ (ਸਾਧਾਰਨ ਮਨੁੱਖ) ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ ਤੇ ਉਨ੍ਹਾਂ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਧਰਤੀ ਆਕਾਸ਼ ਦਾ ਆਸਰਾ ਉਹ ਪ੍ਰਭੂ ਹੈ, ਜੋ ਸਾਰੇ ਦੀਪਾਂ, ਲੋਕਾਂ, ਪਾਤਾਲਾਂ ਵਿਚ ਵਿਆਪਕ ਹੈ।8।"

ਇਸ ਉਲਥੇ ਦੇ ਜੇ ਕੋਈ ਗੂੜ੍ਹੇ ਅਰਥ ਨਿਕਲਦੇ ਹੋਣ ਤਾਂ ਪ੍ਰੋ. ਸਾਹਿਬ ਆਪ ਹੀ ਜਾਣਦੇ ਹੋਣਗੇ, ਪਰ ਉਨ੍ਹਾਂ ਦੀ ਲਿਖਤ ਤੋਂ ਇੰਦਾਂ ਜਾਪਦਾ ਹੈ, ਜਿਵੇਂ ਉਹ ਜਪੁਜੀ ਦੀ ਪਉੜੀ ਦੇ ਅਰਥ ਨਹੀਂ, ਸਗੋਂ ਕਿਸੇ ਸਿੱਧ ਪੀਰ ਦੀ ਸਮਾਧ ਅੱਗੇ ਆਪਣੀ ਅਰਦਾਸ ਬੰਦਨਾ ਦਾ ਵਰਣਨ ਕਰ ਰਹੇ ਹੋਣ। ਜੇ ਨਹੀਂ, ਤਾਂ ਕੋਈ ਦੱਸੇ ਕਿ ਇਹ 'ਅਕਾਲ ਪੁਰਖ' ਜਾਂ 'ਪ੍ਰਭੂ' ਵਿਚ ਕਿੱਥੋਂ ਆ ਗਏ, ਜਿਨ੍ਹਾਂ ਦੀ ਸਿਫਤਿ-ਸਾਲਾਹ ਕਰ ਕੇ ਦੁੱਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ? ਕੋਈ ਇਹ ਵੀ ਦੱਸੇ ਕਿ ਜੇ ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਨੇ ਨਾਮ ਨੂੰ ਹਿਰਦੇ ਵਿਚ ਵਸਾ ਕੇ ਇਹ ਪਦਵੀਆਂ ਪਾਈਆਂ ਹਨ ਤਾਂ ਕੀ 'ਸਾਧਾਰਨ ਮਨੁੱਖ' ਗੁਰੂ ਨਾਨਕ ਦੀ ਸਿੱਖੀ ਛੱਡ ਕੇ ਸਾਧਾਂ ਸੰਤਾਂ ਦੇ ਦਵਾਰੇ ਜਾਣ? ਉਹ ਇਹ ਤਾਂ ਜਰੂਰ ਹੀ ਦੱਸਣ ਕਿ ਜੇ ਸਾਧਾਂ, ਸੰਤਾਂ ਤੇ ਨਾਥਾਂ ਦੀ ਪਦਵੀ ਪਾਉਣ ਨਾਲ ਹੀ ਇਸ ਗੱਲ ਦੀ ਸੋਝੀ ਆਉਂਦੀ ਹੈ ਕਿ 'ਧਰਤੀ ਆਕਾਸ਼ ਦਾ ਆਸਰਾ ਉਹ ਪ੍ਰਭੂ ਹੈ, ਜੋ ਸਾਰੇ ਦੀਪਾਂ, ਲੋਕਾਂ ਤੇ ਪਾਤਾਲਾਂ ਵਿਚ ਵਿਆਪਕ ਹੈ', ਤਾਂ ਕੀ ਗੁਰੂ ਨਾਨਕ ਨੇ 'ਸਭਨਾ ਜੀਆ ਕਾ ਇਕੁ ਦਾਤਾ' ਵਾਲੀ ਸੋਝੀ ਸਾਧ ਸੰਤ ਤੇ ਨਾਥ ਬਣ ਕੇ ਪਾਈ ਸੀ? ਗੁਰੂ ਸਾਹਿਬ ਨੇ ਜੋ ਤਰਕ ਦੀ ਗੱਲ ਕੀਤੀ ਤੇ ਹਰ ਪਉੜੀ ਵਿਚ ਉਸ ਨੂੰ ਦ੍ਰਿੜਾਇਆ, ਉਹ ਇਸ ਵਿਆਖਿਆ ਵਿਚ ਕਿਤੇ ਨਜ਼ਰ ਕਿਉਂ ਨਹੀਂ ਆਉਂਦੀ?

ਵੱਡਾ ਸਵਾਲ ਇਹ ਹੈ ਕਿ ਉਲਥਾ ਕਰਨ ਵਾਲੇ ਪ੍ਰੋ. ਸਾਹਿਬ ਤਾਂ ਆਪਣੀ ਸਮਝ ਦਿਖਾ ਕੇ ਚਲੇ ਗਏ, ਪਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਕਿਸ ਅਗਿਆਨ ਜਾਂ ਲਾਲਸਾ ਵਸ ਮੱਖੀ 'ਤੇ ਮੱਖੀ ਮਾਰ ਰਹੇ ਹਨ? ਕੀ ਉਨ੍ਹਾਂ ਨੂੰ ਇਸ ਗੱਲ ਦੀ ਵੀ ਚਿੰਤਾ ਨਹੀਂ ਕਿ ਜਿਸ ਦਿਨ ਜਾਗਰੂਕ ਹੋਏ ਸਿੱਖ ਸ਼ਰਧਾਲੂਆਂ ਨੇ ਬਾਣੀ ਨੂੰ ਆਪ ਅੱਗੇ ਹੋ ਕੇ ਪੜ੍ਹ ਲਿਆ ਤਾਂ ਉਹ ਕਿਹੜੇ ਪਾਸੇ ਭੱਜਣਗੇ?

ਜਿਸ ਮੁੱਦੇ ਨੂੰ ਪਕੜਨ ਵਿਚ ਸਭ ਸਿੱਖ ਵਿਦਵਾਨ, ਪੁਜਾਰੀ, ਪ੍ਰਚਾਰਕ ਤੇ ਡੇਰੇਦਾਰ ਸੰਤ ਮਹਾਤਮਾ ਅਸਫਲ ਰਹੇ ਹਨ, ਉਹ ਹੈ ਪਰਮ-ਸਤਿ ਦੀ ਖੋਜ ਵਿਧੀ ਵਿਚ ਸੁਣੀ ਸੁਣਾਈ ਗੱਲ ਦੀ ਭਰੋਸੇਯੋਗਤਾ 'ਤੇ ਸਵਾਲ। ਅੱਜ ਤੀਕ ਗੁਰਬਾਣੀ ਦਾ ਹਰ ਵਿਆਖਿਆਕਾਰ ਇਹੀ ਦੱਸਦਾ ਆਇਆ ਹੈ ਕਿ ਗੁਰੂ ਸਾਹਿਬ ਅਨੁਸਾਰ 'ਸੁਣਨ' ਦੀ ਗਿਆਨ ਪ੍ਰਾਪਤੀ ਵਿਚ ਬੜੀ ਵੱਡੀ ਦੇਣ ਹੈ, ਪਰ ਅਸਲੀਅਤ ਇਹ ਹੈ ਕਿ ਗੁਰੂ ਸਾਹਿਬ ਸੁਣੀ ਸੁਣਾਈ ਗੱਲ ਨੂੰ ਕੂੜ ਤੇ ਨਖਿੱਧ ਸਮਝਦੇ ਸਨ। ਕਹਿਣ ਨੂੰ ਤਾਂ ਕਿਸੇ ਨੂੰ ਭਰਮਾ ਕੇ ਕੋਈ ਵੀ ਮਿੱਥ ਕਥਾ ਸੁਣਾਈ ਜਾ ਸਕਦੀ ਹੈ, ਪਰ ਕੀ ਕੋਈ ਅਜਿਹੀ ਗੱਪ, ਕਹਾਣੀ ਨੂੰ ਸੁਣ ਕੇ ਸੱਚ ਤੀਕ ਪਹੁੰਚਣ ਵਿਚ ਕਾਮਯਾਬ ਹੋ ਜਾਵੇਗਾ? ਜੀ ਨਹੀਂ! ਕਿਉਂਕਿ ਇਸ ਨਾਲ ਸੱਚ ਤੇ ਝੂਠ ਵਿਚਾਲੇ ਕੋਈ ਫਰਕ ਨਹੀਂ ਰਹਿ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਸੱਚ ਨੂੰ ਛੁਪਾਇਆ ਜਾਵੇਗਾ ਤੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕੀਤਾ ਜਾਵੇਗਾ। ਸੁਣਨ ਵਾਲਿਆਂ ਕੋਲ ਝੂਠ ਨੂੰ ਮੰਨਣ ਤੋਂ ਬਿਨਾ ਕੋਈ ਚਾਰਾ ਨਹੀਂ ਰਹਿ ਜਾਵੇਗਾ। ਸਦੀਆਂ ਤੋਂ ਮਹਾਂਪੁਰਖ ਆਪਣੇ ਵਿਖਿਆਨਾਂ ਰਾਹੀਂ ਤਰ੍ਹਾਂ ਤਰ੍ਹਾਂ ਦੇ ਮਨ ਆਏ ਵਿਚਾਰ ਸੁਣਾਉਂਦੇ ਆਏ ਹਨ ਤੇ ਲੋਕ ਨਿਰਸੰਦੇਹ ਮੰਨਦੇ ਆਏ ਹਨ, ਪਰ ਕੀ ਸੁਣਾਉਣ ਵਾਲੇ ਜਾਂ ਸੁਣਨ ਵਾਲੇ ਸੱਚ ਦੇ ਕੁਝ ਨੇੜੇ ਲੱਗੇ? ਜੀ ਨਹੀਂ! ਉਹ ਸਾਰੇ ਸਦੀਆਂ ਤੋਂ ਅਗਿਆਨ ਦੇ ਚੱਕਰਾਂ ਵਿਚ ਉਲਝੇ ਰਹੇ ਹਨ। ਉਨ੍ਹਾਂ ਨੂੰ ਨਾ ਗਿਆਨ, ਨਾ ਸਮਾਨਤਾ, ਨਾ ਇਨਸਾਫ, ਨਾ ਜਾਗਰੂਕਤਾ ਤੇ ਨਾ ਅੱਗੇ ਵਧਣ ਲਈ ਕੋਈ ਹੋਰ ਸੇਧ ਮਿਲੀ। ਬੱਸ ਸਦੀਆਂ ਤੋਂ ਉਹੀ ਝੂਠ, ਉਹੀ ਠੱਗੀ, ਉਹੀ ਸ਼ੋਸ਼ਣ, ਉਹੀ ਅਨਿਆਂ ਤੇ ਉਹੀ ਅਗਿਆਨ ਉਨ੍ਹਾਂ 'ਤੇ ਭਾਰੂ ਬਣੇ ਰਹੇ।

ਜੋ ਵਿਦਵਾਨ ਸੁਣਨ ਦੀ ਪ੍ਰਸ਼ੰਸਾ ਦੇ ਪੁਲ ਬੰਨਦੇ ਹਨ, ਉਹ ਇਹ ਨਹੀਂ ਦੱਸਦੇ ਕਿ ਕੀ ਸੁਣੀਏ ਤੇ ਕਿਸ ਨੂੰ ਸੁਣੀਏ? ਕੀ ਗੁਰੂ ਨਾਨਕ ਜਨੇਊ ਵਾਲੇ ਪਾਂਧੇ ਨੂੰ ਸੁਣਦੇ, ਹਰਦਵਾਰ ਵਾਲੇ ਪੰਡਿਤਾਂ ਨੂੰ ਸੁਣਦੇ, ਮੱਕੇ ਦੇ ਮੌਲਵੀਆਂ ਨੂੰ ਸੁਣਦੇ ਜਾਂ ਬ੍ਰਾਹਮਣਾਂ ਕੋਲੋਂ ਵੇਦਾਂ ਸ਼ਾਸਤਰਾਂ ਨੂੰ ਸੁਣਦੇ ਤੇ ਇਨ੍ਹਾਂ ਨੂੰ ਸਤਿ ਬਚਨ ਕਹਿ ਕੇ ਆਪਣੀ ਬਾਣੀ ਲਿਖਦੇ? ਜੋ ਵਿਦਵਾਨ ਕਹਿੰਦੇ ਹਨ ਕਿ ਸਿਰਫ ਬਾਣੀ ਨੂੰ ਸੁਣੋ ਤਾਂ ਉਹ ਦੱਸਣ ਕਿ ਉਕਤ ਪਉੜੀ ਦੀ ਪ੍ਰੋ. ਸਾਹਿਬ ਸਿੰਘ ਵਾਲੀ ਅਨੁਵਾਦਿਤ ਵਿਆਖਿਆ ਸੁਣੀਏ ਜਾਂ ਗੁਰੂ ਨਾਨਕ ਵਾਲੀ ਮੂਲ ਵਿਆਖਿਆ? ਇਸ ਤਰ੍ਹਾਂ ਮਨਮਾਨੀਆਂ ਚਲਾਉਣ ਵਾਲੇ ਅਜੋਕੇ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਦੀ ਹਾਲਤ 'ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨਾ ਸੋਹੈ' ਜਿਹੀ ਹੋਈ ਪਈ ਹੈ।

ਅੱਜ ਦੇ ਜਮਾਨੇ ਵਿਚ ਵਿਗਿਆਨ ਇਸ ਹੱਦ ਤੀਕ ਤਰੱਕੀ ਕਰ ਗਿਆ ਹੈ ਕਿ ਗੁਰੂ ਸਾਹਿਬ ਦੀ ਇਸ ਪੌੜੀ ਦੇ ਵਿਗਿਆਨਕ ਅਰਥ ਆਪ ਮੁਹਾਰੇ ਉਜਾਗਰ ਹੋ ਜਾਂਦੇ ਹਨ। ਅੱਜ ਕੱਲ ਕਿਸੇ ਕਚਹਿਰੀ ਵਿਚ ਚਸ਼ਮਦੀਦ ਗਵਾਹ ਦੀ ਗਵਾਹੀ ਸਾਹਮਣੇ ਸੁਣੀ ਸੁਣਾਈ ਦੇਣ ਵਾਲੇ ਗਵਾਹ ਦੀ ਗਵਾਹੀ ਦੀ ਕੋਈ ਕੀਮਤ ਨਹੀਂ ਸਮਝੀ ਜਾਂਦੀ। ਇਤਿਹਾਸਕਾਰ ਸੁਣੀਆਂ ਸੁਣਾਈਆਂ ਅਫਵਾਹਾਂ ਆਸਰੇ ਇਤਿਹਾਸ ਨਹੀਂ ਲਿਖਦਾ, ਸਗੋਂ ਠੋਸ ਸਬੂਤਾਂ ਨੂੰ ਲੈ ਕੇ ਇਤਿਹਾਸ ਲਿਖਦਾ ਹੈ।

ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ 'ਤੇ ਲਿਖੀਆਂ ਪੁਸਤਕਾਂ ਨੂੰ ਇਤਿਹਾਸਕਾਰੀ ਵਿਚ ਕੋਈ ਢੋਈ ਨਹੀਂ ਮਿਲਦੀ। ਹਰ ਮੁਢਲੀ ਲਿਖਤ ਨੂੰ ਇਸ ਦੇ ਉਲਥੇ ਤੋਂ ਵੱਧ ਭਰੋਸੇਯੋਗ ਮੰਨਿਆ ਜਾਂਦਾ ਹੈ। ਅਖਬਾਰਾਂ ਨਾਲੋਂ ਕਿਤਾਬਾਂ ਨੂੰ, ਕਿਤਾਬਾਂ ਨਾਲੋਂ ਜੀਵਨੀਆਂ ਨੂੰ, ਜੀਵਨੀਆਂ ਨਾਲੋਂ ਸਵੈ-ਜੀਵਨੀਆਂ ਨੂੰ ਤੇ ਸਵੈ-ਜੀਵਨੀਆਂ ਨਾਲੋਂ ਨਿਜੀ ਡਾਇਰੀਆਂ ਨੂੰ ਸੱਚਾਈ ਦੇ ਪੱਧਰ 'ਤੇ ਉਤਮ ਮੰਨਿਆ ਜਾਂਦਾ ਹੈ। ਮੌਖਿਕ ਇਤਿਹਾਸ ਨੂੰ ਇੱਕਠਾ ਜਰੂਰ ਕੀਤਾ ਜਾਂਦਾ ਹੈ, ਪਰ ਇਸ ਨੂੰ ਉਦੋਂ ਤੀਕ ਪ੍ਰਵਾਨ ਨਹੀਂ ਕੀਤਾ ਜਾਂਦਾ, ਜਦੋਂ ਤੀਕ ਇਸ ਦੀ ਕਿਸੇ ਸੁਤੰਤਰ ਸੋਮੇ ਵਲੋਂ ਪ੍ਰੋੜ੍ਹਤਾ ਨਹੀਂ ਹੋ ਜਾਂਦੀ। ਜੇ ਸੁਣੀ ਸੁਣਾਈ ਗੱਲ ਦੀ ਕਿਸੇ ਖੇਤਰ ਵਿਚ ਵੀ ਭਰੋਸੇਯੋਗਤਾ ਨਹੀਂ ਤਾਂ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਤਰਕ ਦੇ ਧਨੀ ਗੁਰੂ ਨਾਨਕ ਤੋਂ ਅਜਿਹੀ ਸਿਖਿਆ ਦੀ ਆਸ ਕਿਵੇਂ ਰੱਖਦੇ ਹਨ?

ਨਿਰਸੰਦੇਹ ਇਹ ਇਨ੍ਹਾਂ ਵਿਦਵਾਨਾਂ ਦਾ ਸਵਾਰਥੀ ਹਿੱਤ ਹੈ, ਜਿਸ ਕਾਰਨ ਉਹ 'ਸੁਣੀਐ' ਦੇ ਅਰਥ ਨਾਨਕ ਮੱਤ ਅਨੁਸਾਰ ਨਹੀਂ ਕਰਦੇ। ਜੇ ਉਹ ਇਹ ਕਹਿ ਦੇਣ ਕਿ ਗੁਰੂ ਸਾਹਿਬ ਅਨੁਸਾਰ ਸੁਣੀ ਸੁਣਾਈ ਗੱਲ ਸੱਚਾਈ ਦੇ ਅਰਥਾਂ ਵਿਚ ਪ੍ਰਵਾਨ ਨਹੀਂ ਹੁੰਦੀ ਤਾਂ ਉਨ੍ਹਾਂ ਕੋਲ ਮਿਥਿਹਾਸਕ ਕਥਾਵਾਂ ਸੁਣਨ ਲਈ ਕੋਈ ਨਹੀਂ ਆਵੇਗਾ। ਕੋਈ ਉਨ੍ਹਾਂ ਦੇ ਰਹੱਸਵਾਦੀ ਅਧਿਆਤਮਵਾਦ ਵਿਚ ਵਿਸ਼ਵਾਸ ਨਹੀਂ ਕਰੇਗਾ ਤੇ ਨਾ ਹੀ ਕੋਈ ਉਨ੍ਹਾਂ ਦੇ ਫੋਕਟ ਕਰਮ ਕਾਂਡਾਂ ਨੂੰ ਮੰਨੇਗਾ। ਫਿਰ ਉਨ੍ਹਾਂ ਦੀਆਂ ਗੋਲਕਾਂ ਚੜ੍ਹਾਵਿਆਂ ਨਾਲ ਕਿਵੇਂ ਭਰਨਗੀਆਂ? ਉਨ੍ਹਾਂ ਦੇ ਇਸ ਇਕੋ ਸੱਤ-ਕਥਨ ਨਾਲ ਸਭ ਸ਼ਰਧਾਲੂ ਜਾਗਰੂਕ ਹੋ ਜਾਣਗੇ। ਇਹੀ ਉਹ ਹੋਣ ਨਹੀਂ ਦੇਣਾ ਚਾਹੁੰਦੇ।

# ਧਰਮ ਦਾ ਆਧਾਰ ਤਰਕ ਜਾਂ ਸ਼ਰਧਾ !

ਵਿਚਾਰ ਚਰਚਾ

ਸਿੱਖ ਧਰਮ 'ਚ ਅੱਜ ਕੱਲ੍ਹ ਇਕ ਬਹੁਤ ਸੰਵੇਦਨਸ਼ੀਲ ਮੁੱਦਾ ਭਖਿਆ ਹੋਇਆ ਹੈ ਕਿ ਧਰਮ ਦੀ ਪਰਿਭਾਸ਼ਾ ਦਾ ਸਹੀ ਮਾਪਦੰਡ ਤਰਕ ਹੈ ਜਾਂ ਸ਼ਰਧਾ? ਵਿਚਾਰਾਂ ਦੀ ਭਿੰਨਤਾ ਦਾ ਇਹ ਵਿਵਾਦ ਸਿਰਫ ਸਿੱਖ ਧਰਮ ਨਾਲ ਹੀ ਸਬੰਧਿਤ ਨਹੀਂ ਅਤੇ ਨਵਾਂ ਵੀ ਨਹੀਂ। ਅਸੀਂ ਸਿੱਖ ਧਰਮ ਦੇ ਅਨੁਯਾਈ ਹਾਂ, ਇਸ ਲਈ ਇਸ ਵਿਚਾਰਧਾਰਾ ਦਾ ਕੇਂਦਰ ਬਿੰਦੂ ਤਾਂ ਸਿੱਖ ਧਰਮ ਹੀ ਰਹੇਗਾ, ਪਰ ਵਿਚਾਰਾਂ ਵਿਚ ਵੱਧ ਸਪਸ਼ਟਤਾ ਲਈ ਇਸ ਮੁੱਦੇ ਨੂੰ ਦੂਜੇ ਧਰਮਾਂ ਦੇ ਪ੍ਰਸੰਗ ਵਿਚ ਰੱਖ ਕੇ ਵਾਚਣਾ ਅਯੋਗ ਨਹੀਂ ਹੋਵੇਗਾ।



ਸੰਪੂਰਨ ਸਿੰਘ*
ਫੋਨ: 281-635-7466

ਜਦੋਂ ਵੀ ਅਸੀਂ ਧਰਮ ਦੀ ਗੱਲ ਕਰਦੇ ਹਾਂ, ਸਹਿਜੇ ਹੀ ਸਾਡੀ ਸੋਚ ਸਰੀਰ ਨਾਲੋਂ ਵੱਧ ਆਤਮਾ ਵਲ ਅਤੇ ਦ੍ਰਿਸ਼ਟਮਾਨ ਸੰਸਾਰ ਨਾਲੋਂ ਵੱਧ ਅਦ੍ਰਿਸ਼ਟ-ਲੋਕ ਵਲ ਕੇਂਦ੍ਰਿਤ ਹੁੰਦੀ ਹੈ। ਅਦ੍ਰਿਸ਼ਟ-ਲੋਕ ਕੀ ਹੈ? ਇਹ ਜਗਿਆਸਾ ਵੀ ਮਨੁੱਖ ਦੇ ਅੰਦਰ ਹੈ ਕਿ ਜਾਣਿਆ ਜਾਵੇ ਕਿ ਇਹ ਕੀ ਹੈ; ਕਿਉਂਕਿ ਉਹ ਮਾਰਗ ਵੀ ਨਜ਼ਰ ਨਹੀਂ ਆਉਂਦਾ ਤੇ ਉਸ ਮੰਜ਼ਿਲ ਦੀ ਸਹੀ ਤਸਵੀਰ ਜਾਂ ਸਪਸ਼ਟ ਰਸਤਾ ਨਹੀਂ ਹੁੰਦਾ ਕਿ ਮਨ ਦੀ ਇਸ ਉਮੰਗ ਨੂੰ ਤ੍ਰਿਪਤ ਕੀਤਾ ਜਾਵੇ। ਉਥੋਂ ਹੀ ਸਭ ਸਮੱਸਿਆਵਾਂ ਜਨਮ ਲੈਂਦੀਆਂ ਹਨ। ਜਦੋਂ ਬੰਦੇ ਦੀ ਇਸ ਭੁੱਖ ਨੂੰ ਸਮਝ ਕੇ ਉਸ ਜਮਾਤ ਦਾ ਜਨਮ ਹੁੰਦਾ ਹੈ, ਜਿਸ ਨੂੰ ਪਤਾ ਤਾਂ ਨਹੀਂ ਹੁੰਦਾ, ਪਰ ਪਤਾ ਹੋਣ ਦੇ ਭਰਮ ਜਾਲ ਨੂੰ ਖਿਲਾਰ ਕੇ ਅਬੋਲ ਜਗਿਆਸੂ ਨੂੰ ਫਸਾਉਣਾ ਉਨ੍ਹਾਂ ਦੀ ਕਲਾ ਹੁੰਦੀ ਹੈ, ਜਿਥੋਂ ਫਿਰ ਸਹੀ ਸ਼ਰਧਾ ਅਤੇ ਸਹੀ ਤਰਕ ਦਾ ਟਕਰਾਉ ਸਾਹਮਣੇ ਆਉਂਦਾ ਹੈ।

ਇਕ ਅਨੁਭਵੀ ਮਹਾਂਪੁਰਸ਼ ਦੀ ਬੜੀ ਰੌਚਕ ਅਤੇ ਅਰਥ ਭਰਪੂਰ ਗਾਥਾ ਦਾ ਜ਼ਿਕਰ ਕਰਨਾ ਚਾਹਾਂਗਾ, ਜੋ ਇਸ ਮੁੱਦੇ ਨੂੰ ਸਰਲ ਕਰਨ ਵਿਚ ਸਹਾਈ ਹੋ ਸਕਦੀ ਹੈ। ਆਮ ਦੁਨਿਆਵੀ ਧਾਰਨਾ ਹੈ ਕਿ ਕਿਸੇ ਵੀ ਮੰਜ਼ਿਲ ਤਕ ਪਹੁੰਚਣ ਲਈ ਉਹੀ ਮਾਰਗ-ਦਰਸ਼ਕ ਸਹੀ ਜਾਣਕਾਰੀ ਦੇ ਸਕਦਾ ਹੈ, ਜਿਸ ਨੇ ਆਪ ਉਸ ਰਾਹ 'ਤੇ ਚਲਣ ਦਾ ਤਜਰਬਾ ਕੀਤਾ ਹੋਵੇ। ਅਜਿਹਾ ਹੀ ਵਰਤਾਰਾ ਵਾਪਰਦਾ ਹੈ, ਜਦ ਰੱਬੀ ਦਰਗਾਹ ਤੱਕ ਪਹੁੰਚਣ ਲਈ ਖੁਦ ਉਸ ਰਸਤੇ ਦਾ ਪਾਂਧੀ ਬਣ ਕੇ ਆਪ ਚਲਿਆ ਜਾਂਦਾ ਹੈ, ਪਰ ਜਦੋਂ ਅਜਿਹੀਆਂ ਆਤਮਾਵਾਂ ਆਪਣਾ ਦੁਨਿਆਵੀ ਪੰਧ ਮੁਕੰਮਲ ਕਰਨ ਪਿਛੋਂ ਰੱਬੀ ਘਰ ਵਿਚ ਜਾਂਦੀਆਂ ਹਨ ਤਾਂ ਉਥੇ ਉਹ ਇੰਨੀਆਂ ਸਤਿਕਾਰਤ ਅਤੇ ਅਨੰਦਤ ਮਹਿਸੂਸ ਕਰਦੀਆਂ ਹਨ ਕਿ ਮੁੜ ਦੁਨਿਆਵੀ ਲੋਕ ਵਿਚ ਆਉਣਾ ਨਹੀਂ ਚਾਹੁੰਦੀਆਂ। ਉਂਜ, ਕੁਝ ਰੱਬੀ ਰੂਪ ਵਿਸ਼ੇਸ਼ ਰੂਹਾਂ ਵੀ ਹੁੰਦੀਆਂ ਹਨ, ਜੋ ਜਾਂ ਤਾਂ ਆਪਣੀ ਇੱਛਾ ਮੁਤਾਬਕ ਜਾਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਫਿਰ ਮਾਤਲੋਕ ਵਿਚ ਆਉਂਦੀਆਂ ਜਾਂ ਭੇਜੀਆਂ ਜਾਂਦੀਆਂ ਹਨ ਤਾਂ ਜੋ ਲੋਕਾਈ ਨੂੰ ਉਸ ਧਰਮ ਅਨੰਦ ਦੀਆਂ ਝਲਕਾਂ ਦਿਖਾ ਸਕਣ, ਜਾਂ ਉਨ੍ਹਾਂ ਦਾ ਅਹਿਸਾਸ ਕਰਵਾ ਸਕਣ। ਅਜਿਹੀਆਂ ਆਤਮਾਵਾਂ ਲੋਕ ਅਤੇ ਪਰਲੋਕ ਵਿਚ ਉਚੇਚਾ ਸਤਿਕਾਰ ਪ੍ਰਾਪਤ ਕਰਦੀਆਂ ਹਨ ਤੇ ਬਹੁਤ ਹੀ ਸਤਿਕਾਰਯੋਗ ਸ਼ਬਦਾਂ ਜਿਵੇਂ ਅਵਤਾਰ, ਪੈਗੰਬਰ, ਗੁਰੂ, ਰੱਬ ਦਾ ਪੁੱਤਰ, ਤੀਰਥੰਕਰ ਆਦਿ ਨਾਲ ਚੇਤੇ ਰੱਖੀਆਂ ਜਾਂਦੀਆਂ ਹਨ।

ਇਹ ਅਨੁਭਵ ਕਿਸੇ ਗੈਰ ਸਿੱਖ ਮਹਾਂਪੁਰਸ਼ ਦਾ ਹੈ, ਪਰ ਇਸ ਦੀਆਂ ਸਾਖਸ਼ਾਤ ਮਿਸਾਲਾਂ ਬਾਕੀ ਮਹਾਂਪੁਰਸ਼ਾਂ 'ਚ ਵੀ ਦੇਖੀਆਂ ਜਾ ਸਕਦੀਆਂ ਹਨ। ਉਸ ਲੋਕ ਦੇ ਉਸ ਅਗੰਮੀ ਅਨੰਦ ਦੀ ਗੱਲ ਕਰਦਿਆਂ ਕਲਗੀਧਰ ਪਾਤਸ਼ਾਹ ਨੇ ਵੀ ਆਪਣੇ ਅਨੁਭਵ ਦਾ ਜ਼ਿਕਰ ਬਚਿਤਰ ਨਾਟਕ ਵਿਚ ਕੀਤਾ ਹੈ, 'ਜੀਅ ਨਾ ਭਯੋ ਹਮਰੋ ਆਵਨ ਕੋ, ਖੁਬੀ ਰਹੀ ਪ੍ਰੀਤ ਪ੍ਰਭ ਚਰਨਨ ਮੇਂ।' ਜਦੋਂ ਗੁਰੂ ਸਾਹਿਬ ਦਾ ਅਵਤਰਨ ਹੁੰਦਾ ਹੈ, ਉਦੋਂ ਪੀਰ ਭੀਖਣ ਸ਼ਾਹ ਨੂੰ ਇਹ ਰੱਬੀ ਇਲਹਾਮ ਹੁੰਦਾ ਹੈ ਕਿ ਪਟਨੇ ਦੀ ਧਰਤੀ 'ਤੇ ਕਿਸੇ ਰੱਬੀ ਰੂਹ ਦਾ ਪ੍ਰਕਾਸ਼ ਹੋਇਆ ਹੈ। ਅਜਿਹੀ ਘਟਨਾ ਵਾਪਰੀ ਜਦ ਸਿਧਾਰਥ (ਗੌਤਮ ਬੁੱਧ) ਦਾ ਜਨਮ ਹੋਇਆ। ਕਥਾ ਹੈ ਕਿ 'ਅਸੀਧਾ' ਨਾਂ ਦਾ ਮਹਾਂਰਿਸ਼ੀ, ਜੋ ਖੁਦ ਵੀ ਮੁਕਤ ਹੋਈ ਰੂਹ ਸੀ, ਹਿਮਾਲਿਆ ਦੀਆਂ ਗੁਫਾਵਾਂ ਵਿਚ ਚਲ ਕੇ ਸਿਧਾਰਥ ਦੇ ਦਰਸ਼ਨਾਂ ਨੂੰ ਪਹੁੰਚਿਆ ਅਤੇ ਮਹਾਂ-ਅਨੰਦਤ ਅਵਸਥਾ ਵਿਚ ਬੋਲਿਆ ਕਿ ਮੈਂ ਧੰਨ ਹੋਇਆ ਮਹਿਸੂਸ ਕਰ ਰਿਹਾ ਹਾਂ, ਇਸ ਅਵਤਾਰੀ ਕਲੀ ਦੇ ਦਰਸ਼ਨ ਕਰਕੇ ਜਿਸ ਨੇ ਆਉਣ ਵਾਲੇ ਸਮੇਂ ਵਿਚ ਬਹੁਤ ਵੱਡਾ ਫੁਲ ਬਣ ਕੇ ਇਸ ਦੀ ਮਹਿਕ ਨਾਲ ਲੋਕਾਈ ਨੂੰ ਪ੍ਰਭਾਵਿਤ ਵੀ ਕਰਨਾ ਹੈ ਤੇ ਅਨੰਦਤ ਵੀ। ਕਿਹੜਾ ਤਰਕ ਹੈ, ਜਿਸ ਦੀ ਤੱਕੜੀ 'ਤੇ ਅਸੀਂ ਇਸ ਰੱਬੀ ਰਹਿਮਤ ਦੀਆਂ ਝਲਕੀਆਂ ਨੂੰ ਤੋਲ ਸਕਾਂਗੇ। ਨਾਸਤਿਕ ਵਿਚਾਰਧਾਰਾ ਨੇ ਆਸਤਿਕ ਅਨੁਭਵਾਂ ਦੀਆਂ ਗੱਲਾਂ ਦਾ ਹਮੇਸ਼ਾ ਖੰਡਨ ਕੀਤਾ ਹੈ ਅਤੇ ਮਖੌਲ ਵੀ ਉਡਾਇਆ ਹੈ, ਪਰ ਗਵਾਹੀਆਂ ਇੰਨੀਆਂ ਪ੍ਰਬਲ, ਪ੍ਰਮਾਣਤ ਤੇ ਪ੍ਰਵਾਣਤ ਹਨ ਕਿ ਇਨਕਾਰੀ ਹੋਣ ਦੀ ਗੁੰਜਾਇਸ਼ ਵੀ ਨਹੀਂ ਬਚਦੀ।

ਮੈਂ ਸੰਸਾਰ ਦੇ ਉਨ੍ਹਾਂ ਧਰਮਾਂ ਦੀਆਂ ਵੀ ਅਜਿਹੀਆਂ ਮਾਨਤਾਵਾਂ ਦਾ ਜ਼ਿਕਰ ਕਰਨਾ ਚਾਹਾਂਗਾ, ਜਿਨ੍ਹਾਂ ਦਾ ਤਾਰਕਿਕ ਆਧਾਰ ਸ਼ਾਇਦ ਕੋਈ ਵੀ ਨਾ ਹੋਵੇ। ਇਸਾਈ ਧਰਮ ਦੇ ਦੁਨੀਆਂ 'ਚ ਸਭ ਤੋਂ ਵੱਧ ਪੈਰੋਕਾਰ ਹਨ। ਉਨ੍ਹਾਂ ਦੇ ਪੈਗੰਬਰ ਜੀਸਸ ਦਾ ਜਨਮ ਦਿਨ ਕ੍ਰਿਸਮਸ ਦੇ ਰੂਪ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਤਿਉਹਾਰ ਹੈ। ਜੀਸਸ ਨਾਲ ਦੋ ਵੱਡੀਆਂ ਘਟਨਾਵਾਂ ਜੁੜੀਆਂ ਹਨ, ਜੋ ਤਰਕ ਦੇ ਕਿਸੇ ਵੀ ਪੈਮਾਨੇ 'ਚ ਫਿਟ ਨਹੀਂ ਹੁੰਦੀਆਂ। ਜੀਸਸ ਦੀ ਮਾਂ ਮਰੀਅਮ ਕੁਆਰੀ ਸੀ, ਜਦ ਉਸ ਨੇ ਇਸ ਰੱਬੀ ਪੁਰਸ਼ ਨੂੰ ਗਰਭ ਵਿਚ ਧਾਰਨ ਕੀਤਾ। ਦੂਜੀ ਘਟਨਾ ਸੂਲੀ 'ਤੇ ਚੜ੍ਹਾਏ ਜਾਣ ਦੀ ਹੈ, ਜਦੋਂ ਉਸ ਨੂੰ ਕਬਰ ਵਿਚ ਦਫਨਾਉਣ ਦੇ ਤੀਜੇ ਦਿਨ ਜੀਸਸ ਫਿਰ ਜੀਵਤ ਨਜ਼ਰੀਂ ਆਇਆ। ਇਸਾਈਆਂ ਦਾ ਵਿਸ਼ਵਾਸ ਹੈ ਕਿ ਜੀਸਸ ਨੇ ਆਪਣੇ ਪੈਰੋਕਾਰਾਂ ਦੇ ਪਾਪਾਂ ਨੂੰ ਆਪਣੇ ਉਪਰ ਲੈਂਦਿਆਂ ਇਹ ਸ਼ਹਾਦਤ ਦਿੱਤੀ ਤੇ ਕਬਰ ਵਿਚੋਂ ਜੀਵਤ ਬਾਹਰ ਨਿਕਲ ਕੇ ਮੌਤ 'ਤੇ ਆਪਣੀ ਜਿਤ ਦਾ ਪ੍ਰਗਟਾਵਾ ਕੀਤਾ।

ਦੁਨੀਆਂ ਦੇ ਸਭ ਤੋਂ ਵੱਧ ਨੋਬੇਲ ਇਨਾਮ ਜੇਤੂ ਇਸਾਈਅਤ ਨੂੰ ਮੰਨਣ ਵਾਲੇ ਹਨ ਅਤੇ ਦੁਨੀਆਂ ਦੇ ਵੱਡੇ ਹਿੱਸੇ 'ਚ ਉਨ੍ਹਾਂ ਦਾ ਰਾਜ-ਭਾਗ ਹੈ। ਦੁਨੀਆਂ ਦੀ ਅਸਲ ਤਾਕਤ ਦੇ ਮਾਲਕ ਇਸਾਈ ਲੋਕ ਹਨ। ਉਨ੍ਹਾਂ ਸਭ ਨੇ ਇਨ੍ਹਾਂ ਘਟਨਾਵਾਂ ਨੂੰ ਬੇਝਿਜਕ ਪ੍ਰਵਾਨ ਕੀਤਾ ਹੈ। ਸਾਡੇ ਧਾਰਮਿਕ ਵਿਦਵਾਨ ਪ੍ਰਚਾਰਕਾਂ ਕੋਲੋਂ ਆਪਣੇ ਘਰ ਸਾਂਭ ਨਹੀਂ ਹੁੰਦੇ, ਪਰ ਅਸੀਂ ਕਦੀ ਇਸਾਈਆਂ, ਕਦੇ ਮੁਸਲਮਾਨਾਂ ਤੇ ਕਦੇ ਬ੍ਰਾਹਮਣਾਂ ਦੇ ਵਿਹੜੇ ਜਾ ਵੜਦੇ ਹਾਂ। ਉਨ੍ਹਾਂ ਦੀਆਂ ਮਾਨਤਾਵਾਂ ਦੇ ਖੰਡਨ ਦਾ ਬੇਮਤਲਬ ਝਮੇਲਾ ਸਹੇੜ ਬੈਠਦੇ ਹਨ।

ਬੁੱਧ ਧਰਮ, ਜਿਸ ਨੂੰ ਆਪਣੀ ਜਨਮ ਭੂਮੀ ਤੋਂ ਬਾਹਰ ਕੱਢਿਆ ਗਿਆ, ਪਰ ਉਹ ਚੀਨ ਤੇ ਜਪਾਨ ਵਰਗੇ ਵਿਕਸਿਤ ਅਨੇਕਾਂ ਦੇਸ਼ਾਂ ਵਿਚ ਸਤਿਕਾਰਤ ਹੈ। ਮਹਾਤਮਾ ਬੁੱਧ ਬਾਰੇ ਗਾਥਾ ਹੈ ਕਿ ਬੁੱਧ ਦੀ ਮਾਂ ਬਿਰਖ ਥੱਲੇ ਖੜ੍ਹੀ ਸੀ, ਜਦ ਬੁੱਧ ਦਾ ਜਨਮ ਹੋਇਆ ਤੇ ਉਹ ਜ਼ਮੀਨ 'ਤੇ ਪੈਰਾਂ ਭਾਰ ਡਿਗਿਆ ਅਤੇ ਸੱਤ ਕਦਮ ਤੁਰਿਆ, ਅੱਠਵੇਂ ਕਦਮ 'ਤੇ ਉਸ ਨੇ 'ਜੀਵਨ ਦੁੱਖ ਹੈ' ਨਾਲ ਸਬੰਧਿਤ ਚਾਰ ਸੱਚਾਈਆਂ ਦਾ ਐਲਾਨ ਕੀਤਾ।

ਜੈਨੀਆਂ ਦੇ 24ਵੇਂ ਤੀਰਥੰਕਰ ਮਹਾਂਵੀਰ ਨਾਲ ਸਬੰਧਿਤ ਘਟਨਾ ਹੈ ਕਿ ਮਹਾਂਵੀਰ ਗਰਭ ਦੇ ਪਹਿਲੇ ਤਿੰਨ ਮਹੀਨੇ ਬ੍ਰਾਹਮਣੀ ਦੇ ਗਰਭ ਵਿਚ ਰਿਹਾ। ਪਹਿਲੇ 23 ਤੀਰਥੰਕਰ ਕਿਉਂਕਿ ਰਾਜ ਪੁੱਤਰ ਸਨ, ਕਸ਼ੱਤਰੀ ਸਨ, ਇਸ ਲਈ ਦੇਵਤਿਆਂ ਨੇ ਫੈਸਲਾ ਕੀਤਾ ਕਿ ਇਹ ਆਤਮਾ ਜੋ ਬਹੁਤ ਪ੍ਰਤਾਪੀ ਤੀਰਥੰਕਰ ਹੋਵੇਗੀ, ਦੀ ਜੋ ਸ਼ਖਸੀਅਤ ਚਾਹੀਦੀ ਹੈ, ਉਹ ਬ੍ਰਾਹਮਣੀ ਦੇ ਗਰਭ ਵਿਚ ਵਿਕਸਿਤ ਨਹੀਂ ਹੋਵੇਗੀ। ਇਸ ਲਈ ਇਹ ਬਾਲਕ ਤਿੰਨ ਮਹੀਨੇ ਦੇ ਗਰਭ ਪਿਛੋਂ ਗਰਭ ਬਦਲ ਕੇ ਖਤਰਾਣੀ ਦੇ ਪੇਟ ਵਿਚ ਰੱਖ ਦਿੱਤਾ ਅਤੇ ਖਤਰਾਣੀ ਦੇ ਪੇਟ ਵਿਚੋਂ ਲੜਕੀ ਦਾ ਗਰਭ ਬ੍ਰਾਹਮਣੀ ਦੇ ਪੇਟ ਵਿਚ ਤਬਦੀਲ ਕਰ ਦਿੱਤਾ। ਇਹ ਗਾਥਾ ਜੈਨ ਧਰਮ 'ਚ ਸਤਿਕਾਰਤ ਮਾਨਤਾ ਨਾਲ ਪ੍ਰਵਾਣਤ ਹੈ।

ਚੀਨੀ ਮਹਾਂਪੁਰਸ਼ ਲਾਉਤਸੇ ਪੁਰਾਤਨ ਚੀਨ 'ਚ ਸਭ ਤੋਂ ਵੱਧ ਸਤਿਕਾਰਤ ਮਹਾਂਪੁਰਸ਼ ਤੇ ਫਿਲਾਸਫਰ ਹੋਇਆ ਹੈ। ਉਸ ਬਾਰੇ ਮੰਨਣਾ ਹੈ ਕਿ ਜਦ ਉਸ ਦਾ ਜਨਮ ਹੋਇਆ, ਉਹ 80 ਸਾਲਾਂ ਦਾ ਸੀ, ਉਸ ਦੇ ਵਾਲ ਸਫੇਦ ਸਨ।

ਪੁਰਾਤਨ ਰਾਜਿਆਂ ਵਿਚੋਂ ਰਾਜਾ ਜਨਕ ਦਾ ਨਾਮ ਰਾਜੇ ਦੇ ਨਾਲ-ਨਾਲ ਅਵਤਾਰੀ ਮਹਾਂਪੁਰਸ਼ ਵਜੋਂ ਵੀ ਜਾਣਿਆ ਜਾਂਦਾ ਹੈ। ਉਸ ਦਾ ਜ਼ਿਕਰ ਗੁਰਬਾਣੀ ਵਿਚ ਵੀ ਹੈ। ਉਸ ਦਾ ਗੁਰੂ ਅਸ਼ਟਾਵਕਰ, ਬਾਰਾਂ ਸਾਲ ਦਾ ਲੜਕਾ ਸੀ, ਜਿਸ ਪਾਸੋਂ ਜਨਕ ਨੇ ਉਸ ਦੇ ਪੈਰਾਂ 'ਤੇ ਸਿਰ ਰੱਖ ਕੇ ਪ੍ਰਾਰਥਨਾ ਕੀਤੀ ਸੀ ਕਿ ਹੇ ਪ੍ਰਭੂ, ਮੇਰੇ ਮਨ ਦੀ ਜਗਿਆਸਾ ਪੂਰੀ ਕਰੋ, ਮੇਰੇ ਮਨ ਦੇ ਸਵਾਲਾਂ ਨੂੰ ਸੁਲਝਾਓ ਤੇ ਮੇਰਾ ਮਾਰਗ ਦਰਸ਼ਨ ਕਰੋ। ਉਹ ਬਾਰਾਂ ਸਾਲਾ ਬਾਲਕ ਅੱਠ ਅੰਗਾਂ ਤੋਂ ਟੇਢਾ ਸੀ, ਜਿਸ ਦਾ ਉਸ ਨੂੰ ਗਰਭ ਸਮੇਂ ਉਸ ਦੇ ਪਾਪ ਵਜੋਂ ਸਰਾਪ ਮਿਲਿਆ ਸੀ, ਜਦ ਉਸ ਨੇ ਗਰਭ ਵਿਚੋਂ ਹੀ ਵੇਦਾਂ ਦਾ ਪਾਠ ਕਰ ਰਹੇ ਆਪਣੇ ਬਾਪ ਨੂੰ ਟੋਕਿਆ ਸੀ।

ਤਰਕ ਦੇ ਕਿਸੇ ਵੀ ਇਮਤਿਹਾਨ ਵਿਚ ਇਹ ਗਾਥਾਵਾਂ ਪ੍ਰਵਾਨ ਨਹੀਂ ਹੋ ਸਕਦੀਆਂ, ਫਿਰ ਵੀ ਸਬੰਧਿਤ ਧਰਮਾਂ ਦੇ ਸ਼ਰਧਾਲੂਆਂ 'ਚ ਪ੍ਰਵਾਨਤ ਹਨ। ਇਹ ਤਾਂ ਮੰਨਣਾ ਪਵੇਗਾ ਕਿ ਇਹ ਗਾਥਾਵਾਂ ਭਾਵੇਂ ਸੱਚ ਦੀ ਗਵਾਹੀ ਨਹੀਂ ਭਰਦੀਆਂ, ਪਰ ਇਹ ਕਹਾਣੀਆਂ ਸਬੰਧਿਤ ਮਹਾਂਪੁਰਸ਼ਾਂ ਦੀ ਜ਼ਿੰਦਗੀ 'ਚ ਵਾਪਰੀਆਂ ਅਲੌਕਿਕ ਮਾਨਤਾਵਾਂ ਦੀ ਕਿਸੇ ਨਾ ਕਿਸੇ ਰੂਪ ਵਿਚ ਤਰਜਮਾਨੀ ਜ਼ਰੂਰ ਕਰਦੀਆਂ ਹਨ।

ਤਰਕ ਦੀ ਆਪਣੀ ਸੀਮਾ ਹੈ, ਪਰ ਧਰਮ ਅਸੀਮ ਹੈ। ਤਰਕ ਅਤੇ ਗਣਿਤ ਦੀ ਭਾਸ਼ਾ 'ਚ 2+2=4 ਹੀ ਹੁੰਦੇ ਹਨ, ਪਰ ਧਰਮ ਦੀ ਦੁਨੀਆਂ ਵਿਚ 2+2=5 ਵੀ ਹੋ ਸਕਦੇ ਹਨ ਤੇ 2+2=3 ਵੀ।

ਗੁਰਬਾਣੀ ਵਿਚ ਦਰਜ ਹੈ, 'ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥' ਤੇ ਉਥੇ ਹੀ ਦਰਜ ਹੈ, 'ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥' ਅਰਦਾਸ 'ਚ ਦਸਮ ਪਾਤਸ਼ਾਹ ਨੇ ਗੁਰੂ ਹਰਕ੍ਰਿਸ਼ਨ ਜੀ ਸਬੰਧੀ ਖੁਦ ਲਿਖਿਆ ਹੈ, 'ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ!' ਸਾਡੇ ਗੁਰੂ ਇਤਿਹਾਸ ਦਾ ਸਭ ਤੋਂ ਵੱਡਾ ਲਿਖਤੀ ਸਰੋਤ ਤਾਂ ਸਾਖੀਆਂ ਹੀ ਹਨ। ਇਨ੍ਹਾਂ ਅੰਦਰ ਗੁਰੂ ਸਾਹਿਬਾਨ ਨਾਲ ਸਬੰਧਿਤ ਬਹੁਤ ਸਾਰੀਆਂ ਘਟਨਾਵਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਕਰਾਮਾਤ ਵੀ ਕਹਿ ਸਕਦੇ ਹਾਂ, ਬਖਸ਼ਿਸ਼ ਵੀ ਕਹਿ ਸਕਦੇ ਹਾਂ, ਜੋ ਮਹਾਂਪੁਰਸ਼ਾਂ ਵਲੋਂ ਸਹਿਜੇ ਹੀ ਘਟਦੀਆਂ ਹਨ। ਜੇ ਆਪਾਂ ਉਨ੍ਹਾਂ 'ਤੇ ਇਤਬਾਰ ਨਹੀਂ ਕਰਾਂਗੇ ਤਾਂ ਫਿਰ ਉਨ੍ਹਾਂ ਸਾਰੇ ਧਾਰਮਿਕ ਸਥਾਨਾਂ ਦਾ ਕੀ ਕਰਾਂਗੇ, ਜੋ ਉਨ੍ਹਾਂ ਧਾਰਮਿਕ ਘਟਨਾਵਾਂ ਨਾਲ ਜੁੜੇ ਹਨ? ਅਵਤਾਰੀ ਪੁਰਸ਼ਾਂ ਦੇ ਬਚਨ ਹਨ ਕਿ ਅਜਿਹੀਆਂ ਆਤਮਾਵਾਂ ਜਦੋਂ ਮਨੁੱਖੀ ਜਾਮੇ 'ਚ ਆਉਂਦੀਆਂ ਹਨ, 'ਕਲਿ ਤਾਰਣ ਗੁਰੁ ਨਾਨਕ ਆਇਆ॥' ਤਾਂ ਉਹ ਕਰਾਮਾਤਾਂ ਕਰਦੀਆਂ ਨਹੀਂ, ਸਗੋਂ ਜੋ ਕੁਝ ਉਹ ਸਹਿਵਨ ਹੀ ਕਹਿੰਦੇ ਜਾਂ ਕਰਦੇ ਹਨ, ਉਹ ਕਰਾਮਾਤੀ ਜਾਂ ਕਰਾਮਾਤ ਹੋ ਨਿਬੜਦੇ ਹਨ। ਇਸੇ ਹੀ ਤਰ੍ਹਾਂ ਮਹਾਂਪੁਰਸ਼ ਜਾਂ ਰੱਬੀ ਰੂਹਾਂ ਤੀਰਥਾਂ 'ਤੇ ਨਹੀਂ ਜਾਂਦੀਆਂ, ਸਗੋਂ ਉਹ ਜਿਥੇ ਵੀ ਕਿਸੇ ਪਰਉਪਕਾਰੀ ਕਰਮ ਨੂੰ ਕਰਦੇ ਹਨ, ਉਹੀ ਸਥਾਨ ਪੂਜਣਯੋਗ ਤੀਰਥ ਬਣ ਜਾਂਦੇ ਹਨ। 'ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਹੋਆ', 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ।'

ਤਰਕ ਸਚਮੁੱਚ ਦੋ ਧਾਰੀ ਤਲਵਾਰ ਹੈ। ਇਸ ਨਾਲ ਸਿਰ ਵੱਢਿਆ ਵੀ ਜਾ ਸਕਦਾ ਹੈ ਤੇ ਸਿਰ ਬਖਸ਼ਿਆ ਵੀ ਜਾ ਸਕਦਾ ਹੈ। ਨਿਰਭਰ ਕਰਦਾ ਹੈ ਕਿ ਉਹ ਤਲਵਾਰ ਕਿਸ ਦੇ ਹੱਥ ਵਿਚ ਹੈ। ਇਹ ਕਦੀ ਵੀ ਨਾ ਖਤਮ ਹੋਣ ਵਾਲੀ ਲੜਾਈ ਹੈ। ਮੈਂ ਇਕ ਬੜੇ ਅਚੰਭਿਤ ਤਰਕ 'ਤੇ ਆਧਾਰਤ ਚਰਚਾ ਦਾ ਜ਼ਿਕਰ ਸੁਣਿਆ ਹੈ ਕਿ ਇਕ ਵਾਰੀ ਬਹੁਤ ਹੀ ਵਿਖਿਆਤ ਤਰਕ ਦੇ ਦੋ ਵਿਦਵਾਨਾਂ ਦੀ ਚਰਚਾ ਹੋਈ। ਉਨ੍ਹਾਂ ਵਿਚੋਂ ਇਕ ਕੱਟੜ ਨਾਸਤਕ ਸੀ ਤੇ ਦੂਜਾ ਆਸਤਕ। ਦੋਹਾਂ ਨੇ ਆਪੋ-ਆਪਣੇ ਪੱਖਾਂ ਬਾਰੇ ਏਨੇ ਸੂਖਮ ਤੇ ਪ੍ਰਬਲ ਤਰਕ ਦੇ ਬਾਣਾਂ ਦੇ ਵਾਰ ਕੀਤੇ ਕਿ ਚਰਚਾ ਸੁਣ ਰਹੇ ਲੋਕ ਵੀ ਅਚੰਭਿਤ ਹੋ ਗਏ। ਅਖੀਰ ਜੋ ਨਤੀਜਾ ਸਾਹਮਣੇ ਆਇਆ, ਉਹ ਬੇਹਦ ਹੈਰਾਨ ਕਰ ਦੇਣ ਵਾਲਾ ਸੀ, ਕਿਉਂਕਿ ਜੋ ਆਸਤਕ ਸੀ, ਉਹ ਨਾਸਤਕ ਬਣ ਕੇ ਰੱਬ ਦੀ ਹੋਂਦ ਤੋਂ ਇਨਕਾਰੀ ਹੋ ਗਿਆ ਸੀ ਅਤੇ ਜੋ ਨਾਸਤਕ ਸੀ, ਉਹ ਆਸਤਕ ਬਣ ਗਿਆ ਸੀ। ਤਰਕ ਦੀ ਲੜਾਈ ਫਿਰ ਉਥੇ ਦੀ ਉਥੇ ਹੀ ਰਹੀ।

ਤਰਕ ਅਤੇ ਸ਼ਰਧਾ ਬੁਨਿਆਦੀ ਵਖਰੇਵੇਂ ਵਾਲੀਆਂ ਦੋ ਦਿਸ਼ਾਵਾਂ ਹਨ। ਤਰਕ ਇਨਕਾਰੀ ਬਿਰਤੀ ਨੂੰ ਜਨਮ ਦਿੰਦਾ ਹੈ ਅਤੇ ਸ਼ਰਧਾ ਦਾ ਆਧਾਰ ਮੰਨਣ ਵਿਚ ਹੈ। ਧਰਮ ਤੇ ਸ਼ਰਧਾ ਸਹਿਜ ਤੇ ਟਿਕਾਊ ਉਪਰ ਅਤੇ ਤਰਕ ਦੌੜ-ਭੱਜ ਤੇ ਵਿਸਥਾਰ ਦੀ ਵਕਾਲਤ ਕਰਦਾ ਹੈ। ਸਾਡੇ ਪ੍ਰਚਾਰਕਾਂ ਦਾ ਤਰਕ ਪੂਰਬੀ ਮਾਨਸਿਕਤਾ ਦੀ ਹੀਣ ਭਾਵਨਾ ਵਿਚੋਂ ਜਨਮਦਾ ਨਜ਼ਰ ਆਉਂਦਾ ਹੈ। ਇਹ ਪ੍ਰਚਾਰਕ ਧਰਮ ਨੂੰ ਆਤਮਾ ਦੇ ਵਿਕਸਿਤ ਹੋਣ ਜਾਂ ਕਰਨ ਨਾਲ ਜੋੜਨ ਦੀ ਥਾਂਵੇਂ ਪੱਛਮ ਦੇ ਦੁਨਿਆਵੀ ਇਖਲਾਕੀ ਤੇ ਆਰਥਕ ਪੱਖ ਨੂੰ ਵੱਧ ਮਹੱਤਵ ਦਿੰਦੇ ਹਨ, ਪਰ ਉਹ ਅਜਿਹੇ ਵਿਕਸਿਤ ਸਮਾਜ ਵਿਚੋਂ ਉਤਪੰਨ ਮਾਨਸਿਕ ਪੀੜਾ ਨੂੰ ਭੁੱਲ ਜਾਂਦੇ ਹਨ।

ਅਮਰੀਕਾ ਦੁਨੀਆਂ ਦਾ ਸਭ ਤੋਂ ਵੱਧ ਵਿਕਸਿਤ ਅਤੇ ਤਾਕਤਵਰ ਦੇਸ਼ ਹੈ। ਇਸ ਦੁਨਿਆਵੀ ਵਿਕਾਸ ਦਾ ਨਤੀਜਾ ਹੈ ਕਿ ਬਹੁਤ ਸਾਰੀਆਂ ਪ੍ਰਾਪਤੀਆਂ ਦੇ ਨਾਲ-ਨਾਲ ਬਹੁਤ ਸਾਰੀਆਂ ਅਲਾਮਤਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਾਰੀ ਦੁਨੀਆਂ ਦੇ ਮੁਕਾਬਲੇ ਮਾਨਸਿਕ ਰੋਗਾਂ ਨਾਲ ਪੀੜਤ ਲੋਕਾਂ ਦੀ ਫੀਸਦ ਦਰ ਅਮਰੀਕਾ ਵਿਚ ਸਭ ਤੋਂ ਵੱਧ, ਭਾਵ 26 ਫੀਸਦ ਹੈ। ਹਰ ਚੌਥਾ ਵਿਅਕਤੀ ਮਾਨਸਿਕ ਰੋਗੀ ਹੈ ਤੇ ਹਰ ਦਸਵਾਂ ਵਿਅਕਤੀ ਦਿਲ ਦੇ ਰੋਗ ਦਾ ਮਰੀਜ਼ ਹੈ। ਦੇਸ਼ ਦੇ ਵਾਸੀਆਂ ਨੇ ਭਾਵੇਂ ਹਮੇਸ਼ਾ ਰੱਬ ਦੀ ਹੋਂਦ, ਉਸ ਦੀ ਸ਼ਕਤੀ, ਉਸ ਦੀ ਬਖਸ਼ਿਸ਼ ਨੂੰ ਸਵੀਕਾਰਿਆ ਹੈ। 'ਗੌਡ ਬਲੈੱਸ ਅਮੈਰਿਕਾ' ਇਨ੍ਹਾਂ ਦੀ ਸਥਾਈ ਪ੍ਰਾਰਥਨਾ ਹੈ। ਹਰ ਵੱਡੇ ਕਾਰਜ ਦੀ ਸ਼ੁਰੂਆਤ ਰੱਬ ਅੱਗੇ ਬੇਨਤੀ ਨਾਲ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਸਿੱਖ ਜਗਤ ਲਈ ਜਾਗਦੀ ਜੋਤ ਅਤੇ ਪ੍ਰਤੱਖ ਗੁਰੂ ਦੇ ਰੂਪ ਵਿਚ ਹੈ। ਬਾਣੀ ਅਤੇ ਗੁਰੂ ਦੀ ਇਕਮਿਕਤਾ ਦੀ ਗੱਲ ਕੀਤੀ ਗਈ ਹੈ, 'ਬਾਣੀ ਗੁਰੂ ਗੁਰੂ ਹੈ ਬਾਣੀ...।' ਇਹ ਸਭ ਵਿਸ਼ਵਾਸ ਅਤੇ ਭਰੋਸੇ 'ਤੇ ਆਧਾਰਤ ਹੈ। ਇਹ ਵੀ ਸਾਡੇ ਪੁਰਾਤਨ ਸਰੋਤਾਂ ਦੀ ਹੀ ਦੇਣ ਹੈ। ਕੁਝ ਵੀ ਕਿਸੇ ਉਸ ਵਿਅਕਤੀ ਨੇ ਨਹੀਂ ਲਿਖਿਆ, ਜੋ ਨਾਂਦੇੜ ਸਾਹਿਬ ਦੀ ਧਰਤੀ 'ਤੇ ਉਸ ਸਮੇਂ ਮੌਜੂਦ ਸੀ। ਸਿੱਖਾਂ ਤੋਂ ਬਿਨਾ ਸਾਰੀ ਦੁਨੀਆਂ ਲਈ ਧਾਰਮਿਕ ਗ੍ਰੰਥ ਤਾਂ ਹੋ ਸਕਦਾ ਹੈ, ਪਰ ਗੁਰੂ ਨਹੀਂ। ਕਿਹੜਾ ਤਰਕ ਹੈ, ਜਿਸ ਦੇ ਆਧਾਰ 'ਤੇ ਤੁਸੀਂ ਨੌਜਵਾਨ ਪੀੜ੍ਹੀ ਦੀ ਇਸ ਜਗਿਆਸਾ ਨੂੰ ਤ੍ਰਿਪਤ ਕਰੋਗੇ? ਸਿਵਾਏ ਵਿਸ਼ਵਾਸ ਅਤੇ ਭਰੋਸੇ ਦੇ! ਤਰਕ ਦੇ ਕਿਸ ਫਾਰਮੂਲੇ ਨਾਲ ਸਾਬਤ ਕਰੋਗੇ ਕਿ ਰੱਬੀ ਜੋਤ, ਜੋ ਗੁਰੂ ਨਾਨਕ ਰਾਹੀਂ ਇਸ ਸੰਸਾਰ 'ਚ ਆਈ ਮੰਨੀ ਜਾਂਦੀ ਹੈ ਕਿ 239 ਸਾਲਾਂ ਦੇ ਲੰਮੇ ਸਮੇਂ 'ਚ ਉਹ ਵੱਖ-ਵੱਖ 10 ਸਰੀਰਾਂ 'ਚ ਪ੍ਰਕਾਸ਼ਿਤ ਹੋਈ। ਕਿਵੇਂ ਮਿਥ ਸਕੋਗੇ ਕਿ ਉਹ ਜੋਤ ਜਦੋਂ ਸਰੀਰਕ ਯਾਤਰਾ ਕਰਦੀ-ਕਰਦੀ 72 ਸਾਲਾਂ ਦੇ ਬਜ਼ੁਰਗ ਬਾਬੇ ਅਮਰਦਾਸ ਨੂੰ ਗੁਰੂ ਬਣਾਉਂਦੀ ਹੈ ਤਾਂ ਉਹੀ ਜੋਤ ਉਹੀ ਰੱਬੀ ਬਖਸ਼ਿਸ਼ਾਂ ਵਾਲੀ ਅਸੀਮ ਸ਼ਕਤੀ ਲੈ ਕੇ ਪੰਜ ਸਾਲਾਂ ਦੇ ਬਾਲਕ ਨੂੰ ਗੁਰੂ ਹਰਕ੍ਰਿਸ਼ਨ ਬਣਾਉਂਦੀ ਹੈ। ਕੀ ਸਿਵਾਏ ਭਰੋਸੇ ਅਤੇ ਵਿਸ਼ਵਾਸ ਦੇ ਉਸ ਨੂੰ ਮੰਨਣ ਦੇ, ਸਾਡੇ ਪਾਸ ਇਨਕਾਰੀ ਹੋਣ ਦੀ ਕੋਈ ਹੋਰ ਵਜ੍ਹਾ ਹੈ? ਕੀ ਇਹ ਸਾਰਾ ਕੁਝ ਸਾਡੀ ਜਾਣਕਾਰੀ ਵਿਚ ਉਨ੍ਹਾਂ ਸਰੋਤਾਂ ਰਾਹੀਂ ਨਹੀਂ ਆਇਆ, ਜਿਨ੍ਹਾਂ ਅੰਦਰਲੀਆਂ ਕਈ ਗੱਲਾਂ ਸਾਡੇ ਮੁਤਾਬਕ ਰਹਿਮਤ ਸਿਧਾਂਤ ਦੀ ਤਰਜਮਾਨੀ ਨਹੀਂ ਕਰਦੀਆਂ?

ਇਹ ਅਜਿਹਾ ਮੁੱਦਾ ਹੈ, ਜੋ ਕਦੀ ਵੀ ਖਤਮ ਹੋਣ ਵਾਲਾ ਨਹੀਂ, ਜਿੰਨੀ ਦੇਰ ਤੱਕ ਇਨ੍ਹਾਂ ਨੂੰ ਦੋਹਾਂ ਦੇ ਪੂਰਕ ਸਮਝ ਕੇ ਨਾ ਦੇਖਿਆ ਜਾਵੇ। ਜਿਵੇਂ ਸਿੱਖੀ ਸਿਧਾਂਤ ਹੈ ਕਿ ਧਰਮ ਤੇ ਸਿਆਸਤ-ਦੋਵੇਂ ਹੀ ਸਿੱਖਾਂ ਲਈ ਜ਼ਰੂਰੀ ਹਨ, ਪਰ ਸਿਆਸਤ, ਸੱਤਾ ਜਾਂ ਸ਼ਕਤੀ, ਜੇ ਧਰਮ ਦੇ ਅਧੀਨ ਰਹਿੰਦੀ ਹੈ ਤਾਂ ਸੰਤੁਲਨ ਰਹਿੰਦਾ ਹੈ। ਇਵੇਂ ਹੀ ਧਰਮ ਦੇ ਸਬੰਧ ਵਿਚ ਬੇਸ਼ਕ ਸ਼ਰਧਾ, ਵਿਸ਼ਵਾਸ ਤੇ ਭਰੋਸੇ ਦੀ ਮਹੱਤਤਾ ਵੱਧ ਹੈ, ਪਰ ਜੇ ਇਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਤਰਕ ਦੇ ਘੇਰੇ ਵਿਚ ਮੁਕੰਮਲ ਆਜ਼ਾਦੀ ਦੀ ਗੱਲ ਕਹੀ ਜਾਵੇ ਤਾਂ ਧਰਮ ਦੇ ਮਹੱਲ ਨੂੰ ਅੰਨ੍ਹੀ ਤੇ ਬੇਵਿਸ਼ਵਾਸੀ ਸ਼ਰਧਾ ਦੀਆਂ ਨੀਂਹਾਂ 'ਤੇ ਉਸਾਰਨ ਦੀ ਹਿਮਾਕਤ ਕੀਤੀ ਤਾਂ ਧਰਮ ਦੇ ਸਹੀ ਅਰਥਾਂ ਦਾ ਗੁਆਚਣਾ ਨਿਸ਼ਚਿਤ ਹੈ।

---

*ਮੁੱਖ ਸੇਵਾਦਾਰ, ਸਿੱਖ ਨੈਸ਼ਨਲ ਸੈਂਟਰ ਹਿਊਸਟਨ, ਟੈਕਸਸ।

# ਗੁਰ ਕੇ ਚਰਨ ਨਮਸਕਾਰਿ

ਗੁਰਬਾਣੀ ਗਿਆਨ

**ਰਾਮਕਲੀ ਮਹਲਾ ੫॥**
ਹੋਵੈ ਸੋਈ ਭਲ ਮਾਨੁ॥
ਆਪਨਾ ਤਜਿ ਅਭਿਮਾਨੁ॥
ਦਿਨੁ ਰੈਨਿ ਸਦਾ ਗੁਨ ਗਾਉ॥
ਪੂਰਨ ਏਹੀ ਸੁਆਉ॥
ਆਨੰਦ ਕਰਿ ਸੰਤ ਹਰਿ ਜਾਪਿ॥
ਛਾਡਿ ਸਿਆਨਪ ਬਹੁ ਚਤੁਰਾਈ
ਗੁਰ ਕਾ ਜਪਿ ਮੰਤੁ ਨਿਰਮਲ॥ ਰਹਾਉ॥
ਏਕ ਕੀ ਕਰਿ ਆਸ ਭੀਤਰਿ॥
ਨਿਰਮਲ ਜਪਿ ਨਾਮੁ ਹਰਿ ਹਰਿ॥
ਗੁਰ ਕੇ ਚਰਨ ਨਮਸਕਾਰਿ॥
ਭਵਜਲੁ ਉਤਰਹਿ ਪਾਰਿ॥
ਦੇਵਨਹਾਰ ਦਾਤਾਰ॥
ਅੰਤੁ ਨ ਪਾਰਾਵਾਰ॥
ਜਾ ਕੈ ਘਰਿ ਸਰਬ ਨਿਧਾਨ॥
ਰਾਖਨਹਾਰ ਨਿਦਾਨ॥
ਨਾਨਕ ਪਾਇਆ ਏਹੁ ਨਿਧਾਨ॥
ਹਰੇ ਹਰਿ ਨਿਰਮਲ ਨਾਮਿ॥
ਜੋ ਜਪੈ ਤਿਸ ਕੀ ਗਤਿ ਹੋਇ॥
ਨਾਨਕ ਕਰਮਿ ਪਰਾਪਤਿ ਹੋਇ॥

ਗੁਰੂ ਅਰਜਨ ਦੇਵ ਜੀ ਰਾਮਕਲੀ ਰਾਗ ਦੇ ਇਸ ਪਵਿਤਰ ਸ਼ਬਦ ਵਿਚ ਸਾਨੂੰ ਕਲਜੁਗ ਦੇ ਜੀਵਾਂ ਨੂੰ ਉਪਦੇਸ਼ ਕਰਕੇ ਉਸ ਪ੍ਰਭੂ ਦੇ ਹੁਕਮ ਵਿਚ ਰਹਿਣ ਦੀ ਜੁਗਤਿ ਦਰਸਾ ਰਹੇ ਹਨ, ਹੇ ਭਾਈ! ਜੋ ਕੁਝ ਉਸ ਮਿਹਰਬਾਨ ਪ੍ਰਭੂ ਦੀ ਰਜ਼ਾ 'ਚ ਹੋ ਰਿਹਾ ਹੈ, ਉਸੇ ਨੂੰ ਹੀ ਭਲਾ ਮੰਨ ਕੇ ਚੱਲ ਤੇ ਆਪਣੀ ਸਿਆਣਪ ਦਾ ਮਾਣ ਛੱਡ ਕੇ ਨਿਮਾਣਾ ਬਣ; ਦਿਨ ਰਾਤ ਪ੍ਰਭੂ ਦੇ ਗੁਣ ਗਾਉਂਦਾ ਰਹਿ, ਬੱਸ ਜੀਵਨ ਦਾ ਇਹੀ ਮਨੋਰਥ ਹੈ।

ਰਹਾਉ ਦੀ ਪੰਕਤੀ 'ਚ ਗੁਰੂ ਜੀ ਆਖਦੇ ਹਨ, ਹੇ ਜੀਵ! ਤੂੰ ਇਹ ਖਿਆਲ ਛੱਡ ਦੇਹ ਕਿ ਤੂੰ ਬਹੁਤ ਸਿਆਣਾ ਹੈਂ ਤੇ ਬਹੁਤ ਚਾਤੁਰ ਵੀ ਹੈਂ; ਤੇਰੀ ਇਹ ਸਿਆਣਪ ਤੇ ਚਤੁਰਾਈ ਕਿਸੇ ਕੰਮ ਨਹੀਂ ਆਉਣੀ। ਗੁਰੂ ਦੀ ਮਿਹਰ ਤੇ ਅਗਵਾਈ ਤੋਂ ਬਿਨਾ ਤੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਹੋ ਸਕਦਾ। ਗੁਰੂ ਦਾ ਸ਼ਬਦ ਹੀ ਪਵਿਤਰ ਮੰਤਰ ਹੈ। ਉਸ ਹਰੀ ਪ੍ਰਭੂ ਦਾ ਨਾਮ, ਜੋ ਗੁਰੂ ਰਾਹੀਂ ਮਿਲਿਆ ਹੈ, ਸਵਾਸ ਸਵਾਸ ਜਪਦਾ ਰਹਿ।

ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਉਸ ਮਿਹਰਬਾਨ ਪ੍ਰਭੂ ਦੇ ਅਨੂਠੇ ਰੰਗ ਵਿਚ ਮਤਵਾਲੇ ਹੋਏ ਆਖਦੇ ਹਨ, ਹੇ ਭਾਈ! ਬੱਸ ਇਕ ਪਰਮਾਤਮਾ ਤੋਂ ਹੀ ਮਦਦ ਦੀ ਆਸ ਆਪਣੇ ਮਨ ਵਿਚ ਟਿਕਾਈ ਰੱਖ ਅਤੇ ਪ੍ਰਭੂ ਨਾਮ ਨੂੰ ਸਦਾ ਹੀ ਜਪਦਾ ਰਹਿ। ਹੇ ਜੀਵ, ਨਿਮਾਣਾ ਬਣ ਕੇ ਗੁਰੂ ਦੇ ਚਰਨਾਂ ਉਤੇ ਆਪਣਾ ਸਿਰ ਨਿਵਾਈ ਰੱਖ, ਇਸ ਤਰ੍ਹਾਂ ਤੂੰ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵੇਂਗਾ।

ਦੇਵਨਹਾਰ ਦਾਤਾਰ॥ ਅੰਤੁ ਨ ਪਾਰਾਵਾਰ॥
ਜਾ ਕੈ ਘਰਿ ਸਰਬ ਨਿਧਾਨ॥
ਰਾਖਨਹਾਰ ਨਿਦਾਨ॥

ਗੁਰਦੇਵ ਪਿਤਾ ਸਾਨੂੰ ਭਟਕੇ ਜੀਵਾਂ ਨੂੰ ਸਮਝਾਉਂਦੇ ਹਨ, ਹੇ ਭਾਈ! ਇਹ ਯਾਦ ਰੱਖ ਕਿ ਦਾਤਾਂ ਦੇਣ ਵਾਲਾ ਅਕਾਲ ਪੁਰਖੁ ਪਿਤਾ ਪ੍ਰਭੂ ਸਭ ਕੁਝ ਦੇਣ ਦੇ ਸਮਰੱਥ ਹੈ ਅਤੇ ਕੋਈ ਵੀ ਉਸ ਦਾ ਅੰਤ ਨਹੀ ਪਾ ਸਕਦਾ; ਉਸ ਦਾ ਉਰਲਾ ਤੇ ਪਾਰਲਾ ਬੰਨਾ ਕੋਈ ਨਹੀਂ ਲੱਭ ਸਕਦਾ। ਜਿਸ ਮਾਲਕ ਦੇ ਘਰ ਵਿਚ ਸਾਰੇ ਖਜ਼ਾਨੇ ਮੌਜੂਦ ਹਨ ਅਤੇ ਸਦਾ ਭਰੇ ਰਹਿੰਦੇ ਹਨ, ਆਖਿਰ ਉਹੀ ਰੱਖਿਆ ਕਰਨ ਵਾਲਾ ਹੈ, ਉਸੇ ਦੀ ਸ਼ਰਨ ਵਿਚ ਪਿਆ ਰਹੁ।

ਨਾਨਕ ਪਾਇਆ ਏਹੁ ਨਿਧਾਨ॥
ਹਰੇ ਹਰਿ ਨਿਰਮਲ ਨਾਮਿ॥
ਜੋ ਜਪੈ ਤਿਸ ਕੀ ਗਤਿ ਹੋਇ॥
ਨਾਨਕ ਕਰਮਿ ਪਰਾਪਤਿ ਹੋਇ॥

ਸਤਿਗੁਰੂ ਆਖਦੇ ਨੇ, ਹੇ ਭਾਈ! ਇਸ ਜਗਤ ਵਿਚ ਜਿਸ ਮਨੁੱਖ ਨੇ ਉਸ ਪਰਮਾਤਮਾ ਦੇ ਪਾਵਨ ਪਵਿਤਰ ਨਾਮ ਦਾ ਇਹ ਖਜ਼ਾਨਾ ਪ੍ਰਾਪਤ ਕਰ ਲਿਆ ਅਤੇ ਜੋ ਮਨੁੱਖ ਇਸ ਨਾਮ ਨੂੰ ਸਵਾਸ ਸਵਾਸ ਜਪਦਾ ਹੈ, ਉਸ ਦੀ ਆਤਮਕ ਅਵਸਥਾ ਉਚੀ ਬਣ ਜਾਂਦੀ ਹੈ, ਪਰ ਹੇ ਨਾਨਕ! ਇਹ ਨਾਮ ਰੂਪੀ ਖਜ਼ਾਨਾ ਮਿਹਰਬਾਨ ਪ੍ਰਭੂ ਦੀ ਮਿਹਰ ਨਾਲ ਹੀ ਮਿਲਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਭਗਤ ਸਿੰਘ ਦੀ ਅਮਰੀਕਾ ਵੱਸਦੇ ਆਪਣੇ ਦੋਸਤ ਨੂੰ ਲਿਖੀ ਚਿੱਠੀ

## ਭਗਤ ਸਿੰਘ ਦੇ 89ਵੇਂ ਸ਼ਹੀਦੀ ਦਿਨ 'ਤੇ

"ਸਮਾਚਾਰ ਇਹ ਹੈ ਕਿ ਮਾਤਾ ਜੀ ਦੇ ਅਚਾਨਕ ਬਿਮਾਰ ਹੋ ਜਾਣ ਕਰਕੇ ਮੈਂ ਇਸ ਵਾਰ ਏਧਰ (ਪਿੰਡ ਵੱਲ) ਆਇਆ ਸਾਂ ਅਤੇ ਤੁਹਾਡੇ ਮਾਤਾ ਜੀ ਦੇ ਦਰਸ਼ਨ ਹੋਏ ਸਨ। ਮੈਂ ਤੁਹਾਡੀ ਚਿੱਠੀ ਪੜ੍ਹੀ ਹੈ। ਇਨ੍ਹਾਂ (ਮਾਤਾ ਜੀ) ਵਲੋਂ ਜਵਾਬ ਲਿਖਦਿਆਂ ਮੈਨੂੰ ਵੀ ਦੋ ਚਾਰ ਗੱਲਾਂ ਲਿਖਣ ਦਾ ਮੌਕਾ ਮਿਲਿਆ ਹੈ।...ਭਾਈ ਸਾਹਿਬ, ਮੇਰੀ ਵਿਦੇਸ਼ ਵਿਚ ਜਾ ਕੇ ਪੜ੍ਹਨ ਦੀ ਖਾਹਿਸ਼ ਰੁਲ ਗਈ ਹੈ। ਮੇਰੀਆਂ ਸ਼ੁਭ ਇਛਾਵਾਂ ਤੁਹਾਡੇ ਨਾਲ ਹਨ। ਜੇ ਤੁਹਾਨੂੰ ਮੌਕਾ ਮਿਲੇ ਤਾਂ ਮੈਨੂੰ ਕੁਝ ਚੰਗੀਆਂ ਕਿਤਾਬਾਂ ਭੇਜਣ ਦੀ ਤਕਲੀਫ ਕਰਨਾ।"

ਇਹ ਸ਼ਬਦ ਭਗਤ ਸਿੰਘ ਵਲੋਂ 1928 ਦੇ ਸ਼ੁਰੂ ਵਿਚ ਆਪਣੇ ਅਮਰੀਕਾ ਵਸਦੇ ਦੋਸਤ ਅਮਰ ਚੰਦ ਨੂੰ ਪਾਈ ਗਈ ਚਿੱਠੀ ਦੇ ਪਹਿਲੇ ਪੈਰੇ ਵਿਚੋਂ ਹਨ। ਇਹ ਚਿੱਠੀ ਮੂਲ ਰੂਪ ਵਿਚ ਭਗਤ ਸਿੰਘ ਵਲੋਂ ਉਰਦੂ ਵਿਚ ਲਿਖੀ ਗਈ ਸੀ। ਅਮਰ ਚੰਦ

**ਸਰਬਜੀਤ ਸਿੰਘ ਵਿਰਕ**
**ਐਡਵੋਕੇਟ (ਪਟਿਆਲਾ)**
**ਫੋਨ: 91-94170-72314**

ਭਗਤ ਸਿੰਘ ਦਾ ਬਚਪਨ ਦਾ ਦੋਸਤ ਸੀ। ਉਸ ਦਾ ਪਿਤਾ ਸ੍ਰੀ ਮਾਧੋ ਰਾਮ ਅਮਰੀਕਾ 'ਚ ਗਦਰ ਪਾਰਟੀ ਦਾ ਸਰਗਰਮ ਮੈਂਬਰ ਸੀ। ਸ੍ਰੀ ਮਾਧੋ ਰਾਮ ਆਪਣੇ ਪੁੱਤਰ ਅਮਰ ਚੰਦ ਨੂੰ ਉਚ ਸਿੱਖਿਆ ਦਿਵਾਉਣ ਦੇ ਮਕਸਦ ਨਾਲ ਅਮਰੀਕਾ ਲੈ ਗਿਆ ਸੀ। ਇਹ ਚਿੱਠੀ ਲਿਖਣ ਵੇਲੇ ਅਮਰ ਚੰਦ ਨੂੰ ਅਮਰੀਕਾ ਗਏ ਨੂੰ ਕਈ ਸਾਲ ਹੋ ਗਏ ਸਨ।

ਭਗਤ ਸਿੰਘ ਦੀ ਇਸ ਚਿੱਠੀ ਤੋਂ ਪਤਾ ਲਗਦਾ ਹੈ ਕਿ ਉਹ ਆਮ ਜ਼ਿੰਦਗੀ ਵਿਚ ਕਿੰਨਾ ਸੰਜੀਦਾ ਸ਼ਖਸ ਸੀ। ਉਹ ਦਾਦੀ ਮਾਂ (ਸਰਦਾਰਨੀ ਜੈ ਕੌਰ) ਨੂੰ ਬਿਮਾਰ ਹੋਈ ਸੁਣ ਕੇ ਆਪਣੇ ਸਾਰੇ ਕੰਮ ਛੱਡ ਉਸ ਦਾ ਪਤਾ ਲੈਣ ਪਿੰਡ ਪਹੁੰਚਿਆ ਸੀ। ਦਾਦੀ ਵੀ ਹਰ ਦੁਖੀ ਬੰਦੇ ਨਾਲ ਦਿਲੀ ਹਮਦਰਦੀ ਰੱਖਣ ਵਾਲੇ ਆਪਣੇ ਪੋਤਰੇ 'ਤੇ ਮਾਣ ਕਰਦੀ ਸੀ। ਇਹੀ ਤਾਂ ਭਗਤ ਸਿੰਘ ਦੀ ਸਿਫਤ ਸੀ। ਉਹ ਰਿਸ਼ਤਿਆਂ ਦੀ ਭੋਇੰ ਵਿਚ ਮੋਹ-ਪਿਆਰ ਦੇ ਬੀਅ ਬੀਜ ਕੇ ਵਿਸ਼ਵਾਸ ਦੇ ਪਾਣੀ ਨਾਲ ਸਿੰਜਦਾ ਸੀ। ਬਚਪਨ ਦੇ ਬੇਲੀਆਂ ਦੀਆਂ ਯਾਦਾਂ ਉਸ ਨੂੰ ਭਾਵੁਕ ਕਰਦੀਆਂ ਸਨ ਤੇ ਬੇਲੀਆਂ ਦੀ ਮੌਜੂਦਾ ਜ਼ਿੰਦਗੀ ਦੇ ਫਿਕਰ ਉਸ ਦੇ ਮਨ ਦੀਆਂ ਸੋਚ ਤਰੰਗਾਂ ਵਿਚ ਕੰਬਣੀ ਛੇੜਦੇ ਸਨ। ਉਸ ਨਾਲ ਦੋ ਕੋਹ ਤੁਰਿਆ ਬੰਦਾ ਵੀ ਮੁੜ ਉਸ ਦੇ ਸਾਥ ਲਈ ਤਰਸਦਾ ਸੀ।

ਚਾਰ ਮਾਂਵਾਂ (ਜਣਨੀ ਵਿਦਿਆਵਤੀ, ਦੋ ਚਾਚੀਆਂ-ਹਰਨਾਮ ਕੌਰ ਤੇ ਹੁਕਮ ਕੌਰ ਅਤੇ ਦਾਦੀ ਜੈ ਕੌਰ) ਵਲੋਂ ਲਾਡ ਲਡਾ ਕੇ ਪਾਲੇ ਇਸ ਹੋਣਹਾਰ ਲਈ ਆਪਣੇ ਦੋਸਤ ਅਮਰ ਚੰਦ ਦੀ ਮਾਂ ਅਰੂੜੀ ਹੀ ਨਹੀਂ, ਸਗੋਂ ਸਾਰੇ ਲੋਕਾਂ ਦੀਆਂ ਮਾਂਵਾਂ ਉਸ ਦੀਆਂ ਆਪਣੀਆਂ ਮਾਂਵਾਂ ਸਨ। ਲਾਹੌਰ ਬੈਠਾ ਉਹ ਉਸ ਦੁੱਖ ਨੂੰ ਅਕਸਰ ਮਹਿਸੂਸ ਕਰਦਾ ਸੀ, ਜੋ ਸੱਤ ਸਮੁੰਦਰ ਦੂਰ ਗਏ ਅਮਰਚੰਦ ਦੀ ਮਾਂ ਆਪਣੇ ਸੀਨੇ ਵਿਚ ਇਕੱਲੇਪਣ ਕਰਕੇ ਮਹਿਸੂਸ ਕਰਦੀ ਹੈ। ਇਸੇ ਦੁੱਖ ਦਾ ਖੁਦ ਅਹਿਸਾਸ ਉਸ ਨੂੰ ਖਿੱਚ ਕੇ ਮਾਂ ਅਰੂੜੀ ਕੋਲ ਲੈ ਆਉਂਦਾ ਹੈ ਅਤੇ ਇਹ ਮਾਂ ਵੀ ਇਸ ਪੁੱਤਰ ਨੂੰ ਬੇਗਾਨਾ ਨਹੀਂ ਸਮਝਦੀ ਤੇ ਉਸ ਕੋਲ ਆਪਣਾ ਦਿਲ ਫੋਲ ਦਿੰਦੀ ਹੈ। ਉਹ ਅਮਰ ਚੰਦ ਨੂੰ ਤਾਕੀਦ ਕਰਦੀ ਉਚੇਚਾ ਲਿਖਵਾਉਂਦੀ ਹੈ ਕਿ ਉਹ ਆਪਣੀ ਸੁੱਖ-ਸਾਂਦ ਬਾਰੇ ਲਿਖਦਾ ਰਹੇ ਅਤੇ ਉਸ ਦੀ ਚਿੱਠੀ ਦਾ ਛੇਤੀ ਜਵਾਬ ਦੇਵੇ।

ਮਾਤਾ ਅਰੂੜੀ ਵਲੋਂ ਇਹ ਚਿੱਠੀ ਲਿਖਣ ਦੀ ਜਿੰਮੇਵਾਰੀ ਭਗਤ ਸਿੰਘ ਬੜੇ ਉਤਸ਼ਾਹ ਨਾਲ ਨਿਭਾਉਂਦਾ ਹੈ। ਅਜਿਹਾ ਕਰਦੇ ਸਮੇਂ ਉਸ ਦੇ ਆਪਣੇ ਮਨ ਵਿਚ ਵੀ ਦੋਸਤੀ ਦੇ ਉਹ ਹੁਸੀਨ ਪਲ ਆ ਗਏ, ਜਿਨ੍ਹਾਂ ਵਿਚ ਅਮਰ ਚੰਦ ਤੇ ਕਰਮ ਸਿੰਘ ਉਸ ਦੇ ਸਾਥੀ ਸਨ, ਉਹ ਖਾਸ ਪਲ ਜੋ ਉਨ੍ਹਾਂ ਦੇ ਬਚਪਨ ਦੀਆਂ ਕੌੜੀਆਂ-ਮਿੱਠੀਆਂ ਅਭੁੱਲ ਯਾਦਾਂ ਵਿਚ ਸ਼ੁਮਾਰ ਹੋ ਗਏ ਸਨ ਤੇ ਜੋ ਜਜ਼ਬਾਤੀ ਪਲ ਬਣ ਕੇ ਇਕ ਦੂਜੇ ਦੇ ਦਿਲਾਂ ਦੀ ਧੜਕਣ ਵਿਚ ਰਮ ਗਏ ਸਨ। ਚਿੱਠੀ ਲਿਖਦਾ ਭਗਤ ਸਿੰਘ ਉਨ੍ਹਾਂ ਪਲਾਂ ਨੂੰ ਯਾਦ ਕਰਦਾ ਹੈ, ਜਦੋਂ ਉਹ ਤੇ ਉਸ ਦੇ ਦੋਸਤ ਵਿਦੇਸ਼ਾਂ ਵਿਚ ਜਾ ਕੇ ਉਚੀ ਪੜ੍ਹਾਈ ਦੇ ਸੁਪਨੇ ਸਿਰਜਦੇ ਸਨ। ਉਸ ਨੂੰ ਇਸ ਗੱਲ ਦਾ ਦੁੱਖ ਹੈ ਕਿ ਹਾਲਾਤ ਨੇ ਉਸ ਦੀ ਵਿਦੇਸ਼ ਜਾ ਕੇ ਪੜ੍ਹਨ ਦੀ ਖਾਹਿਸ਼ ਨਾਲ ਵਫਾ ਨਹੀਂ ਕੀਤੀ। ਚਿੱਠੀ ਲਿਖਦਿਆਂ ਉਹ ਨਾਲ ਨਾਲ ਆਪਣੇ ਦੋਸਤਾਂ ਦੀਆਂ ਪ੍ਰਾਪਤੀਆਂ ਉਤੇ ਮਾਣ ਵੀ ਕਰ ਰਿਹਾ ਹੈ ਅਤੇ ਦੋਸਤੀਆਂ ਦੇ ਨਿੱਘ ਨਾਲ ਸਰਸ਼ਾਰ ਵੀ ਹੋ ਰਿਹਾ ਹੈ ਭਾਂਵੇਂ ਕਿ ਉਹ ਖੁਦ ਆਪ ਆਪਣੀ ਸੁਪਨਈ ਮੰਜ਼ਿਲ ਉਤੇ ਨਾ ਪਹੁੰਚ ਸਕਣ ਕਰਕੇ ਉਦਾਸ ਵੀ ਹੈ, ਪਰ ਉਹ ਇਹ ਸੋਚ ਕੇ ਆਪਣੇ ਮਨ ਨੂੰ ਤਸੱਲੀ ਦਿੰਦਾ ਹੈ ਕਿ ਉਸ ਦੇ ਦੋਸਤ ਆਪਣੇ ਸੁਪਨੇ ਪੂਰੇ ਕਰਨ ਵਿਦੇਸ਼ ਪਹੁੰਚ ਚੁਕੇ ਹਨ। ਭਗਤ ਸਿੰਘ ਦੀ ਲਿਖੀ ਪੂਰੀ ਚਿੱਠੀ ਇਸ ਤਰ੍ਹਾਂ ਹੈ,

ਪਿਆਰੇ ਭਾਈ ਅਮਰ ਚੰਦ

ਨਮਸਤੇ!

ਸਮਾਚਾਰ ਇਹ ਹੈ ਕਿ ਮਾਤਾ ਜੀ ਦੇ ਅਚਾਨਕ ਬਿਮਾਰ ਹੋ ਜਾਣ ਕਰਕੇ ਮੈਂ ਇਸ ਵਾਰ ਏਧਰ (ਪਿੰਡ ਵੱਲ) ਆਇਆ ਸਾਂ ਅਤੇ ਤੁਹਾਡੇ ਮਾਤਾ ਜੀ ਦੇ ਦਰਸ਼ਨ ਹੋਏ ਸਨ। ਮੈਂ ਤੁਹਾਡੀ ਚਿੱਠੀ ਪੜ੍ਹੀ ਹੈ। ਇਨ੍ਹਾਂ (ਮਾਤਾ ਜੀ) ਵਲੋਂ ਜਵਾਬ ਲਿਖਦਿਆਂ ਮੈਨੂੰ ਵੀ ਦੋ ਚਾਰ ਗੱਲਾਂ ਲਿਖਣ ਦਾ ਮੌਕਾ ਮਿਲਿਆ ਹੈ। ਮੈਂ ਕੀ ਲਿਖਾਂ? ਕਰਮ ਸਿੰਘ ਇੰਗਲੈਂਡ ਚਲਾ ਗਿਆ ਹੈ, ਉਸ ਦਾ ਪਤਾ ਭੇਜ ਰਿਹਾ ਹਾਂ। ਉਸ ਨੇ ਲਿਖਿਆ ਹੈ ਕਿ ਹਾਲੇ ਉਹ ਕਾਨੂੰਨ ਦੀ ਪੜ੍ਹਾਈ ਕਰੇਗਾ, ਪਰ ਉਹ ਕਿਵੇਂ ਚੱਲ ਰਿਹਾ ਹੈ, ਖੁਦਾ ਹੀ ਜਾਣਦਾ ਹੈ, ਪੜ੍ਹਾਈ ਉਤੇ ਬੜਾ ਖਰਚ ਹੋ ਰਿਹਾ ਹੈ।

ਭਾਈ ਸਾਹਿਬ, ਮੇਰੀ ਵਿਦੇਸ਼ ਜਾ ਕੇ ਪੜ੍ਹਨ ਦੀ ਖਾਹਿਸ਼ ਰੁਲ ਗਈ ਹੈ। ਖੈਰ, ਤੁਹਾਡੇ ਲਈ ਮੇਰੀਆਂ ਸ਼ੁਭ ਇਛਾਵਾਂ ਹਾਜ਼ਰ ਹਨ। ਜੇ ਤੁਹਾਨੂੰ ਮੌਕਾ ਮਿਲਿਆ ਤਾਂ ਮੈਨੂੰ ਕੁਝ ਚੰਗੀਆਂ ਕਿਤਾਬਾਂ ਭੇਜਣ ਦੀ ਤਕਲੀਫ ਉਠਾਉਣਾ। ਇਹ ਸੱਚ ਹੈ ਕਿ ਅਮਰੀਕਾ ਵਿਚ ਬਹੁਤ ਸਾਰਾ ਸਾਹਿਤ ਹੈ। ਬੇਸ਼ਕ ਇਸ ਸਮੇਂ ਤੁਸੀਂ ਆਪਣੀ ਪੜ੍ਹਾਈ ਵਿਚ ਮਗਨ ਹੋਵੋਗੇ।

ਸੈਨ ਫਰਾਂਸਿਸਕੋ ਵਗੈਰਾ ਵੱਲ ਸ਼ਾਇਦ ਸਰਦਾਰ ਜੀ (ਸਰਦਾਰ ਅਜੀਤ ਸਿੰਘ) ਬਾਰੇ ਕੋਈ ਜਾਣਕਾਰੀ ਹਾਸਲ ਹੋ ਸਕੇ, ਤੁਸੀਂ ਜ਼ਰੂਰ ਯਤਨ ਕਰਨਾ। ਘੱਟੋ ਘੱਟ ਉਨ੍ਹਾਂ ਦੇ ਜਿਉਂਦੇ ਹੋਣ ਦੀ ਤਸਦੀਕ ਤਾਂ ਹੋ ਜਾਵੇ। ਹੁਣ ਮੈਂ ਲਾਹੌਰ ਜਾ ਰਿਹਾ ਹਾਂ, ਜੇ ਤੁਹਾਨੂੰ ਸਮਾਂ ਮਿਲੇ ਤਾਂ ਮੈਨੂੰ ਚਿੱਠੀ ਲਿਖਣੀ। ਮੇਰਾ ਪਤਾ ਸੂਤਰ ਮੰਡੀ, ਲਾਹੌਰ ਦਾ ਹੈ।

ਹੋਰ ਕੀ ਲਿਖਾਂ? ਕੁਝ ਵੀ ਲਿਖਣ ਲਈ ਨਹੀਂ। ਮੇਰਾ ਹਾਲ ਵੀ ਅਜੀਬ ਹੈ, ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਹੈ। ਅੰਤ ਨੂੰ ਮੁਕੱਦਮਾ ਵਾਪਸ ਲੈ ਲਿਆ ਗਿਆ ਸੀ। ਬਾਅਦ ਵਿਚ ਮੈਨੂੰ ਫਿਰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਵਿਚ ਸੱਠ ਹਜ਼ਾਰ ਦੀ ਜ਼ਮਾਨਤ ਉਤੇ ਰਿਹਾ ਹੋਇਆ ਹਾਂ। ਅਜੇ ਤੱਕ ਮੇਰੇ ਖਿਲਾਫ ਕੋਈ ਮੁਕੱਦਮਾ ਦਰਜ ਨਹੀਂ ਹੋਇਆ ਅਤੇ ਜੇ ਖੁਦਾ ਨੇ ਚਾਹਿਆ ਤਾਂ ਹੋ ਵੀ ਨਹੀਂ ਸਕੇਗਾ। ਭਾਵੇਂ ਇਕ ਵਰ੍ਹਾ ਬੀਤਣ ਦੇ ਨੇੜੇ ਹੈ, ਪਰ ਮੈਂ ਅਜੇ ਤੱਕ ਜ਼ਮਾਨਤ ਵਾਪਸ ਨਹੀਂ ਲਈ। ਚਲੋ, ਜਿਵੇਂ ਰੱਬ ਨੂੰ ਮਨਜ਼ੂਰ। ਖਾਹਮਖਾਹ ਤੰਗ ਕਰਦੇ ਹਨ। ਭਾਈ ਸਾਹਿਬ ਪੂਰਾ ਦਿਲ ਲਾ ਕੇ ਆਪਣੀ ਪੜ੍ਹਾਈ ਨੂੰ ਜਾਰੀ ਰੱਖਣਾ।

ਤੁਹਾਡਾ ਆਗਿਆਕਾਰ

ਭਗਤ ਸਿੰਘ

---

"ਮੈਨੂੰ ਸਮੇਂ ਸਮੇਂ ਆਪਣੇ ਹਾਲ-ਚਾਲ ਬਾਰੇ ਲਿਖਦੇ ਰਹਿਣਾ, ਨਹੀਂ ਤਾਂ ਫਿਕਰ ਹੋ ਜਾਂਦਾ ਹੈ। ਦੁਆਵਾਂ ਦਿੰਦੀ, ਆਪ ਦੀ ਮਾਤਾ, ਅਰੂੜੀ।"

(ਇਹ ਸ਼ਬਦ ਚਿੱਠੀ ਦੇ ਉਤਲੇ ਪਾਸੇ ਅਮਰ ਚੰਦ ਦੀ ਮਾਤਾ ਜੀ ਵੱਲੋਂ ਲਿਖਵਾਏ ਗਏ ਹਨ)

---

"ਆਪਣੇ ਬਾਰੇ ਮੈਂ ਹੋਰ ਕੀ ਲਿਖਾਂ, ਸਰਕਾਰ ਵਲੋਂ ਖਾਹਮਖਾਹ ਮੇਰੇ 'ਤੇ ਸ਼ੱਕ ਕੀਤਾ ਜਾਂਦਾ ਹੈ। ਮੇਰੀਆਂ ਚਿੱਠੀਆਂ ਖੋਲ੍ਹ ਲਈਆਂ ਜਾਂਦੀਆਂ ਹਨ। ਪਤਾ ਨਹੀਂ ਕਿਉਂ ਮੈਂ ਇਸ ਕਦਰ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਜਾਣ ਲੱਗਾ ਹਾਂ। ਖੈਰ! ਭਰਾ ਮੇਰੇ, ਸੱਚਾਈ ਅੰਤ ਨੂੰ ਬਾਹਰ ਆ ਜਾਏਗੀ ਅਤੇ ਇਸ ਦੀ ਹੀ ਜਿੱਤ ਹੋਵੇਗੀ।"

(ਇਹ ਸ਼ਬਦ ਚਿੱਠੀ ਦੇ ਦੂਜੇ ਕੋਨੇ ਉਤੇ ਲਿਖੇ ਹੋਏ ਹਨ)

---

ਭਗਤ ਸਿੰਘ ਨੂੰ ਸ਼ਾਇਦ ਆਪਣੇ ਸਰੋਤਾਂ ਤੋਂ ਜਾਣਕਾਰੀ ਹੈ ਕਿ ਅਮਰੀਕਾ ਵਿਚ ਚੰਗਾ ਸਾਹਿਤ ਛਾਪਣ ਵਾਲੇ ਬਹੁਤ ਸਾਰੇ ਪਬਲਿਸ਼ਰ ਹਨ ਅਤੇ ਅਜਿਹੀਆਂ ਕਿਤਾਬਾਂ ਪੜ੍ਹਨ ਵਾਲੇ ਅਣਗਿਣਤ ਪਾਠਕ ਹਨ। ਉਹ ਅਮਰੀਕਾ ਵਿਚ ਛਪੀਆਂ ਕਈ ਕਿਤਾਬਾਂ ਪਹਿਲਾਂ ਹੀ ਨੈਸ਼ਨਲ ਕਾਲਜ, ਲਾਹੌਰ ਦੀ ਲਾਇਬਰੇਰੀ ਵਿਚ ਪੜ੍ਹ ਚੁਕਾ ਹੈ। ਇਸੇ ਕਰਕੇ ਉਹ ਲਿਖਦਾ ਹੈ, "ਅਮਰੀਕਾ ਵਿਚ ਵਧੀਆ ਸਾਹਿਤ ਆਮ ਮਿਲਦਾ ਹੈ।" ਭਾਵੇਂ ਉਸ ਨੂੰ ਇਲਮ ਹੈ ਕਿ ਗਿਆਨ ਦੇ ਅਥਾਹ ਸਮੁੰਦਰ ਨੂੰ ਡੀਕ ਲਾ ਕੇ ਨਹੀਂ ਪੀਤਾ ਜਾ ਸਕਦਾ, ਪਰ ਉਹ ਇਸ ਸਮੁੰਦਰ ਵਿਚ ਲਾਈ ਹਰ ਟੁੱਭੀ ਨੂੰ ਸਮਝ ਤੇ ਸੂਝ ਤਿੱਖੀ ਕਰਨ, ਮਨ-ਮਸਤਕ ਨੂੰ ਤਾਜ਼ਾ ਅਤੇ ਨਰੋਆ ਰੱਖਣ ਅਤੇ ਸਮਾਜ ਵਿਚ ਤਬਦੀਲੀ ਲਿਆਉਣ ਵਿਚ ਸਹਾਈ ਸਿੱਧ ਹੋਣ ਦੇ ਨਜ਼ਰੀਏ ਤੋਂ ਵੇਖਦਾ ਹੈ। ਇਸੇ ਕਰਕੇ ਉਹ ਆਪਣੇ ਵਿਦੇਸ਼ ਵੱਸਦੇ ਮਿੱਤਰ ਤੋਂ ਕਿਸੇ ਵੀ ਹੋਰ ਚੀਜ਼ ਦੀ ਮੰਗ ਨਹੀਂ ਕਰਦਾ, ਸਿਰਫ ਕਿਤਾਬਾਂ ਦੀ ਮੰਗ ਕਰਦਾ ਹੈ। ਉਹ ਇਸ ਉਮਰ ਤੱਕ ਪਹੁੰਚਦਿਆਂ ਖੁਦ ਸਾਹਿਤ ਦੇ ਸਮਾਜਕ ਤੇ ਸਭਿਆਚਾਰਕ ਯੋਗਦਾਨ ਤੋਂ ਚੰਗੀ ਤਰ੍ਹਾਂ ਵਾਕਫ ਹੋ ਚੁਕਾ ਹੈ। ਭਾਸ਼ਾ ਅਤੇ ਸਾਹਿਤ ਛੋਟੀ ਉਮਰ ਤੋਂ ਹੀ ਉਸ ਦੀ ਦਿਲਚਸਪੀ ਦੇ ਵਿਸ਼ੇ ਬਣ ਗਏ ਸਨ। ਇਨ੍ਹਾਂ ਵਿਸ਼ਿਆਂ ਬਾਰੇ ਉਸ ਨੇ ਬਹੁਤ ਕੁਝ ਪੜ੍ਹਿਆ ਸੀ ਅਤੇ ਫਿਰ ਪੰਜਾਬ ਦੀ ਭਾਸ਼ਾ ਸਮੱਸਿਆ ਬਾਰੇ ਇਕ ਲੰਮਾ ਲੇਖ ਲਿਖਿਆ ਸੀ, ਜੋ ਉਸ ਦੀ ਵਿਦਵਤਾ ਦਾ ਪ੍ਰਤੀਕ ਮੰਨਿਆ ਗਿਆ ਸੀ।

ਉਕਤ ਤੱਥ ਹੀ ਸਨ, ਜਿਨ੍ਹਾਂ ਕਰਕੇ ਭਗਤ ਸਿੰਘ ਨੇ ਦੇਸ਼, ਸਮਾਜ ਅਤੇ ਦੁਨੀਆਂ ਬਾਰੇ ਆਪਣੀ ਸਮਝ ਵਿਸ਼ਾਲ ਕਰਨ ਲਈ ਕਿਤਾਬਾਂ ਨੂੰ ਸਾਧਨ ਬਣਾਇਆ। ਉਸ ਦੇ ਦੋਸਤ ਵੀ ਉਹੀ ਬਣੇ, ਜੋ ਉਸ ਨਾਲ ਚੰਗੀਆਂ ਕਿਤਾਬਾਂ ਦਾ ਗਿਆਨ ਵੰਡਾਉਂਦੇ ਸਨ ਅਤੇ ਨਵਾਂ ਗਿਆਨ ਹਾਸਲ ਕਰਨ ਦੇ ਉਤਸੁਕ ਸਨ। ਸਕੂਲ ਅਤੇ ਕਾਲਜ ਦੇ ਸਮੇਂ ਤੋਂ ਪਈ ਗਿਆਨ ਹਾਸਲ ਕਰਨ ਦੀ ਇਹ ਖਬਤ ਉਸ ਦੀ ਸ਼ਖਸੀਅਤ ਦੀ ਪਛਾਣ ਬਣ ਕੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਦਾ ਅਹਿਮ ਰੋਲ ਅਦਾ ਕਰਨ ਲੱਗ ਪਈ ਸੀ।

ਉਹ ਕਿਤਾਬਾਂ ਰਾਹੀਂ ਪੜ੍ਹ ਚੁਕਾ ਸੀ ਕਿ ਸਮਾਜਕ ਤਬਦੀਲੀ ਲਈ ਚੰਗੇ ਸਾਹਿਤ ਦੀ ਕਿੰਨੀ ਲੋੜ ਹੁੰਦੀ ਹੈ। ਇਹ ਗਿਆਨ ਹਾਸਲ ਕਰਨ ਪਿੱਛੋਂ ਹੀ ਉਸ ਨੇ ਲਿਖਿਆ ਸੀ ਕਿ ਇਟਲੀ ਦੇ ਆਗੂ ਗੁਸੇਪ ਮਾਜ਼ਿਨੀ ਵੱਲੋਂ ਉਥੋਂ ਦੇ ਸਭਿਆਚਾਰ ਤੇ ਸਾਹਿਤ ਨੂੰ ਲਗਾਤਾਰ ਤਿੰਨ ਦਹਾਕਿਆਂ ਤੱਕ ਉਤਸ਼ਾਹਿਤ ਕਰਦੇ ਰਹਿਣ ਕਰਕੇ ਹੀ ਪਿਛੋਂ ਜੀ. ਗੈਰੀਬਾਲਡੀ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਸਕਿਆ। ਉਹ ਇਹ ਵੀ ਲਿਖ ਚੁਕਾ ਸੀ ਕਿ ਫਰਾਂਸ ਵਿਚ ਸਮਾਜਕ ਇਨਕਲਾਬ ਲਿਆਉਣਾ ਅਸੰਭਵ ਹੋ ਜਾਂਦਾ, ਜੇ ਰੂਸੋ ਅਤੇ ਵੋਲਟਾਇਰ ਜਿਹੇ ਲੇਖਕਾਂ ਦਾ ਸਾਹਿਤ ਮੁਹੱਈਆ ਨਾ ਹੁੰਦਾ ਅਤੇ ਜੇ ਤਾਲਸਤਾਇ, ਕਾਰਲ ਮਾਰਕਸ ਅਤੇ ਮੈਕਸਿਮ ਗੋਰਕੀ ਹੋਰਾਂ ਨੇ ਆਪਣੀ ਉਮਰ ਦੇ ਬਹੁਤ ਸਾਰੇ ਕੀਮਤੀ ਵਰ੍ਹੇ ਨਵਾਂ ਸਾਹਿਤ ਪੈਦਾ ਕਰਨ ਵਿਚ ਨਾ ਝੋਕੇ ਹੁੰਦੇ ਤਾਂ ਰੂਸ ਵਿਚ ਇਨਕਲਾਬ ਨਾ ਵਾਪਰ ਸਕਦਾ। ਇਸ ਤਰ੍ਹਾਂ ਸਾਹਿਤ ਦੀ ਜ਼ਬਰਦਸਤ ਸ਼ਕਤੀ ਨੂੰ ਸਮਝਦਿਆਂ ਹੀ ਭਗਤ ਸਿੰਘ ਆਪਣੇ ਮਿੱਤਰ ਅਮਰ ਚੰਦ ਨੂੰ ਹਥਲੀ ਚਿੱਠੀ ਵਿਚ ਚੰਗਾ ਸਾਹਿਤ ਭੇਜਣ ਦੀ ਤਾਕੀਦ ਕਰਦਾ ਹੈ।



ਬੇੜੀਆਂ ਪਾ ਕੇ, ਮੰਜੇ ਉਤੇ ਬੈਠੇ ਭਗਤ ਸਿੰਘ ਦੀ ਇਹ ਫੋਟੋ 29 ਮਈ 1927 ਨੂੰ ਗ੍ਰਿਫਤਾਰੀ ਸਮੇਂ ਪੁਲਿਸ ਵਲੋਂ ਖਿੱਚੀ ਗਈ ਸੀ।

ਭਗਤ ਸਿੰਘ ਆਪਣੇ ਦੋਸਤਾਂ ਵਲੋਂ ਵਿਦੇਸ਼ ਵਿਚ ਜਾ ਕੇ ਉਚ ਸਿਖਿਆ ਪ੍ਰਾਪਤ ਕਰਨ ਉਤੇ ਖੁਸ਼ ਹੁੰਦਾ ਹੈ, ਪਰ ਨਾਲ ਹੀ ਉਹ ਆਪਣੇ ਦੋਸਤਾਂ ਦੀ ਆਰਥਕ ਹਾਲਤ ਅਤੇ ਵਿਦੇਸ਼ਾਂ ਵਿਚ ਪੜ੍ਹਾਈ ਦੇ ਵੱਡੇ ਖਰਚਿਆਂ ਤੋਂ ਭਲੀਭਾਂਤ ਜਾਣੂ ਹੈ। ਇਸੇ ਕਰਕੇ ਸਾਧਨਾਂ ਤੋਂ ਮੁਥਾਜ ਆਪਣੇ ਦੋਸਤ ਕਰਮ ਸਿੰਘ ਦੀ ਅਗਲੇਰੀ ਪੜ੍ਹਾਈ ਦੀ ਚਿੰਤਾ ਵੀ ਕਰਦਾ ਹੈ। ਫਿਰ ਵੀ ਉਸ ਦੀ ਸੋਚ ਹਾਂ-ਪੱਖੀ ਹੀ ਰਹਿੰਦੀ ਹੈ ਤੇ ਸੋਚਦਾ ਹੈ ਕਿ ਕਰਮ ਸਿੰਘ ਦਾ ਕੋਈ ਹੀਲਾ ਵਸੀਲਾ ਜ਼ਰੂਰ ਬਣ ਜਾਵੇਗਾ। ਇਥੇ ਅਸੀਂ ਉਸ ਦੇ ਅੰਦਰ ਦੂਜਿਆਂ ਬਾਰੇ ਚਿੰਤਾ ਕਰਨ ਅਤੇ ਭਵਿੱਖ ਬਾਰੇ ਆਸਵੰਦ ਰਹਿਣ ਜਿਹੇ ਗੁਣਾਂ ਨੂੰ ਵੀ ਵਿਕਸਿਤ ਹੋਇਆ ਤੱਕਦੇ ਹਾਂ, ਜੋ ਹੌਲੀ ਹੌਲੀ ਉਸ ਦੀ ਸ਼ਖਸੀਅਤ ਵਿਚ ਰਚ-ਮਿਚ ਰਹੇ ਸਨ। ਇਨ੍ਹਾਂ ਗੁਣਾਂ ਦਾ ਵਿਕਾਸ ਕਰਕੇ ਹੀ ਉਹ ਆਪਣੇ ਜੀਵਨ ਦੇ ਬਹੁਤ ਸਾਰੇ ਅਹਿਮ ਫੈਸਲੇ ਲੈਣ ਵਿਚ ਸਫਲ ਹੋ ਸਕਿਆ।

ਇਥੇ ਇਹ ਗੱਲ ਕਰਨੀ ਵਾਜਬ ਰਹੇਗੀ ਕਿ ਜੇ ਭਗਤ ਸਿੰਘ ਆਪਣੇ ਬਚਪਨ ਦੀ, ਵਿਦੇਸ਼ ਵਿਚ ਜਾ ਕੇ ਉਚ ਸਿੱਖਿਆ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਖਾਹਿਸ਼ ਪੂਰੀ ਕਰਨ 'ਤੇ ਤੁਲ ਜਾਂਦਾ ਤਾਂ ਉਹ ਸਹਿਜੇ ਹੀ ਇਸ ਮੁਕਾਮ ਨੂੰ ਹਾਸਲ ਕਰ ਸਕਦਾ ਸੀ, ਕਿਉਂਕਿ ਨਾ ਤਾਂ ਉਸ ਨੂੰ ਆਰਥਕ ਪੱਖੋਂ ਕੋਈ ਤੰਗੀ ਸੀ ਅਤੇ ਨਾ ਹੀ ਕੋਈ ਹੋਰ ਰੁਕਾਵਟ। ਉਹ ਪੜ੍ਹਾਈ ਪੱਖੋਂ ਵੀ ਚੰਗਾ ਸੀ, ਪਰ ਉਸ ਨੇ ਕਰੋੜਾਂ ਦੇਸ਼ ਵਾਸੀਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਮਕਸਦ ਨਾਲ ਆਪਣੀ ਇਹ ਖਾਹਿਸ਼ ਤਿਆਗ ਦਿੱਤੀ। ਉਸ ਨੇ ਆਪਣੇ ਸੁੱਖ ਆਰਾਮ ਦੀ ਥਾਂ ਆਪਣੇ ਦੇਸ਼ ਦੀ ਜਨਤਾ ਦੇ ਸੁਖ ਆਰਾਮ ਦਾ ਖਿਆਲ ਕਰਦਿਆਂ ਆਪਣੇ ਜੀਵਨ ਵਿਚ ਕੁਰਬਾਨੀ ਦਾ ਜਜ਼ਬਾ ਪਰਪੱਕ ਕਰਨ ਨੂੰ ਪਹਿਲ ਦਿੱਤੀ, ਜੋ ਉਸ ਨੂੰ ਵਿਰਾਸਤ ਵਿਚ ਮਿਲਿਆ ਸੀ।

ਭਗਤ ਸਿੰਘ ਦੇ ਦਾਦਾ ਅਰਜਨ ਸਿੰਘ ਨੇ ਆਰੀਆ ਸਮਾਜ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਮਹਾਤਮਾ ਗਾਂਧੀ ਦੀ ਅਗਵਾਈ ਹੇਠਾਂ ਚੱਲੀ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲਿਆ ਸੀ। ਫਿਰ ਇਸੇ ਵਿਰਾਸਤ ਤੋਂ ਪ੍ਰਭਾਵਿਤ ਹੋ ਕੇ ਸ. ਅਰਜਨ ਸਿੰਘ ਦੇ ਤਿੰਨੇ ਪੁੱਤਰ-ਸ. ਕਿਸ਼ਨ ਸਿੰਘ, ਸ. ਸਵਰਨ ਸਿੰਘ ਅਤੇ ਸ. ਅਜੀਤ ਸਿੰਘ ਅੰਗਰੇਜ਼ ਹਕੂਮਤ ਦੇ ਅਨਿਆਂ ਅਤੇ ਜ਼ੁਲਮਾਂ ਦੇ ਖਿਲਾਫ ਡਟੇ ਸਨ। ਦੂਜੇ ਪਾਸੇ ਭਗਤ ਸਿੰਘ ਸਾਹਮਣੇ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਵਿਰਾਸਤ ਸੀ, ਜਿਸ ਵਿਚ ਜ਼ੁਲਮ ਸਹਿਣ ਨੂੰ ਕਾਇਰਤਾ ਮੰਨਿਆ ਗਿਆ ਸੀ। ਜਿਸ ਵਿਚ ਬਾਬੇ ਨਾਨਕ ਜਿਹੇ ਸ਼ਾਂਤੀ ਦੇ ਪੁਜਾਰੀ ਨੇ ਵੀ ਬਾਬਰ ਜਿਹੇ ਤਾਕਤਵਰ ਹਮਲਾਵਰ ਦੇ ਜ਼ੁਲਮਾਂ ਦੇ ਕਿੱਸੇ ਬਿਨਾ ਕਿਸੇ ਭੈਅ ਤੋਂ ਪਿੰਡ-ਪਿੰਡ ਜਾ ਕੇ ਸੁਣਾਏ ਸਨ ਤੇ ਭਾਰਤੀਆਂ ਨੂੰ ਵੀ ਬਹਾਦਰ ਬਣ ਕੇ ਜੀਵਨ ਜਿਉਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਸੀ, 'ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥ ਇਤ ਮਾਰਗ ਪੈਰ ਧਰੀਜੈ॥ ਸਿਰ ਦੀਜੈ ਕਾਣ ਨਾ ਕੀਜੈ॥'

ਇਸ ਤੋਂ ਇਲਾਵਾ ਭਗਤ ਸਿੰਘ ਦੇਸ਼ ਦੀ ਆਜ਼ਾਦੀ ਲਈ ਉਠੀਆਂ ਲਹਿਰਾਂ ਬਾਰੇ ਵੀ ਜਾਣ ਚੁਕਾ ਸੀ। ਇਸ ਸਾਰੀ ਵਿਰਾਸਤ ਨੇ ਉਸ ਨੂੰ ਬਲ ਦਿੱਤਾ ਸੀ, ਜਿਸ ਨੇ ਉਸ ਅੰਦਰ ਚੱਟਾਨੀ ਜਜ਼ਬੇ ਅਤੇ ਦੂਰ-ਅੰਦੇਸ਼ ਸੋਚ ਨੂੰ ਵਿਕਸਿਤ ਕੀਤਾ ਸੀ। ਉਸ ਨੇ ਇਸੇ ਵਿਰਾਸਤ ਸਦਕਾ ਉਸ ਵਿਸ਼ਾਲ ਸਾਮਰਾਜ ਨਾਲ ਟਕਰਾਉਣ ਵਾਲਾ ਰਸਤਾ ਚੁਣਨ ਦਾ ਹੌਸਲਾ ਕੀਤਾ, ਜਿਸ ਸਾਮਰਾਜ ਵਿਚ ਕਦੇ ਸੂਰਜ ਨਹੀਂ ਸੀ ਡੁੱਬਦਾ।

ਚਿੱਠੀ ਦੇ ਅਗਲੇ ਪੈਰੇ ਵਿਚ ਭਗਤ ਸਿੰਘ ਆਪਣੇ ਦੋਸਤ ਅਮਰ ਚੰਦ ਦੀ ਤਵੱਜੋ ਉਸ ਗੱਲ ਵੱਲ ਦਿਵਾਉਂਦਾ ਹੈ, ਜੋ ਕਈ ਵਰ੍ਹਿਆਂ ਤੋਂ ਉਸ ਦੇ ਮਨ-ਮਸਤਕ ਦਾ ਹਿੱਸਾ ਬਣ ਕੇ ਉਸ ਨੂੰ ਪ੍ਰੇਸ਼ਾਨ ਕਰ ਰਹੀ ਸੀ। ਉਹ ਸੀ, ਉਸ ਦੇ ਚਾਚਾ ਅਜੀਤ ਸਿੰਘ ਦਾ ਘਰਦਿਆਂ ਨਾਲੋਂ ਸੰਪਰਕ ਟੁੱਟ ਜਾਣਾ। ਉਹ ਆਪਣੇ ਦੋਸਤ ਸਿਰ ਚਾਚਾ ਜੀ ਨੂੰ ਲੱਭਣ ਦੀ ਜਿੰਮੇਵਾਰੀ ਪਾਉਂਦਾ ਹੈ। ਚਿੱਠੀ ਦੇ ਇਨ੍ਹਾਂ ਸ਼ਬਦਾਂ ਦੀ ਗੰਭੀਰਤਾ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਸਾਰਾ ਪਰਿਵਾਰ ਕਿਸ ਤਰ੍ਹਾਂ ਸਰਦਾਰ ਅਜੀਤ ਸਿੰਘ ਦਾ ਥਹੁ-ਪਤਾ ਲਾਉਣ ਲਈ ਤਰਲੋ-ਮੱਛੀ ਹੋ ਰਿਹਾ ਸੀ; 'ਸਾਡੇ ਲਈ ਇਤਨਾ ਹੀ ਕਾਫੀ ਹੈ, ਜੇ ਉਨ੍ਹਾਂ ਦੇ ਜਿਉਂਦੇ ਹੋਣ ਦੀ ਤਸਦੀਕ ਹੋ ਜਾਵੇ।'

ਸ. ਅਜੀਤ ਸਿੰਘ ਨੂੰ ਸਰਕਾਰ ਨੇ ਦੇਸ਼ ਨਿਕਾਲਾ ਦੇ ਦਿੱਤਾ ਸੀ ਅਤੇ ਹੁਣ ਕਾਫੀ ਦੇਰ ਤੋਂ ਉਨ੍ਹਾਂ ਦੀ ਕੋਈ ਉਘ-ਸੁੱਘ ਨਹੀਂ ਸੀ ਮਿਲੀ। ਸਾਰਾ ਪਰਿਵਾਰ ਹਮੇਸ਼ਾ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਸੀ। ਉਸ ਨੇ ਆਪਣੀ ਚਾਚੀ ਹੁਕਮ ਕੌਰ ਨੂੰ ਵੀ ਚਾਚਾ ਜੀ ਦੀ ਉਡੀਕ ਵਿਚ ਕਾਂਵਾਂ ਨੂੰ ਚੂਰੀਆਂ ਖੁਆ ਕੇ ਬਨੇਰਿਆਂ ਤੋਂ ਉਡਾਉਂਦਿਆਂ ਤੱਕਿਆ ਸੀ। ਭਗਤ ਸਿੰਘ ਨੂੰ ਆਪਣੇ ਚਾਚਾ ਜੀ ਨਾਲ ਬਿਤਾਏ ਪਲ ਇਕ ਇਕ ਕਰਕੇ ਯਾਦ ਆਉਂਦੇ ਰਹਿੰਦੇ ਤੇ ਉਹ ਹਮੇਸ਼ਾ ਚਾਹੁੰਦਾ ਰਹਿੰਦਾ ਕਿ ਚਾਚਾ ਜੀ ਤੋਂ ਪਾਬੰਦੀਆਂ ਖਤਮ ਹੋ ਜਾਣ ਅਤੇ ਉਹ ਸੁੱਖੀ-ਸਾਂਦੀ ਘਰ ਪਰਤ ਆਉਣ। ਉਹ ਆਪਣੇ ਪਰਿਵਾਰ ਵਿਚ ਆਦਮੀਆਂ ਦੀ ਥੁੜ੍ਹ ਵੀ ਮਹਿਸੂਸ ਕਰਦਾ ਸੀ।

ਸ. ਅਜੀਤ ਸਿੰਘ ਤੋਂ ਛੋਟੇ ਸ. ਸਵਰਨ ਸਿੰਘ ਕਈ ਸਾਲ ਪਹਿਲਾਂ ਜੇਲ੍ਹ ਵਿਚ ਹੀ ਸ਼ਹੀਦ ਹੋ ਚੁਕੇ ਸਨ। ਸ. ਕਿਸ਼ਨ ਸਿੰਘ ਨੂੰ ਰਾਜਸੀ ਸਰਗਰਮੀਆਂ ਵਿਚ ਹਿੱਸਾ ਲੈਣ ਕਰਕੇ ਕਈ ਕਈ ਦਿਨ ਘਰ ਤੋਂ ਬਾਹਰ ਰਹਿਣਾ ਪੈਂਦਾ ਸੀ ਅਤੇ ਦਾਦਾ ਸ. ਅਰਜਨ ਸਿੰਘ ਉਮਰ ਦੇ ਤਕਾਜ਼ੇ ਕਰਕੇ ਬਹੁਤੀ ਭੱਜ-ਨੱਠ ਨਹੀਂ ਸਨ ਕਰ ਸਕਦੇ। ਇਕ ਭਗਤ ਸਿੰਘ ਹੀ ਸੀ, ਜੋ ਨੌਜਵਾਨ ਹੋਣ ਕਰਕੇ ਘਰ ਦੀਆਂ ਜਿੰਮੇਵਾਰੀਆਂ ਚੁੱਕ ਸਕਦਾ ਸੀ, ਪਰ ਉਹ ਖੁਦ ਪਰਿਵਾਰ ਦੀ ਦੇਸ਼ ਭਗਤਕ ਵਿਰਾਸਤ ਨੂੰ ਨਵੀਂਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਘਰ ਤੋਂ ਬਾਹਰ ਰਹਿਣ ਦਾ ਮਨ ਬਣਾ ਰਿਹਾ ਸੀ।

ਜਲਾਵਤਨੀ ਪਿਛੋਂ ਕਈ ਵਰ੍ਹੇ ਬੀਤ ਜਾਣ ਉਪਰੰਤ ਵੀ ਸ. ਅਜੀਤ ਸਿੰਘ ਦੀ ਕੋਈ ਖਬਰ ਸਾਰ ਨਾ ਮਿਲਣ ਕਰਕੇ ਪਰਿਵਾਰ ਦੀ ਉਨ੍ਹਾਂ ਨੂੰ ਮਿਲਣ ਦੀ ਆਸ ਤਾਂ ਕੀ, ਉਨ੍ਹਾਂ ਦੇ ਜ਼ਿੰਦਾ ਹੋਣ ਦੇ ਆਸਾਰ ਵੀ ਮੱਧਮ ਪੈਣ ਲੱਗ ਪਏ ਸਨ। (ਸ਼ਾਇਦ ਉਹ ਇਸ ਕਰਕੇ ਪਿਛਲੇ ਪਰਿਵਾਰ ਨਾਲ ਕੋਈ ਰਾਬਤਾ ਨਹੀਂ ਸਨ ਬਣਾ ਰਹੇ ਕਿ ਕਿਤੇ ਪਰਿਵਾਰ ਹੋਰ ਮੁਸ਼ਕਿਲ ਵਿਚ ਨਾ ਫਸ ਜਾਵੇ)

ਚਿੱਠੀ ਤੋਂ ਜਾਪਦਾ ਹੈ ਕਿ ਭਗਤ ਸਿੰਘ ਉਸ ਵੇਲੇ ਤੱਕ ਗਦਰ ਪਾਰਟੀ ਦਾ ਇਤਿਹਾਸ ਚੰਗੀ ਤਰ੍ਹਾਂ ਪੜ੍ਹ ਚੁਕਾ ਸੀ ਅਤੇ ਇਸ ਗੱਲ ਦੀ ਖੋਜ ਕਰ ਚੁਕਾ ਸੀ ਕਿ ਅਮਰੀਕਾ ਦਾ ਸ਼ਹਿਰ ਸੈਨ ਫਰਾਂਸਿਸਕੋ ਗਦਰ ਲਹਿਰ ਦਾ ਕੇਂਦਰ ਕਿਸ ਤਰ੍ਹਾਂ ਬਣਿਆ? ਉਹ ਇਹ ਵੀ ਪਤਾ ਲਾ ਚੁਕਾ ਸੀ ਕਿ ਇਸ ਸ਼ਹਿਰ ਅਤੇ ਇਸ ਦੇ ਆਸੇ ਪਾਸੇ ਭਾਰਤ ਦੀ ਆਜ਼ਾਦੀ ਦੀ ਤਾਂਘ ਰੱਖਣ ਵਾਲੇ ਬਹੁਤ ਸਾਰੇ ਦੇਸ਼ ਭਗਤ ਆਬਾਦ ਹਨ। ਇਸੇ ਕਰਕੇ ਭਗਤ ਸਿੰਘ ਨੂੰ ਅੰਦਾਜ਼ਾ ਸੀ ਕਿ ਜੇ ਸ. ਅਜੀਤ ਸਿੰਘ ਸਹੀ ਸਲਾਮਤ ਹਨ ਤਾਂ ਉਹ ਇਸ ਸ਼ਹਿਰ ਜਾਂ ਇਸ ਦੇ ਨੇੜੇ ਤੇੜੇ ਤੋਂ ਹੀ ਆਪਣੀਆਂ ਕਾਰਵਾਈਆਂ ਨੂੰ ਅੰਜਾਮ ਦਿੰਦੇ ਹੋਣਗੇ।

ਚਿੱਠੀ ਦੇ ਆਖਰੀ ਪੈਰੇ ਅਤੇ ਹਾਸ਼ੀਏ ਉਤੇ ਲਿਖੀ ਇਬਾਰਤ ਵਿਚ ਭਗਤ ਸਿੰਘ ਆਪਣੇ ਨਿਜੀ ਹਾਲਾਤ ਅਤੇ ਦੁਸ਼ਵਾਰੀਆਂ ਨੂੰ ਵੀ ਬਿਆਨਦਾ ਹੈ, ਜੋ ਉਸ ਵਲੋਂ ਆਪਣੇ ਲਈ ਬਿਖੜਾ ਤੇ ਨਿਰਾਲਾ ਰਾਹ ਚੁਣਨ ਕਰਕੇ ਪੇਸ਼ ਆਈਆਂ। ਉਸ ਨੇ ਚਿੱਠੀ ਵਿਚ ਦੋ ਮੁਕੱਦਮਿਆਂ ਦਾ ਜ਼ਿਕਰ ਕੀਤਾ ਹੈ। ਪਹਿਲਾ ਮੁਕੱਦਮਾ ਸਰਕਾਰ ਨੇ ਉਸ ਉਤੇ ਕ੍ਰਿਮੀਨਲ ਲਾਅ

(ਬਾਕੀ ਅਗਲੇ ਸਫੇ 'ਤੇ)

# ਸੁਖਦੇਵ ਅਤੇ ਭਗਤ ਸਿੰਘ ਦਾ ਸਾਂਝਾ ਬਚਪਨ

***ਅੱਜ ਤੋਂ 89 ਵਰ੍ਹੇ ਪਹਿਲਾਂ ਅੰਗਰੇਜ਼ ਹਾਕਮਾਂ ਨੇ 23 ਮਾਰਚ 1931 ਨੂੰ ਭਾਰਤੀ ਸਿਆਸਤ ਦੇ ਨੌਜਵਾਨ ਅਗਵਾਨੂੰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਲਾ ਦਿੱਤਾ ਸੀ। ਇਨ੍ਹਾਂ ਸ਼ਹੀਦਾਂ ਵਲੋਂ ਉਸ ਵਕਤ ਅੰਗਰੇਜ਼ ਹਾਕਮਾਂ ਖਿਲਾਫ ਛੇੜੀ ਜੰਗ ਬਾਰੇ ਚਰਚਾ ਅੱਜ ਵੀ ਭਰਪੂਰ ਰੂਪ ਵਿਚ ਹੁੰਦੀ ਹੈ। ਗਦਰੀਆਂ ਅਤੇ ਹੋਰ ਦੇਸ਼ ਭਗਤਾਂ ਬਾਰੇ ਬੇਅੰਤ ਅਤੇ ਲਗਾਤਾਰ ਕੰਮ ਕਰਨ ਵਾਲੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਇਸ ਲੇਖ ਵਿਚ ਭਗਤ ਸਿੰਘ ਅਤੇ ਸੁਖਦੇਵ ਬਾਰੇ ਕੁਝ ਦਿਲਚਸਪ ਕਿੱਸੇ ਬਿਆਨ ਕੀਤੇ ਹਨ। -ਸੰਪਾਦਕ***

ਨਹਿਰੀ ਪਾਣੀਆਂ ਨਾਲ ਸਿੰਜੀ ਲਾਇਲਪੁਰ ਦੀ ਬੰਜਰ ਧਰਤੀ। 1907 ਦੌਰਾਨ ਲੋਕ ਲਹਿਰ 'ਪਗੜੀ ਸੰਭਾਲ ਜੱਟਾ' ਉਥੇ ਹੀ ਮੌਲੀ ਸੀ। ਉਧਰ ਮੁਗਲ ਕਾਲ ਵੇਲੇ ਭਗਤ ਸਿੰਘ ਦਾ ਕੋਈ ਪੁਰਖਾ ਤਰਨ ਤਾਰਨ ਨੇੜੇ ਨਾਰਲੀਓਂ ਵਡੇਰੇ ਦੇ ਫੁੱਲ ਤਾਰਨ ਲਈ ਹਰਿਦੁਆਰ ਨੂੰ ਚੱਲਿਆ। ਉਹ ਰਾਹ ਵਿਚ ਇਕ ਰਾਤ ਬੰਗੇ ਲਾਗੇ ਖਟਕੜੀ, ਸਰਦਾਰ ਦੀ ਹਵੇਲੀ ਵਿਚ ਠਹਿਰਿਆ। ਵਾਪਸੀ 'ਤੇ ਵੀ ਟਿਕਿਆ। ਫਿਰ ਉਸ ਦਾ ਰਿਸ਼ਤਾ ਉਥੇ ਹੀ ਸਰਦਾਰ ਦੀ ਇਕਲੌਤੀ ਧੀ ਨਾਲ ਤੈਅ ਹੋ ਗਿਆ ਅਤੇ ਉਹ ਉਥੇ ਮਾਲਕ-ਜਵਾਈ ਵਜੋਂ ਆ ਵੱਸਿਆ।

ਚਿਰਾਂ ਪਿੱਛੋਂ ਭਗਤ ਸਿੰਘ ਦੇ ਬਾਬੇ ਅਰਜਨ ਸਿੰਘ ਨੇ ਚੜ੍ਹਦੀ ਸਦੀ ਵਿਚ ਬਾਰ ਦੀ ਮੋਕਲੀ



ਨਹਿਰ ਸਿੰਜੀ ਧਰਤੀ ਬੰਗੇ ਚੱਕ 105 ਵਿਚ ਜਾ ਹਲ ਜੋਤੇ ਤੇ ਉਥੇ ਹੀ 28 ਸਤੰਬਰ 1907 ਨੂੰ ਭਗਤ ਸਿੰਘ ਜਨਮਿਆ। ਉਸੇ ਵਰ੍ਹੇ ਹੀ, ਭਾਵ 19 ਫਰਵਰੀ

**ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ**

1907 ਨੂੰ ਆਪਣੇ ਜੱਦੀ ਸ਼ਹਿਰ ਲੁਧਿਆਣੇ ਦੇ ਘੁੱਗ ਵਸਦੇ ਮੁਹੱਲੇ 'ਨੌਂ ਘਰੇ' ਵਿਚ ਸੁਖਦੇਵ ਜਨਮਿਆ ਪਰ ਸੰਜੋਗ ਉਸ ਨੂੰ ਵੀ ਤਿੰਨੀਂ ਵਰ੍ਹੀਂ ਲਾਇਲਪੁਰ ਨੂੰ ਹੀ ਲੈ ਤੁਰੇ। ਪਿਤਾ ਦੇ ਸਦੀਵੀ ਵਿਛੋੜੇ ਪਿੱਛੋਂ, ਤਾਏ ਅਚਿੰਤ ਰਾਮ ਕੋਲ ਜਿਸ ਦੀ ਵੱਡੀ ਚਿੰਤਾ ਸੀ ਦੇਸ਼, ਭਾਵੇਂ ਸੀ ਵਪਾਰੀ, ਉਹ ਵੀ ਖੇਤੀ ਜਿਣਸਾਂ ਦਾ। ਤੇ ਫਿਰ ਤਾਰਾਂ ਜੁੜਦੀਆਂ-ਜੁੜਦੀਆਂ ਭਗਤ ਸਿੰਘ ਦੇ ਵਿਦਰੋਹੀ ਪਰਿਵਾਰ ਨਾਲ ਜੁੜ ਗਈਆਂ। ਭਾਰਤ ਮਾਤਾ ਸੁਸਾਇਟੀ ਅਤੇ 1907 ਦੀ ਲੋਕ ਲਹਿਰ ਕਾਰਨ ਦੋਹਾਂ ਪਰਿਵਾਰਾਂ ਦੀ ਸਾਂਝ ਸੀ।

ਭਗਤ ਸਿੰਘ ਦਾ ਪਰਿਵਾਰ ਆਰੀਆ ਸਮਾਜੀ ਤੇ ਅਗਾਂਹਵਧੂ ਸੀ ਅਤੇ ਲਾਲਾ ਅਚਿੰਤ ਰਾਮ ਵੀ ਉਸੇ ਰੰਗ ਵਿਚ ਹੀ ਰੰਗੇ ਹੋਏ ਸਨ। ਜਦੋਂ ਵੀ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਜਾਂ ਦਾਦਾ ਲਾਇਲਪੁਰ ਆਉਂਦੇ ਤਾਂ ਸੁਖਦੇਵ ਦੀ ਆੜ੍ਹਤ ਦੀ ਦੁਕਾਨ ਹੀ ਉਨ੍ਹਾਂ ਦਾ ਅੱਡਾ ਹੁੰਦੀ, ਜਿਥੇ ਅਕਸਰ ਉਸ ਦਾ ਚਾਚਾ ਵਲੀ ਰਾਮ ਹੁੰਦਾ ਅਤੇ ਦੋਵੇਂ ਬਾਲਕ ਖੇਡਦੇ ਰਹਿੰਦੇ। ਵਡੇਰਿਆਂ ਦੀ ਇਸੇ ਸਾਂਝ ਵਿਚ ਹੀ ਭਗਤ ਸਿੰਘ ਅਤੇ ਸੁਖਦੇਵ ਦੀ ਹਰ ਪੱਖੋਂ ਬੇਮਿਸਾਲ, ਧੁਰ ਦੀ ਸਾਂਝ ਵਿਗਸੀ।

ਜਿਵੇਂ ਸੁਖਦੇਵ ਹੋਸ਼ ਸੰਭਾਲਣ ਵੇਲੇ ਤੋਂ ਹੀ ਆਪਣੇ ਤਾਏ ਕੋਲੋਂ ਲੋਕ ਲਹਿਰਾਂ ਬਾਰੇ ਸਮਝਣ ਲੱਗ ਪਿਆ ਸੀ, ਉਵੇਂ ਹੀ ਭਗਤ ਸਿੰਘ ਵੀ ਘਰ ਵਿਚ ਆਉਂਦੇ-ਜਾਂਦੇ ਦੇਸ਼ ਭਗਤਾਂ ਵਾਲੇ ਮਾਹੌਲ ਵਿਚ ਆਪਣੀਆਂ ਦੋਹਾਂ ਦੁੱਖਾਂ ਮਾਰੀਆਂ ਚਾਚੀਆਂ ਦਾ ਲਾਡ-ਪਿਆਰ ਮਾਣਨ ਦੇ ਨਾਲ ਨਾਲ ਉਨ੍ਹਾਂ ਦੇ ਦੁੱਖ ਲਈ ਦੋਸ਼ੀ ਵਿਦੇਸ਼ੀ ਰਾਜ ਵਿਰੁੱਧ ਵਿਹੁ ਵੀ ਘੋਲਦਾ ਰਹਿੰਦਾ, ਠਿੱਲ੍ਹਿਆ ਉਸੇ ਰਾਹ ਹੀ।

ਲਾਡ-ਪਿਆਰ ਦੀ ਘਾਟ ਦੋਹਾਂ ਵਿਚੋਂ ਕਿਸੇ ਨੂੰ ਵੀ ਨਹੀਂ ਸੀ ਰਹੀ, ਪਰ ਲੋੜ ਤੋਂ ਵੱਧ ਪਿਆਰ ਨੇ ਸੁਖਦੇਵ ਨੂੰ ਜ਼ਿੱਦੀ ਤੇ ਅੜੀਅਲ ਜਿਹਾ ਬਣਾ ਦਿੱਤਾ, ਜੋ ਅੱਗੇ ਜਾ ਕੇ ਕਈ ਸਾਥੀਆਂ ਨੂੰ ਵੀ ਰੜਕਦਾ ਰਿਹਾ ਤੇ ਉਸ ਬਾਰੇ ਕਈ ਨਿਰਮੂਲ ਭੁਲੇਖਿਆਂ ਦਾ ਵੀ ਕਾਰਨ ਬਣਿਆ ਸੀ, ਪਰ ਭਗਤ ਸਿੰਘ ਕੁਝ ਲਚੀਲਾ ਤੇ ਚੁਲਬੁਲਾ ਸੀ।

ਇਕ ਲਿਹਾਜ਼ ਨਾਲ ਭਗਤ ਸਿੰਘ ਅਤੇ ਸੁਖਦੇਵ ਇਕ-ਦੂਜੇ ਦੇ ਪੂਰਕ ਸਨ, ਜੋ ਲਗਾਤਾਰ ਆਪੋ ਵਿਚ ਖਹਿਬੜਦੇ ਵੀ ਰਹੇ ਅਤੇ ਇਕ-ਦੂਜੇ ਦੇ ਸਾਹ ਵਿਚ ਸਾਹ ਵੀ ਲੈਂਦੇ ਰਹੇ।

ਦੋਹਾਂ ਦੀ ਉਮਰ ਦੇ ਬਾਰ੍ਹਵੇਂ ਸਾਲ ਜਲ੍ਹਿਆਂਵਾਲਾ ਬਾਗ ਕਹਿਰ ਵਰਤਿਆ ਅਤੇ ਦੋਹਾਂ ਦੀਆਂ ਬਾਲ ਰੂਹਾਂ ਵਲੂੰਧਰੀਆਂ ਗਈਆਂ। ਲਾਹੌਰ ਤੋਂ ਸਕੂਲ ਛੱਡ ਕੇ ਭਗਤ ਸਿੰਘ ਘੱਲੂਘਾਰੇ ਦੇ ਅਗਲੇ ਦਿਨ ਅੰਮ੍ਰਿਤਸਰ ਜਲ੍ਹਿਆਂਵਾਲੇ ਦੀ ਲਹੂ ਸਿੰਜੀ ਧਰਤੀ 'ਤੇ ਜਾ ਪਹੁੰਚਿਆ ਤੇ ਉਥੋਂ ਸ਼ੀਸ਼ੀ ਵਿਚ ਉਸ ਰੱਤ ਭਿੰਨੀ ਧਰਤੀ ਦੀ ਮੁੱਠ ਭਰ ਲਿਆਇਆ, ਜਿਸ ਨੂੰ ਉਸ ਨੇ ਆਪਣੀ ਅੱਖੋਂ ਓਹਲੇ ਤਾਂ ਸ਼ਾਇਦ ਕੀਤਾ ਹੋਵੇਗਾ, ਪਰ ਮਨੋਂ ਕਦੇ ਨਹੀਂ ਵਿਸਾਰਿਆ ਤੇ ਜੀਵਨ ਭਰ ਉਸ ਦੀ ਅਰਾਧਨਾ ਕਰਦਾ ਰਿਹਾ।

ਸੁਖਦੇਵ ਵੀ 14 ਅਪਰੈਲ ਨੂੰ ਤਾਏ ਅਚਿੰਤ ਰਾਮ ਨਾਲ ਇਸੇ ਬਰਬਰਤਾ ਵਾਲੇ ਕਾਂਡ ਦੀ ਹੀ ਚਰਚਾ ਕਰਦਾ ਰਿਹਾ। ਉਧਰ ਸਰਕਾਰ ਦੇ ਹੁਕਮ ਤਹਿਤ ਸਨਾਤਨ ਧਰਮ ਹਾਈ ਸਕੂਲ, ਜਿਥੇ ਉਹ ਪੜ੍ਹਦਾ ਸੀ, ਪ੍ਰਾਰਥਨਾ ਵੇਲੇ ਇਕ ਗੋਰਾ ਅਫਸਰ ਆ ਪਹੁੰਚਿਆ। ਹਰ ਵਿਦਿਆਰਥੀ ਨੇ ਵਾਰੀ ਵਾਰੀ ਕੋਲੋਂ ਲੰਘਦਿਆਂ ਉਸ ਨੂੰ ਸਲਾਮ ਕਰਨੀ ਸੀ, ਪਰ ਸੁਖਦੇਵ ਕੀ ਤੇ ਸਲਾਮੀ ਕੀ? ਉਸ ਦੇ ਤੱਤ ਫੱਟ ਇਨਕਾਰ 'ਤੇ ਹੈੱਡਮਾਸਟਰ ਨੇ ਉਸ ਨੂੰ ਖੂਬ ਕੁਟਾਪਾ ਚਾੜ੍ਹਿਆ, ਪਰ ਜਿੰਨਾ ਚਿਰ ਇਹ ਹੁਕਮ ਵਾਪਸ ਨਹੀਂ ਲਿਆ ਗਿਆ, ਉਹ ਵੀ ਸਕੂਲ ਨਹੀਂ ਵੜਿਆ। ਇੰਜ ਦੋਹਾਂ ਦੇ ਚੇਤੰਨ ਦੌਰ ਦੀ ਸ਼ੁਰੂਆਤ ਹੋਈ।

ਇਸ ਤੋਂ ਕੋਈ ਦਸ ਕੁ ਮਹੀਨੇ ਪਿੱਛੋਂ 20 ਫਰਵਰੀ 1921 ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਨਨਕਾਣਾ ਸਾਹਿਬ ਦੇ ਗੁਰਦੁਆਰੇ ਮੱਥਾ ਟੇਕਣ ਗਏ ਡੇਢ ਕੁ ਸੌ ਪੁਰਅਮਨ ਸ਼ਰਧਾਲੂਆਂ ਨੂੰ ਗੁਰਦੁਆਰੇ 'ਤੇ ਕਾਬਜ਼ ਐਯਾਸ਼ ਮਹੰਤ ਨਰੈਣ ਦਾਸ ਨੇ ਆਪਣੇ ਗੁੰਡਿਆਂ ਹੱਥੋਂ ਬੇਰਹਿਮੀ ਨਾਲ ਕਤਲ ਕਰਵਾ ਕੇ, ਉਤੋਂ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ। ਉਸ ਦੌਰ ਵਿਚ ਇਤਿਹਾਸਕ ਗੁਰਧਾਮਾਂ 'ਤੇ ਐਯਾਸ਼ ਮਹੰਤਾਂ ਦਾ ਕਬਜ਼ਾ ਸੀ, ਜਿਨ੍ਹਾਂ ਦੀ ਪਿੱਠ ਸਰਕਾਰੀ ਹਾਕਮ ਠੋਕਦੇ ਸਨ।

ਭਗਤ ਸਿੰਘ ਇਸ ਕਾਂਡ ਦੇ ਕੁਝ ਹੀ ਦਿਨਾਂ ਪਿੱਛੋਂ 5 ਮਾਰਚ 1921 ਨੂੰ ਮਾਤਮੀ ਕਾਨਫਰੰਸ ਵਿਚ ਪਹੁੰਚਿਆ। ਉਥੋਂ ਸ਼ਹੀਦੀ ਕੈਲੰਡਰ ਲਿਆ ਤੇ ਸਾਰੀ ਸਿੱਖ ਸੰਗਤ ਵਾਂਗ ਕਾਲੀ ਦਸਤਾਰ ਸਜਾ ਲਈ। ਇਸ ਪਿੱਛੋਂ ਆਪਣੀ ਭੈਣ ਅਮਰ ਕੌਰ ਨਾਲ ਗੁਰਮੁਖੀ ਲਿਖਣੀ-ਪੜ੍ਹਨੀ ਸਿੱਖ ਲਈ, ਜੋ ਪਿੱਛੋਂ ਜਾ ਕੇ ਉਸ ਦੀਆਂ 'ਕਿਰਤੀ' ਰਸਾਲੇ ਵਿਚ ਛਪੀਆਂ ਲਿਖਤਾਂ ਵਿਚ ਕੰਮ ਆਈ। ਨਾਲੇ ਜਿਥੇ ਹੁਣ ਤਕ ਉਹ ਆਪਣੇ ਦਾਦਾ ਅਰਜਨ ਸਿੰਘ ਨੂੰ ਹੀ ਉਰਦੂ ਵਿਚ ਚਿੱਠੀਆਂ ਲਿਖਦਾ ਸੀ, ਹੁਣ ਚਾਚੀ



ਹੁਕਮ ਕੌਰ ਨੂੰ ਗੁਰਮੁਖੀ ਵਿਚ ਚਿੱਠੀਆਂ ਲਿਖਣ ਲੱਗ ਪਿਆ ਸੀ।

**ਕਾਲੇ ਕਾਨੂੰਨ ਦਾ ਵਾਵਰੋਲਾ:** ਪਹਿਲੀ ਵੱਡੀ ਜੰਗ ਦੌਰਾਨ ਬੰਗਾਲ, ਮਹਾਂਰਾਸ਼ਟਰ ਅਤੇ ਪੰਜਾਬ ਦੀਆਂ ਇਨਕਲਾਬੀ ਲਹਿਰਾਂ ਤੋਂ ਡਰੀ ਸਰਕਾਰ ਨੇ 'ਰੋਲਟ ਐਕਟ' ਪਾਸ ਕੀਤਾ ਜਿਸ ਅਧੀਨ ਪੁਰਅਮਨ ਅੰਦੋਲਨਾਂ ਲਈ ਵੀ ਸਖਤ ਸਜ਼ਾਵਾਂ ਦੀ ਵਿਵਸਥਾ ਸੀ। ਦੂਜੇ ਪਾਸੇ, 'ਅਹਿੰਸਾ ਦੇ ਪੁੰਜ' ਮਹਾਤਮਾ ਗਾਂਧੀ 1917 ਵੇਲੇ ਵਾਲੰਟੀਅਰ ਦੇ ਤੌਰ 'ਤੇ ਰਿਕਰੂਟਿੰਗ ਸਾਰਜੈਂਟ ਵਜੋਂ ਭਾਰਤੀ ਨੌਜਵਾਨਾਂ ਨੂੰ ਸਾਮਰਾਜੀ ਫੌਜ ਵਿਚ ਭਰਤੀ ਕਰਵਾਉਂਦੇ ਰਹੇ ਸਨ। ਇਥੇ ਹੀ ਬਸ ਨਹੀਂ, ਜਲ੍ਹਿਆਂਵਾਲੇ ਦੇ ਘੱਲੂਘਾਰੇ ਤੋਂ ਅੱਠ ਮਹੀਨੇ ਪਿੱਛੋਂ ਅੰਮ੍ਰਿਤਸਰ ਵਿਚ ਹੋਏ ਕਾਂਗਰਸ ਸੈਸ਼ਨ ਵਿਚ ਬਰਤਾਨਵੀ ਹਾਕਮਾਂ ਪ੍ਰਤੀ ਵਫਾਦਾਰੀ ਦਾ ਮਤਾ ਪਾਸ ਹੋਇਆ ਤੇ ਬਾਦਸ਼ਾਹ ਨੂੰ ਪਹਿਲੀ ਵਿਸ਼ਵ ਜੰਗ 'ਚ ਜੇਤੂ ਰਹਿਣ 'ਤੇ ਵਧਾਈਆਂ ਭੇਜੀਆਂ ਗਈਆਂ, ਪਰ 'ਮਹਾਤਮਾ ਜੀ' ਨੇ ਜਲ੍ਹਿਆਂਵਾਲੇ ਕਾਂਡ ਬਾਰੇ ਮੌਨ ਧਾਰੀ ਰੱਖਿਆ ਸੀ।

ਜੰਗ ਨੇ ਤਾਂ ਪਹਿਲਾਂ ਹੀ ਭਾਰਤੀ ਲੋਕਾਂ ਦਾ ਖੂਨ ਜੰਗ ਦੇ ਮੈਦਾਨਾਂ ਵਿਚ ਵਹਾਇਆ ਸੀ ਤੇ ਬਾਕੀ ਦਾ ਖੂਨ ਮਹਿੰਗਾਈ ਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਥੁੜ੍ਹ ਨੇ ਸੁਕਾਇਆ ਸੀ। ਉਨ੍ਹਾਂ ਦੇ ਸਬਰ ਦਾ ਪਿਆਲਾ ਪਹਿਲਾਂ ਹੀ ਛਲਕ ਰਿਹਾ ਸੀ। ਉਪਰੋਂ ਇਸ ਜਾਬਰ ਕਾਨੂੰਨ ਦੇ ਆਗਮਨ 'ਤੇ ਲੋਕ ਰੋਹ ਜਵਾਲਾ ਬਣ ਕੇ ਦਿਨਾਂ ਵਿਚ ਹੀ ਦੇਸ਼ ਦੇ ਕੋਨੇ-ਕੋਨੇ ਵਿਚ ਫੈਲ ਗਿਆ।

ਲੋਕ ਰੋਹ ਦੇ ਇਸ ਵਾਵਰੋਲੇ ਕਰਕੇ ਹੀ ਮਹਾਤਮਾ ਗਾਂਧੀ ਨੇ ਲੋਕ ਲਹਿਰ ਦੀ ਅਗਵਾਈ ਕੀਤੀ ਅਤੇ ਉਨ੍ਹਾਂ ਨੇ ਨਾ-ਮਿਲਵਰਤਨ ਲਹਿਰ ਚਲਾਈ ਅਤੇ ਐਲਾਨ ਕਰ ਦਿੱਤਾ ਕਿ ਮੈਂ ਇਕ ਸਾਲ ਵਿਚ ਸਵਰਾਜ ਲੈ ਦਿਆਂਗਾ। ਇਨਕਲਾਬੀਆਂ ਨੇ ਵੀ ਇਸ ਦੌਰਾਨ ਆਪਣੀਆਂ ਸਰਗਰਮੀਆਂ ਰੋਕ ਲਈਆਂ ਤਾਂ ਕਿ ਉਨ੍ਹਾਂ 'ਤੇ ਰੰਗ ਵਿਚ ਭੰਗ ਪਾਉਣ ਦਾ ਦੋਸ਼ ਨਾ ਲੱਗੇ।

ਭਗਤ ਸਿੰਘ ਵੀ ਪਿੰਡੋਂ ਚੌਥੀ ਕਰਕੇ ਪੰਜਵੀਂ ਜਮਾਤ ਵਿਚ ਲਾਹੌਰ ਦੇ ਡੀ. ਏ. ਵੀ. ਹਾਈ ਸਕੂਲ ਵਿਚ ਆ ਗਿਆ ਸੀ ਤੇ ਪਿਤਾ ਨੂੰ ਵੀ ਲਾਹੌਰ ਵਿਚ ਹੀ ਅੱਡਾ-ਟਿਕਾਣਾ ਚਾਹੀਦਾ ਸੀ, ਜੋ ਰਾਜਸੀ ਸਰਗਰਮੀਆਂ ਦਾ ਧੁਰਾ ਸੀ। ਇਸ ਲਈ ਉਨ੍ਹਾਂ ਨੇ ਲਾਹੌਰ ਦੇ ਬਾਹਰਵਾਰ ਰਾਵੀ ਦਰਿਆ ਦੇ ਪਾਰ ਪਿੰਡ ਖਵਾਸਰੀਆ ਵਿਚ ਵਾਹੀ ਜੋਗੀ ਜ਼ਮੀਨ ਖਰੀਦੀ, ਖੂਹ ਲੁਆ ਕੇ ਖੇਤੀ ਵਿੱਢ ਲਈ ਤੇ ਨਾਲੇ ਮੱਝਾਂ ਰੱਖ ਕੇ ਲਾਹੌਰ ਦੁੱਧ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਇਕ ਹੋਰ ਰੁਝੇਵਾਂ ਬੀਮਾ ਕੰਪਨੀ ਦੀ ਏਜੰਸੀ ਦਾ ਸੀ, ਜਿਸ ਦਾ ਲਾਹੌਰ ਵਾਲਾ ਦਫਤਰ ਮੁੰਡਿਆਂ ਦੇ ਮਿਲ ਬੈਠਣ ਦੇ ਕੰਮ ਵੀ ਆਉਂਦਾ ਸੀ।

ਮਹਾਤਮਾ ਗਾਂਧੀ ਨੇ ਸਕੂਲੀ-ਕਾਲਜੀ ਨੌਜਵਾਨਾਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਸੰਸਥਾਵਾਂ ਦਾ ਬਾਈਕਾਟ ਕਰ ਕੇ ਕੌਮੀ ਸਕੂਲਾਂ-ਕਾਲਜਾਂ ਵਿਚ ਦਾਖਲੇ ਲੈਣ ਲਈ ਕਿਹਾ ਸੀ ਜਿਸ ਲਈ ਨੈਸ਼ਨਲ ਸਕੂਲ-ਕਾਲਜ ਖੋਲ੍ਹੇ ਗਏ। ਇਨ੍ਹਾਂ ਸੰਸਥਾਵਾਂ ਵਿਚ ਰਾਜਸੀ ਚੇਤਨਾ ਉਭਾਰਨ ਵਾਲੇ ਮਜ਼ਮੂਨ, ਕਿਤਾਬਾਂ ਅਤੇ ਅਧਿਆਪਕ ਉਪਲਬਧ ਸਨ। ਉਨ੍ਹੀਂ ਦਿਨੀਂ ਸੁਖਦੇਵ ਦਸਵੀਂ ਕਰਕੇ ਨੈਸ਼ਨਲ ਕਾਲਜ, ਲਾਹੌਰ ਵਿਚ ਦਾਖਲ ਹੋ ਗਿਆ, ਪਰ ਭਗਤ ਸਿੰਘ ਅਜੇ ਦਸਵੀਂ ਵਿਚ ਹੀ ਪੜ੍ਹਦਾ ਸੀ। ਉਸ ਨੂੰ ਇਸ ਸ਼ਰਤ 'ਤੇ ਦਾਖਲ ਕਰ ਲਿਆ ਗਿਆ ਕਿ ਉਹ ਦੋ ਮਹੀਨਿਆਂ ਵਿਚ ਦਾਖਲਾ ਟੈਸਟ ਪਾਸ ਕਰ ਲਵੇਗਾ, ਜੋ ਉਸ ਨੇ ਦਿਨ-ਰਾਤ ਇਕ ਕਰਕੇ ਪਾਸ ਕਰ ਲਿਆ ਤੇ ਇਸ ਤਰ੍ਹਾਂ ਇਹ ਦੋਵੇਂ ਐਫ. ਏ. ਦੇ ਵਿਦਿਆਰਥੀ ਬਣ ਗਏ।

## ਭਗਤ ਸਿੰਘ ਦੀ ਅਮਰੀਕਾ ਵੱਸਦੇ ਆਪਣੇ ਦੋਸਤ ਨੂੰ ਲਿਖੀ ਚਿੱਠੀ

(ਪਿਛਲੇ ਸਫੇ ਦੀ ਬਾਕੀ)

ਅਮੈਂਡਮੈਂਟ ਐਕਟ ਦੀ ਧਾਰਾ 17 (1) ਅਧੀਨ ਉਦੋਂ ਕੀਤਾ ਸੀ, ਜਦੋਂ ਉਸ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜੈਤੋ ਮੋਰਚੇ ਦੇ ਸਤਿਆਗ੍ਰਹਿ ਕਰਨ ਵਾਲਿਆਂ ਨੂੰ ਆਪਣੇ ਪਿੰਡ ਬੰਗੇ ਵਿਖੇ ਸਰਕਾਰੀ ਹੁਕਮਾਂ ਖਿਲਾਫ ਲੰਗਰ ਛਕਾਇਆ ਸੀ। ਉਦੋਂ ਉਹ ਸਿਰਫ 17 ਵਰ੍ਹਿਆਂ ਦਾ ਸੀ। ਇਸ ਮੁਕੱਦਮੇ ਵਿਚ ਉਸ ਦੇ ਗ੍ਰਿਫਤਾਰੀ ਵਾਰੰਟ ਜਾਰੀ ਹੋਏ ਸਨ, ਜੋ ਕੋਈ ਡੇਢ ਸਾਲ ਕ੍ਰਿਆਸ਼ੀਲ ਰਹੇ, ਪਰ ਪੁਲਿਸ ਉਸ ਨੂੰ ਗ੍ਰਿਫਤਾਰ ਕਰਨ ਵਿਚ ਅਸਫਲ ਰਹੀ। ਅੰਤ ਸਰਕਾਰ ਨੂੰ ਝੁਕਣਾ ਪਿਆ ਅਤੇ ਉਸ ਨੇ ਸਾਰੇ ਸਤਿਆਗ੍ਰਹੀਆਂ 'ਤੇ ਦਾਇਰ ਕੀਤੇ ਮੁਕੱਦਮੇ ਵਾਪਿਸ ਲੈ ਲਏ। ਭਗਤ ਸਿੰਘ 'ਤੇ ਪਾਇਆ ਮੁਕੱਦਮਾ ਵੀ ਵਾਪਸ ਲੈ ਲਿਆ ਗਿਆ।

ਦੂਜਾ ਮੁਕੱਦਮਾ 25 ਅਕਤੂਬਰ 1926 ਨੂੰ ਲਾਹੌਰ ਵਿਚ ਹੋਏ ਦੁਸਹਿਰਾ ਬੰਬ ਕਾਂਡ ਨਾਲ ਸਬੰਧਤ ਸੀ, ਜਿਸ ਵਿਚ ਕੁਝ ਵਿਅਕਤੀ ਮਾਰੇ ਗਏ ਸਨ। ਇਸ ਘਟਨਾ ਵਿਚ ਨਾ ਹੀ ਭਗਤ ਸਿੰਘ ਸ਼ਾਮਲ ਸੀ ਤੇ ਨਾ ਹੀ ਉਸ ਦੀ ਜਥੇਬੰਦੀ ਦਾ ਕੋਈ ਮੈਂਬਰ, ਪਰ ਪੁਲਿਸ ਨੂੰ ਜਦੋਂ ਸੱਤ ਮਹੀਨਿਆਂ ਦੀ ਪੜਤਾਲ ਪਿੱਛੋਂ ਕੁਝ ਹੱਥ ਨਾ ਲੱਗਾ ਤਾਂ ਉਸ ਨੇ ਹਕੂਮਤ ਦਾ ਤਿੱਖਾ ਵਿਰੋਧ ਕਰਨ ਵਾਲੀ ਨੌਜਵਾਨਾਂ ਦੀ ਜਥੇਬੰਦੀ 'ਨੌਜਵਾਨ ਭਾਰਤ ਸਭਾ' ਨੂੰ ਬਦਨਾਮ ਕਰਨ ਲਈ ਭਗਤ ਸਿੰਘ ਨੂੰ ਇਸ ਘਟਨਾ ਦੇ ਦੋਸ਼ੀ ਵਜੋਂ 29 ਮਈ 1927 ਨੂੰ ਗ੍ਰਿਫਤਾਰ ਕਰ ਲਿਆ। (ਬੇੜੀਆਂ ਪਾ ਕੇ, ਮੰਜੇ ਉਤੇ ਬੈਠੇ ਭਗਤ ਸਿੰਘ ਦੀ ਫੋਟੋ ਇਸੇ ਗ੍ਰਿਫਤਾਰੀ ਸਮੇਂ ਪੁਲਿਸ ਵਲੋਂ ਖਿੱਚੀ ਗਈ ਸੀ) ਨੌਜਵਾਨਾਂ ਅਤੇ ਆਮ ਲੋਕਾਂ ਨੇ ਪੁਲਿਸ ਦੀ ਇਸ ਕਾਰਵਾਈ ਦਾ ਡਟਵਾਂ ਵਿਰੋਧ ਕੀਤਾ ਸੀ।

ਇਹ ਚਿੱਠੀ ਲਿਖਣ ਵੇਲੇ ਦੁਸਹਿਰਾ ਬੰਬ ਮੁਕੱਦਮੇ ਵਿਚ ਭਗਤ ਸਿੰਘ 60 ਹਜ਼ਾਰ ਰੁਪਏ ਦੀ ਜ਼ਮਾਨਤ 'ਤੇ ਸੀ। ਇਨ੍ਹਾਂ ਮੁਕੱਦਮਿਆਂ ਵਿਚ ਭਾਵੇਂ ਉਸ ਨੂੰ ਕਾਫੀ ਪ੍ਰੇਸ਼ਾਨੀ ਹੋਈ ਸੀ, ਪਰ ਉਸ ਨੇ ਜਾਣ ਲਿਆ ਕਿ ਤਕਲੀਫਾਂ ਝੱਲਣ ਤੋਂ ਬਿਨਾ ਮੰਜ਼ਿਲ ਨੂੰ ਨਹੀਂ ਪਾਇਆ ਜਾ ਸਕਦਾ। ਇਸੇ ਕਰਕੇ ਆਪਣੇ ਖਤ ਦੇ ਅਖੀਰ ਵਿਚ ਉਹ ਲਿਖਦਾ ਹੈ ਕਿ ਇਸ ਰਾਹ 'ਤੇ ਚਲਦਿਆਂ ਕਸ਼ਟ ਝੱਲਣੇ ਹੁਣ ਉਸ ਦੀ ਤਕਦੀਰ ਦਾ ਹਿੱਸਾ ਬਣ ਗਏ ਹਨ। ਚਿੱਠੀ ਲਿਖਦਿਆਂ ਉਹ ਪੂਰਾ ਆਸਵੰਦ ਹੈ ਕਿ ਔਖਾ ਵੇਲਾ ਸਦਾ ਨਹੀਂ ਰਹੇਗਾ ਅਤੇ ਮੁਸੀਬਤਾਂ ਦੇ ਬੱਦਲ ਜਲਦੀ ਛਟ ਜਾਣਗੇ ਤੇ ਉਸ 'ਤੇ ਪਾਇਆ ਝੂਠਾ ਮੁਕੱਦਮਾ ਵੀ ਖਾਰਜ ਹੋ ਜਾਵੇਗਾ। ਉਸ ਦੇ ਇਸ ਚਿੱਠੀ ਵਿਚ ਲਿਖੇ ਸ਼ਬਦ ਕਿ 'ਅੰਤ ਨੂੰ ਸੱਚਾਈ ਪ੍ਰਗਟ ਹੋ ਜਾਵੇਗੀ ਅਤੇ ਸੱਚਾਈ ਦੀ ਹੀ ਜਿੱਤ ਹੋਵੇਗੀ' ਉਦੋਂ ਸੱਚ ਹੋ ਗਏ, ਜਦੋਂ ਇਸ ਚਿੱਠੀ ਤੋਂ ਕੁਝ ਚਿਰ ਪਿੱਛੋਂ 9 ਮਈ 1928 ਨੂੰ ਪੰਜਾਬ ਵਿਧਾਨ ਪ੍ਰੀਸ਼ਦ ਵਿਚ ਸਰਕਾਰ ਵਲੋਂ ਐਲਾਨ ਕੀਤਾ ਗਿਆ ਕਿ ਭਗਤ ਸਿੰਘ ਨੂੰ ਜ਼ਮਾਨਤੀ ਮੁਚੱਲਕਿਆਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਚਿੱਠੀ ਦੇ ਤੱਤ ਦਰਸਾਉਂਦੇ ਹਨ ਕਿ ਭਗਤ ਸਿੰਘ ਲੋਕਾਈ ਨਾਲ ਪਿਆਰ ਕਰਨ ਵਾਲਾ, ਮੁਸ਼ਕਿਲਾਂ ਵਿਚ ਨਾ ਡੋਲਣ ਵਾਲਾ, ਸਬਰ ਰੱਖਣ ਵਾਲਾ ਅਤੇ ਸੱਚਾਈ 'ਤੇ ਪਹਿਰਾ ਦੇਣ ਵਾਲਾ ਬਹਾਦਰ ਨੌਜਵਾਨ ਸੀ।

# ਭਗਤ ਸਿੰਘ ਦੀ ਜੇਲ੍ਹ ਡਾਇਰੀ: ਖਾਸ ਨੁਕਤੇ

**ਡਾ. ਮੇਘਾ ਸਿੰਘ**

ਭਗਤ ਸਿੰਘ ਨੂੰ ਅੱਜ ਵੀ ਵਖ ਵਖ ਦ੍ਰਿਸ਼ਟੀਕੋਣਾਂ ਤੋਂ ਵਿਚਾਰਿਆ ਤੇ ਸਮਝਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਉਸ ਦੀ ਜੇਲ੍ਹ ਡਾਇਰੀ ਦਾ ਮਹੱਤਵ ਵੀ ਲਗਾਤਾਰ ਵਧ ਰਿਹਾ ਹੈ। ਉਸ ਦੀ ਜੇਲ੍ਹ ਡਾਇਰੀ ਉਸ ਦੀ ਸ਼ਹਾਦਤ ਤੋਂ 63 ਸਾਲ ਪਿੱਛੋਂ 1994 ਵਿਚ ਹੀ ਜਨਤਕ ਹੋ ਸਕੀ ਸੀ ਜਦੋਂਕਿ ਹੋਰ ਦਸਤਾਵੇਜ਼ ਕਾਫੀ ਸਮਾਂ ਪਹਿਲਾਂ ਲੋਕ-ਕਚਹਿਰੀ ਵਿਚ ਆ ਗਏ ਸਨ।

ਪਿਛਲੇ ਦੋ ਦਹਾਕਿਆਂ ਦੌਰਾਨ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਦੇ ਕਈ ਐਡੀਸ਼ਨ ਕਈ ਭਾਸ਼ਾਵਾਂ 'ਚ ਪ੍ਰਕਾਸ਼ਿਤ ਹੋ ਚੁਕੇ ਹਨ, ਪਰ ਯੂਨੀਸਟਾਰ ਬੁੱਕਸ ਵਲੋਂ ਪ੍ਰਕਾਸ਼ਿਤ ਜੇਲ੍ਹ ਡਾਇਰੀ ਹੁਣ ਤਕ ਪ੍ਰਕਾਸ਼ਿਤ ਸਾਰੇ ਐਡੀਸ਼ਨਾਂ ਤੋਂ ਕਈ ਪੱਖਾਂ ਤੋਂ ਨਿਵੇਕਲੀ ਅਤੇ ਨਿਆਰੀ ਹੈ। ਇਸ ਪੁਸਤਕ ਵਿਚ ਸ਼ਹੀਦ ਭਗਤ ਸਿੰਘ ਦੀ ਹੱਥ ਲਿਖਤ ਜੇਲ੍ਹ ਡਾਇਰੀ ਦੇ ਹਰ ਪੰਨੇ ਦੀ ਫੋਟੋ ਕਾਪੀ ਦੇ ਨਾਲ-ਨਾਲ ਉਸ ਦੇ ਸਾਹਮਣੇ ਪੰਨੇ 'ਤੇ ਉਸ ਨੂੰ ਅੰਗਰੇਜ਼ੀ ਪ੍ਰਿੰਟ ਵਿਚ ਪੇਸ਼ ਕੀਤਾ ਗਿਆ ਹੈ।

ਪੁਸਤਕ ਦੇ ਅਰੰਭ ਵਿਚ ਇਸ ਦੇ ਸੰਪਾਦਕ ਹਰੀਸ਼ ਜੈਨ ਵਲੋਂ 92 ਪੰਨਿਆਂ ਦੀ ਲਿਖੀ ਗਈ ਲੰਮੀ ਭੂਮਿਕਾ ਨਾ ਸਿਰਫ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਸਬੰਧੀ ਹੀ ਨਵੇਂ ਇਤਿਹਾਸਕ ਤੱਥ ਉਜਾਗਰ ਕਰਦੀ ਹੈ, ਸਗੋਂ ਉਸ ਵਲੋਂ ਲਏ ਗਏ ਨੋਟਾਂ ਦੇ ਆਸਰੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਦੀਆਂ ਵਿਲੱਖਣ ਪਰਤਾਂ ਨੂੰ ਵੀ ਪੇਸ਼ ਕਰਦੀ ਹੈ।

ਇਹੀ ਨਹੀਂ, ਸੰਪਾਦਕ ਨੇ ਇਸ ਭੂਮਿਕਾ ਵਿਚ ਜੇਲ੍ਹ ਡਾਇਰੀ ਦੇ ਇਤਿਹਾਸ ਅਤੇ ਲੰਮਾ ਸਮਾਂ ਜਨਤਾ ਸਾਹਮਣੇ ਨਾ ਆ ਸਕਣ ਦੀ ਕਹਾਣੀ ਵੀ ਦਰਜ ਕੀਤੀ ਹੈ। ਇਸ ਪੁਸਤਕ ਵਿਚ ਸੰਪਾਦਕਾਂ ਨੇ ਇਹ ਇੰਕਸ਼ਾਫ ਕੀਤਾ ਹੈ ਕਿ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਵਿਚ 46 ਪੁਸਤਕਾਂ ਤੋਂ ਲਏ ਗਏ ਨੋਟਸ ਦਾ ਹੀ ਹਵਾਲਾ ਹੈ, ਜਦੋਂਕਿ ਹੁਣ ਤਕ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਇਸੇ ਨੋਟ ਬੁੱਕ ਵਿਚ 400 ਕਿਤਾਬਾਂ ਦੇ ਹਵਾਲੇ ਦਰਜ ਹਨ। ਇਸ ਪੁਸਤਕ ਵਿਚ ਸ਼ਹੀਦ ਭਗਤ ਸਿੰਘ ਵਲੋਂ ਜੇਲ੍ਹ ਯਾਤਰਾ ਦੌਰਾਨ ਪੜ੍ਹੀਆਂ ਕਿਤਾਬਾਂ ਦੀ ਅਲੱਗ ਸੂਚੀ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਲੇਖਕਾਂ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਪਾਠਕਾਂ ਨੂੰ ਸ਼ਹੀਦ ਭਗਤ ਸਿੰਘ ਦੀ ਕਿਤਾਬਾਂ ਅਤੇ ਲੇਖਕਾਂ ਦੀ ਪਸੰਦ ਬਾਰੇ ਗਿਆਨ ਹੋ ਸਕੇ।

ਪੁਸਤਕ ਦੇ ਅੰਤ ਵਿਚ ਚਾਰ ਅੰਤਿਕਾਵਾਂ ਲਾਈਆਂ ਗਈਆਂ ਹਨ, ਜਿਨ੍ਹਾਂ ਵਿਚ ਸ਼ਹੀਦ ਭਗਤ ਸਿੰਘ ਦੀਆਂ ਹੱਥ ਲਿਖਤ ਉਰਦੂ ਨਜ਼ਮਾਂ ਤੇ ਸ਼ਿਅਰ, ਸ਼ਹੀਦ ਭਗਤ ਸਿੰਘ ਦੇ ਸਾਥੀਆਂ ਦੇ ਟਿਕਾਣਿਆਂ 'ਤੇ ਮਾਰੇ ਗਏ ਛਾਪਿਆਂ ਸਮੇਂ ਪੁਲਿਸ ਵਲੋਂ ਬਰਾਮਦ ਕੀਤੀਆਂ ਪੁਸਤਕਾਂ ਦੀ ਸੂਚੀ ਦੇ ਨਾਲ-ਨਾਲ ਸ਼ਹੀਦ ਭਗਤ ਸਿੰਘ ਦੇ ਹੱਥ ਲਿਖਤ ਦੋ ਹੋਰ ਪੰਨਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ, ਜੋ ਡਾਇਰੀ ਦਾ ਹਿੱਸਾ ਨਹੀਂ ਜਾਪਦੇ। ਪੁਸਤਕ ਦੇ ਅੰਤ ਵਿਚ ਵਿਚਾਰ ਅਧੀਨ ਆਏ ਲੇਖਕਾਂ ਦੀ ਸੂਚੀ ਅਤੇ ਉਨ੍ਹਾਂ ਦੀ ਸੰਖੇਪ ਜਾਣ-ਪਛਾਣ ਵੀ ਦਰਜ ਕੀਤੀ ਗਈ ਹੈ।

ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਨੂੰ ਗਹੁ ਨਾਲ ਵਾਚਿਆਂ ਪਤਾ ਲੱਗਦਾ ਹੈ ਕਿ ਉਸ ਨੂੰ ਜੇਲ੍ਹ ਵਿਚ ਰਹਿੰਦਿਆਂ ਵੀ ਪੁਸਤਕਾਂ ਨਾਲ ਬੇਹੱਦ ਮੋਹ ਸੀ। 1929 ਤੋਂ 1931 ਦੌਰਾਨ ਜੇਲ੍ਹ ਜੀਵਨ ਵਿਚ ਉਸ ਵਲੋਂ ਪੜ੍ਹੀਆਂ ਗਈਆਂ ਕਿਤਾਬਾਂ ਦੀ ਗਿਣਤੀ ਉਸ ਦੇ ਪੜ੍ਹਨ ਦੇ ਸ਼ੌਕ ਦੀ ਪ੍ਰੋੜ੍ਹਤਾ ਕਰਦੀ ਹੈ। ਜੇਲ੍ਹ ਨੋਟ 'ਚ ਉਨ੍ਹਾਂ ਪੁਸਤਕਾਂ ਵਿਚੋਂ ਲਈ ਗਏ ਨੋਟਸ, ਅੰਸ਼ਾਂ, ਟਿੱਪਣੀਆਂ ਅਤੇ ਟੂਕਾਂ ਇਹ ਦਰਸਾਉਂਦੀਆਂ ਹਨ ਕਿ ਉਹ ਕਿਤਾਬਾਂ ਨੂੰ ਕਿੰਨੀ ਗੰਭੀਰਤਾ ਨਾਲ ਪੜ੍ਹਦਾ ਸੀ। ਇਸ ਤੋਂ ਉਸ ਦੀ ਬੌਧਿਕ ਸੂਝ ਦੇ ਨਾਲ ਨਾਲ ਸਮਾਜਕ ਚਿੰਤਾਵਾਂ ਦੀ ਝਲਕ ਵੀ ਮਿਲਦੀ ਹੈ।

ਜੇਲ੍ਹ ਡਾਇਰੀ ਤੋਂ ਇਲਾਵਾ ਇਸ ਪੁਸਤਕ ਵਿਚ ਸ਼ਹੀਦ ਭਗਤ ਸਿੰਘ ਦੇ ਹੱਥ ਲਿਖਤ 28 ਫੁਟਕਲ ਪੰਨੇ ਪਹਿਲੀ ਵਾਰ ਸ਼ਾਮਿਲ ਕੀਤੇ ਗਏ ਹਨ। ਇਹ ਮੰਨਿਆ ਜਾਂਦਾ ਹੈ ਕਿ ਇਹ ਪੰਨੇ ਉਸ ਨੇ ਨੋਟ ਬੁੱਕ ਸ਼ੁਰੂ ਕਰਨ ਤੋਂ ਪਹਿਲਾਂ ਲਿਖੇ ਸਨ। ਇਨ੍ਹਾਂ ਪੰਨਿਆਂ ਦੀਆਂ ਜ਼ਿਆਦਾਤਰ ਟੂਕਾਂ ਬਰਨਾਰਡ ਸ਼ਾਅ ਦੇ ਨਾਟਕ 'ਇੰਗਲਿਸ਼ ਪ੍ਰਿਜ਼ਮ' ਵਿਚ ਲਿਖੀ ਉਸ ਦੀ ਭੂਮਿਕਾ ਅਤੇ 'ਅੰਗਰੇਜ਼ੀ ਜੇਲ੍ਹ ਪ੍ਰਣਾਲੀ' ਸਬੰਧੀ ਈਵਲਿਨ ਰਗਲਸ ਵਲੋਂ ਕੀਤੇ ਮੁੱਖ ਕਾਰਜਾਂ ਵਿਚੋਂ ਲਈਆਂ ਗਈਆਂ ਹਨ। ਜਾਪਦਾ ਹੈ ਕਿ ਇਹ ਟੂਕਾਂ ਇਕੱਤਰ ਕਰਨ ਦਾ ਭਾਵ ਭਗਤ ਸਿੰਘ ਵਲੋਂ ਉਸ ਵੇਲੇ ਵਾਪਰ ਰਹੀਆਂ ਘਟਨਾਵਾਂ ਨੂੰ ਸਮਝਣ ਦਾ ਸਾਧਨ ਸੀ। ਇਨ੍ਹਾਂ ਫੁਟਕਲ ਪੰਨਿਆਂ ਵਿਚ ਆਖਰੀ ਇਕ ਪੰਨਾ ਉਰਦੂ ਵਿਚ ਹੈ, ਜਦੋਂਕਿ ਬਾਕੀ ਸਾਰੇ ਅੰਗਰੇਜ਼ੀ 'ਚ ਹਨ। ਕੁਝ ਕੁ ਥਾਂਵਾਂ 'ਤੇ ਇੱਕਾ-ਦੁੱਕਾ ਉਰਦੂ ਸ਼ਿਅਰਾਂ ਨੂੰ ਪੰਜਾਬੀ ਵਿਚ ਵੀ ਲਿਖਿਆ ਹੋਇਆ ਹੈ।

ਕੁੱਲ ਮਿਲਾ ਕੇ ਇਹ ਪੁਸਤਕ ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਤੋਂ ਇਲਾਵਾ ਉਸ ਦੇ ਜੀਵਨ, ਵਿਚਾਰਧਾਰਾ, ਪੁਸਤਕਾਂ ਪ੍ਰਤੀ ਲਗਾਓ ਤੇ ਦਿਲਚਸਪੀ, ਸਿਆਸੀ ਸੂਝ-ਬੂਝ ਅਤੇ ਉਸ ਦੀਆਂ ਸਮਾਜਕ ਅਤੇ ਸਿਆਸੀ ਚਿੰਤਾਵਾਂ ਨੂੰ ਭਲੀਭਾਂਤ ਉਜਾਗਰ ਕਰਦੀ ਹੈ।

## ਟ੍ਰਿੱਪਲ ਏਜੰਟ ਹਮਾਮ ਬਲਾਵੀ-2

# ਹਮਾਮ ਬਲਾਵੀ ਪਾਕਿਸਤਾਨ ਵਿਚ

***ਦਹਿਸ਼ਤਪਸੰਦੀ ਨੇ ਸੰਸਾਰ ਦੇ ਬਹੁਤ ਸਾਰੇ ਮੁਲਕ ਆਪਣੀ ਲਪੇਟ ਵਿਚ ਲਏ ਹੋਏ ਹਨ। ਕੌੜਾ ਸੱਚ ਇਹ ਹੈ ਕਿ ਇਸ ਮਸਲੇ ਦਾ ਸਿੱਧਾ ਜਾਂ ਅਸਿੱਧਾ ਸਬੰਧ ਅਮਰੀਕਾ ਨਾਲ ਜੁੜਦਾ ਰਿਹਾ ਹੈ। 'ਆਫੀਆ ਸਿਦੀਕੀ ਦਾ ਜਹਾਦ' ਵਰਗਾ ਇਤਿਹਾਸਕ ਨਾਵਲ ਲਿਖਣ ਵਾਲੇ ਉਮਦਾ ਲਿਖਾਰੀ ਹਰਮਹਿੰਦਰ ਚਹਿਲ ਨੇ ਇਸ ਲੇਖ ਵਿਚ ਇਕ ਅਜਿਹੇ ਸ਼ਖਸ ਦਾ ਜੀਵਨ ਸਾਡੇ ਨਾਲ ਸਾਂਝਾ ਕੀਤਾ ਹੈ, ਜਿਸ ਦੀਆਂ ਲੜੀਆਂ ਦਹਿਸ਼ਤ ਦੀਆਂ ਖੂੰਖਾਰ ਕੜੀਆਂ ਨਾਲ ਜੁੜੀਆਂ ਹੋਈਆਂ ਹਨ। ਇਸ ਲਿਖਤ ਤੋਂ ਇਹ ਕਨਸੋਅ ਵੀ ਮਿਲਦੀ ਹੈ ਕਿ ਦਹਿਸ਼ਤਪਸੰਦੀ ਦੀ ਦੁਨੀਆਂ ਦੀਆਂ ਕਿੰਨੀਆਂ ਅਣਫੋਲੀਆਂ ਪਰਤਾਂ ਹਨ, ਜੋ ਆਮ ਲੋਕਾਂ ਦੇ ਸਾਹਮਣੇ ਕਦੀ ਆਉਂਦੀਆਂ ਹੀ ਨਹੀਂ। ਇਸ ਲੰਮੇ ਲੇਖ ਦੀ ਦੂਜੀ ਕੜੀ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਪਿਛਲੇ ਅੰਕ ਵਿਚ ਛਪੀ ਪਹਿਲੀ ਕੜੀ ਵਿਚ ਹਮਾਮ ਬਲਾਵੀ ਦੇ ਪਿਛੋਕੜ ਅਤੇ ਸ਼ੁਰੂਆਤੀ ਦੌਰ ਬਾਰੇ ਵੇਰਵੇ ਸਨ। -ਸੰਪਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਸਾਲ 2009 ਦੀਆਂ ਗਰਮੀਆਂ ਦੇ ਦਿਨੀਂ ਅਮਰੀਕਾ ਨੇ ਆਪਣਾ ਸਾਰਾ ਜ਼ੋਰ ਪਾਕਿਸਤਾਨ ਦੇ ਉਤਰ-ਪੱਛਮੀ ਕੋਨੇ 'ਤੇ ਲਾਇਆ ਹੋਇਆ ਸੀ। ਫੌਜ ਦੀ ਗੁਪਤ ਤਾਕਤਵਰ ਸੂਹੀਆ ਸੈਟੇਲਾਈਟ ਨੇ ਇਹ ਇਲਾਕਾ ਆਪਣੇ ਘੇਰੇ 'ਚ ਲਿਆ ਹੋਇਆ ਸੀ। ਹਰ ਤਰ੍ਹਾਂ ਦਾ ਸੂਹੀਆ ਯੰਤਰ ਇਸ ਇਲਾਕੇ 'ਚ ਫਿੱਟ ਕੀਤਾ ਹੋਇਆ ਸੀ। ਹਰ ਤਰ੍ਹਾਂ ਦੇ ਕੈਮਰੇ ਉਪਰ ਡਰੋਨਾਂ ਵਿਚ ਫਿੱਟ ਸਨ। ਧਰਤੀ 'ਤੇ ਵੀ ਉਨ੍ਹਾਂ ਦੇ ਮੁਖਬਰ ਚੱਪੇ-ਚੱਪੇ ਦੀ ਨਿਗਰਾਨੀ ਕਰ ਰਹੇ ਸਨ। ਇਸ ਸਭ ਦਾ ਕਾਰਨ ਸੀ ਕਿ ਸਾਊਥ ਏਸ਼ੀਆ ਦਾ ਸਭ ਤੋਂ ਤਾਕਤਵਰ ਅਤਿਵਾਦੀ ਬੈਤੁੱਲਾ ਮਸੂਦ ਇਸ ਇਲਾਕੇ 'ਚ ਰਹਿ ਰਿਹਾ ਸੀ। ਬੈਤੁੱਲਾ ਮਸੂਦ ਤੋਂ ਉਸ ਦੀ ਆਪਣੀ ਪਾਕਿਸਤਾਨ ਸਰਕਾਰ ਵੀ ਥਰ-ਥਰ ਕੰਬਦੀ ਸੀ। ਅਮਰੀਕਾ ਪੂਰੀ ਤਾਕਤ ਨਾਲ ਉਸ ਪਿੱਛੇ ਲੱਗਾ ਹੋਇਆ ਸੀ। ਹੁਣ ਤੱਕ ਡਰੋਨਜ਼ ਰਾਹੀਂ ਕਿੰਨੇ ਹੀ ਅਤਿਵਾਦੀ ਢੇਰ ਕੀਤੇ ਜਾ ਚੁਕੇ ਸਨ ਪਰ ਮਸੂਦ ਦਾ ਕੋਈ ਥਹੁ-ਪਤਾ ਨਹੀਂ ਸੀ ਲੱਗ ਰਿਹਾ।

ਇਨ੍ਹੀਂ ਦਿਨੀਂ ਇਕ ਟੇਪ ਦੀ ਰਿਕਾਰਡਿੰਗ ਮਿਲੀ, ਜੋ ਕਿਸੇ ਡਰੋਨ ਵਲੋਂ ਰਿਕਾਰਡ ਕੀਤੀ ਗਈ ਸੀ। ਇਹ ਦੱਖਣੀ ਵਜ਼ੀਰਿਸਤਾਨ ਦੇ ਇਲਾਕੇ ਦੀ ਸੀ। ਦੋ ਅਤਿਵਾਦੀ ਗੱਲਾਂ ਕਰ ਰਹੇ ਸਨ। ਭਾਸ਼ਾ ਭਾਵੇਂ ਪਸ਼ਤੋ ਸੀ, ਪਰ ਜਦੋਂ ਵਿਚ ਲਫਜ਼



**ਹਰਮਹਿੰਦਰ ਚਹਿਲ**
**ਫੋਨ: 703-362-3239**
**chahals57@yahoo.com**

'ਐਤਮੀ' ਆਇਆ ਤਾਂ ਸੁਣਨ ਵਾਲੇ ਦੇ ਕੰਨ ਖੜ੍ਹੇ ਹੋ ਗਏ। ਉਹ ਸਮਝ ਗਿਆ ਕਿ ਲੋਕਲ ਭਾਸ਼ਾ ਮੁਤਾਬਕ ਐਤਮੀ ਦਾ ਮਤਲਬ ਐਟਮ ਹੈ। ਗੱਲ ਅਮਰੀਕੀ ਸੀ. ਆਈ. ਏ. ਦੇ ਮੁਖੀ ਲਿਓਨ ਪੈਨੇਟਾ ਤੱਕ ਜਾ ਪਹੁੰਚੀ। ਇਹ ਬੜੀ ਫਿਕਰ ਵਾਲੀ ਗੱਲ ਸੀ। ਪੂਰੀ ਟੇਪ ਸੁਣ ਕੇ ਉਸ ਦਾ ਤਰਜਮਾ ਕੀਤਾ ਗਿਆ। ਇਹ ਮਸੂਦ ਦੇ ਮਜ਼ਹਬੀ ਸ਼ੱਰਾ ਦੀ ਮੀਟਿੰਗ 'ਚੋਂ ਰਿਕਾਰਡ ਹੋਏ ਲਫਜ਼ ਸਨ। ਪੂਰੀ ਗੱਲ ਇਹ ਸੀ ਕਿ ਸ਼ੱਰਾ ਇਸ ਗੱਲ 'ਤੇ ਬਹਿਸ ਕਰ ਰਿਹਾ ਸੀ ਕਿ ਮਸੂਦ ਵਲੋਂ ਐਟਮੀ ਤਾਕਤ ਵਰਤਣੀ ਇਸਲਾਮਿਕ ਲਾਅ ਮੁਤਾਬਕ ਸਹੀ ਹੈ ਜਾਂ ਨਹੀਂ। ਇਹ ਸਭ ਸੁਣਦਿਆਂ ਹਰ ਪਾਸੇ ਤਹਿਲਕਾ ਮੱਚ ਗਿਆ। ਮਤਲਬ ਸਾਫ ਸੀ ਕਿ ਮਸੂਦ ਕੋਲ ਐਟਮੀ ਬੰਬ ਹੈ। ਅਮਰੀਕਾ ਦਾ ਟਾਪ ਡਿਪਲੋਮੈਟ ਉਸੇ ਵੇਲੇ ਪਾਕਿਸਤਾਨ ਸਰਕਾਰ ਕੋਲ ਜਾ ਪਹੁੰਚਾ। ਉਸ ਵੇਲੇ ਆਸਿਫ ਅਲੀ ਜ਼ਰਦਾਰੀ ਰਾਸ਼ਟਰਪਤੀ ਸੀ। ਜਦੋਂ ਉਸ ਨੂੰ ਪਤਾ ਲੱਗਾ ਤਾਂ ਉਹ ਅਮਰੀਕਨਾਂ ਨਾਲੋਂ ਵੀ ਵੱਧ ਫਿਕਰਮੰਦ ਹੋ ਗਿਆ। ਉਸ ਦੇ ਬੋਲ ਸਨ, "ਮਸੂਦ ਜਿੰਨੀ ਛੇਤੀ ਹੋ ਸਕਿਆ, ਇਹ ਐਟਮੀ ਬੰਬ ਸਾਡੇ ਖਿਲਾਫ ਹੀ ਵਰਤੇਗਾ। ਇਸ ਕਰਕੇ ਉਸ ਦਾ ਖਾਤਮਾ ਬਹੁਤ ਜ਼ਰੂਰੀ ਹੈ।"

ਇਸ ਐਟਮੀ ਹਥਿਆਰ ਦੀ ਗੱਲ ਨੇ ਸਾਰੀ ਦੁਨੀਆਂ ਨੂੰ ਹੀ ਸੋਚ ਵਿਚ ਪਾ ਦਿੱਤਾ। ਵੱਡੇ-ਵੱਡੇ ਵਿਗਿਆਨੀ ਅਤੇ ਇਸ ਹਥਿਆਰ ਦੇ ਮਾਹਰ ਮਿਲ ਬੈਠੇ। ਸਭ ਤੋਂ ਪਹਿਲਾਂ ਪਾਕਿਸਤਾਨ ਦਾ ਐਟਮੀ ਹਥਿਆਰਾਂ ਦਾ ਜਖੀਰਾ ਚੈੱਕ ਕੀਤਾ ਗਿਆ। ਉਹ ਪੂਰਾ ਸੀ, ਭਾਵ ਉਥੋਂ ਕੁਝ ਚੋਰੀ ਨਹੀਂ ਸੀ ਹੋਇਆ। ਫਿਰ ਹੋਰ ਸੰਭਾਵੀ ਥਾਂਵਾਂ ਦਾ ਨਿਰੀਖਣ ਕੀਤਾ ਗਿਆ। ਨਤੀਜਾ ਇਹ ਨਿਕਲਿਆ ਕਿ ਬੈਤੁੱਲਾ ਮਸੂਦ ਕੋਲ ਕੋਈ ਐਟਮੀ ਹਥਿਆਰ ਨਹੀਂ ਹੈ। ਜਾਂ ਤਾਂ ਉਹ ਗੱਪ ਮਾਰ ਰਿਹਾ ਹੈ, ਜਾਂ ਕੋਈ ਹੋਰ ਗੱਲ ਹੈ। ਇਸ ਬਾਰੇ ਪੜਤਾਲ ਹੁੰਦੀ ਰਹੀ। ਆਖਰ ਨਤੀਜਾ ਇਹ ਨਿਕਲਿਆ ਕਿ ਉਸ ਕੋਲ ਐਟਮੀ ਹਥਿਆਰ ਨਹੀਂ ਹੈ ਸਗੋਂ ਉਹ ਕਿਸੇ ਹੋਰ ਹਥਿਆਰ ਨੂੰ ਐਟਮੀ ਹਥਿਆਰ ਕਹਿ ਰਿਹਾ ਹੈ। ਇਸ ਦਾ ਨਿਚੋੜ ਵੀ ਨਿੱਕਲ ਆਇਆ ਕਿ ਹੋ ਸਕਦਾ ਹੈ, ਉਸ ਕੋਲ ਡਰਟੀ ਬੰਬ ਹੋਵੇ। ਡਰਟੀ ਬੰਬ ਤੱਕ ਮਸੂਦ ਦੀ ਪਹੁੰਚ ਸੁਖਾਲੀ ਸੀ ਪਰ ਡਰਟੀ ਬੰਬ ਕਿਹੜਾ ਘੱਟ ਖਤਰਨਾਕ ਸੀ। ਇਸ ਵਿਚ ਗੈਸ ਭਰੀ ਹੁੰਦੀ ਹੈ। ਜਿੱਥੇ ਜਾ ਡਿੱਗਾ, ਗੈਸ ਨਾਲ ਹੀ ਹਜ਼ਾਰਾਂ ਜਾਨਾਂ ਲੈ ਸਕਦਾ ਹੈ।

ਪਾਕਿਸਤਾਨੀ ਸਦਰ ਜ਼ਰਦਾਰੀ ਬਹੁਤ ਫਿਕਰਮੰਦ ਸੀ। ਉਨ੍ਹੀਂ ਦਿਨੀਂ ਉਸ ਦੀ ਮਸੂਦ ਨਾਲ ਸਿੱਧੀ ਲੜਾਈ ਚੱਲ ਰਹੀ ਸੀ। ਮਸੂਦ ਨੇ ਉਸ ਨੂੰ ਧਮਕੀ ਵੀ ਦਿੱਤੀ ਸੀ ਕਿ ਉਹ ਪਾਕਿਸਤਾਨ ਦਾ ਕੋਈ ਪੂਰਾ ਸ਼ਹਿਰ ਹੀ ਉਡਾ ਦੇਵੇਗਾ। ਜ਼ਰਦਾਰੀ ਨੇ ਅਮਰੀਕਨਾਂ ਨੂੰ ਨਿਜੀ ਬੇਨਤੀ ਕੀਤੀ ਕਿ ਜਿਵੇਂ ਵੀ ਹੋ ਸਕਦਾ ਹੈ, ਮਸੂਦ ਦਾ ਕੰਡਾ ਛੇਤੀ ਕੱਢੋ। ਸੋ, ਮੀਟਿੰਗਾਂ ਵਗੈਰਾ ਖਤਮ ਹੋਈਆਂ ਤਾਂ ਅਮਰੀਕਾ ਨੇ ਵਾਕਿਆ ਹੀ ਉਸ ਇਲਾਕੇ ਦੀ ਘੇਰਾਬੰਦੀ ਹੋਰ ਤੰਗ ਕਰ ਦਿੱਤੀ। ਹੁਣ ਅਮਰੀਕਨ ਉਸ ਇਲਾਕੇ ਦੇ ਇਕੱਲੇ-ਇਕੱਲੇ ਘਰ ਦੀ ਨਿਗਰਾਨੀ ਕਰ ਰਹੇ ਸਨ। ਕੱਚੇ ਘਰ, ਟੁੱਟੇ-ਫੁੱਟੇ ਕੋਠੜੇ, ਇਥੋਂ ਤੱਕ ਕਿ ਭੇਡਾਂ ਦੇ ਵਾੜੇ ਵੀ ਅਮਰੀਕਾ ਦੇ ਰਾਡਾਰ 'ਤੇ ਸਨ। ਕਿਧਰੇ ਪੰਛੀ ਵੀ ਪਰ ਮਾਰਦਾ ਤਾਂ ਏਜੰਸੀ ਦੇ ਦਫਤਰ 'ਚ ਬੈਠੇ ਕਾਮਿਆਂ ਨੂੰ ਪਤਾ ਲੱਗ ਜਾਂਦਾ।

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜੋ ਵੀ ਡਰੋਨ ਉਸ ਇਲਾਕੇ 'ਚ ਘੁੰਮ ਰਹੇ ਸਨ, ਉਂਜ ਭਾਵੇਂ ਉਨ੍ਹਾਂ 'ਚ ਕੋਈ ਪਾਇਲਟ ਨਹੀਂ ਸੀ, ਪਰ ਉਨ੍ਹਾਂ ਦੇ ਅਸਲੀ ਪਾਇਲਟ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਦੇ ਬਾਹਰ ਨੈਸ਼ਨਲ ਸਿਕਿਉਰਿਟੀ ਏਜੰਸੀ ਦੇ ਕਿਸੇ ਕਮਰੇ 'ਚ ਬੈਠੇ ਸਨ। ਇਕ ਕਮਰੇ ਵਿਚ ਦੋ ਪਾਇਲਟ ਬਹਿੰਦੇ ਸਨ। ਜੋ ਅੱਠ ਘੰਟੇ ਦੀ ਸ਼ਿਫਟ ਲਾ ਕੇ ਯੰਤਰ ਅਗਲੀ ਟੀਮ ਦੇ ਹਵਾਲੇ ਕਰ ਜਾਂਦੇ ਸਨ। ਉਨ੍ਹਾਂ ਕੋਲ ਕੋਈ ਵੀ ਡਾਟਾ ਆਉਂਦਾ ਤਾਂ ਉਹ ਝੱਟ ਸੀ. ਆਈ. ਏ. ਦੀ ਟੀਮ ਨਾਲ ਰਾਬਤਾ ਕਰਦੇ। ਸਕਰੀਨ ਸਭ ਦੇ ਸਾਂਝੇ ਸਨ। ਜਦੋਂ ਡਰੋਨ ਕਿਸੇ ਟਾਰਗੈਟ ਨੂੰ ਘੇਰ ਲੈਂਦਾ ਤਾਂ ਕਈ ਜਣੇ ਉਸ ਦੀ ਪੂਰੀ ਪਛਾਣ ਕਰਦੇ। ਆਪਣੀ ਤਸੱਲੀ ਕਰਨ ਪਿਛੋਂ ਹੀ ਉਹ ਅਗਲੀ ਟੀਮ ਤੱਕ ਪਹੁੰਚ ਕਰਦੇ। ਅਗਲੀ ਟੀਮ ਆਪਣੀ ਤਸੱਲੀ ਪਿਛੋਂ ਸਿੱਧਾ ਸੀ. ਆਈ. ਏ. ਦੇ ਮੁਖੀ ਪੈਨੇਟਾ ਨਾਲ ਰਾਬਤਾ ਕਾਇਮ ਕਰਦੀ। ਮਿਸਟਰ ਪੈਨੇਟਾ ਉਨ੍ਹਾਂ ਸਭ ਦੀ ਜਾਣਕਾਰੀ ਮੁਤਾਬਕ ਫੈਸਲਾ ਕਰਦਿਆਂ ਕਹਿੰਦਾ ਸੀ, "ਗੋ।" ਬਸ ਇਸ ਇਕ ਲਫਜ਼ ਦੀ ਉਡੀਕ ਕਮਰੇ 'ਚ ਬੈਠੇ ਪਾਇਲਟ ਕਰ ਰਹੇ ਹੁੰਦੇ। ਪਲਾਂ 'ਚ ਬਟਨ ਦੱਬਿਆ ਤੇ ਅੱਗੇ ਸਭ ਕੁਝ ਤਬਾਹ। ਡਰੋਨ ਵਲੋਂ ਛੱਡੀ ਮਿਜ਼ਾਇਲ ਇੰਨੀ ਸੂਖਮ ਹੁੰਦੀ ਸੀ ਕਿ ਕੱਚੀਆਂ ਕੰਧਾਂ ਵਿਚੋਂ ਸੂਈ ਵਾਂਗ ਲੰਘ ਜਾਂਦੀ। ਕੋਈ ਖੜਕਾ ਨਹੀਂ ਸੀ ਹੁੰਦਾ। ਬੱਸ ਉਦੋਂ ਹੀ ਪਤਾ ਲੱਗਦਾ, ਜਦੋਂ ਕੋਈ ਘਰ ਢਹਿ-ਢੇਰੀ ਹੋ ਜਾਂਦਾ ਤੇ ਅੰਦਰ ਬੈਠੇ ਅਤਿਵਾਦੀ ਢੇਰ ਹੋ ਜਾਂਦੇ। ਇਸ ਇਲਾਕੇ 'ਚ ਡਰੋਨਾਂ ਨੇ ਕਹਿਰ ਮਚਾਇਆ ਹੋਇਆ ਸੀ। ਸਾਰਾ ਦਿਨ ਅਸਮਾਨ 'ਚ ਕੁਝ ਨਾ ਕੁਝ ਘੁੰਮਦਾ ਰਹਿੰਦਾ। ਇਸ ਕਰਕੇ ਅਤਿਵਾਦੀ ਬੜੀ ਸਾਵਧਾਨੀ ਵਰਤਦੇ ਸਨ, ਪਰ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਡਰੋਨ ਤਾਂ ਇਹ ਵੀ ਪਤਾ ਲਾ ਲੈਂਦਾ ਸੀ ਕਿ ਟਾਰਗੈਟ ਦੇ ਪੈਰੀਂ ਜੁੱਤੀ ਕਿਸ ਰੰਗ ਦੀ ਹੈ।

ਏਜੰਸੀ ਟੀਮ ਨੇ ਚੌਵੀ ਘੰਟੇ ਦੀ ਸਕਰੀਨਿੰਗ ਦੌਰਾਨ ਰਿਪੋਰਟ ਬਣਾ ਲਈ ਕਿ ਦੱਖਣੀ ਵਜ਼ੀਰਿਸਤਾਨ ਦੇ ਛੋਟੇ ਜਿਹੇ ਸ਼ਹਿਰ ਮਾਕੀਨ ਵਿਚ ਬੈਤੁੱਲਾ ਮਸੂਦ, ਸਰਾਜੂਦੀਨ ਹਕਾਨੀ ਅਤੇ ਅਬੂ ਅਲ-ਲੀਬੀ ਜਿਹੇ ਉਚ ਕੋਟੀ ਦੇ ਅਤਿਵਾਦੀਆਂ ਦੀ ਮੀਟਿੰਗ ਹੋਈ ਹੈ। ਇਸ ਤੋਂ ਅਗਲੇ ਦਿਨ ਹੀ ਪਤਾ ਲੱਗਾ ਕਿ ਡਰੋਨ ਨੇ ਇਕ ਹੋਰ ਅਤਿਵਾਦੀ ਢੇਰ ਕਰ ਲਿਆ ਹੈ, ਜੋ ਮਸੂਦ ਦਾ ਬਹੁਤ ਨੇੜਲਾ ਹੈ। ਹੁਣ ਏਜੰਸੀ ਨੂੰ ਪੂਰਾ ਯਕੀਨ ਸੀ ਕਿ ਮਸੂਦ ਉਸ ਦੇ ਜਨਾਜ਼ੇ ਨਾਲ ਜਾਵੇਗਾ ਅਤੇ ਉਥੇ ਹੀ ਉਸ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਮਸੂਦ ਜਨਾਜ਼ੇ ਨਾਲ ਜਾਣ ਦੀ ਥਾਂ ਪਹਿਲਾਂ ਹੀ ਅਫਸੋਸ ਕਰਕੇ ਛੁਪ ਗਿਆ ਪਰ ਉਸ ਦੀ ਥਾਂ ਇਕ ਹੋਰ ਅਤਿਵਾਦੀ ਖਵਾਜਾ ਵਲੀ ਮਸੂਦ, ਵਾਨਾ ਸ਼ਹਿਰ ਦੇ ਨੇੜੇ ਇਕ ਘਰ ਵਿਚ ਡਰੋਨ ਦਾ ਨਿਸ਼ਾਨਾ ਬਣ ਗਿਆ ਅਤੇ ਸਦਾ ਲਈ ਅਲਵਿਦਾ ਕਹਿ ਗਿਆ। ਨਾਲ ਚੋਟੀ ਦੇ ਚਾਰ ਹੋਰ ਅਤਿਵਾਦੀ ਡਰੋਨ ਦੀ ਭੇਟ ਚੜ੍ਹ ਗਏ। ਹੁਣ ਜਦੋਂ ਇਨ੍ਹਾਂ ਅਤਿਵਾਦੀਆਂ ਦੇ ਜਨਾਜ਼ੇ ਨਿਕਲੇ ਤਾਂ ਡਰੋਨ ਫਿਰ ਹਰਕਤ 'ਚ ਆ ਗਿਆ। ਜਨਾਜ਼ੇ ਤੋਂ ਮੁੜਦੇ ਲੋਕਾਂ 'ਚੋਂ ਪਛਾਣ ਕੇ ਤਿੰਨ ਮਿਜ਼ਾਇਲਾਂ ਛੱਡੀਆਂ ਗਈਆਂ। ਦੋ ਅਤਿਵਾਦੀ ਹੋਰ ਮਾਰੇ ਗਏ। ਏਜੰਸੀ ਦੋ ਦਿਨ ਉਡੀਕਦੀ ਰਹੀ; ਅਖੀਰ ਖਬਰ ਮਿਲੀ ਕਿ ਬੈਤੁੱਲਾ ਮਸੂਦ ਇਥੇ ਵੀ ਨਹੀਂ ਸੀ ਆਇਆ। ਹੁਣ ਅਮਰੀਕਨਾਂ ਦਾ ਮੁੱਖ ਨਿਸ਼ਾਨਾ ਮਸੂਦ ਸੀ, ਪਰ ਉਹ ਧੱਕੇ ਨਹੀਂ ਸੀ ਚੜ੍ਹ ਰਿਹਾ।



*ਖੱਬਿਓਂ: ਬੈਤੁੱਲਾ ਮਸੂਦ, ਸਰਾਜੂਦੀਨ ਹਕਾਨੀ ਅਤੇ ਅਬੂ ਅਲ-ਲੀਬੀ।*

ਉਧਰ ਹਮਾਮ ਬਲਾਵੀ ਇਸਲਾਮਾਬਾਦ ਏਅਰਪੋਰਟ ਉਤਰਿਆ ਅਤੇ ਆਪੇ ਹੀ ਪੁੱਛ-ਪੁਛਾ ਕੇ ਉਤਰ-ਪੱਛਮੀ ਪਾਕਿਸਤਾਨੀ ਇਲਾਕੇ 'ਚ ਪਹੁੰਚ ਗਿਆ। ਸੀ. ਆਈ. ਏ. ਦੇ ਜ਼ਮੀਨੀ ਮੁਖਬਰ ਉਸ ਦੀ ਹਰ ਗਤੀਵਿਧੀ ਦੇਖ ਰਹੇ ਸਨ। ਉਸ ਨੇ ਆਪਣੇ ਵੱਡੇ ਟੁੱਟੇ ਜਿਹੇ ਅਟੈਚੀਆਂ ਨਾਲ ਪਿਸ਼ਾਵਰ ਦਾ ਬਾਰਡਰ ਪਾਰ ਕੀਤਾ ਅਤੇ ਉਸ ਪਿਛੋਂ ਬਸ ਅੱਡੇ ਜਾ ਪੁੱਜਾ। ਉਥੋਂ ਉਹ ਬਾਨੂੰ ਲਈ ਬਸ ਚੜ੍ਹਿਆ ਪਰ ਇਸ ਤੋਂ ਅੱਗੇ ਉਹ ਸੀ. ਆਈ. ਏ. ਦੇ ਜ਼ਮੀਨੀ ਮੁਖਬਰਾਂ ਦੀਆਂ ਨਜ਼ਰਾਂ ਤੋਂ ਓਹਲੇ ਹੋ ਗਿਆ। ਕਿਸੇ ਨੂੰ ਕੋਈ ਪਤਾ ਨਾ ਲੱਗਾ ਕਿ ਉਹ ਕਿਧਰ ਨੂੰ ਨਿਕਲ ਗਿਆ। ਉਹ ਦੁਨੀਆਂ ਦੇ ਬਹੁਤ ਹੀ ਖਤਰਨਾਕ ਇਲਾਕੇ 'ਚ ਆ ਪੁੱਜਾ ਸੀ, ਜਿੱਥੇ ਅਤਿਵਾਦੀਆਂ ਤੋਂ ਬਿਨਾ ਕਿਸੇ ਦਾ ਰਾਜ ਨਹੀਂ ਸੀ ਚੱਲਦਾ, ਪਰ ਉਹ ਸਭ ਏਜੰਸੀਆਂ ਦੇ ਰਾਡਾਰ ਤੋਂ ਪਾਸੇ ਹੋ ਚੁਕਾ ਸੀ।



*ਹਮਾਮ ਬਲਾਵੀ*

ਉਧਰ ਜਾਰਡਨ ਦਾ ਮੁਖਾਬਰਤ ਦਾ ਅਫਸਰ ਬਿਨ ਜ਼ਈਦ ਬੜਾ ਪ੍ਰੇਸ਼ਾਨ ਸੀ। ਕਿੰਨੇ ਹੀ ਦਿਨ ਲੰਘ ਚੁਕੇ ਸਨ, ਪਰ ਬਲਾਵੀ ਦਾ ਕੋਈ ਥਹੁ-ਪਤਾ ਨਹੀਂ ਸੀ ਲੱਗ ਰਿਹਾ। ਉਸ ਨੂੰ ਡਰ ਸੀ ਕਿ ਅਣਸਿਖਿਅਤ ਸ਼ਰਮਾਕਲ ਜਿਹਾ ਡਾਕਟਰ ਅਲ-ਕਾਇਦਾ, ਤਾਲਿਬਾਨ, ਤਹਿਰੀਕੇ-ਤਾਲਿਬਾਨ ਅਤੇ ਹਕਾਨੀ ਨੈੱਟਵਰਕ ਦੇ ਬਿਲਕੁਲ ਵਿਚਾਲੇ ਜਾ ਕੇ ਕਿਵੇਂ ਅਡਜਸਟ ਕਰੇਗਾ? ਜਦੋਂ ਉਸ ਨੂੰ ਭੇਜਣ ਦੀ ਤਿਆਰੀ ਹੋ ਰਹੀ ਸੀ ਤਾਂ ਬਿਨ ਜ਼ਈਦ ਦੇ ਅਮਰੀਕਨ ਭਾਈਵਾਲ ਇਸ ਵਾਸਤੇ ਬਿਲਕੁਲ ਤਿਆਰ ਨਹੀਂ ਸਨ। ਉਨ੍ਹਾਂ ਮੁਤਾਬਕ ਅਣਸਿਖਿਅਤ ਏਜੰਟ ਨੂੰ ਦੁਸ਼ਮਣ ਦੇ ਘਰ ਭੇਜਣਾ ਵੱਡੇ ਖਤਰੇ ਦੀ ਗੱਲ ਹੈ, ਪਰ ਬਿਨ ਜ਼ਈਦ ਨੂੰ ਕਾਹਲੀ ਸੀ। ਉਸ ਅੰਦਰ ਕਿਧਰੇ ਇਹ ਵੀ ਸੀ ਕਿ ਚਲੋ, ਮੁੱਖ ਅਤਿਵਾਦੀਆਂ ਨੂੰ ਮਰਵਾ ਕੇ ਬਲਾਵੀ ਆਪਣਾ ਇਨਾਮ ਲੈ ਜਾਵੇਗਾ, ਇਧਰ ਮੁਖਾਬਰਤ 'ਚ ਉਸ ਦੀ ਚੜ੍ਹਾਈ ਹੋ ਜਾਵੇਗੀ ਤੇ ਫਿਰ ਮੁਖੀ ਦੀ ਪੋਸਟ 'ਤੇ ਪਹੁੰਚਣਾ ਉਸ ਲਈ ਬਹੁਤ ਸੁਖਾਲਾ ਹੋ ਜਾਵੇਗਾ; ਪਰ ਹੁਣ ਉਹ ਸਿਰ ਫੜੀ ਬੈਠਾ ਸੀ। ਉਸ ਨੇ ਬਲਾਵੀ ਲਈ ਵੱਖਰੀ ਸੀਕਰਟ ਈਮੇਲ ਸਥਾਪਤ ਕੀਤੀ ਸੀ, ਜਿਸ ਨੂੰ ਬਲਾਵੀ ਜਾਂ ਬਿਨ ਜ਼ਈਦ ਤੋਂ ਬਿਨਾ ਕੋਈ ਕਿਸੇ ਵੀ ਤਰ੍ਹਾਂ ਖੋਲ੍ਹ ਹੀ ਨਹੀਂ ਸੀ ਸਕਦਾ। ਉਹ ਹਰ ਰੋਜ਼ ਸਵੇਰੇ ਹੀ ਉਸ ਈਮੇਲ ਵਲ ਝਾਤੀ ਮਾਰਦਾ, ਪਰ ਉਸ 'ਤੇ ਕੋਈ ਸਰਗਰਮੀ ਨਾ ਹੋਈ ਹੁੰਦੀ। ਕਈ ਵਾਰੀ ਤਾਂ ਉਸ ਨੂੰ ਰਾਤੀਂ ਜਾਗ ਆ ਜਾਂਦੀ ਤਾਂ ਉਹ ਉਸ ਈਮੇਲ ਵਲ ਜ਼ਰੂਰ ਝਾਤੀ ਮਾਰਦਾ ਪਰ ਕਈ ਮਹੀਨੇ ਗੁਜ਼ਰ ਗਏ, ਬਲਾਵੀ ਦੀ ਕੋਈ ਖਬਰ ਨਹੀਂ ਸੀ। ਆਖਰ ਉਸ ਨੂੰ ਲੱਗਣ ਲੱਗਾ ਕਿ ਬਲਾਵੀ ਦੁਸ਼ਮਣਾਂ ਹੱਥੋਂ ਮਾਰਿਆ ਜਾ ਚੁਕਾ ਹੈ। ਉਸ ਦੇ ਦਿਲ 'ਚ ਕਿਧਰੇ ਪਛਤਾਵਾ ਜ਼ਰੂਰ ਸੀ। ਹੁਣ ਉਹ ਉਸ ਈਮੇਲ ਵਲੋਂ ਧਿਆਨ ਹਟਾਉਣ ਲੱਗ ਪਿਆ।

ਫਿਰ ਮਾਰਚ ਮਹੀਨੇ ਉਸ ਨੇ ਅਚਾਨਕ ਹੀ ਉਸ ਈਮੇਲ ਵਲ ਝਾਤੀ ਮਾਰੀ ਤਾਂ ਉਸ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਕੋਡ ਭਾਸ਼ਾ 'ਚ ਈਮੇਲ ਲਿਖੀ ਹੋਈ ਸੀ, ਜਿਸ ਦਾ ਮਤਲਬ ਸੀ, "ਮੈਂ ਬਲਾਵੀ ਹਾਂ। ਜਿੱਥੇ ਪਹੁੰਚਣਾ ਸੀ, ਪਹੁੰਚ ਗਿਆਂ।" ਅੱਗੇ ਉਸ ਨੇ ਲਿਖਿਆ ਸੀ ਕਿ ਮੈਂ ਇਥੇ ਛੋਟੇ ਜਿਹੇ ਸ਼ਹਿਰ ਵਾਨਾ 'ਚ ਰਹਿ ਰਿਹਾ ਹਾਂ। ਮੈਂ ਆਪਣੀ ਜਾਸੂਸ ਦੀ ਜਾਬ ਹੌਲੀ-ਹੌਲੀ ਰਾਹ 'ਤੇ ਲੈ ਆਂਦੀ ਹੈ। ਇਥੇ ਵੱਡੇ ਸ਼ਹਿਰਾਂ ਵਾਂਗ ਮਾਰਕਿਟ ਵਿਚ ਫੋਨ ਦੀ ਸਹੂਲਤ ਹੈ। ਇਸ ਤੋਂ ਇਲਾਵਾ ਕੰਪਿਊਟਰ ਵਗੈਰਾ ਵੀ ਹੈ। ਮੈਂ ਇਥੋਂ ਹੀ ਕੰਪਿਊਟਰ ਵਰਤਦਾ ਰਹਾਂਗਾ। ਉਸ ਨੇ ਅੱਗੇ ਲਿਖਿਆ ਸੀ ਕਿ ਉਹ ਹੌਲੀ-ਹੌਲੀ ਤਹਿਰੀਕੇ-ਤਾਲਿਬਾਨ ਨਾਲ ਸਬੰਧ ਬਣਾ ਰਿਹਾ ਹੈ। ਉਹ ਉਨ੍ਹਾਂ ਨੂੰ ਕਹਿ ਰਿਹਾ ਹੈ ਕਿ ਉਹ ਜਾਰਡਨ 'ਚ ਚੰਗੀ ਭਲੀ ਨੌਕਰੀ ਛੱਡ ਕੇ ਇਥੇ ਜਹਾਦ 'ਚ ਹਿੱਸਾ ਲੈਣ ਆਇਆ ਹੈ। ਉਸ ਨੇ ਉਨ੍ਹਾਂ ਨੂੰ ਇਹ ਵੀ ਕਿਹਾ ਹੈ ਕਿ ਉਹ ਡਾਕਟਰ ਹੈ, ਇਸ ਕਰਕੇ ਡਾਕਟਰੀ ਕਿੱਤੇ ਨੂੰ ਜਹਾਦ ਦੇ ਲੇਖੇ ਲਾਵੇਗਾ। ਉਸ ਮੁਤਾਬਕ ਇਸ ਗੱਲ 'ਚ ਉਸ ਨੂੰ ਕਾਮਯਾਬੀ ਵੀ ਮਿਲ ਜਾਵੇਗੀ, ਕਿਉਂਕਿ ਤਾਲਿਬਾਨ ਨੂੰ ਡਾਕਟਰੀ ਸਹੂਲਤਾਂ ਦੀ ਲੋੜ ਪੈਂਦੀ ਹੈ ਤਾਂ ਬੜੀ ਮੁਸ਼ਕਿਲ ਆਉਂਦੀ ਹੈ। ਉਨ੍ਹਾਂ ਦੀ ਇਸੇ ਮੁਸ਼ਕਿਲ ਨੂੰ ਉਹ ਆਪਣੇ ਹੱਕ 'ਚ ਵਰਤੇਗਾ। ਉਸ ਮੁਤਾਬਕ ਉਸ ਨੇ ਹੇਠਲੀ ਪੱਧਰ ਦੇ ਤਾਲਿਬਾਨ ਨਾਲ ਸਬੰਧ ਬਣਾ ਲਏ ਹਨ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ ਇਥੇ ਉਸ ਦਾ ਜਹਾਦੀ ਹਸਪਤਾਲ ਖੋਲ੍ਹਣ 'ਚ ਮਦਦ ਕਰਨ। ਉਹ ਇਕ ਵਾਰ ਗਰੁੱਪ ਦੇ ਅੰਦਰ ਵੜ ਗਿਆ ਤਾਂ ਸਭ ਨਾਲ ਸਬੰਧ ਬਣਾ ਲਵੇਗਾ।

ਬਲਾਵੀ ਦੀ ਇਸ ਲਾਈਨ ਨੇ ਤਾਂ ਬਿਨ ਜ਼ਈਦ ਨੂੰ ਖੁਸ਼ੀ 'ਚ ਉਛਲਣ ਹੀ ਲਾ ਦਿੱਤਾ ਕਿ ਆਈਮਨ ਅਲ-ਜਵਾਹਰੀ ਇਸੇ ਇਲਾਕੇ 'ਚ ਕਿਧਰੇ ਹੈ। ਅਖੀਰ 'ਚ ਉਸ ਨੇ ਬੇਨਤੀ ਕੀਤੀ ਸੀ ਕਿ ਉਸ ਦੇ ਬੱਚਿਆਂ ਦਾ ਖਿਆਲ ਰੱਖਿਆ ਜਾਵੇ, ਤੇ ਜਦੋਂ ਹੀ ਕੋਈ ਕਾਮਯਾਬੀ ਮਿਲੀ ਤਾਂ ਉਹ ਫਿਰ ਈਮੇਲ ਭੇਜੇਗਾ। ਫਿਰ ਹਰ ਹਫਤੇ, ਦੋ ਹਫਤੇ ਪਿਛੋਂ ਉਹ ਬਿਨ ਜ਼ਈਦ ਨੂੰ ਈਮੇਲ ਭੇਜ ਕੇ ਅੱਪਡੇਟ ਦਿੰਦਾ ਰਹਿੰਦਾ। ਅੱਗੇ ਜੂਨ ਮਹੀਨੇ ਜਾ ਕੇ ਉਸ ਨੇ ਖੁਸ਼ੀ ਵਾਲੀ ਈਮੇਲ ਭੇਜੀ। ਉਸ ਨੇ ਬਿਨ ਜ਼ਈਦ ਨੂੰ ਲਿਖਿਆ ਕਿ ਇਸ ਇਲਾਕੇ ਦੇ ਸਭ ਤੋਂ ਵੱਡੇ ਅਤਿਵਾਦੀ ਗਰੁੱਪ 'ਤਹਿਰੀਕੇ-ਤਾਲਿਬਾਨ' ਨੇ ਉਸ ਨੂੰ ਆਪਣੇ ਗਰੁੱਪ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਹੁਣ ਅਗਲੇ ਕਈ ਹਫਤੇ ਟਰੇਨਿੰਗ ਚੱਲੇਗੀ, ਇਸ ਕਰਕੇ ਉਹ ਬਿਨ ਜ਼ਈਦ ਨਾਲ ਸੰਪਰਕ ਨਹੀਂ ਕਰ ਸਕੇਗਾ।

ਬਿਨ ਜ਼ਈਦ ਨੇ ਇਹੋ ਗੱਲਾਂ ਆਪਣੇ ਅਮਰੀਕਨ ਸਾਥੀ ਡੈਰਨ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਵੀ ਡਾਢਾ ਖੁਸ਼ ਹੋਇਆ। ਇਕ ਨਵੇਂ ਬੰਦੇ ਦਾ ਇੰਨੀ ਜਲਦੀ ਇੰਨਾ ਅੱਗੇ ਪਹੁੰਚਣਾ ਚੰਗਾ ਸ਼ਗਨ ਸੀ। ਫਿਰ ਬਲਾਵੀ ਦੀ ਈਮੇਲ ਆਉਣੀ ਬੰਦ ਹੋ ਗਈ। ਡੈਰਨ ਮੁਤਾਬਕ, ਇਹ ਚੰਗਾ ਨਹੀਂ ਸੀ। ਉਸ ਮੁਤਾਬਕ ਜਾਂ ਤਾਂ ਬਲਾਵੀ ਕਾਹਲੀ ਕਰ ਗਿਆ ਤੇ ਮਾਰਿਆ ਗਿਆ ਜਾਂ ਇਹ ਵੀ ਹੋ ਸਕਦਾ ਹੈ ਕਿ ਉਹ ਦੂਜੇ ਪਾਸੇ, ਭਾਵ ਤਾਲਿਬਾਨ ਨਾਲ ਜਾ ਰਲਿਆ ਹੋਵੇ।

ਉਧਰ, ਬਲਾਵੀ ਨੂੰ ਗਰੁੱਪ 'ਚ ਰਲਣ ਦਾ ਸੱਦਾ ਦੇ ਕੇ ਸਭ ਤੋਂ ਪਹਿਲਾਂ ਉਸ ਨੂੰ ਤਹਿਰੀਕੇ-ਤਾਲਿਬਾਨ ਦੇ ਹੈੱਡਕੁਆਰਟਰ 'ਤੇ ਲਿਜਾਇਆ ਗਿਆ। ਉਨ੍ਹਾਂ ਲਈ ਇਹ ਜਾਣਨਾ ਬਹੁਤ ਜ਼ਰੂਰੀ ਸੀ ਕਿ ਇਹ ਬੰਦਾ ਕੌਣ ਹੋਇਆ ਜੋ ਕਿੱਥੇ ਜਾਰਡਨ ਅਤੇ ਉਥੋਂ ਚੱਲ ਕੇ ਇਥੇ ਪਹੁੰਚਿਆ। ਇਸ ਦੇ ਇਰਾਦੇ ਕੀ ਹਨ? ਕੀ ਇਹ ਵਾਕਿਆ ਹੀ ਜਹਾਦ 'ਚ ਹਿੱਸਾ ਲੈਣ ਆਇਆ ਹੈ ਜਾਂ ਕੋਈ ਹੋਰ ਹੈ? ਉਸ ਦਾ ਸਭ ਤੋਂ ਵੱਡਾ ਸਬੂਤ ਸੀ, ਉਸ ਦਾ ਅਬੂ ਦੁਜਾਨਾ ਅਲ ਖੁਰਸਾਨੀ ਹੋਣਾ। ਅਬੂ ਦੁਜਾਨਾ ਨੂੰ ਸਭ ਨੇ ਪੜ੍ਹਿਆ ਸੀ। ਹੁਣ ਤਾਂ ਸਿਰਫ ਇਹ ਦੇਖਣਾ ਸੀ ਕਿ ਵਾਕਿਆ ਹੀ ਇਹ ਉਹੀ ਬੰਦਾ ਹੈ, ਜੋ ਅਬੂ ਦੁਜਾਨਾ ਬਣ ਕੇ ਲਿਖਦਾ ਹੁੰਦਾ ਸੀ। ਜੇ ਇਹ ਸਾਬਤ ਹੋ ਜਾਂਦਾ ਹੈ ਤਾਂ ਉਸ 'ਤੇ ਸ਼ੱਕ ਹੋਣਾ ਬੰਦ ਹੋ ਜਾਵੇਗਾ। ਵੈੱਬਸਾਈਟ ਚਲਾਉਣ ਵਾਲੇ ਅਤੇ ਹੋਰ ਕਾਲਮ ਲਿਖਣ ਵਾਲੇ ਇਕੱਠੇ ਹੋ ਗਏ ਤੇ ਲੱਗੇ ਉਸ ਨੂੰ ਸੁਆਲ ਕਰਨ। ਕਦੋਂ ਕੀ ਲਿਖਿਆ। ਕਿਸ ਘਟਨਾ ਪਿੱਛੋਂ ਕਾਲਮ 'ਚ ਕੀ ਦੱਸਿਆ ਗਿਆ ਸੀ। ਬਲਾਵੀ ਨੇ ਸਭ ਕੁਝ ਹੱਥੀਂ ਲਿਖਿਆ ਸੀ, ਇਸ ਕਰਕੇ ਉਹ ਫਟਾ-ਫਟ ਦੱਸੀ ਗਿਆ।

ਆਖਰ ਇੰਟਰਵਿਊ ਲੈਣ ਵਾਲਿਆਂ ਉਸ ਨੂੰ ਕਲੀਨ ਚਿੱਟ ਦੇ ਦਿੱਤੀ। ਤਹਿਰੀਕੇ-ਤਾਲਿਬਾਨ ਦਾ ਮੁਖੀ ਬੈਤੁੱਲਾ ਮਸੂਦ ਬਿਲਕੁਲ ਅਨਪੜ੍ਹ ਸੀ। ਉਹ ਤਾਂ ਸਿਰਫ ਉਨ੍ਹਾਂ ਦੀਆਂ ਗੱਲਾਂ ਹੀ ਸੁਣ ਸਕਦਾ ਸੀ। ਉਸ ਨੇ ਕੀ-ਕੀ ਲਿਖਿਆ, ਇਹ ਜਾਣ ਕੇ ਉਸ ਨੂੰ ਬਹੁਤ ਖੁਸ਼ੀ ਹੋਈ। ਦੂਜੀ ਗੱਲ ਅਨਪੜ੍ਹ ਹੋਣ ਕਾਰਨ ਬੈਤੁੱਲਾ ਮਸੂਦ ਬੰਦੇ ਨੂੰ ਜਾਚਣ ਦਾ ਜੋ ਢੰਗ ਵਰਤਦਾ ਸੀ, ਉਹ ਸੀ ਉਸ

*(ਬਾਕੀ ਅਗਲੇ ਸਫੇ 'ਤੇ)*

ਦਾ ਮਨ। ਉਹ ਸੋਚਦਾ ਕਿ ਉਸ ਦਾ ਮਨ ਕੀ ਕਹਿੰਦਾ ਹੈ। ਜੋ ਮਨ ਕਹਿੰਦਾ, ਉਹ ਉਹੀ ਮੰਨਦਾ। ਉਸ ਨੂੰ ਸ਼ੁਰੂ ਤੋਂ ਹੀ ਇਹ ਸ਼ਰੀਫ ਜਿਹਾ ਬੰਦਾ ਸਹੀ ਲੱਗਾ ਸੀ। ਬੈਤੁੱਲਾ ਮਸੂਦ ਦੀ ਇਕ ਹੋਰ ਸਮੱਸਿਆ ਸੀ। ਉਸ ਨੂੰ ਡਾਇਬਿਟੀਜ਼ ਸੀ, ਜੋ ਬਹੁਤ ਜ਼ਿਆਦਾ ਸੀ। ਜਦੋਂ ਇਸ ਦਾ ਦੌਰਾ ਪੈਂਦਾ ਤਾਂ ਉਹ ਮਰਨ ਵਾਲਾ ਹੋ ਜਾਂਦਾ। ਉਸ ਦੀ ਇਕ ਲੱਤ 'ਤੇ ਜ਼ਖਮ ਸੀ ਜੋ ਡਾਇਬਿਟੀਜ਼ ਕਾਰਨ ਠੀਕ ਨਹੀਂ ਸੀ ਹੋ ਰਿਹਾ। ਦੂਜਾ, ਪੰਜ ਚਾਰ ਘੰਟਿਆਂ ਪਿਛੋਂ ਉਸ ਦੇ ਸਾਰੇ ਸਰੀਰ 'ਤੇ ਖੁਰਕ ਸ਼ੁਰੂ ਹੋ ਜਾਂਦੀ। ਸਰੀਰ ਫੁੱਲ ਜਾਂਦਾ। ਉਸ ਵੇਲੇ ਉਹ ਬਹੁਤ ਤੰਗ ਹੁੰਦਾ ਸੀ। ਕੁਦਰਤੋਂ ਬਲਾਵੀ ਦੀ ਇੰਟਰਵਿਊ ਚੱਲ ਹੀ ਰਹੀ ਸੀ ਕਿ ਮਸੂਦ ਨੂੰ ਡਾਇਬਿਟੀਜ਼ ਦਾ ਦੌਰਾ ਪੈ ਗਿਆ। ਇਕ ਦਮ ਖੁਰਕ ਸ਼ੁਰੂ ਹੋ ਗਈ। ਸਰੀਰ ਫੁੱਲਣ ਲੱਗਾ। ਬਲਾਵੀ ਨੇ ਫਟਾ-ਫਟ ਆਪਣਾ ਬੈਗ ਖੋਲ੍ਹਿਆ ਅਤੇ ਇਲਾਜ ਸ਼ੁਰੂ ਕਰ ਦਿੱਤਾ। ਕੁਝ ਹੀ ਮਿੰਟ ਵਿਚ ਉਸ ਨੇ ਖੁਰਕ 'ਤੇ ਕੰਟਰੋਲ ਪਾ ਲਿਆ। ਸਰੀਰ ਦੀ ਫੁਲਾਵਟ ਵੀ ਸਹੀ ਹੋ ਗਈ। ਬੈਤੁੱਲਾ ਮਸੂਦ ਉਠ ਕੇ ਬੈਠ ਗਿਆ ਤੇ ਉਸ ਨੇ ਸ਼ੁਕਰਾਨੇ ਭਰੀਆਂ ਨਜ਼ਰਾਂ ਨਾਲ ਬਲਾਵੀ ਵੱਲ ਤੱਕਿਆ, "ਭਰਾ ਤੂੰ ਮੇਰੇ ਵਲੋਂ ਪਾਸ ਐਂ। ਤੂੰ ਸਾਡੀ ਟੀਮ ਦਾ ਹਿੱਸਾ ਐਂ। ਜਿਥੇ ਮਰਜ਼ੀ ਹਸਪਤਾਲ ਖੋਲ੍ਹ, ਤੈਨੂੰ ਖੁੱਲ੍ਹ ਐ।"

"ਮਸੂਦ ਸਾਹਬ, ਹਸਪਤਾਲ ਵੀ ਖੋਲ੍ਹ ਲਵਾਂਗਾ ਪਰ ਇਸ ਵੇਲੇ ਤੁਹਾਨੂੰ ਮੇਰੀ ਲੋੜ ਐ। ਤੁਹਾਨੂੰ ਇਹ ਦੌਰਾ ਕਿਤੇ ਵੀ ਪੈ ਸਕਦਾ ਐ। ਮੈਂ ਤੁਹਾਡੇ ਨਾਲ ਰਹਾਂਗਾ। ਇਸੇ ਦੌਰਾਨ ਦੂਸਰੇ ਭਰਾਵਾਂ ਦਾ ਵੀ ਲੋੜ ਮੁਤਾਬਕ ਇਲਾਜ ਕਰਦਾ ਰਹਾਂਗਾ।"

ਸਭ ਖੁਸ਼ ਹੋ ਗਏ ਪਰ ਬੈਤੁੱਲਾ ਮਸੂਦ ਦਾ ਚਚੇਰਾ ਭਰਾ ਕਾਰੀ ਮਸੂਦ ਉਸ ਨਾਲ ਸਹਿਮਤ ਨਹੀਂ ਸੀ, "ਇਸ ਵਿਚ ਬਾਹਰਲੇ ਕੁਝ ਨਹੀਂ ਕਰ ਸਕਦੇ।" ਕਾਰੀ ਦੀ ਗੱਲ ਸੁਣ ਕੇ ਬੈਤੁੱਲਾ ਚੁੱਪ ਹੀ ਰਿਹਾ। ਮਸਲਾ ਸੁਲਝ ਗਿਆ ਅਤੇ ਬਲਾਵੀ ਬੈਤੁੱਲਾ ਮਸੂਦ ਤੱਕ ਜਾ ਪਹੁੰਚਾ। ਬੈਤੁੱਲਾ ਦੇ ਸਿਰ 'ਤੇ ਪੰਜ ਮਿਲੀਅਨ ਡਾਲਰ (ਪੰਜਾਹ ਲੱਖ ਡਾਲਰ) ਦਾ ਇਨਾਮ ਸੀ ਪਰ ਨਾਲ ਹੀ ਬਲਾਵੀ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਜਦੋਂ ਕਦੇ ਉਸ ਨੇ ਬੈਤੁੱਲਾ ਦੀ ਮੁਖਬਰੀ ਕੀਤੀ ਅਤੇ ਡਰੋਨ ਨੇ ਉਸ ਨੂੰ ਮਾਰ ਮੁਕਾਇਆ ਤਾਂ ਬਾਕੀ ਅਤਿਵਾਦੀ ਇਸ ਲਈ ਉਸੇ ਨੂੰ ਜ਼ਿੰਮੇਵਾਰ ਮੰਨਣਗੇ ਤੇ ਉਸ ਨੂੰ ਮਾਰ ਮੁਕਾਉਣਗੇ। ਦੂਜੀ ਗੱਲ, ਜੇ ਕਦੇ ਉਹ ਬੈਤੁੱਲਾ ਕੋਲ ਹੋਇਆ ਤੇ ਉਧਰੋਂ ਡਰੋਨ ਨੇ ਹਮਲਾ ਕਰ ਦਿੱਤਾ ਤਾਂ ਉਹ ਵੀ ਨਾਲ ਹੀ ਮਾਰਿਆ ਜਾਵੇਗਾ। ਇਹ ਗੱਲਾਂ ਸੋਚ-ਸੋਚ ਉਸ ਦਾ ਬੁਰਾ ਹਾਲ ਹੋ ਗਿਆ। ਉਹ ਲਗਾਤਾਰ ਤਣਾਅ 'ਚ ਰਹਿਣ ਲੱਗਾ। ਉਸ ਨੂੰ ਨੀਂਦ ਆਉਣੋਂ ਹਟ ਗਈ। ਇਕੱਲਾ ਬੈਠਾ ਕਿਸਮਤ ਨੂੰ ਰੋਂਦਾ ਰਹਿੰਦਾ ਕਿ ਕਿਥੇ ਆ ਫਸਿਆ!

ਇਕ ਦਿਨ ਜਦੋਂ ਦੇਰ ਰਾਤ ਉਸ ਨੂੰ ਨੀਂਦ ਨਹੀਂ ਸੀ ਆ ਰਹੀ ਤਾਂ ਉਸ ਨੇ ਹਾਲਾਤ 'ਤੇ ਧਿਆਨ ਮਾਰਿਆ। ਉਸ ਨੂੰ ਖਿਆਲ ਆਇਆ ਕਿ ਬਹੁਤੇ ਪੁਆੜੇ ਤਾਂ ਉਸ ਦੇ ਆਪਣੇ ਹੀ ਪਾਏ ਹੋਏ ਹਨ। ਉਸ ਨੂੰ ਆਪਣੇ ਆਪ 'ਤੇ ਗੁੱਸਾ ਆਇਆ। ਕੀ ਲੋੜ ਸੀ ਉਸ ਨੂੰ ਅਬੂ ਦੁਜਾਨਾ ਬਣ ਕੇ ਲੇਖ ਲਿਖਣ ਦੀ। ਉਸ ਦੇ ਇਸ ਸ਼ੌਕ ਨੇ ਉਸ ਨੂੰ ਮੁਖਾਬਰਤ ਦੇ ਬਦਨਾਮ ਹੈੱਡਕੁਆਰਟਰ ਵਿਚ ਜਾ ਸੁੱਟਿਆ। ਫਿਰ ਜਦੋਂ ਉਸ ਦੀ ਬਿਨ ਜ਼ਈਦ ਨਾਲ ਨੇੜਤਾ ਬਣਨ ਲੱਗੀ ਤਾਂ ਉਥੇ ਵੀ ਉਸ ਨੇ ਆਪ ਹੀ ਪਾਕਿਸਤਾਨ ਦੇ 'ਫਾਟਾ' ਇਲਾਕੇ 'ਚ ਜਾਣ ਦੀ ਇਛਾ ਪ੍ਰਗਟ ਕੀਤੀ ਸੀ। ਅੱਜ ਉਹ ਸੋਚਦਾ ਸੀ ਕਿ ਜੇ ਉਹ ਚੁੱਪ ਰਹਿੰਦਾ ਤਾਂ ਸ਼ਾਇਦ ਬਿਨ ਜ਼ਈਦ ਉਸ ਨੂੰ ਕੋਈ ਅਜਿਹਾ ਕੰਮ ਦਿੰਦਾ ਜੋ ਇੰਨਾ ਖਤਰਨਾਕ ਨਾ ਹੁੰਦਾ। ਫਿਰ ਉਸ ਦੀ ਇੰਟਰਵਿਊ ਹੋਈ ਤਾਂ ਚਲੋ ਉਹ ਪਾਸ ਹੋ ਗਿਆ। ਉਥੇ ਵੀ ਉਸ ਨੂੰ ਬਿਨਾ ਮਤਲਬ ਤੋਂ ਬੋਲਣ ਕਰਕੇ ਕਈ ਪੁਆੜਿਆਂ ਦਾ ਸਾਹਮਣਾ ਕਰਨਾ ਪਿਆ।

ਕਈ ਦਿਨ ਪਿਛੋਂ ਜਦੋਂ ਬੈਤੁੱਲਾ ਮਸੂਦ ਕਿਧਰੇ ਗਿਆ ਹੋਇਆ ਸੀ ਤਾਂ ਕਾਰੀ ਮਸੂਦ, ਹਕਾਨੀ ਗਰੁੱਪ ਤੇ ਅਲ-ਕਾਇਦਾ ਵਾਲਿਆਂ ਨੇ ਉਸ ਨੂੰ ਫਿਰ ਘੇਰ ਲਿਆ। ਉਹ ਕਹਿ ਰਹੇ ਸਨ ਕਿ ਉਨ੍ਹਾਂ



ਕਸਬਾ ਬਾਨੂੰ ਦੀ ਝਲਕ ਜਿਥੇ ਹਮਾਮ ਬਲਾਵੀ ਪਹੁੰਚਿਆ।

*ਹਮਾਮ ਬਲਾਵੀ ਇਸਲਾਮਾਬਾਦ ਏਅਰਪੋਰਟ ਉਤਰਿਆ ਅਤੇ ਪੁੱਛ-ਪੁਛਾ ਕੇ ਉਤਰ-ਪੱਛਮੀ ਪਾਕਿਸਤਾਨੀ ਇਲਾਕੇ 'ਚ ਪਹੁੰਚ ਗਿਆ। ਸੀ.ਆਈ.ਏ. ਦੇ ਜ਼ਮੀਨੀ ਮੁਖਬਰ ਉਸ ਦੀ ਹਰ ਗਤੀਵਿਧੀ ਦੇਖ ਰਹੇ ਸਨ। ਉਸ ਨੇ ਆਪਣੇ ਵੱਡੇ ਟੁੱਟੇ ਜਿਹੇ ਅਟੈਚੀਆਂ ਨਾਲ ਪਿਸ਼ਾਵਰ ਦਾ ਬਾਰਡਰ ਪਾਰ ਕੀਤਾ ਅਤੇ ਉਸ ਪਿਛੋਂ ਬਸ ਅੱਡੇ ਜਾ ਪਹੁੰਚਿਆ। ਉਥੋਂ ਉਹ ਬਾਨੂੰ ਲਈ ਬਸ ਚੜ੍ਹਿਆ ਪਰ ਇਸ ਤੋਂ ਅੱਗੇ ਉਹ ਸੀ.ਆਈ.ਏ. ਦੇ ਜ਼ਮੀਨੀ ਮੁਖਬਰਾਂ ਦੀਆਂ ਨਜ਼ਰਾਂ ਤੋਂ ਓਹਲੇ ਹੋ ਗਿਆ। ਉਹ ਦੁਨੀਆਂ ਦੇ ਬਹੁਤ ਹੀ ਖਤਰਨਾਕ ਇਲਾਕੇ 'ਚ ਆ ਪਹੁੰਚਿਆ ਸੀ, ਜਿਥੇ ਅਤਿਵਾਦੀਆਂ ਤੋਂ ਬਿਨਾਂ ਕਿਸੇ ਦਾ ਰਾਜ ਨਹੀਂ ਸੀ ਚੱਲਦਾ ਪਰ ਉਹ ਸਭ ਏਜੰਸੀਆਂ ਦੇ ਰਾਡਾਰ ਤੋਂ ਪਾਸੇ ਹੋ ਚੁਕਾ ਸੀ।*

ਨੂੰ ਉਸ 'ਤੇ ਸ਼ੱਕ ਹੈ ਤੇ ਉਸ ਨੂੰ ਨੇੜੇ ਨਹੀਂ ਰੱਖਣਗੇ। ਇਥੇ ਉਸ ਨੇ ਉਹ ਗਲਤੀ ਕੀਤੀ ਜਿਸ ਦੀ ਸਜ਼ਾ ਉਸ ਨੂੰ ਪਤਾ ਨਹੀਂ ਕਿਸ ਰੂਪ 'ਚ ਮਿਲਣੀ ਸੀ। ਜਦੋਂ ਸਾਰੇ ਉਸ ਦੀ ਬੇਇੱਜ਼ਤੀ ਕਰਨੋਂ ਨਾ ਹਟੇ ਤਾਂ ਉਹ ਬੋਲਿਆ, "ਸੁਣੋ ਫਿਰ ਸੱਚ ਕੀ ਐ?"

ਇਕ ਦਮ ਸੰਨਾਟਾ ਛਾ ਗਿਆ। ਸਭ ਉਸ ਦੇ ਮੂੰਹ ਵੱਲ ਦੇਖਣ ਲੱਗੇ। ਲੰਮਾ ਸਾਹ ਭਰਦਿਆਂ ਉਸ ਨੇ ਕਿਹਾ, "ਮੈਨੂੰ ਮੁਖਾਬਰਤ ਅਤੇ ਸੀ. ਆਈ. ਏ. ਨੇ ਭੇਜਿਐ।"

"ਹੈਂ!" ਸਭ ਦੇ ਮੂੰਹੋਂ ਨਿਕਲਿਆ।

ਉਹ ਫਿਰ ਬੋਲਣ ਲੱਗਾ, "ਮੈਂ ਮੁਖਾਬਰਤ ਦਾ ਏਜੰਟ ਆਂ। ਮੈਨੂੰ ਇਥੇ ਭੇਜਿਆ ਗਿਆ ਸੀ, ਤੁਹਾਡੇ ਸਭ ਦੇ ਖਾਤਮੇ ਲਈ ਪਰ ਇਥੇ ਆ ਕੇ ਜੋ ਮੈਂ ਦੇਖਿਆ, ਉਸ ਨੇ ਮੇਰਾ ਮਨ ਹੀ ਬਦਲ ਦਿੱਤਾ।"

"ਕੀ ਦੇਖਿਆ ਤੂੰ?"

"ਮੈਂ ਦੇਖਿਆ ਕਿ ਤੁਸੀਂ ਲੋਕ ਘਰ-ਬਾਰ ਛੱਡ ਕੇ ਇਥੇ ਜਹਾਦ ਲੜ ਰਹੇ ਹੋ ਅਤੇ ਮੈਂ ਇਸਲਾਮ ਦੇ ਦੁਸ਼ਮਣਾਂ ਦਾ ਸਾਥ ਦੇ ਰਿਹਾਂ। ਮੈਂ ਵਿਚਾਰ ਬਦਲ ਲਿਆ ਅਤੇ ਤੁਹਾਡੇ ਨਾਲ ਰਲ ਕੇ ਜਹਾਦ ਦੇ ਰਾਹ ਪੈ ਗਿਆ।"

"ਨਹੀਂ ਫਿਰ ਤੂੰ ਕੀ ਕਰ ਸਕਦਾ ਸੀ?"

"ਤੁਸੀਂ ਇਹ ਪੁੱਛੋ ਕਿ ਕੀ ਨਹੀਂ ਕਰ ਸਕਦਾ ਸੀ। ਸਭ ਨੂੰ 'ਕੱਠੇ ਕਰਕੇ ਹਮਲਾ ਕਰਵਾ ਦਿੰਦਾ। ਸਭ ਕੁਛ ਖਤਮ ਹੋ ਜਾਣਾ ਸੀ ਪਰ ਮੇਰੀ ਜ਼ਮੀਰ ਜਾਗ ਪਈ। ਮੈਂ ਹੁਣ ਤੁਹਾਡੇ ਨਾਲ ਜਹਾਦ ਲੜਾਂਗਾ।"

ਉਸ ਵੱਲ ਦੇਖ ਕੇ ਅਲ-ਕਾਇਦਾ ਵਾਲੇ ਨੇ ਮਖੌਲ 'ਚ ਕਿਹਾ ਕਿ ਜਾਪਦਾ ਨ੍ਹੀਂ ਤੇਰੇ ਪੱਲੇ ਕੁਝ ਹੈ! ਜੇ ਤੂੰ ਕਹਿੰਦੈਂ ਕਿ ਤੈਨੂੰ ਮੁਖਾਬਰਤ ਅਤੇ ਸੀ. ਆਈ. ਏ. ਨੇ ਭੇਜਿਆ ਸੀ ਤਾਂ ਕੋਈ ਸਬੂਤ ਦਿਖਾ। ਤੂੰ ਕੁਝ ਕਰ ਕੇ ਦਿਖਾ, ਫਿਰ ਅਸੀਂ ਮੰਨ ਜਾਵਾਂਗੇ।

"ਦਿਖਾ ਤਾਂ ਦਿੰਦਾਂ ਪਰ ਇਸ 'ਚ ਨੁਕਸਾਨ ਹੋਵੇਗਾ। ਕੋਈ ਬੰਦਾ ਮਾਰਿਆ ਜਾ ਸਕਦਾ ਐ।"

ਉਸ ਦੇ ਇੰਨਾ ਕਹਿਣ 'ਤੇ ਬੈਤੁੱਲਾ ਮਸੂਦ ਦਾ ਬੜਾ ਨੇੜਲਾ ਸਾਥੀ ਅੱਗੇ ਆਇਆ ਤੇ ਬੋਲਿਆ, "ਮੈਂ ਤਿਆਰ ਆਂ। ਜੇ ਮੇਰੀ ਜਾਨ ਵੀ ਜਾਂਦੀ ਐ ਤਾਂ ਮੈਂ ਇਸ ਨੂੰ ਜਹਾਦ ਦੇ ਲੇਖੇ ਮੰਨੂਗਾ। ਦੱਸ ਮੈਨੂੰ, ਮੈਂ ਕੀ ਕਰਨੈਂ?"

"ਠੀਕ ਐ ਫਿਰ ਇਵੇਂ ਕਰੋ, ਬੈਤੁੱਲਾ ਮਸੂਦ ਦੀ ਕਾਰ ਬਾਹਰ ਕੱਢੋ। ਇਹ ਬੰਦਾ ਮਸੂਦ ਜਿਹੇ ਕੱਪੜੇ ਪਾ ਕੇ ਇਕੱਲਾ ਕਾਰ ਸੜਕ 'ਤੇ ਪਾ ਲਵੇ।"

ਉਸ ਦੇ ਇੰਨਾ ਕਹਿਣ 'ਤੇ ਕੁਝ ਹੀ ਦੇਰ ਬਾਅਦ ਮਸੂਦ ਦਾ ਨੇੜਲਾ ਸਾਥੀ ਉਸ ਦੀ ਕਾਰ ਲੈ ਕੇ ਪਿੰਡੋਂ ਬਾਹਰ ਨਿਕਲਿਆ ਅਤੇ ਸੜਕ ਵਲ ਚੱਲ ਪਿਆ। ਬਾਕੀ ਸਭ ਕਿਧਰੇ ਲੁਕ ਕੇ ਦੇਖ ਰਹੇ ਸਨ। ਇਧਰੋਂ ਬਲਾਵੀ ਨੇ ਆਪਣਾ ਸੀਕਰੇਟ ਫੋਨ ਕੱਢਿਆ ਤੇ ਕੋਈ ਕੋਡਿਡ ਇਨਫਰਮੇਸ਼ਨ ਭੇਜੀ ਕਿ ਬੈਤੁੱਲਾ ਮਸੂਦ ਕਾਰ 'ਚ ਜਾ ਰਿਹਾ ਹੈ। ਅਗਲੇ ਅੱਧੇ ਮਿੰਟ 'ਚ ਹੀ ਅਸਮਾਨ 'ਚੋਂ ਮਿਜ਼ਾਇਲ ਆਈ ਅਤੇ ਉਸ ਨੇ ਕਾਰ ਦੇ ਪਰਖਚੇ ਉਡਾ ਦਿੱਤੇ। ਸਭ ਦੇ ਮੂੰਹ ਟੱਡੇ ਰਹਿ ਗਏ। ਸਭ ਨੂੰ ਇਹ ਗੱਲ ਵੀ ਜਚ ਗਈ ਕਿ ਇਸ ਨੇ ਆਪਣਾ ਭੇਤ ਖੋਲ੍ਹ ਦਿੱਤਾ ਹੈ, ਇਸ ਕਰਕੇ ਇਹ ਅਸਲੀ ਜਹਾਦੀ ਹੈ। ਕਈ ਤਾਂ ਉਸ ਨੂੰ ਆਪਣਾ ਲੀਡਰ ਮੰਨਣ ਲੱਗੇ।

ਇਹ ਕਾਰਵਾਈ ਸਾਰੇ ਅਤਿਵਾਦੀ ਗਰੁੱਪਾਂ ਦੇ ਉਪਰਲੀ ਲੀਡਰਸ਼ਿਪ ਤੱਕ ਪਹੁੰਚ ਗਈ ਕਿ ਮੁਖਾਬਰਤ ਅਤੇ ਸੀ. ਆਈ. ਏ. ਨੇ ਆਪਣਾ ਜਾਸੂਸ ਸਾਡੇ ਖਿਲਾਫ ਭੇਜਿਆ ਸੀ ਜੋ ਸਾਡੇ ਨਾਲ ਆ ਰਲਿਆ ਹੈ। ਬਲਾਵੀ ਨੇ ਤਾਂ ਸੋਚਿਆ ਸੀ ਕਿ ਇਸ ਗੱਲ ਨਾਲ ਉਸ ਦਾ ਜਿਉਣਾ ਸੁਖਾਲਾ ਹੋ ਜਾਵੇਗਾ ਪਰ ਉਹ ਆਪੇ ਪੁੱਟੇ ਟੋਏ 'ਚ ਡੂੰਘਾ ਜਾ ਡਿੱਗਾ। ਹੁਣ ਸਾਰੇ ਅਤਿਵਾਦੀ ਗਰੁੱਪਾਂ ਦੀ ਟਾਪ ਲੀਡਰਸ਼ਿਪ ਸੋਚਣ ਲੱਗੀ ਕਿ ਇਸ ਬੰਦੇ 'ਤੇ ਸੀ. ਆਈ. ਏ. ਜਾਂ ਮੁਖਾਬਰਤ ਇਤਬਾਰ ਕਰਦੀ ਹੈ, ਇਸ ਕਰਕੇ ਆਪਾਂ ਇਸ ਨੂੰ ਕਿਸੇ ਵੱਡੇ ਕੰਮ ਲਈ ਵਰਤ ਸਕਦੇ ਹਾਂ। ਉਧਰ ਮੁਖਾਬਰਤ ਅਤੇ ਸੀ. ਆਈ. ਏ. ਤਾਂ ਪਹਿਲਾਂ ਹੀ ਉਸ ਨੂੰ ਅਤਿਵਾਦੀਆਂ ਖਿਲਾਫ ਵਰਤਣ ਦੀਆਂ ਸਕੀਮਾਂ ਘੜੀ ਬੈਠੇ ਸਨ।

ਉਧਰ ਇਕ ਨਹੀਂ, ਦੋ ਨਹੀਂ, ਸਗੋਂ ਪੰਜ-ਸੱਤ ਡਰੋਨ ਲਗਾਤਾਰ ਬੈਤੁੱਲਾ ਮਸੂਦ ਦੀ ਨਿਗਰਾਨੀ ਕਰ ਰਹੇ ਸਨ। ਪੰਜ ਅਗਸਤ ਨੂੰ ਜਿਉਂ ਹੀ ਹਨੇਰਾ ਹੋਇਆ ਤਾਂ ਮਸੂਦ ਅਤੇ ਉਸ ਦੇ ਅੰਦਰੂਨੀ ਗਰੁੱਪ ਦੇ ਨੇੜਲੇ ਪੰਜ-ਸੱਤ ਸਾਥੀ ਹਨੇਰੇ ਦਾ ਲਾਭ ਉਠਾ ਕੇ ਆਪਣਾ ਨਿਜੀ ਇਲਾਕਾ ਮਕੀਨ ਛੱਡਦਿਆਂ, ਥੋੜ੍ਹੀ ਦੂਰ ਨਿੱਕੇ ਜਿਹੇ ਸ਼ਹਿਰ ਜੰਘਾੜਾ ਵਲ ਹੋ ਤੁਰੇ। ਇਹ ਸ਼ਹਿਰ ਉਸ ਦੀ ਦੂਜੀ ਬੀਵੀ ਦਾ ਪੇਕਾ ਘਰ ਵੀ ਸੀ। ਪੈਂਤੀ ਕੁ ਸਾਲ ਦੇ ਬੈਤੁੱਲਾ ਮਸੂਦ ਦੇ ਭਾਵੇਂ ਚਾਰ ਲੜਕੀਆਂ ਸਨ ਪਰ ਪੁੱਤਰ ਦੀ ਚਾਹਤ 'ਚ ਉਸ ਨੇ ਇਹ ਦੂਜੀ ਸ਼ਾਦੀ ਕੀਤੀ ਸੀ। ਉਹ ਆਪਣੀ ਜਾਣੇ ਹਨੇਰੇ 'ਚ ਤੁਰਿਆ ਜਾ ਰਿਹਾ ਸੀ ਤੇ ਉਸ ਨੂੰ ਡਰੋਨ ਦੇਖ ਨਹੀਂ ਸਕਦਾ ਸੀ ਪਰ ਇਹ ਉਸ ਦਾ ਭੁਲੇਖਾ ਸੀ। ਇਕ ਛੋਟਾ ਜਿਹਾ ਡਰੋਨ ਜੋ ਦਿਸਦਾ ਨਹੀਂ ਸੀ, ਉਸ ਦੇ ਘਰ ਛੱਡਣ ਵੇਲੇ ਹੀ ਉਸ ਦੇ ਪਿੱਛੇ ਲੱਗ ਗਿਆ ਸੀ। ਉਥੇ ਪਹੁੰਚਦਿਆਂ, ਮਸੂਦ ਇਕ ਵੱਡੇ ਕੱਚੇ ਘਰ 'ਚ ਬੋਚ ਕੇ ਜਿਹੇ ਜਾ ਵੜਿਆ। ਉਧਰ ਡਰੋਨ ਵੀ ਉਸ ਘਰ ਦੇ ਉਪਰ ਗੇੜੇ ਕੱਢਣ ਲੱਗਾ। ਡਰੋਨ ਨੇ ਮਸੂਦ ਦਾ ਬੜਾ ਸਾਫ ਅਕਸ ਭੇਜਿਆ, ਜਿਥੇ ਉਹ ਦੂਜੀ ਮੰਜ਼ਿਲ ਦੇ ਕਿਸੇ ਕਮਰੇ 'ਚ ਲੇਟਿਆ ਹੋਇਆ ਸੀ।

ਡਰੋਨ ਨੇ ਸੁਨੇਹਾ ਭੇਜਿਆ ਕਿ ਟਾਰਗੈਟ ਬੜਾ ਸਾਫ ਹੈ ਅਤੇ ਬਹੁਤ ਹੀ ਕਲੀਨ ਸ਼ਾਟ ਹੈ ਪਰ ਉਦੋਂ ਹੀ ਮਸੂਦ ਉਠਿਆ ਤੇ ਘਰ ਦੀ ਛੱਤ 'ਤੇ ਜਾ ਕੇ ਟਹਿਲਣ ਲੱਗਾ। ਅਸਲ 'ਚ ਬੈਤੁੱਲਾ ਮਸੂਦ ਕਿਸੇ ਇਕ ਥਾਂ ਨਹੀਂ ਖੜ੍ਹੋ ਰਿਹਾ ਸੀ। ਬੜੀ ਗਰਮ ਰਾਤ ਸੀ ਅਤੇ ਉਸ ਨੂੰ ਡਾਇਬਿਟੀਜ਼ ਦਾ ਦੌਰਾ ਉਠਿਆ ਹੋਇਆ ਸੀ। ਉਸ ਦਾ ਸਾਰਾ ਸਰੀਰ ਸੁੱਜਣ ਲੱਗਾ ਤੇ ਖੁਰਕ ਨੇ ਬੁਰਾ ਹਾਲ ਕੀਤਾ ਹੋਇਆ ਸੀ। ਛੱਤ 'ਤੇ ਜਾ ਕੇ ਉਹ ਮੂਧਾ ਪੈ ਗਿਆ ਅਤੇ ਉਸ ਦੇ ਡਰਿਪ ਲੱਗਾ ਹੋਇਆ ਸੀ। ਲਗਾਤਾਰ ਦਵਾਈ ਦਿੱਤੀ ਜਾ ਰਹੀ ਸੀ। ਮੂਧੇ ਪਏ ਦੇ ਉਸ ਦੇ ਕੋਈ ਪੈਰ ਝੱਸਣ ਲੱਗਾ। ਏਜੰਸੀ 'ਚ ਬੈਠੇ ਡਰੋਨ ਪਾਇਲਟਾਂ ਨੇ ਨਤੀਜਾ ਕੱਢਿਆ ਕਿ ਇਹ ਸ਼ਾਇਦ ਡਾ. ਬਲਾਵੀ ਹੈ ਪਰ ਉਨ੍ਹਾਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਸੀ। ਉਨ੍ਹਾਂ ਨੂੰ ਬੈਤੁੱਲਾ ਮਸੂਦ ਬੜੀ ਮੁਸ਼ਕਿਲ ਨਾਲ ਮਿਲਿਆ ਸੀ।

ਪੈਡੇਟਰ ਟੀਮ ਨੇ ਆਪਣਾ ਹੈੱਲਫਾਇਰ ਮਸੂਦ 'ਤੇ ਸੈੱਟ ਕਰ ਲਿਆ। ਹੁਣ ਉਨ੍ਹਾਂ ਨੂੰ ਸਿਰਫ ਸੀ. ਆਈ. ਏ. ਦੇ ਮੁਖੀ ਲਿਓਨ ਪੈਨੇਟਾ ਦੀ ਮਨਜ਼ੂਰੀ ਚਾਹੀਦੀ ਸੀ। ਪੈਨੇਟਾ ਨੇ ਕੁਝ ਮਿੰਟ ਪਹਿਲਾਂ ਹੀ ਕੱਚੇ ਘਰ ਦੀ ਦੂਜੀ ਮੰਜ਼ਿਲ ਦੇ ਕਮਰੇ 'ਚ ਹਮਲਾ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ ਪਰ ਮਸੂਦ ਦੇ ਛੱਤ 'ਤੇ ਜਾਣ ਨਾਲ ਸਥਿਤੀ ਬਦਲ ਗਈ। ਹੁਣ ਪੈਡੇਟਰ ਟੀਮ ਨੂੰ ਮੁੜ ਮਨਜ਼ੂਰੀ ਚਾਹੀਦੀ ਸੀ। ਸਰਕਾਰ ਦਾ ਸਖਤ ਹੁਕਮ ਸੀ ਕਿ ਕਿਸੇ ਵੀ ਡਰੋਨ ਹਮਲੇ 'ਚ ਆਮ ਨਿਰਦੋਸ਼ ਸ਼ਹਿਰੀ, ਔਰਤਾਂ ਅਤੇ ਬੱਚਿਆਂ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਇਸੇ ਕਰਕੇ ਹਰ ਹਮਲੇ ਲਈ ਸੀ. ਆਈ. ਏ. ਮੁਖੀ ਦੀ ਮਨਜ਼ੂਰੀ ਚਾਹੀਦੀ ਸੀ।

ਹੁਣ ਖਤਰਾ ਇਹ ਸੀ ਕਿ ਮਸੂਦ ਬਿਲਕੁਲ ਛੱਤ 'ਤੇ ਹੈ ਤੇ ਕਿਧਰੇ ਹਮਲੇ ਦੌਰਾਨ ਸਾਰੀ ਬਿਲਡਿੰਗ ਹੀ ਨਾ ਡਿੱਗ ਪਵੇ ਤੇ ਆਲੇ-ਦੁਆਲੇ ਵਾਧੂ ਨੁਕਸਾਨ ਹੋ ਜਾਵੇ। ਇਸੇ ਲਈ ਉਹ ਬਦਲੀ ਹੋਈ ਸਥਿਤੀ ਕਾਰਨ ਨਵਾਂ ਆਰਡਰ ਮੰਗ ਰਹੇ ਸਨ। ਇੰਨੇ ਨੂੰ ਪੈਨੇਟਾ ਸੀ. ਆਈ. ਏ. ਦਫਤਰ 'ਚੋਂ ਨਿਕਲ ਕੇ ਡਾਊਨਟਾਊਨ ਡੀ. ਸੀ. ਵਲ ਚੱਲ ਪਿਆ। ਸ਼ਾਮ ਦੇ ਚਾਰ ਵਜੇ ਉਸ ਨੂੰ ਸੁਨੇਹਾ ਆਇਆ ਕਿ ਜ਼ਰੂਰੀ ਕਾਲ ਹੈ। ਉਹ ਕਿਸੇ ਜਗ੍ਹਾ ਮੀਟਿੰਗ 'ਚ ਪਹੁੰਚ ਚੁਕਾ ਸੀ। ਉਸ ਨੇ ਮੁਆਫੀ ਮੰਗਦਿਆਂ ਕਮਰੇ 'ਚੋਂ ਬਾਹਰ ਆ ਕੇ ਫੋਨ ਮਿਲਾਇਆ। ਉਧਰ ਉਸ ਦਾ ਡਿਪਟੀ ਲਾਈਨ 'ਤੇ ਸੀ। ਉਸ ਨੇ ਸਾਰੀ ਸਥਿਤੀ ਸਮਝਾਈ। ਪੈਨੇਟਾ ਨੇ ਕਿੰਨੇ ਹੀ ਜ਼ਰੂਰੀ ਸੁਆਲ ਪੁੱਛੇ। ਡਿਪਟੀ ਨੇ ਕਿਹਾ ਕਿ ਇਸ ਤੋਂ ਚੰਗਾ ਸ਼ਾਟ ਨਹੀਂ ਮਿਲ ਸਕਦਾ। ਨਾਲ ਹੀ ਉਸ ਨੇ ਕਿਹਾ ਕਿ ਅਸੀਂ ਛੋਟੀ ਤੋਂ ਛੋਟੀ ਮਿਜ਼ਾਇਲ ਵਰਤਾਂਗੇ ਜੋ ਸਿਰਫ ਮਸੂਦ 'ਤੇ ਡਿੱਗੇਗੀ। ਪੈਨੇਟਾ ਫਿਕਰਮੰਦ ਸੀ ਕਿਉਂਕਿ ਮਿਜ਼ਾਇਲ ਨੇ ਉਪਰੋਂ ਅਸਮਾਨ 'ਚੋਂ ਤੇਈ ਹਜ਼ਾਰ ਫੁੱਟ ਦੀ ਉਚਾਈ ਤੋਂ ਆਉਣਾ ਸੀ। ਆਖਰ ਉਸ ਨੇ ਕਿਹਾ, "ਗੋ।"

ਉਧਰ ਛੱਤ 'ਤੇ ਜਾ ਕੇ ਮਸੂਦ ਨੂੰ ਕੁਝ ਰਾਹਤ ਮਹਿਸੂਸ ਹੋਈ। ਇਕ ਤਾਂ ਦਵਾਈ ਨੇ ਅਸਰ ਕਰਨਾ ਸ਼ੁਰੂ ਕਰ ਦਿੱਤਾ ਸੀ। ਦੂਜਾ ਉਪਰ ਖੁੱਲ੍ਹੀ ਹਵਾ ਆ ਰਹੀ ਸੀ। ਛੇਤੀ ਹੀ ਮਸੂਦ ਚੰਗਾ ਮਹਿਸੂਸ ਕਰਨ ਲੱਗਾ। ਉਸ ਨੇ ਬਲਾਵੀ ਨੂੰ ਹੇਠਾਂ ਦੂਜਿਆਂ ਕੋਲ ਭੇਜ ਦਿੱਤਾ ਅਤੇ ਆਪਣੀ ਪਤਨੀ ਨੂੰ ਉਪਰ ਬੁਲਾ ਲਿਆ। ਬਲਾਵੀ ਬਿਲਡਿੰਗ ਦੇ ਦੂਜੇ ਪਾਸੇ ਪੰਜ-ਸੱਤ ਜਣਿਆਂ ਨਾਲ ਮੰਜੇ 'ਤੇ ਜਾ ਪਿਆ। ਮਸੂਦ ਦੀ ਪਤਨੀ ਆ ਕੇ ਉਸ ਦੇ ਪੈਰਾਂ ਦੀ ਮਾਲਿਸ਼ ਕਰਨ ਲੱਗੀ। ਫਿਰ ਪਤਾ ਉਦੋਂ ਹੀ ਲੱਗਾ ਜਦੋਂ ਅਸਮਾਨ 'ਚੋਂ ਅੱਗ ਦਾ ਗੋਲਾ ਡਿੱਗਿਆ ਜਿਸ ਨੇ ਮਸੂਦ ਨੂੰ ਵਿਚਕਾਰੋਂ ਪਾੜ ਦਿੱਤਾ।

ਅਗਲੇ ਦਿਨ ਸਾਰੀ ਦੁਨੀਆਂ 'ਚ ਖਬਰ ਫੈਲ ਗਈ ਕਿ ਤਹਿਰੀਕੇ-ਤਾਲਿਬਾਨ ਦਾ ਮੁਖੀ ਪਤਨੀ ਸਮੇਤ ਡਰੋਨ ਹਮਲੇ 'ਚ ਮਾਰਿਆ ਗਿਆ। ਇਸ ਹਮਲੇ 'ਚ ਹਮਾਮ ਬਲਾਵੀ ਤਾਂ ਬਚ ਰਿਹਾ, ਕਿਉਂਕਿ ਕੁਝ ਮਿੰਟ ਪਹਿਲਾਂ ਹੀ ਉਹ ਕੋਠੇ ਤੋਂ ਉਤਰਿਆ ਸੀ। ਜੇ ਰਤਾ ਦੇਰ ਹੋ ਜਾਂਦੀ ਤਾਂ ਉਹ ਵੀ ਮਾਰਿਆ ਜਾਂਦਾ ਪਰ ਇਸ ਗੱਲ ਨੇ ਬਲਾਵੀ ਨੂੰ ਅੰਦਰ ਤੱਕ ਹਿਲਾ ਦਿੱਤਾ।

ਬਲਾਵੀ ਨੇ ਸੋਚਿਆ ਕਿ ਜਿਨ੍ਹਾਂ ਲਈ ਉਹ ਕੰਮ ਕਰ ਰਿਹਾ ਹੈ, ਉਨ੍ਹਾਂ ਨੂੰ ਉਸ ਦੀ ਜਾਨ ਦੀ ਭੋਰਾ ਵੀ ਪ੍ਰਵਾਹ ਨਹੀਂ। ਉਨ੍ਹਾਂ ਸੋਚਿਆ ਹੀ ਨਹੀਂ ਕਿ ਬੈਤੁੱਲਾ ਮਸੂਦ ਦੇ ਕੋਲ ਡਾ. ਬਲਾਵੀ ਵੀ ਹੋ ਸਕਦਾ ਹੈ। ਉਸ ਦੇ ਮਨ 'ਚ ਬਿਨ ਜ਼ਈਦ ਅਤੇ ਸੀ. ਆਈ. ਏ. ਖਿਲਾਫ ਅੰਤਾਂ ਦੀ ਘ੍ਰਿਣਾ ਉਪਜੀ। ਇਸ ਘਟਨਾ ਬਾਰੇ ਹਮਾਮ ਬਲਾਵੀ 'ਤੇ ਸ਼ੱਕ ਕੀਤਾ ਜਾਣਾ ਬਣਦਾ ਸੀ, ਕਿਉਂਕਿ ਸਾਰੇ ਹਾਲਾਤ ਉਸ ਦੇ ਉਲਟ ਜਾਂਦੇ ਸਨ, ਪਰ ਇਸ ਤਰ੍ਹਾਂ ਦੀ ਗੱਲ ਚੱਲਣ ਤੋਂ ਪਹਿਲਾਂ ਹੀ ਅਗਲੇ ਦਿਨ ਬੈਤੁੱਲਾ ਮਸੂਦ ਨੂੰ ਦਫਨਾਉਂਦਿਆਂ ਹੀ ਉਸ ਦੇ ਪਰਿਵਾਰ ਦੇ ਦੋ ਗਰੁੱਪਾਂ 'ਚ ਅਗਲੀ ਲੀਡਰਸ਼ਿਪ ਨੂੰ ਲੈ ਕੇ ਫਸਾਦ ਖੜ੍ਹਾ ਹੋ ਗਿਆ। ਇਥੋਂ ਤੱਕ ਕਿ ਗੋਲਾਬਾਰੀ ਸ਼ੁਰੂ ਹੋ ਗਈ। ਆਖਰ ਹਕੀਮਉਲਾ ਮਸੂਦ ਦੇ ਗਰੁੱਪ ਨੇ ਦੂਜੇ ਧੜੇ ਨੂੰ ਖਦੇੜ ਦਿੱਤਾ।

ਹਕੀਮਉਲਾ ਮਸੂਦ ਤਹਿਰੀਕੇ-ਤਾਲਿਬਾਨ ਦਾ ਅਗਲਾ ਮੁਖੀ ਬਣ ਗਿਆ, ਪਰ ਇਸ ਲੜਾਈ 'ਚ ਉਸ ਦੀ ਲੱਤ ਵਿਚ ਗੋਲੀਆਂ ਲੱਗੀਆਂ। ਲੜਾਈ ਖਤਮ ਹੁੰਦਿਆਂ ਹੀ ਡਾਕਟਰ ਦੀ ਲੋੜ ਪਈ ਤਾਂ ਸਭ ਦਾ ਧਿਆਨ ਹਮਾਮ ਬਲਾਵੀ ਵਲ ਗਿਆ। ਉਸ ਨੇ ਆਉਂਦਿਆਂ ਹੀ ਹਕੀਮਉਲਾ ਦਾ ਇਲਾਜ ਸ਼ੁਰੂ ਕਰ ਦਿੱਤਾ। ਪੂਰੀ ਤਰ੍ਹਾਂ ਠੀਕ ਹੁੰਦੇ ਨੂੰ ਉਸ ਨੂੰ ਦੋ ਹਫਤੇ ਲੱਗ ਗਏ। ਇਹ ਸਾਰਾ ਸਮਾਂ ਬਲਾਵੀ ਅਤੇ ਹਕਮੀਉਲਾ ਇਕੱਠੇ ਰਹੇ। ਹੁਣ ਉਸ 'ਤੇ ਸ਼ੱਕ ਤਾਂ ਕੀ ਹੋਣਾ ਸੀ ਸਗੋਂ ਉਹ ਹਕੀਮਉਲਾ ਦਾ ਨੇੜਲਾ ਸਾਥੀ ਬਣ ਗਿਆ।

(ਚਲਦਾ)

## ਕਾਵਿ-ਕਿਆਰੀ

### ਬੰਦਾ ਭੁੱਲ ਗਿਆ

ਜਿਹੜੇ ਡਾਲਰਾਂ 'ਚ ਤੁਲੇ
ਹੈਗੀ ਉਨ੍ਹਾਂ ਦੀ ਵੀ ਅਧੂਰੀ,
ਉਪਰ ਧੁੱਪ ਨੂੰ ਨਾ ਤੱਕ
ਥੱਲੇ ਛਾਂ ਵੀ ਹੈ ਪੂਰੀ।
ਉਂਜ ਗਲ ਤਕ ਰੱਜੇ
ਨੀਅਤ ਕੁੱਤੇ ਤੋਂ ਵੀ ਮਾੜੀ।
ਮਾਂ ਸੈਂਟਰਾਂ 'ਚ ਰੋਲੀ
ਸੋਹਣੀ ਕੁੱਤੀ ਘਰ ਵਾੜੀ।
ਵਾਰੀ ਸਭ ਦੀ ਹੈ ਆਉਣੀ
ਜਿਵੇਂ ਗੱਭਰੂ ਦੇ ਦਾਹੜੀ।
ਹਿਸਾਬ ਪੂਰਾ ਪੂਰਾ ਹੋਣਾ
ਭਾਵੇਂ ਬਣ ਜਾਈਂ ਅਨਾੜੀ।
ਜਿਨ੍ਹਾਂ ਜੰਮਿਆਂ ਸੀ ਪੁੱਤ
ਰੂਹ ਉਨ੍ਹਾਂ ਦੀ ਤੂੰ ਸਾੜੀ।
ਜਗ ਜਾਣਦਾ ਹੈ ਸਾਰਾ
ਵੱਜੇ ਦੋਹਾਂ ਹੱਥਾਂ ਨਾਲ ਤਾੜੀ।

*-ਪਰਦੀਪ*

## ਦਿੱਲੀ ਦੇ ਫਿਰਕੂ ਦੰਗੇ

## ਪ੍ਰਤੀਕਰਮ

'ਪੰਜਾਬ ਟਾਈਮਜ਼' ਦੇ 14 ਮਾਰਚ 2020 ਵਾਲੇ ਅੰਕ ਵਿਚ ਸ. ਦਰਸ਼ਨ ਸਿੰਘ ਸ਼ੰਕਰ ਦਾ ਲੇਖ 'ਦਿੱਲੀ ਹਿੰਸਾ ਨੇ 1984 ਦਾ ਸਿੱਖ ਕਤਲੇਆਮ ਯਾਦ ਕਰਵਾਇਆ' ਛਪਿਆ ਹੈ। ਇਸ ਵਿਚ ਇਹ ਵਿਚਾਰ ਸਾਹਮਣੇ ਆਇਆ ਹੈ ਕਿ ਦਿੱਲੀ ਦੰਗਿਆਂ ਦੌਰਾਨ ਹਿੰਦੂਆਂ ਨੇ ਮੁਸਲਮਾਨਾਂ 'ਤੇ ਹਮਲੇ ਕੀਤੇ, ਪਰ ਇਹ ਅੰਸ਼ਕ ਸੱਚਾਈ ਹੀ ਹੈ। ਇਨ੍ਹਾਂ ਭਿਆਨਕ ਦੰਗਿਆਂ ਵਿਚ ਹਿੰਦੂਆਂ ਅਤੇ ਮੁਸਲਮਾਨਾਂ-ਦੋਹਾਂ ਦਾ ਜਾਨ ਮਾਲ ਦਾ ਨੁਕਸਾਨ ਹੋਇਆ ਹੈ; ਮਸਜਿਦਾਂ ਦੇ ਨਾਲ-ਨਾਲ ਮੰਦਿਰ ਵੀ ਸਾੜੇ ਗਏ ਹਨ।

ਵੱਖ-ਵੱਖ ਟੀ. ਵੀ./ਨਿਊਜ਼ ਚੈਨਲਾਂ (ਜ਼ੀ ਨਿਊਜ਼, ਇੰਡੀਆ ਟੀ. ਵੀ. ਅਤੇ ਕੈਪੀਟਲ ਟੀ. ਵੀ.) ਨੇ ਦਿਖਾਇਆ ਹੈ ਕਿ ਆਮ ਆਦਮੀ ਪਾਰਟੀ (ਆਪ) ਦੇ ਕੌਂਸਲਰ ਤਾਹਿਰ ਹੁਸੈਨ ਦੇ ਘਰੋਂ ਪੱਥਰ, ਪੈਟਰੋਲ ਬੰਬ, ਐਸਿਡ ਦੇ ਪਾਊਚ, ਤੀਲਾਂ ਦੀਆਂ ਡੱਬੀਆਂ ਅਤੇ ਇਕ ਵੱਡੀ ਗੁਲੇਲ ਬਰਾਮਦ ਹੋਈ ਹੈ ('ਆਪ' ਨੇ ਉਸ ਨੂੰ ਮੁਅੱਤਲ ਕਰ ਦਿੱਤਾ ਸੀ ਅਤੇ ਅੱਜ ਕੱਲ੍ਹ ਉਹ ਪੁਲਿਸ ਹਿਰਾਸਤ ਵਿਚ ਹੈ)।

ਮੌਕੇ ਦੇ ਕਈ ਗਵਾਹਾਂ ਅਨੁਸਾਰ ਉਸ ਵਕਤ ਤਾਹਿਰ ਹੁਸੈਨ ਦੇ ਘਰ ਦੀ ਛੱਤ ਉਤੇ ਘੱਟੋ-ਘੱਟ 100 ਜਣੇ ਮੌਜੂਦ ਸਨ ਅਤੇ ਉਹ ਪਥਰਾਓ ਕਰ ਰਹੇ ਸਨ, ਗੋਲੀਆਂ ਚਲਾ ਰਹੇ ਸਨ ਤੇ ਪੈਟਰੋਲ ਬੰਬ ਵੀ ਸੁੱਟ ਰਹੇ ਸਨ। ਇਨ੍ਹਾਂ ਨੇ ਹਿੰਦੂਆਂ ਦੀਆਂ ਕਈ ਕਾਰਾਂ ਅਤੇ ਦੁਕਾਨਾਂ ਵੀ ਸਾੜ ਦਿੱਤੀਆਂ, ਜਦਕਿ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ, ਜਿਨ੍ਹਾਂ 'ਤੇ 'ਨੋ ਸੀ. ਏ. ਏ.', 'ਨੋ ਐਨ. ਪੀ. ਆਰ.' ਲਿਖਿਆ ਹੋਇਆ ਸੀ।

ਆਈ. ਬੀ. ਅਫਸਰ ਅੰਕਿਤ ਸ਼ਰਮਾ ਨੂੰ ਮਾਰ ਦਿੱਤਾ ਗਿਆ। ਉਸ ਦੇ ਸਰੀਰ 'ਤੇ ਤਸ਼ੱਦਦ ਦੇ ਨਿਸ਼ਾਨ ਸਨ ਅਤੇ ਉਸ ਦੀ ਦੇਹ ਤਾਹਿਰ ਹੁਸੈਨ ਦੇ ਘਰ ਨੇੜਿਓਂ ਗਟਰ ਵਿਚੋਂ ਮਿਲੀ। ਪੁਲਿਸ ਨੇ ਇਸ ਸਬੰਧੀ ਸਲਮਾਨ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। 22 ਵਰ੍ਹਿਆਂ ਦੇ ਦਿਲਬਰ ਸਿੰਘ ਨੇਗੀ ਦੇ ਦੋਵੇਂ ਹੱਥ ਚਿੱਥ ਦਿੱਤੇ ਗਏ ਅਤੇ ਉਸ ਨੂੰ ਜਿੰਦਾ ਸਾੜ ਦਿੱਤਾ ਗਿਆ। ਇਕ ਕੁੜੀ ਦੀ ਨਗਨ ਦੇਹ ਗਟਰ ਵਿਚੋਂ ਮਿਲੀ ਹੈ। ਉਸ ਦੇ ਸੜੇ ਹੋਏ ਛੋਟੇ ਕੱਪੜੇ ਤਾਹਿਰ ਹੁਸੈਨ ਦੇ ਘਰ ਦੀ ਬੇਸਮੈਂਟ ਵਿਚੋਂ ਮਿਲੇ।

*-ਸੰਤੋਖ ਸਿੰਘ ਬੈਂਸ, ਸ਼ਿਕਾਗੋ*

# ਧਰਮੀ ਫੌਜੀ ਦੀ ਜਜ਼ਬਾਤੀ ਅਰਦਾਸ !

**'ਧਰਮੀ ਫੌਜੀ ਦੀ ਜਜ਼ਬਾਤੀ ਅਰਦਾਸ!' ਦਿਲ ਵਿਚ ਸਿੱਧੀ, ਡੂੰਘੀ ਉਤਰਨ ਵਾਲੀ ਰਚਨਾ ਹੈ। ਇਸ ਰਚਨਾ ਅੰਦਰਲੀਆਂ ਵੱਖ-ਵੱਖ ਪਰਤਾਂ ਇਕ-ਇਕ ਕਰਕੇ ਖੁੱਲ੍ਹਦੀਆਂ ਜਾਂਦੀਆਂ ਹਨ ਅਤੇ ਪਾਠਕ ਨੂੰ ਝੰਜੋੜਦੀਆਂ ਹਨ। ਇਹ ਰਚਨਾ ਅਸਲ ਵਿਚ ਅੱਜ ਦੀ ਕਾਣੀ ਸਿਆਸਤ 'ਚ ਬੰਦੇ ਦੀ ਜੀਣ-ਥੀਣ ਦੀ ਕਹਾਣੀ ਕਹਿੰਦੀ ਹੈ। ਕੈਨੇਡਾ ਵੱਸਦੇ ਡਾ. ਰਛਪਾਲ ਸਿੰਘ ਗਿੱਲ ਨੇ ਬੰਦੇ ਦੀ ਤੜਪ ਨੂੰ ਬਹੁਤ ਰੂਹ ਨਾਲ ਫੜਿਆ ਹੈ। -ਸੰਪਾਦਕ**

ਪ੍ਰਕਾਸ਼ ਕੀਤਾ ਚਿੱਟਾ ਦਾੜ੍ਹਾ। ਨੀਲੀ ਦਸਤਾਰ। ਵਨਿਲਾ ਆਈਸਕਰੀਮ ਦੇ ਰੰਗ ਦੀ ਭਾਅ ਮਾਰਦੀਆਂ ਸਿਲਨੀਆਂ ਤੇ ਝਿੰਮਣੇ। ਚਿਹਰੇ 'ਤੇ ਪਈਆਂ ਬੁਢਾਪੇ ਦੀਆਂ ਬੇਸ਼ੁਮਾਰ ਪਗਡੰਡੀਆਂ। ਖੂੰਡੀ ਦੇ ਖੂੰਡ ਉਦਾਲੇ ਲਿਪਟੇ ਹੱਥ ਦੀ ਕੰਬਣੀ। ਨਿਰਾਸ਼ ਹਾਰੀਆਂ ਅੱਖਾਂ 'ਤੇ ਪਰਦਾ ਪਾਉਂਦੀ ਮੋਟੇ-ਮੋਟੇ ਸ਼ੀਸ਼ਿਆਂ ਵਾਲੀ ਐਨਕ। ਸੈਂਟਾ ਕਲਾਜ ਦਾ ਜੌੜਾ ਭਾਈ ਹੋਣ ਦਾ ਭੁਲੇਖਾ ਪਾਉਂਦੇ ਇਸ ਮਾਤਕ੍ਰ ਜਿਹੇ ਬਜ਼ੁਰਗ ਨੂੰ ਸ਼ਾਪਿੰਗ ਮਾਲ ਦੇ ਬੈਂਚ 'ਤੇ ਬੈਠਾ ਮੈਂ ਅਕਸਰ ਦੇਖਦਾ। ਹਫਤੇ ਵਿਚ ਦੋ ਕੁ ਵਾਰ ਜਦ ਵੀ ਮਾਲ 'ਚ ਜਾਣ ਦਾ ਸਬੱਬ ਬਣਦਾ ਤਾਂ ਥੋੜ੍ਹਾ ਜਿਹਾ ਸਿਰ ਝੁਕਾ ਕੇ ਤਿੜਕਦੀ ਜਿਹੀ 'ਸਤਿ ਸ੍ਰੀ ਅਕਾਲ' ਕਹਿ ਕੇ ਉਹਦੇ ਕੋਲ ਦੀ ਲੰਘਣ ਦਾ ਸਿਲਸਲਾ ਦੋ ਮਹੀਨਿਆਂ ਤੋਂ ਲਗਾਤਾਰ ਚਲ ਰਿਹਾ ਸੀ। ਇਸ ਤੋਂ ਪਹਿਲਾਂ ਮੈਂ ਉਹਨੂੰ ਇਥੇ ਕਦੇ ਨਹੀਂ ਦੇਖਿਆ ਸੀ। ਉਹ ਹਮੇਸ਼ਾ ਟਿਕ-ਟਿਕੀ ਲਾਈ ਕਿਸੇ ਡੂੰਘੀ ਸੋਚ 'ਚ ਖੁੱਭਾ, ਆਏ ਗਏ



ਡਾ. ਰਛਪਾਲ ਸਿੰਘ ਗਿੱਲ
ਫੋਨ: 647-342-5455

ਵਲ ਤਰਸ ਭਰੀ ਨਜ਼ਰ ਨਾਲ ਦੇਖਦਾ ਰਹਿੰਦਾ।

ਕ੍ਰਿਸਮਸ ਤੋਂ ਥੋੜ੍ਹੇ ਜਿਹੇ ਦਿਨ ਪਹਿਲਾਂ ਮੈਂ ਤੇ ਮੇਰੀ ਪਤਨੀ, ਸਾਡੇ ਪੋਤੇ-ਪੋਤੀਆਂ ਨਾਲ ਜਿਉਂ ਹੀ ਮਾਲ 'ਚ ਦਾਖਲ ਹੋਏ ਤਾਂ ਬਜ਼ੁਰਗ ਥੋੜ੍ਹੀ ਜਿਹੀ ਮੁਸ਼ਕਲ ਨਾਲ ਖੂੰਡੀ ਦੇ ਸਹਾਰੇ ਉਠਿਆ ਅਤੇ ਸਾਡੇ ਵੱਲੀਂ ਕਦਮ ਪੁੱਟਣ ਲੱਗਾ। ਉਵੇਂ ਹੀ ਚੁੱਪ-ਚੁਪੀਤੀ ਮਿੰਨੀ ਜਿਹੀ 'ਸਤਿ ਸ੍ਰੀ ਅਕਾਲ' ਕਹਿ ਕੇ ਮੈਂ ਜਿਉਂ ਹੀ ਅਗਾਂਹ ਮਾਲ ਵਿਚਲੀਆਂ ਗਲੀਆਂ ਵਲ ਵਧਿਆ ਤਾਂ ਖੂੰਡੀ ਸਮੇਤ ਕੰਬਦੇ ਅੱਧ-ਪਚੱਧ ਜੋੜੇ ਹੱਥਾਂ ਨਾਲ ਬਾਬਾ ਜੀ ਨੇ ਤਰਲੇ ਵਾਲੇ ਲਹਿਜ਼ੇ 'ਚ ਕਿਹਾ, "ਜੀ ਮੈਨੂੰ ਭੁੱਖ ਲੱਗੀ ਐ, ਕੁਛ ਖਾਣ ਨੂੰ ਲੈ ਦਿਓ!" ਚਕ੍ਰਿਤ ਹੋ ਕੇ ਮੈਂ ਠਠੰਬਰ ਹੀ ਗਿਆ; ਸਹਿਮਿਆ ਹੋਇਆ ਸਿਰ ਤੋਂ ਪੈਰਾਂ ਤੱਕ ਕੁਲਫੀ ਬਣ ਗਿਆ। ਲੱਗਾ, ਜਿਵੇਂ ਇਹ ਅਣਕਿਆਸੀ ਮੰਗ ਮੈਨੂੰ ਕੋਮਾ 'ਚ ਲੈ ਗਈ ਹੋਵੇ!

"ਆਓ, ਦੱਸੋ ਕੀ ਖਾਣੈ?" ਕਿਸੇ ਮਜਬੂਰੀ ਦੇ ਦਰੜੇ, ਪਿੰਜੇ ਇਸ ਲੋੜਵੰਦ ਨੂੰ ਮੈਂ ਮਾਲ 'ਚ ਬਣੇ ਖੂਬਸੂਰਤ ਢਾਬੇ 'ਚ ਲੈ ਗਿਆ। ਬਿਨਾ ਸੰਗਿਆਂ ਉਹਨੇ ਆਪਣੀ ਪਸੰਦ ਦਾ ਖਾਣਾ ਚੁਣਿਆ। ਮੈਨੂੰ ਪਤਾ ਸੀ ਕਿ ਅੱਜ ਬੱਚਿਆਂ ਨੇ ਖਰੀਦੋ-ਫਰੋਖਤ ਲਈ ਸ੍ਰੀਮਤੀ ਨੂੰ ਸਟੋਰਾਂ ਵਿਚ ਲੋੜ ਤੋਂ ਵੱਧ ਵਕਤ ਲਈ ਰੁਝਾਈ ਰੱਖਣਾ ਹੈ।

ਦੋ ਸੀਟਾਂ ਵਾਲੇ ਮੇਜ਼ 'ਤੇ ਮੈਂ ਉਹਦੇ ਅੱਗੇ ਖਾਣੇ ਵਾਲੀ ਪਲੇਟ ਰੱਖ ਦਿੱਤੀ ਅਤੇ ਆਪਣੇ ਲਈ ਕਾਫੀ ਦਾ ਕੱਪ।

"ਕਿੰਨਾ ਕੁ ਚਿਰ ਹੋ ਗਿਐ ਆਇਆਂ ਨੂੰ ਬਜ਼ੁਰਗੋ?" ਚੁੱਪ ਨੂੰ ਹਲੂਣਾ ਦੇਣ ਲਈ ਮੈਂ ਪੁੱਛਿਆ।

"ਆਹ ਈ...ਕੋਈ ਢਾਈ ਕੁ ਮਹੀਨੇ।"

"ਕਿਵੇਂ ਲੱਗਾ ਕੈਨੇਡਾ? ਜੀਅ ਤਾਂ ਲੱਗ ਗਿਆ ਹੋਣੈ?"

ਉਹ ਖਾਂਦਾ-ਖਾਂਦਾ ਰੁਕ ਗਿਆ ਤੇ ਅੱਖਾਂ ਮੀਚ ਕੇ ਸਿਰ ਹਿਲਾਉਣ ਲੱਗਾ। ਫਿਰ ਕਾਫੀ ਦੇਰ ਖਾਣੇ ਵਾਲੀ ਪਲੇਟ ਉਤੇ ਟਿਕ-ਟਿਕੀ ਲਾ ਕੇ ਉਹ ਕਿਸੇ ਅੰਦਰਲੇ ਦਰਦ ਵਿਚ ਗਵਾਚਿਆ ਰਿਹਾ। ਉਹਦੀਆਂ ਗੰਗਾ-ਜਮਨਾ 'ਚੋਂ ਕਿਸੇ ਭਿਆਨਕ ਦਰਦ ਦੀਆਂ ਛੱਲਾਂ ਉਛਲਣ ਲੱਗੀਆਂ, ਜਿਵੇਂ ਮੇਰੀ ਰਸਮੀ ਪੁੱਛ ਨੇ ਉਹਦੀ ਰੂਹ 'ਤੇ ਤੇਜ਼ਾਬ ਦੀਆਂ ਬੂੰਦਾਂ ਛਿੜਕ ਦਿੱਤੀਆਂ ਹੋਣ ਅਤੇ ਉਸ ਦੇ ਅੰਦਰ ਨੂੰ ਖਰਾਦ ਨਾਲ ਛਿੱਲ ਦਿੱਤਾ ਹੋਵੇ। ਉਹਦਾ ਜ਼ਖਮ ਰਿਸ ਕੇ, ਪਲਕਾਂ ਦਾ ਬੰਨ੍ਹ ਤੋੜ ਕੇ, ਐਨਕ ਥੱਲਿਓਂ ਦੀ ਨੱਕ ਦੇ ਦੋਨੀਂ ਪਾਸੀਂ ਗੱਲ੍ਹਾਂ 'ਤੇ ਨਿਕਲੇ ਮਾਯੂਸੀ ਦੇ ਸਿਆੜਾਂ ਵਿਚ ਦੀ ਸਿੰਮਦਾ-ਸਿੰਮਦਾ ਤੇ ਬੱਗੀ ਦਾੜ੍ਹੀ ਨੂੰ ਸਿੰਜਦਾ ਪਲੇਟ 'ਚ ਪਏ ਖਾਣੇ 'ਚ ਡਿੱਗਣ ਲੱਗਾ। ਫਿਰ ਉਹ ਥਿੜਕਦੀ ਅਵਾਜ਼ ਵਿਚ ਬੋਲਿਆ, "ਬੜਾ ਦੁਖੀ ਹਾਂ!"

"ਦੁਖੀ? ਪਰ ਕਿਹੜੀ ਗੱਲੋਂ?"

"ਕੀ ਦੱਸਾਂ ਤੁਹਾਨੂੰ!"

"ਬਾਬਾ ਜੀ, ਤੁਸੀਂ ਤਾਂ ਸਿਆਣੇ ਓਂ; ਕਹਿੰਦੇ ਨੇ ਦੁੱਖ ਵੰਡਣ ਨਾਲ ਘਟਦੈ!"

"ਉਹ ਤਾਂ ਠੀਕ ਐ ਭਾਈ ਸਾਹਿਬ, ਪਰ ਨੂੰਹ-ਪੁੱਤ ਨਿੱਕੀ-ਨਿੱਕੀ ਗੱਲ ਤੋਂ ਬੜਾ ਜ਼ਲੀਲ ਕਰਦੇ ਐ। ਬਹੁਤ ਈ ਚੰਦਰਾ ਵਾਪਰ ਰਿਹੈ ਮੇਰੇ ਨਾਲ...18 ਕੁ ਸਾਲ ਹੋ'ਗੇ ਘਰ ਵਾਲੀ ਚੱਲ ਵੱਸੀ, ਤੇ ਸਾਰਾ ਕੁਛ ਮੁੰਡੇ ਦੇ ਨਾਂ ਕਰਵਾਈ ਬੈਠਾਂ। ਜਿੰਦਣ ਦਾ ਆਇਆਂ, ਕਲੇਸ਼ ਈ ਕਲੇਸ਼। ਫਸ ਗਿਆਂ ਏਥੇ ਆ ਕੇ। ਜੀਅ ਕਰਦੈ, ਹੁਣੇ ਈ ਭੱਜ ਜਾਂ ਇੰਡੀਆ ਨੂੰ। ਸਵੇਰੇ ਸਵਖਤੇ ਈ ਮੈਨੂੰ ਏਥੇ ਮਾਲ 'ਚ ਛੱਡ ਜਾਂਦੇ ਐ ਤੇ ਤ੍ਰਿਕਾਲਾਂ ਨੂੰ ਆ ਕੇ ਲੈ ਜਾਂਦੇ ਐ।"

ਆਪਣਾ ਹਮਦਰਦ ਸਮਝਦਿਆਂ ਬਿਨਾ ਰੁਕਿਆਂ ਉਹਨੇ ਇਕੋ ਸਾਹ ਸਾਰੇ ਦਰਦ ਦਾ ਕੜਾਹਾ ਮੇਰੇ ਮੂਹਰੇ ਡੋਲ੍ਹ ਦਿੱਤਾ। ਉਹਦੇ ਰੁਦਨ ਨੇ ਇਕ ਵਾਰ ਫਿਰ ਮੈਨੂੰ ਸੁੰਨ ਕਰ ਦਿੱਤਾ।

ਹੁਣ ਉਹਦੇ ਬਾਰੇ ਜਾਣਨ ਦੀ ਮੇਰੀ ਉਤਸੁਕਤਾ ਦੀ ਸੂਈ ਤੇਜ਼ੀ ਫੜਨ ਲੱਗ ਪਈ। ਗੱਲ ਟਾਲਦਿਆਂ ਮੈਂ ਉਹਨੂੰ ਪੁੱਛਿਆ, "ਉਧਰੋਂ ਪਿੱਛੋਂ ਕਿਥੋਂ ਓਂ?"

"ਤਰਨ ਤਾਰਨ ਤੋਂ।...ਤੇ ਤੁਸੀਂ?"

"ਜੀ ਮੈਂ ਮੋਗੇ ਤੋਂ ਆਂ।" ਹੁਣ ਉਹਦੇ ਚਿਰੇ 'ਤੇ ਮਿੱਠੀ-ਮਿੱਠੀ ਰੌਣਕ ਉਗ ਆਈ ਸੀ।

"ਕੀ ਕੰਮ ਕਰਦੇ ਸੀ ਇੰਡੀਆ 'ਚ ਬਜ਼ੁਰਗੋ?"

"ਫੌਜ 'ਚ ਸੀ", ਉਹ ਹੌਲੀ-ਹੌਲੀ ਬੋਲਿਆ, "ਨੌਕਰੀ ਦਾ ਅਖੀਰ ਵੀ ਬੜਾ ਈ ਭੈੜਾ ਹੋਇਆ।"

"ਕਾਹਦੇ 'ਚ ਸੀ?" ਮੈਂ ਹੋਰ ਦਿਲਚਸਪੀ ਦਿਖਾਈ।

"ਸਿਗਨਲ ਕੋਰ 'ਚ ਸੀ।"

"ਕਿਥੋਂ ਟਰੇਨਿੰਗ ਲਈ ਸੀ?"

"ਜਬਲਪੁਰੋਂ।"

"ਜਬਲਪੁਰੋਂ?" ਕਾਹਲੀ ਪਈ ਮੇਰੀ ਤੀਬਰਤਾ ਉਹਦੇ ਹੋਰ ਨੇੜੇ ਹੋਣ ਲੱਗੀ।

"ਕਿਹੜੇ ਸਾਲ 'ਚ ਸੀ ਜਬਲਪੁਰ?"

"ਸਤੰਬਰ 65 'ਚ।" ਔਰਿੰਜ ਜੂਸ ਦੀ ਘੁੱਟ ਭਰਦਿਆਂ ਉਹਨੇ ਜਵਾਬ ਦਿੱਤਾ। ਮੈਂ ਹੋਰ ਉਤਾਵਲਾ ਹੋ ਗਿਆ, "ਕਿਹੜਾ ਸਕੁਆਡ ਸੀ?"

"37 ਏ., 5 ਟੀ. ਟੀ. ਆਰ।" ਉਹ ਬੋਲਿਆ।

ਮੈਂ ਹੱਕਾ-ਬੱਕਾ ਰਹਿ ਗਿਆ।

ਜਬਲਪੁਰ ਛਾਉਣੀ ਦਾ ਟਰੇਨਿੰਗ ਸੈਂਟਰ, ਸੀਤਾ ਪਹਾੜੀ ਤੇ ਉਹਦੇ ਇਰਦ-ਗਿਰਦ ਦੀਆਂ ਮੱਧਰੀਆਂ ਨਿੱਕੀਆਂ-ਨਿੱਕੀਆਂ ਅਨੇਕਾਂ ਜੰਗਲੀ ਪਹਾੜੀਆਂ। ਅੰਗਰੇਜ਼ੀ ਬੈਰਕਾਂ। ਹਰੀ ਵਰਦੀ, ਵੱਡੇ ਕਾਲੇ ਬੂਟ। ਕੜਾਹ ਰੰਗੀ ਮਫ਼ਰਦਾਨੀ। ਪਿੱਛੇ ਢੂਹੀ 'ਤੇ ਬੰਨ੍ਹਿਆ ਪਿੱਠੂ। ਧੋਬੀ ਘਾਟ ਉਤੇ ਨੱਥੂ ਰਾਮ ਧੋਬੀ ਦੇ ਚਲ੍ਹੇ 'ਚ ਘਸਮੈਲੇ ਜਿਹੇ ਪਾਣੀ 'ਚ ਅੱਧ-ਡੁੱਬੀਆਂ ਫੌਜੀ ਵਰਦੀਆਂ ਦੀ ਸੜਿਆਂਦ ਤੇ ਕੁਢੱਬੇ ਛੋਟੇ-ਛੋਟੇ ਪੱਥਰਾਂ 'ਤੇ ਕੁੱਟੀਦੀਆਂ ਡਾਂਗਰੀਆਂ ਦੀ ਕਲੱਕ-ਕਲੱਕ ਪੈਂਦੀਆਂ ਚੀਕਾਂ ਤੇ ਵੈਣਾਂ ਨੇ ਜਿਵੇਂ ਅਤੀਤ ਦੇ ਕੂੰਪ 'ਚ ਘੂਕ ਸੁੱਤੀਆਂ ਮੇਰੀਆਂ ਕੌੜੀਆਂ ਯਾਦਾਂ 'ਤੇ ਮਣਾਂ ਮੂੰਹੀਂ ਪਾਣੀ ਉਲੱਦ ਦਿੱਤਾ ਹੋਵੇ ਤੇ ਮੈਂ ਉਭੜਵਾਹੇ ਜਾਗ ਪਿਆ ਹੋਵਾਂ। ਝੱਟ 'ਚ ਹੀ ਮੈਂ ਭੁੱਲੀ-ਭੁਲਾਈ, ਸਮੇਂ ਦੀ ਗਰਦਸ਼ 'ਚ ਦੱਬੀ 1965 ਤੋਂ 2016 ਦੇ 51 ਟੱਬਿਆਂ ਵਾਲੀ ਪੌੜੀ ਤੋਂ ਪਿਛਲੇ ਪੈਰੀਂ ਹੇਠਾਂ ਉਤਰ ਆਇਆ ਅਤੇ 67 ਤੋਂ 17 ਸਾਲ ਦਾ ਮੱਸ-ਫੁੱਟ, ਇਕਹਿਰੇ ਜਿਹੇ ਸਰੀਰ ਦਾ ਮਾੜੂਆ ਜਿਹਾ ਰੰਗਰੂਟ ਬਣ ਗਿਆ। ਯਾਦਾਂ 'ਚ ਅਜਿਹੀ ਘੁੰਮਣਘੇਰੀ ਆਈ ਕਿ ਵਾਲਮਾਰਟ ਸਟੋਰ ਜਬਲਪੁਰ ਦੀ ਬੈਰਕ ਅਤੇ ਇਸ ਅੰਦਰ ਬਣਿਆ ਇਹ ਰੈਸਟੋਰੈਂਟ ਫੌਜੀ 'ਮੈੱਸ' ਲੱਗਣ ਲੱਗ ਪਿਆ।

ਉਠ ਕੇ ਮੈਂ ਉਹਨੂੰ ਗਲਵੱਕੜੀ ਪਾ ਲਈ। ਕੈਚ-ਅੱਪ ਨਾਲ ਲਿੱਬੜੇ ਉਹਦੇ ਹੱਥਾਂ ਨੂੰ ਚੁੰਮ ਲਿਆ। ਮੇਰੇ ਗਲ 'ਚ ਬਹੁਤ ਹੀ ਵੱਡੇ-ਵੱਡੇ ਹਉਕਿਆਂ ਨੇ ਤੰਬੂ ਲਾ ਲਿਆ ਤੇ ਇਹ ਘੜੀ ਕੋਲ ਆ ਕੇ ਤਾਲੂਏ ਨੂੰ ਘੁਟਣ ਲੱਗੇ। ਮੈਨੂੰ ਲੱਗਾ ਜਿਵੇਂ ਯਕਦਮ ਮਿਲੀ ਖੁਸ਼ੀ ਨੇ ਮੇਰੇ ਸੰਘ ਨੂੰ ਜਮੂਰ ਵਾਂਗ ਘੁੱਟ ਲਿਆ ਹੋਵੇ। ਮੈਂ ਬੋਲ ਨਾ ਸਕਿਆ ਤੇ ਉਹਦੀਆਂ ਅੱਖਾਂ 'ਚ ਅੱਖਾਂ ਪਾ ਕੇ ਡੂੰਘੀ ਗੁੰਗੀ ਰਮਜ਼ ਭਰੀ ਨਜ਼ਰ ਨਾਲ ਕੁਝ ਸਮਝਾਉਣ ਤੇ ਯਾਦ ਕਰਨ ਲਈ ਖਾਮੋਸ਼ ਸਵਾਲ ਪਾਉਣ ਲੱਗਾ। ਮੇਰੇ ਚਿਹਰੇ 'ਤੇ ਖਿੜ ਰਹੀ ਅਤੀਤ ਦੀ ਧੁੱਪ-ਛਾਂ ਅਤੇ ਮੇਰੀਆਂ ਹਰਕਤਾਂ ਨੇ ਉਹਨੂੰ ਡੌਰ-ਭੌਰ ਕਰ ਦਿਤਾ। ਜਿਵੇਂ ਮੈਂ ਝੱਲਾ ਹੋ ਗਿਆ ਹੋਵਾਂ, ਤੇ ਜਾਂ ਮੈਨੂੰ ਪਾਗਲਪਨ ਦਾ ਦੌਰਾ ਪੈ ਗਿਆ ਹੋਵੇ। ਘਾਬਰਿਆ ਉਹ ਮੇਰੇ ਚਿਹਰੇ ਨੂੰ ਆਪਣੀ ਟਿਕ-ਟਿਕੀ ਨਾਲ ਖੁਰਚਣ ਲੱਗਾ। ਅਖੀਰ ਉਹ ਬੋਲਿਆ, "ਕੀ ਹੋ ਗਿਆ ਭਾਊ ਜੀ ਤੁਹਾਨੂੰ? ਠੀਕ ਓਂ?"

"ਬਾਈ! ਮੈਨੂੰ ਸਿਆਣਨੈਂ?" ਮੈਂ ਪਲਾਂ 'ਚ ਹੀ 'ਬਜ਼ੁਰਗ' ਤੋਂ 'ਬਾਈ' 'ਤੇ ਆ ਗਿਆ।

"ਨਹੀਂ", ਉਹਦਾ ਸਿਰ ਸੱਜੇ-ਖੱਬੇ ਗਿੜਨ ਲੱਗਾ, "ਮੈਨੂੰ ਕੁਛ ਵੀ ਯਾਦ ਨ੍ਹੀਂ ਆ ਰਿਹਾ, ਤੂੰ ਈ ਦੱਸ ਦੇ।"

ਹੁਣ ਉਹਦੇ ਪਿਘਲੇ ਬੋਲਾਂ 'ਚ ਅਪਣਤ ਦਾ ਝਲਕਾਰਾ ਸੀ। ਮੈਂ ਕੁਰਸੀ ਖਿੱਚ ਕੇ ਉਹਦੇ ਬਿਲਕੁਲ ਨੇੜੇ ਕਰ ਲਈ ਅਤੇ ਸਿਰ 'ਤੇ ਲਈ 'ਬਲੂਅ ਜੇਅਜ਼' ਆਲੀ ਟੋਪੀ ਲਾਹ ਕੇ ਮੇਜ਼ 'ਤੇ ਰੱਖ ਦਿੱਤੀ। "ਬਾਈ ਯਾਦ ਐ ਜੰਗ ਦੇ ਦਿਨ, ਫਿਰੋਜ਼ਪੁਰ 7 ਸਤੰਬਰ 1965; ਫੌਜੀ ਭਰਤੀ। ਪੰਜਾਬ ਮੇਲ 'ਤੇ ਬੀਨਾ, ਉਥੋਂ ਕਟਨੀ, ਸਾਗਰ ਹੁੰਦੇ ਹੋਏ ਜਬਲਪੁਰ। ਤੇਰੇ ਨਾਲ ਮੋਗੇ ਤੋਂ ਵੀ ਇਕ ਮੁੰਡਾ ਸੀ। ਤੇਰੀ ਹੀ ਕੰਪਨੀ 'ਚ, ਤੇਰੀ ਹੀ ਬੈਰਕ 'ਚ, ਤੇਰੇ ਨਾਲ ਹੀ ਚਾਰਪਾਈ ਵਾਲਾ ਗਵੰਤਰੀ ਮੁੰਡਾ, ਜੋ ਹਰ ਐਤਵਾਰ ਗੁਰਦੁਆਰੇ ਕਵੀਸ਼ਰੀ ਗਾਉਂਦਾ ਹੁੰਦਾ ਸੀ?"

ਉਹਨੇ ਐਨਕ ਲਾਹ ਕੇ ਅਚਾਨਕ ਮਿਲਾਪ ਦੇ ਬੱਦਲਾਂ 'ਚੋਂ ਝੁੱਲੇ ਝੱਖੜ ਨਾਲ ਵਗਦੇ ਪਰਨਾਲਿਆਂ ਨੂੰ ਪਰਨੇ ਨਾਲ ਪੂੰਝਣਾ ਸ਼ੁਰੂ ਕਰ ਦਿੱਤਾ।

"ਓਏ ਪਾਲ ਐਂ ਤੂੰ?" ਉਹਨੇ ਉਚੀ ਭੁੱਬ ਮਾਰੀ।

"ਹਾਂ ਬਲਦੇਵ, ਮੈਂ ਪਾਲ ਈ ਆਂ।"

ਫੌਜ 'ਚ ਵੀ ਮੈਨੂੰ ਪਾਲ ਹੀ ਕਹਿੰਦੇ ਸੀ। ਅਸੀਂ ਇਕ ਦੂਜੇ ਨੂੰ ਹਿੱਕ ਨਾਲ ਲਾ ਲਿਆ। ਦਿਲ 'ਚੋਂ ਉਠੇ ਪੰਜ ਦਹਾਕਿਆਂ ਦੀ ਜੁਦਾਈ ਦੇ ਵੈਰਾਗ ਨੂੰ ਖੁੱਲ੍ਹ ਕੇ ਵਗਣ ਲਈ ਅੱਖਾਂ ਅਤੇ ਦਿਲ ਦੇ ਫਾਟਿਆਂ ਨੂੰ ਖੋਲ੍ਹ ਦਿੱਤਾ। 1966 ਦੇ ਵਿਛੜੇ ਜਗਤ ਸਮੁੰਦਰ ਦੀਆਂ ਘੁੰਮਣ-ਘੇਰੀਆਂ 'ਚ ਕਬੀਲਦਾਰੀ ਦੀਆਂ ਮਾਰਾਂ ਤੇ ਗਰਜ਼ਾਂ ਦੀ ਖਾਕ ਛਾਣਦੇ-ਛਾਣਦੇ 50 ਸਾਲ ਅਜਿਹੇ ਡੁੱਬੇ ਰਹੇ ਕਿ ਅਸੀਂ ਕਦੇ ਵੀ ਇਸ ਦੁਨਿਆਵੀ ਮੰਝਧਾਰ 'ਚੋਂ ਨਿਕਲ ਕੇ ਤਰ ਨਾ ਸਕੇ ਤੇ ਮਿਲਾਪ ਦੇ ਕੰਢਿਆਂ 'ਤੇ ਪਹੁੰਚਣਾ ਨਸੀਬ ਨਾ ਹੋਇਆ। ਸਾਡਾ ਭਾਵੁਕ ਹੋਣਾ ਸੁਭਾਵਿਕ ਸੀ। ਇਉਂ ਲੱਗਾ, ਜਿਵੇਂ ਮਲਕਾ ਐਲਿਜ਼ਾਬੈਥ ਨੇ ਕੋਹਿਨੂਰ ਹੀਰਾ ਸਾਡੀ ਤਲੀ 'ਤੇ ਧਰ ਦਿੱਤਾ ਹੋਵੇ। ਬਲਹੀਣ ਹੋਇਆ ਬਲਦੇਵ ਬਲਵਾਨ ਹੋ ਗਿਆ। ਉਹ ਇਕੋ ਵਾਰ ਫਿਰ ਹੰਭਲਾ ਮਾਰ ਕੇ ਜੋਸ਼ ਨਾਲ ਉਠਿਆ ਤੇ ਮੈਨੂੰ ਆਪਣੀਆਂ ਕਮਜ਼ੋਰ ਬਾਹਾਂ 'ਚ ਘੁੱਟ ਕੇ ਬੋਲਿਆ, "ਲੈ ਭਾਊ, ਮੈਂ ਹੁਣ ਵਾਪਿਸ ਇੰਡੀਆ ਨਹੀਂ ਜਾਣਾ।" ਜਿਵੇਂ ਇਸ ਮਿਲਣੀ ਨੇ ਕੋਈ ਤਾਕਤ ਦਾ ਟੀਕਾ ਉਹਦੀਆਂ ਨਾੜਾਂ 'ਚ ਲਾ ਦਿੱਤਾ ਹੋਵੇ। ਏਨੇ ਨੂੰ ਕੈਸ਼ ਰਜਿਸਟਰ 'ਤੇ ਪੈਸਿਆਂ ਦੀ ਅਦਾਇਗੀ ਕਰਕੇ ਜੁਆਕਾਂ ਦੀ ਦਾਦੀ ਵੀ ਰੇੜ੍ਹੀ ਦੇ ਦੋਨੀਂ ਪਾਸੀਂ ਬੱਚਿਆਂ ਨੂੰ ਲਮਕਾਈ ਸਾਡੇ ਕੋਲ ਆ ਗਈ।

ਉਹਦਾ ਫੋਨ ਨੰਬਰ ਲੈ ਕੇ ਮੁੜ ਮਿਲਣ ਦਾ ਵਾਅਦਾ ਕਰਕੇ ਅਸੀਂ ਕਾਰ ਪਾਰਕਿੰਗ ਵਲ ਹੋ ਤੁਰੇ।

ਉਸ ਦਿਨ ਤੋਂ ਲੈ ਕੇ ਪਹਿਲੀ ਜਨਵਰੀ ਤਕ ਸਾਡੀਆਂ ਕਈ ਪਰਿਵਾਰਕ ਮਿਲਣੀਆਂ ਹੋਈਆਂ। ਗਿਣਤੀ ਦੇ ਦਿਨਾਂ 'ਚ ਹੀ ਸਾਡੀ ਸਾਂਝ ਦੀਆਂ ਨਵੀਆਂ ਪੁੰਗਰੀਆਂ ਤੁਈਆਂ ਵੱਡੀਆਂ-ਵੱਡੀਆਂ ਟਹਿਣੀਆਂ ਬਣ ਗਈਆਂ। ਉਹਦੇ ਨੂੰਹ-ਪੁੱਤ ਸਾਨੂੰ ਦੋਹਾਂ ਜੀਆਂ ਨੂੰ ਚਾਚਾ-ਚਾਚੀ ਕਹਿਣ ਲੱਗ ਪਏ। ਛੇਤੀ ਹੀ ਵੱਡੇ ਭਾਈ ਇਕਬਾਲ ਦੀ ਜਾਣ-ਪਛਾਣ ਵਾਲੇ ਇਕ ਬੋਲੀ ਨੇ ਬਲਦੇਵ ਨੂੰ ਰਾਤਾਂ ਦੀ ਪਹਿਰੇਦਾਰੀ ਦੀ ਨੌਕਰੀ ਵੀ ਲੁਆ ਦਿੱਤੀ। ਉਹਨੇ ਰਾਤਾਂ ਦੀ ਨੀਂਦ ਨਾਲ ਲਗਾਤਾਰ ਦੋ ਦਿਨ ਬਾਰਾਂ-ਬਾਰਾਂ ਘੰਟੇ ਕੁਸ਼ਤੀ ਕਰਕੇ ਆਪਣੇ ਮਿਹਨਤਾਨੇ ਨੂੰ ਰੁਪਿਆਂ ਨਾਲ ਜ਼ਰਬ ਵੀ ਕਰ ਲਿਆ ਸੀ। ਹਰ ਦੋ-ਹਫਤੀਂ ਆਉਂਦੇ ਚੈੱਕ! ਬਾਈ ਦੇ ਘਰ 'ਚ ਹੁਣ ਉਹਦਾ ਆਦਰ-ਭਾਉ ਵਧ ਗਿਆ, ਜਿਸ ਨਾਲ ਉਹਦੀਆਂ ਗੱਲਾਂਬਾਤਾਂ ਅਤੇ ਚਿਹਰੇ 'ਤੇ ਦੀਵਾਲੀ-ਲੋਹੜੀ ਮੁਸਕਰਾਉਣ ਲੱਗ ਪਈਆਂ।

ਪੰਜ ਜਨਵਰੀ ਨੂੰ ਸਵੇਰੇ-ਸਵੇਰੇ ਉਹਦਾ ਫੋਨ ਆਇਆ, "ਤੇਰੀ ਲੋੜ ਪੈ'ਗੀ ਭਾਊ। ਅੱਜ ਮੈਂ ਕੰਮ ਥੋੜ੍ਹਾ ਜਿਹਾ ਸਦੇਹਾਂ ਸ਼ੁਰੂ ਕਰਨਾ ਹੈ ਤੇ ਮੱਥਾ ਵੀ ਟੇਕਣ ਜਾਣੈ।"

ਜਦੋਂ ਦੁਪਹਿਰੇ ਨੇ ਅੱਖ ਖੋਲ੍ਹੀ ਤੇ ਬਾਰਵੇਂ ਹਿੱਸੇ ਉਤੇ ਵੱਡੀ ਸੂਈ ਨੇ ਛੋਟੀ ਦੇ ਐਨ ਕੋਲ ਜਾ ਕੇ ਕੰਨ 'ਚ ਖੰਗੂਰਾ ਮਾਰਿਆ ਤਾਂ ਮੈਂ ਉਹਦੇ ਘਰ ਮੂਹਰੇ ਜਾ ਠਣਕਿਆ। ਝੰਡੀਆਂ ਨਾਲ ਸਜਾਈ ਪਾਰਕਿੰਗ ਲਾਟ 'ਚ ਗੱਡੀ ਖੜ੍ਹਾ ਕੇ ਅਸੀਂ ਸਿਜਦਾ ਕੀਤਾ ਤੇ ਮੇਨ ਹਾਲ ਦੇ ਸੱਜੇ ਪਾਸੇ ਵਾਲੇ ਖੂੰਜੇ 'ਚ ਢੋਹ ਲਾ ਕੇ ਬੈਠ ਗਏ। ਬਲਦੇਵ ਨੇ ਚੌਕੜੀ ਮਾਰੀ, ਹੱਥਾਂ ਨੂੰ ਗੋਡਿਆਂ ਦੀਆਂ ਚੱਪਣੀਆਂ 'ਤੇ ਟਿਕਾ ਲਿਆ ਤੇ ਦੋਵੇਂ ਨੈਣ ਮੁੰਦ ਲਏ। ਲੱਗ ਰਿਹਾ ਸੀ, ਜਿਵੇਂ ਉਹ ਡੂੰਘੀ ਸਮਾਧੀ 'ਚ ਲੀਨ ਹੋ ਗਿਆ ਹੋਵੇ। ਵੀਹ ਕੁ ਮਿੰਟਾਂ ਪਿੱਛੋਂ ਮੇਰਾ ਸਾਥੀ ਘੋਰ ਤਪੱਸਿਆ ਦੀ ਨੀਂਦ 'ਚੋਂ ਜਾਗਿਆ। ਸੀਟ ਬੈਲਟਜ਼ ਲਾ ਕੇ ਮੈਂ ਗੱਡੀ ਸਟਾਰਟ ਕਰ ਲਈ।

"ਪਾਲ ਯਾਰ, ਅਜੇ ਗੱਡੀ ਨਾ ਤੋਰੀਂ, ਮੈਂ ਅੰਦਰ ਅਰਦਾਸ ਕਰਕੇ ਆਇਆ ਹਾਂ, ਤੈਨੂੰ ਵੀ ਸੁਣਾਉਣੀ ਐ।" ਉਹਨੇ ਤਿੰਨ ਵਾਰ ਵਾਹਿਗੁਰੂ ਲਫਜ਼ ਉਚਾਰਿਆ ਤੇ ਮੈਂ ਝੱਟ ਦੇਣੇ ਅਦਬ ਨਾਲ ਘਰੋਂ ਲਿਆਂਦੇ ਰੁਮਾਲ ਨੂੰ ਫਿਰ ਸਿਰ 'ਤੇ ਬੰਨ੍ਹ ਲਿਆ। ਉਹਨੇ 'ਪਉੜੀ ਪ੍ਰਿਥਮ ਭਗਉਤੀ ਸਿਮਰ ਕੈ' ਤੋਂ ਲੈ ਕੇ ਅੰਤਲੇ 'ਬੋਲੋ ਜੀ ਸ੍ਰੀ ਵਾਹਿਗੁਰੂ' ਤਕ ਦੀ ਅਰਦਾਸ ਬੜੀ ਹੀ ਸ਼ਰਧਾ ਭਰਪੂਰ ਅਵਾਜ਼ ਨਾਲ ਸੰਪੂਰਨ ਕਰ ਦਿੱਤੀ। ਜਿਥੇ ਵੀ 'ਬੋਲੋ ਜੀ ਸ੍ਰੀ ਵਾਹਿਗੁਰੂ' ਆਉਂਦਾ, ਮੈਂ ਵੀ ਮਗਰ 'ਵਾਹਿਗੁਰੂ' ਕਹਿ ਦਿੰਦਾ। ਫਿਰ ਉਹਨੇ 'ਸੱਚੇ ਪਾਤਸ਼ਾਹ' ਅੱਗੇ ਅਰਜ਼ ਕੀਤੀ, "ਹੇ ਅੰਤਰਯਾਮੀ, ਵਾਹਿਗੁਰੂ ਇਕ ਬੇਨਤੀ ਹੈ। ਤੇਰਾ ਪੰਜਾਬ ਜ਼ਾਲਮਾਂ ਨੇ ਬਰਬਾਦ ਕਰ ਦਿੱਤਾ ਹੈ। ਤੇਰੀ ਪਾਵਨ ਧਰਤੀ 'ਤੇ ਹੁਣ ਦੁੱਧ ਦੀਆਂ ਨਦੀਆਂ ਨਹੀਂ, ਸਗੋਂ ਜ਼ਹਿਰ ਦੇ ਸਮੁੰਦਰ ਵਹਿਣ ਲੱਗ ਪਏ ਐ। ਗੁਰੂ ਗਰੀਬ ਨਿਵਾਜ਼! ਪੰਜਾਬ 'ਚ ਚੋਣਾਂ ਆ ਗਈਆਂ ਹਨ। ਹੁਣ ਦੁਸ਼ਟਾਂ ਨੇ ਨਸ਼ੇ ਤੇ ਪੈਸੇ ਵੰਡ ਕੇ ਲੋਕਾਂ ਦਾ ਇਮਾਨ ਖਰੀਦਣਾ ਹੈ। ਅਰਜੋਈ ਹੈ ਕਿ ਜੋ ਵੀ ਪਾਪੀ ਇਨ੍ਹਾਂ ਦੀ ਵਰਤੋਂ ਕਰਵਾਏ ਤੇ ਜੋ ਵੀ ਏਜੰਟ ਬਣ ਕੇ ਲੋਕਾਂ ਤਕ ਅਪੜਾਏ, ਉਨ੍ਹਾਂ ਦੇ ਅਜਿਹੀ ਜਗ੍ਹਾ ਕੀੜੇ ਪੈਣ ਕਿ ਉਹ ਦੇਖ ਵੀ ਨਾ ਸਕਣ, ਤੇ ਇਨ੍ਹਾਂ ਦੀਆਂ ਸੱਤ-ਸੱਤ ਪੀੜ੍ਹੀਆਂ ਕੋਹੜੀ ਹੋ-ਹੋ ਮਰਨ। ਮਿਹਰਾਂ ਦਿਆ ਸਾਈਆਂ! ਜੋ ਲੋਕ ਪੈਸੇ ਤੇ ਨਸ਼ਾ ਲੈ ਕੇ ਵੋਟ ਪਾਉਣ, ਉਨ੍ਹਾਂ ਦੀਆਂ ਵੀ ਕੁਲਾਂ ਬਰਬਾਦ ਹੋ ਜਾਣ ਤੇ ਅੰਨ੍ਹੀਆਂ ਹੋ-ਹੋ ਕੰਧਾਂ 'ਚ ਟੱਕਰਾਂ ਮਾਰਨ। ਵਾਹਿਗੁਰੂ ਜੀਓ! ਮੇਰੀ ਅਰਦਾਸ ਪੰਜਾਬ ਦੇ ਭਲੇ ਲਈ ਹੈ; ਸੋ ਮਿਹਰ ਕਰੀਂ, ਭੁੱਲ-ਚੁੱਕ ਮੁਆਫ ਕਰੀਂ, ਤੇਰਾ ਹੀ ਆਸਰਾ ਪਰਮਾਤਮਾ।"

ਮੈਨੂੰ ਭਾਂਪਣ ਤੇ ਮੇਰਾ ਪ੍ਰਤੀਕਰਮ ਜਾਚਣ ਲਈ ਉਹ ਫਿਰ ਬੋਲਿਆ, "ਕਿਉਂ ਮੈਂ ਕਿਤੇ ਅਰਦਾਸ ਗਲਤ ਤਾਂ ਨ੍ਹੀਂ ਕਰ ਬੈਠਾ?"

"ਨਹੀਂ ਯਾਰ, ਇਹ ਕੋਈ ਮਾੜੀ ਸੋਚ ਨਹੀਂ। ਤੂੰ ਕਿਹੜਾ ਕੋਈ ਗਾਂ ਮਾਰ'ਤੀ ਐ, ਨਾ ਹੀ ਤੂੰ ਆਪਣੇ ਆਪ ਲਈ ਕੋਈ ਮੰਗ ਮੰਗੀ ਐ। ਤੂੰ ਤਾਂ ਲੋਕਾਂ ਦੇ ਭਲੇ ਲਈ ਰੱਬ ਅੱਗੇ ਤਰਲਾ ਪਾਇਆ ਹੈ। ਆਹ ਇਕ ਮਨਿਸਟਰ ਦੇਖ ਲਾ ਇਨ੍ਹਾਂ ਦਾ; ਉਹਨੇ ਆਪਣੇ ਫਾਇਦੇ ਲਈ ਤਰੋੜ-ਮਰੋੜ ਕੇ ਅਰਦਾਸ ਈ ਵਿਗਾੜ'ਤੀ।" ਇਉਂ ਮੈਂ ਬਲਦੇਵ ਨੂੰ ਆਪਣੀ ਰਜ਼ਾਮੰਦੀ ਦਾ ਪ੍ਰਗਟਾਵਾ ਕੀਤਾ। ਇਸ ਤੋਂ ਵੀ ਅੱਗੇ ਉਹਦੇ ਸਰਬੱਤ ਦੇ ਭਲੇ ਲਈ ਕੀਤੇ ਅਨੋਖੇ ਵੱਡੇ ਜਿਗਰੇ 'ਤੇ ਮੋਹਰ ਲਾਉਂਦਿਆਂ ਮੈਂ ਕਿਹਾ, "ਤੈਨੂੰ ਪਤਾ, ਕੇਰਾਂ ਪ੍ਰਕਾਸ਼ ਸਿੰਘ ਬਾਦਲ ਦੇ ਘਰੋਂ ਬੀਬੀ ਬਾਦਲ ਨੂੰ ਚੰਦਰੀ ਬਿਮਾਰੀ ਦਾ ਪ੍ਰਛਾਵਾਂ ਪੈ ਗਿਆ ਸੀ। ਬਾਦਲ ਨੂੰ ਖੁਸ਼ ਕਰਨ ਲਈ ਸਾਰੇ ਪੰਜਾਬ ਦੇ ਗੁਰੂਘਰਾਂ 'ਚ ਬੀਬੀ ਜੀ ਦੀ ਸਿਹਤਯਾਬੀ ਲਈ ਪਾਠਾਂ ਦੀਆਂ ਲੜੀਆਂ ਸ਼ੁਰੂ ਹੋ ਗਈਆਂ, ਪਰ ਅਫਸੋਸ! ਬੀਬੀ ਜੀ ਬਚ ਨਾ ਸਕੇ। ਅੱਜ ਤੂੰ ਆਪਣੇ ਆਪ ਜਾਂ ਕਿਸੇ ਇਕ ਖਾਸ ਦੇ ਭਲੇ ਲਈ ਗੁਰੂ ਦੇ ਚਰਨਾਂ 'ਚ ਜੋਦੜੀ ਨਹੀਂ ਕੀਤੀ, ਸਗੋਂ ਸਮੂਹ ਲੋਕਾਈ ਦੇ ਭਲੇ ਲਈ ਸ਼ਲਾਘਾਯੋਗ ਡੰਡੌਤ ਬੰਦਨਾ ਕੀਤੀ ਹੈ।"

ਗੱਲਾਂ-ਗੱਲਾਂ 'ਚ ਪਤਾ ਹੀ ਨਾ ਲੱਗਾ ਕਿ ਕਦੋਂ ਉਹਦਾ ਰਾਤ ਨਾਲ ਕਬੱਡੀ ਖੇਡਣ ਵਾਲੇ ਸੋਲ੍ਹਾਂ-ਘੰਟੀ ਮੈਚ ਦੇ ਅਖਾੜੇ ਦਾ ਦਰਵਾਜ਼ਾ ਆ ਗਿਆ। ਗੱਡੀ ਦਾ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਬਲਦੇਵ ਬੋਲਿਆ, "ਗੱਡੀ ਬੰਦ ਕਰ ਲਾ ਦੋ ਕੁ ਮਿੰਟ!"

ਮੈਂ ਗੱਡੀ ਦੀ ਚਾਬੀ ਖੱਬੇ ਪਾਸੇ ਵੱਲ ਮਰੋੜ ਦਿੱਤੀ।

"ਬਾਈ ਮੈਂ ਦੱਸਿਆ ਨ੍ਹੀਂ ਤੈਨੂੰ, ਜੱਲਾਦ ਐ ਜੱਲਾਦ ਇਹ ਨੀਲੀਆਂ ਪੱਗਾਂ ਵਾਲੇ, ਅਕਾਲ ਤਖਤ 'ਤੇ ਕਬਜ਼ਾ ਐ ਇਨ੍ਹਾਂ ਦਾ। ਸੰਨ ਚੁਰਾਸੀ 'ਚ ਜਦੋਂ ਦਰਬਾਰ ਸਾਹਿਬ 'ਤੇ ਫੌਜ ਨੇ ਹੱਲਾ ਬੋਲਿਆ, ਮੈਂ ਸੂਬੇਦਾਰ ਮੇਜਰ ਸੀ। ਐਡੀ ਪਾਵਰ ਸੀ ਮੇਰੀ। ਮੇਰੀ ਪੋਸਟਿੰਗ ਰਾਜਸਥਾਨ 'ਚ ਸੀ। ਅਹਿ ਬਾਦਲ ਨੇ ਬਿਆਨ ਦੇ'ਤਾ, ਪਈ ਫੌਜੀ ਜਵਾਨੋਂ, ਬੈਰਕਾਂ ਛੱਡ ਕੇ ਦਰਬਾਰ ਸਾਹਿਬ ਪਹੁੰਚੋ। ਅਸੀਂ ਜੋਸ਼ 'ਚ ਆ ਕੇ ਗੱਡੀਆਂ ਅੰਮ੍ਰਿਤਸਰ ਵਲ ਤੋਰ ਲਈਆਂ ਪਰ ਰਾਹ 'ਚ ਹੀ ਘੇਰਾ ਪੈ ਗਿਆ। ਅਸੀਂ ਫਾਇਰ ਖੋਲ੍ਹ'ਤੇ। ਅੱਗਿਓਂ ਵੀ ਫਾਇਰ ਚੱਲ ਪਿਆ। ਦਸ ਜਵਾਨ ਮਾਰੇ ਗਏ, ਬਾਕੀ ਸਰੰਡਰ ਕਰ ਗਏ। ਕੋਰਟ ਮਾਰਸ਼ਲ ਹੋਇਆ...ਸਜ਼ਾਵਾਂ ਹੋ ਗਈਆਂ। ਸਜ਼ਾਵਾਂ ਭੁਗਤ ਕੇ ਘਰੋ-ਘਰੀਂ ਆ ਗਏ!"

"ਬੜਾ ਮਾੜਾ ਹੋਇਆ ਬਲਦੇਵ ਸਿਆਂ!" ਮੈਂ ਹਉਕਾ ਭਰਿਆ, "ਫਿਰ ਤਾਂ ਪੈਨਸ਼ਨ ਵੀ...।"

ਬਲਦੇਵ ਨੇ ਡੂੰਘਾ ਹਉਕਾ ਭਰਿਆ, "ਪੈਨਸ਼ਨ ਕਿਥੇ ਜੀ! ਸ਼ੁਕਰ ਕਰੋ ਜੀਂਦੇ ਰਹਿ ਗਏ।"


"ਇਨ੍ਹਾਂ ਅਕਾਲੀਆ ਦਾ ਰਾਜ ਆ ਗਿਆ ਸੀ ਬਾਅਦ 'ਚ, ਉਨ੍ਹਾਂ ਨੂੰ ਮਿਲ ਲੈਣਾ ਸੀ?"

"ਸਵਾਹ ਮਿਲਣੀ ਸੀ ਉਨ੍ਹਾਂ ਤੋਂ!"

"ਲਾਰੇ!"

ਤੇ ਫਿਰ ਬਲਦੇਵ ਦਾ ਚਿਹਰਾ ਕੰਬਣ ਲੱਗਾ, "ਲੁਟੇਰੇ ਐ ਲੁਟੇਰੇ! ਮੁੰਡਿਆਂ ਨੂੰ ਉਂਗਲਾਂ ਦੇ-ਦੇ ਕੇ ਬੰਦੂਕਾਂ ਚੁਕਾ ਦਿੱਤੀਆਂ। ਮੁੰਡੇ ਮਰਵਾ ਦਿੱਤੇ। ਹੁਣ ਨਸ਼ਾ ਈ ਨਸ਼ਾ ਕਰ'ਤਾ। ਇਨ੍ਹਾਂ ਦਾ ਬੇੜਾ ਗਰਕ ਹੋ'ਜੇ!"

"ਚੰਗਾ ਬਾਈ! ਡਿਊਟੀ 'ਤੇ ਆਪਣਾ ਖਿਆਲ ਰੱਖੀਂ ਤੇ ਫਿਰ ਮਿਲਾਂਗੇ।" ਆਖ ਕੇ ਮੈਂ ਗੱਡੀ ਟੋਰਾਂਟੋ ਵੱਲ ਮੋੜ ਲਈ।



ਇਹ ਚਿੱਤਰ ਸਿਡਨੀ (ਆਸਟਰੇਲੀਆ) ਵੱਸਦੇ ਚੀਨੀ ਚਿੱਤਰਕਾਰ ਰਿਚਰਡ ਚਾਓ ਦਾ ਬਣਾਇਆ ਹੋਇਆ ਹੈ।




# ਨਾਂਦੇੜ ਐਕਸਪ੍ਰੈੱਸ

***ਮਨਮੋਹਨ ਬਾਵਾ ਬੁਨਿਆਦੀ ਤੌਰ 'ਤੇ ਘੁਮੱਕੜ ਲਿਖਾਰੀ ਹੈ। ਉਸ ਦੀਆਂ ਬਹੁਤੀਆਂ ਰਚਨਾਵਾਂ 'ਚ ਇਸ ਘੁਮੱਕੜੀ ਦਾ ਬਾਖੂਬੀ ਪ੍ਰਭਾਵ ਹੁੰਦਾ ਹੈ। ਇਤਿਹਾਸ-ਮਿਥਿਹਾਸ ਬਾਰੇ ਵੀ ਉਸ ਦੀਆਂ ਰਚਨਾਵਾਂ ਇਸ ਘੁਮੱਕੜੀ ਸਦਕਾ ਹੀ ਸੰਭਵ ਹੋ ਸਕੀਆਂ ਹਨ। ਕਹਾਣੀ 'ਨਾਂਦੇੜ ਐਕਸਪ੍ਰੈੱਸ' ਅਜਿਹੀ ਹੀ ਕਹਾਣੀ ਹੈ, ਜਿਸ ਦੇ ਪਾਤਰ ਇਕ-ਦੂਜੇ ਨਾਲ ਖਹਿੰਦੇ-ਖਹਿਸਰਦੇ ਇਕ-ਦੂਜੇ ਦੇ ਨਜ਼ਦੀਕ ਆਈ ਜਾਂਦੇ ਹਨ। ਇਹ ਕਹਾਣੀ ਅਸਲ ਵਿਚ ਮਨੁੱਖੀ ਮਨ ਦੇ ਜਲੌਅ ਦੀ ਕਹਾਣੀ ਹੈ। -ਸੰਪਾਦਕ***



**ਮਨਮੋਹਨ ਬਾਵਾ**
ਫੋਨ: +91-81307-82551

ਮੈਂ ਤੇ ਮੇਰੀ ਬੀਵੀ ਨਾਂਦੇੜ ਐਕਸਪ੍ਰੈੱਸ ਦੇ ਦੂਜੀ ਕਲਾਸ ਦੇ ਡੱਬੇ 'ਚ ਬੈਠੇ ਨਾਂਦੇੜ ਜਾ ਰਹੇ ਸਾਂ। ਜਿਸ ਥਾਂ ਅਸੀਂ ਬੈਠੇ ਸਾਂ, ਉਥੇ ਤਿੰਨ ਸੀਟਾਂ ਆਹਮੋ-ਸਾਹਮਣੇ ਅਤੇ ਦੋ ਬਾਰੀ ਨਾਲ ਲਗਦੀਆਂ ਸਨ। ਇਨ੍ਹਾਂ 'ਤੇ ਮਹਿੰਦੀ ਰੰਗੀ ਦਾੜ੍ਹੀ ਵਾਲਾ ਮੌਲਵੀ ਜਿਹਾ ਤੇ ਉਸ ਦੇ ਨਾਲ ਉਸ ਦਾ ਸੱਤ-ਅੱਠ ਸਾਲ ਦਾ ਪੁੱਤਰ ਜਾਂ ਪੋਤਾ ਅਤੇ ਮੇਰੇ ਸਾਹਮਣੇ ਵਾਲੀ ਸੀਟ 'ਤੇ ਨਿਹੰਗ ਸਿੰਘ ਤੇ ਉਸ ਦਾ ਅੱਠ-ਨੌਂ ਸਾਲ ਦਾ ਪੁੱਤਰ ਬੈਠੇ ਸਨ। ਮੌਲਵੀ ਅਤੇ ਨਿਹੰਗ ਸਿੰਘ ਵੱਲ ਦੇਖ ਕੇ ਮੇਰੀ ਬੀਵੀ ਨੇ ਭੈੜਾ ਜਿਹਾ ਮੂੰਹ ਬਣਾਇਆ, ਜਿਵੇਂ ਉਸ ਨੂੰ ਇਸ ਡੱਬੇ 'ਚ ਇਨ੍ਹਾਂ ਦੀ ਮੌਜੂਦਗੀ ਅੱਖਰ ਰਹੀ ਹੋਵੇ। ਹਰ ਕੋਈ ਆਪਣੇ ਜਿਹਿਆਂ ਦੇ ਸਾਥ 'ਚ ਸੁਰੱਖਿਅਤ ਜਾਂ ਸੌਖਾ ਅਨੁਭਵ ਕਰਦਾ ਹੈ। ਬਾਕੀ ਸਾਰੇ ਅਨਜਾਣ ਅਤੇ ਵੱਖਰੇ ਜਿਹੇ!

ਮੈਂ ਨਿਹੰਗ ਸਿੰਘ ਵੱਲ ਗਹੁ ਨਾਲ ਤੱਕਿਆ। ਛੇ ਫੁੱਟ ਲੰਮਾ ਕੱਦ, ਭਰਿਆ ਜੁੱਸਾ, ਨਿਹੰਗਾਂ ਵਾਲੀ ਵੱਡੀ ਸਾਰੀ ਪਗੜੀ, ਗਾਤਰੇ ਨਾਲ ਛੋਟੀ ਕਿਰਪਾਨ ਲਮਕ ਰਹੀ, ਲੰਮੀ ਦਾੜ੍ਹੀ। ਮੌਲਵੀ ਪਤਲਾ ਜਿਹਾ, ਛੋਟਾ ਕੱਦ, ਸਿਰ 'ਤੇ ਗੋਲ ਚਿੱਟੀ ਟੋਪੀ, ਚਿੱਟਾ ਪਜਾਮਾ, ਚਿੱਟਾ ਕੁੜਤਾ। ਦੂਜੇ ਪਾਸੇ ਬੈਠੇ ਮੀਆਂ ਬੀਵੀ ਦਿੱਲੀ ਜਾਂ ਉਤਰ ਪ੍ਰਦੇਸ਼ ਦੇ ਰਹਿਣ ਵਾਲੇ ਲਗਦੇ ਸਨ। ਮੇਰੀ ਬੀਵੀ ਵੀ ਉਂਜ ਉਤਰ ਪ੍ਰਦੇਸ਼ ਦੀ ਰਹਿਣ ਵਾਲੀ ਹੈ। ਤੀਵੀਆਂ ਆਪਸ 'ਚ ਗੱਲਬਾਤ ਕਰਨ ਲੱਗ ਪਈਆਂ। ਮੈਂ ਨਿਹੰਗ ਸਿੰਘ ਨਾਲ ਗੱਲਾਂ ਕਰਨ ਲੱਗਾ। ਉਸ ਦਾ ਨਾਂ ਨਾਹਰ ਸਿੰਘ ਹੈ। ਉਸ ਦੱਸਿਆ ਕਿ ਉਹ ਆਪਣੇ ਪੁੱਤਰ ਨੂੰ ਪਾਠੀ ਜਾਂ ਕਿਸੇ ਗੁਰਦੁਆਰੇ ਦੇ ਗ੍ਰੰਥੀ ਦੀ ਟ੍ਰੇਨਿੰਗ ਦਿਵਾਉਣ ਲਈ ਸੱਚਖੰਡ (ਨਾਂਦੇੜ ਦੇ ਗੁਰਦੁਆਰੇ) ਜਾ ਰਿਹਾ ਸੀ। ਉਸ ਦੇ ਪੁੱਤਰ ਦਾ ਨਾਂ ਜੀਤੂ/ਮਨਜੀਤ ਸਿੰਘ ਹੈ।

ਅਬਦੁਲ ਮਜੀਦ ਦਾ ਸਾਮਾਨ ਕੁਝ ਜ਼ਿਆਦਾ ਸੀ, ਜੋ ਉਸ ਦੀ ਸੀਟ ਥੱਲੇ ਨਹੀਂ ਸੀ ਆ ਸਕਿਆ। ਕੁਝ ਸਾਮਾਨ ਹਾਲੇ ਤੱਕ ਰਸਤੇ 'ਚ ਹੀ ਪਿਆ ਸੀ। ਆਉਂਦੇ ਜਾਂਦੇ ਮੁਸਾਫਰ ਕੁਝ ਬਚ ਕੇ ਜਾਂ ਉਸ ਦੇ ਟਰੰਕ 'ਤੇ ਪੈਰ ਰੱਖ ਕੇ ਲੰਘਦੇ। ਇਕ-ਦੋ ਮੁਸਾਫਰਾਂ ਨੇ ਟੋਕਿਆ ਵੀ ਕਿ ਉਹ ਆਪਣਾ ਸਾਮਾਨ ਰਸਤੇ 'ਚੋਂ ਹਟਾ ਲਵੇ। ਅਬਦੁਲ ਮਜੀਦ ਨੇ ਉਠ ਕੇ ਇਕ ਗਠੜੀ ਮੇਰੀ ਸੀਟ ਦੇ ਥੱਲੇ ਖਿਸਕਾ ਦਿੱਤੀ। ਇਕ ਟਰੰਕ ਅਤੇ ਕੁਝ ਹੋਰ ਸਾਮਾਨ ਨਾਹਰ ਸਿੰਘ ਵਾਲੀ ਸੀਟ ਥੱਲੇ ਖਿਸਕਾਉਣ ਲੱਗਾ ਤਾਂ ਨਾਹਰ ਸਿੰਘ ਨੇ ਝਿੜਕਦਿਆਂ ਆਖਿਆ, "ਆਪਣੀ ਸੀਟ ਥੱਲੇ ਰੱਖ।"

ਮਜੀਦ ਨੇ ਅੱਗਿਓਂ ਕੁਝ ਕਹਿਣਾ ਚਾਹਿਆ; ਸ਼ਾਇਦ ਇਹ ਕਿ ਸੀਟ ਦੇ ਥੱਲੇ ਕਾਫੀ ਥਾਂ ਖਾਲੀ ਹੈ, ਪਰ ਨਾਹਰ ਸਿੰਘ ਦੀਆਂ ਟੱਡੀਆਂ ਅੱਖਾਂ ਅਤੇ ਗੁੱਸੇ ਭਰਿਆ ਚਿਹਰਾ ਦੇਖ ਕੇ ਉਸ ਨੇ ਸਾਡੀਆਂ ਸੀਟਾਂ ਥੱਲੇ ਕਿਸੇ ਨਾ ਕਿਸੇ ਤਰ੍ਹਾਂ ਸਾਰਾ ਸਾਮਾਨ ਵਾੜ ਦਿੱਤਾ। ਦੋ ਕੁ ਥੈਲੇ ਆਪਣੀ ਸੀਟ ਉਤੇ ਹੀ ਰੱਖ ਲਏ। ਨਾਹਰ ਸਿੰਘ ਨੇ ਮੇਰੇ ਵੱਲ ਇੰਜ ਘੂਰ ਕੇ ਦੇਖਿਆ ਜਿਵੇਂ ਕਹਿ ਰਿਹਾ ਹੋਵੇ, 'ਕੋਈ ਲਿਹਾਜ਼ ਨਾ ਕਰੋ ਇਨ੍ਹਾਂ ਮੁਸਲਿਆਂ ਦਾ।'

ਕੁਝ ਦੇਰ ਪਿਛੋਂ ਇਕ ਸਟੇਸ਼ਨ 'ਤੇ ਆ ਕੇ ਗੱਡੀ ਕੁਝ ਦੇਰ ਲਈ ਰੁਕੀ। ਪਲੈਟਫਾਰਮ 'ਤੇ ਪਕੌੜਿਆਂ, ਚਾਹ ਵਗੈਰਾ ਵਾਲੇ 'ਚਾਏ-ਚਾਏ' ਕਰਦੇ ਲੰਘਣ ਲੱਗੇ। ਨਾਹਰ ਸਿੰਘ ਨੇ ਬਾਰੀ ਥਾਣੀਂ 'ਵਾਜ ਮਾਰ ਕੇ ਇਕ ਚਾਹ ਵਾਲੇ ਨੂੰ ਰੋਕਦਿਆਂ ਦੋ ਗਲਾਸ ਚਾਹ ਦੇ ਮੰਗੇ। ਜਦ ਉਹ ਚਾਹ ਦੇ ਗਲਾਸ ਫੜਨ ਲੱਗਾ ਤਾਂ ਮਜੀਦ ਮੀਆਂ ਬੋਲਿਆ, "ਮੇਰੀ ਖਿੜਕੀ ਸੇ ਹਾਥ ਮਤ ਬੜਾਓ, ਬਾਹਰ ਜਾ ਕੇ ਪਕੜੋ...।" ਪਰ ਨਾਹਰ ਸਿੰਘ ਨੇ ਉਸ ਦੀ ਪਰਵਾਹ ਨਾ ਕਰਦਿਆਂ ਉਸ ਵਾਲੀ ਬਾਰੀ 'ਚੋਂ ਹੀ ਚਾਹ ਦੇ ਗਲਾਸ ਫੜ ਲਏ। ਫੇਰ ਇਕ ਗਲਾਸ ਆਪਣੇ ਪੁੱਤਰ ਨੂੰ ਦੇ ਕੇ 'ਸੁਕੜ ਸੁਕੜ' ਪੀਣ ਲੱਗਾ। ਜਦੋਂ ਮੇਰੀ ਬੀਵੀ ਨੇ ਚਾਹ ਵਾਲੇ ਤੋਂ ਚਾਹ ਮੰਗੀ ਤਾਂ ਅਬਦੁਲ ਮਜੀਦ ਨੇ ਬੜੇ ਸਲੀਕੇ ਨਾਲ ਚਾਹ ਦੇ ਗਲਾਸ ਫੜ ਕੇ ਸਾਨੂੰ ਫੜਾ ਦਿੱਤੇ।

"ਮਸ਼ਕੂਰ, ਮਸ਼ਕੂਰ।" ਮੈਂ ਮਜੀਦ ਨੂੰ ਆਖਿਆ।

ਮਜੀਦ ਨੇ ਆਪਣੇ ਪਾਨ ਨਾਲ ਕਾਲੇ ਹੋਏ ਦੰਦਾਂ ਨਾਲ ਬੜੀ ਨਿਮਰਤਾ ਨਾਲ ਮੇਰੇ ਵੱਲ ਤੱਕਦਿਆਂ ਆਖਿਆ, "ਅਜੀ ਇਸ ਮੇਂ ਸ਼ੁਕਰੀਆ ਕੀ ਕਯਾ ਬਾਤ ਹੈ, ਪਰ ਆਪ ਨੇ ਯਹ ਇਤਨੀ ਅੱਛੀ ਉਰਦੂ ਕਹਾਂ ਸੇ ਸੀਖੀ? ਮੇਰਾ ਮਤਲਬ ਹੈ ਕਿ 'ਮਸ਼ਕੂਰ' ਕਹਿਨੇ ਵਾਲਾ ਤੋ ਕੋਈ ਉਰਦੂ ਵਾਲਾ ਹੀ ਬੋਲ ਸਕਤਾ ਹੈ।"

"ਮੇਰੀ ਤਾਲੀਮ ਤੋ ਉਰਦੂ ਮੇਂ ਹੀ ਹੂਈ ਹੈ।"

"ਵਾਹ! ਆਪ ਕੇ ਇਸ ਸਫਰ ਕਾ ਮੰਜ਼ਿਲੇ-ਮਕਸੂਦ ਕਯਾ ਹੈ?"

"ਨਾਂਦੇੜ ਹੀ ਕਹਿ ਸਕਤੇ ਹੈਂ। ਯੂੰ ਔਰ ਭੀ ਇਧਰ ਉਧਰ ਜਾਨਾ ਹੈ। ਆਪ ਕਹਾਂ ਤੱਕ ਜਾਏਂਗੇ?"

ਉਸ ਦੱਸਿਆ ਕਿ ਉਹ ਨਾਂਦੇੜ ਦਾ ਹੀ ਰਹਿਣ ਵਾਲਾ ਹੈ। ਦਿੱਲੀ ਆਪਣੇ ਕਿਸੇ ਰਿਸ਼ਤੇਦਾਰ ਦੇ ਵਿਆਹ 'ਚ ਸ਼ਾਮਲ ਹੋਣ ਲਈ ਗਿਆ ਸੀ। ਫੇਰ ਉਹ ਦਿੱਲੀ, ਜਾਮਾ ਮਸਜਿਦ ਦੇ ਆਲੇ-ਦੁਆਲੇ ਅਤੇ ਦਿੱਲੀ ਦੇ ਸ਼ੋਰ-ਓ-ਗੁਲ, ਭੀੜ-ਭੜੱਕੇ ਦੀਆਂ ਗੱਲਾਂ ਸੁਣਾਉਣ ਲੱਗਾ।

ਨਾਹਰ ਸਿੰਘ ਮੇਰੇ ਵੱਲ ਕੁਝ ਗੁੱਸੇ, ਕੁਝ ਸ਼ਿਕਾਇਤ ਭਰੀਆਂ ਨਜ਼ਰਾਂ ਨਾਲ ਦੇਖ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ ਕਿ ਮੈਂ ਕੌਮ ਦੇ ਇਸ ਦੁਸ਼ਮਣ ਨਾਲ ਕਿਉਂ ਗੱਲਾਂ ਕਰ ਰਿਹਾ ਹਾਂ। ਅਬਦੁਲ ਮਜੀਦ ਅਤੇ ਨਾਹਰ ਸਿੰਘ ਕਦੀ-ਕਦੀ ਇਕ ਦੂਜੇ ਵੱਲ ਕੌੜੀਆਂ ਨਜ਼ਰਾਂ ਨਾਲ ਤੱਕ ਲੈਂਦੇ।

ਕੁਝ ਦੇਰ ਪਿਛੋਂ ਮਜੀਦ ਦਾ ਪੁੱਤਰ ਆਪਣੀ ਜੇਬ 'ਚੋਂ ਭੰਬੀਰੀ ਕੱਢ ਕੇ ਚਲਾਉਣ ਲੱਗਾ। ਇਸ ਦਾ ਨਾਂ ਮੁਹੰਮਦ ਮਸੂਦ ਸੀ ਅਤੇ ਨਾਹਰ ਸਿੰਘ ਦੇ ਪੁੱਤਰ ਦਾ ਕਰਨੈਲ ਸਿੰਘ ਕੈਲਾ ਸੀ। ਕੈਲਾ ਵੀ ਉਸ ਦੇ ਕੋਲ ਬੈਠ ਗਿਆ ਅਤੇ ਵਾਰੀ-ਵਾਰੀ ਭੰਬੀਰੀ ਘੁਮਾਉਂਦਿਆਂ ਖੁਸ਼ ਹੁੰਦੇ, ਤਾੜੀਆਂ ਵਜਾਉਂਦੇ ਰਹੇ।

ਦੋਹਾਂ ਨੇ ਆਪਣੇ ਪੁੱਤਰਾਂ ਨੂੰ ਆਪਸ 'ਚ ਖੇਡਣ ਤੋਂ ਮਨ੍ਹਾਂ ਕੀਤਾ, ਪਰ ਪੁੱਤਰਾਂ ਨੇ ਕੋਈ ਪਰਵਾਹ ਨਾ ਕੀਤੀ। ਸ਼ਾਇਦ ਉਨ੍ਹਾਂ ਨੂੰ ਸਮਝ ਹੀ ਨਹੀਂ ਆਇਆ ਕਿ ਉਨ੍ਹਾਂ ਦੇ ਪਿਓ ਕਿਉਂ ਉਨ੍ਹਾਂ ਨੂੰ ਮਨ੍ਹਾਂ ਕਰ ਰਹੇ ਹਨ। ਆਗਰਾ ਸਟੇਸ਼ਨ ਤੋਂ ਮਜੀਦ ਨੇ ਪੇਠਾ ਖਰੀਦਿਆ। ਵਿਚੋਂ ਇਕ ਟੁਕੜਾ ਕੈਲੇ ਨੂੰ ਵੀ ਦੇ ਦਿੱਤਾ। ਨਾਹਰ ਸਿੰਘ ਨੇ ਉਸ ਨੂੰ ਚੂੰਢੀ ਵੱਢ ਕੇ ਖਾਣ ਤੋਂ ਮਨ੍ਹਾਂ ਕੀਤਾ, ਪਰ ਕੈਲਾ ਚੁੱਪ-ਚਾਪ ਪੇਠੇ ਦਾ ਸੁਆਦ ਮਾਣਦਾ ਖਾਂਦਾ ਰਿਹਾ। ਖਾਣ ਪਿਛੋਂ ਕੈਲੇ ਨੇ ਆਪਣੇ ਬੋਝੇ 'ਚ ਪਈਆਂ ਦੋ ਮਿੱਠੀਆਂ ਗੋਲੀਆਂ ਕੱਢੀਆਂ। ਇਕ ਮਸੂਦ ਨੂੰ ਦੇ ਦਿੱਤੀ। ਬਾਪ ਨੇ ਇਸ਼ਾਰੇ ਨਾਲ ਲੈਣ ਤੋਂ ਮਨ੍ਹਾਂ ਕੀਤਾ, ਪਰ ਮਸੂਦ ਨੇ ਝੱਟ ਮੂੰਹ 'ਚ ਪਾ ਲਈ।




ਰੇਲ ਗੱਡੀ ਆਪਣੀ ਰਫਤਾਰ ਨਾਲ ਜਾ ਰਹੀ ਸੀ। ਰਸਤੇ 'ਚ ਰੁਕਦੀ, ਮੁਸਾਫਰਾਂ ਨੂੰ ਉਤਾਰਦੀ, ਚੜ੍ਹਾਉਂਦੀ। ਹਨੇਰਾ ਪਿਆਂ ਜਦੋਂ ਗੱਡੀ ਇਕ ਸਟੇਸ਼ਨ 'ਤੇ ਰੁਕੀ ਤਾਂ ਚਾਰ-ਪੰਜ ਉਜੱਡ ਜਿਹੇ ਮੁਸਾਫਰ ਆਪਣੀਆਂ ਗੰਢੜੀਆਂ ਚੁੱਕੀ ਅੰਦਰ ਆ ਵੜੇ। ਉਨ੍ਹਾਂ 'ਚ ਦੋ ਜਣੇ ਸਾਡੀਆਂ ਸੀਟਾਂ ਵੱਲ ਆਏ ਅਤੇ ਧੰਮ-ਧੰਮ ਕਰਦਿਆਂ ਕੁਝ ਸਾਮਾਨ ਨਾਹਰ ਸਿੰਘ ਦੇ ਉਪਰ ਵਾਲੀਆਂ (ਸੌਣ ਵਾਲੀਆਂ) ਸੀਟਾਂ 'ਤੇ ਟਿਕਾ ਦਿੱਤਾ ਅਤੇ ਕੁਝ ਮੇਰੀ ਤੇ ਮਜੀਦ ਮੀਆਂ ਦੀਆਂ ਬਰਥਾਂ ਉਤੇ। ਨਾਹਰ ਸਿੰਘ ਉਠਿਆ ਅਤੇ ਉਨ੍ਹਾਂ ਦਾ ਸਾਮਾਨ ਸਾਰੀਆਂ ਬਰਥਾਂ ਤੋਂ (ਸਮੇਤ ਮਜੀਦ ਮੀਆਂ ਦੀ ਬਰਥ ਤੋਂ) ਚੁੱਕ ਕੇ ਥੱਲੇ ਸੁਟ ਦਿੱਤਾ, ਨਾਲੇ ਰੋਹਬ ਨਾਲ ਬੋਲਿਆ, "ਇਹ ਰਿਜ਼ਰਵ ਦਾ ਡੱਬਾ ਹੈ। ਉਤਰੋ ਇਥੋਂ। ਨਹੀਂ ਤੇ...।" ਮਨੋਵਿਗਿਆਨਕ ਪੱਧਰ 'ਤੇ ਉਸ ਦਾ ਵਿਹਾਰ ਇਹ ਜਾਹਰ ਕਰ ਰਿਹਾ ਸੀ ਕਿ ਚਾਹੇ ਕਿਸੇ ਪੱਧਰ 'ਤੇ ਅਸੀਂ ਵੱਖ ਹਾਂ, ਪਰ ਡੱਬੇ ਦੀਆਂ ਇਹ ਅੱਠ ਸੀਟਾਂ 'ਤੇ ਅਸੀਂ ਇਕ ਹਾਂ।

ਦੂਜੀਆਂ ਸੀਟਾਂ ਦੇ ਮੁਸਾਫਰ ਵੀ ਨਾਹਰ ਸਿੰਘ ਨਾਲ ਮਿਲ ਗਏ ਅਤੇ ਉਨ੍ਹਾਂ ਨੇ ਡੱਬੇ 'ਚ ਵੜਨ ਵਾਲਿਆਂ ਨੂੰ ਡੱਬੇ 'ਚੋਂ ਥੱਲੇ ਉਤਾਰ ਦਿੱਤਾ। ਫੇਰ ਬੜੇ ਮਾਣ ਨਾਲ ਛਾਤੀ ਫੁਲਾ ਕੇ ਮੇਰੇ ਵੱਲ ਅਤੇ ਮਜੀਦ ਵੱਲ ਤੱਕਣ ਲੱਗਾ।

"ਬਹੁਤ ਮਿਹਰਬਾਨੀ ਸਰਦਾਰ ਸਾਹਿਬ!" ਮਜੀਦ ਦੇ ਮੂੰਹੋਂ ਹੌਲੀ ਦੇਣੀ ਨਿਕਲਿਆ।

ਸੁਣ ਕੇ ਨਾਹਰ ਸਿੰਘ ਦੇ ਬੁੱਲ੍ਹਾਂ 'ਤੇ ਮੁਸਕਾਨ ਆ ਗਈ।

ਕਾਫੀ ਰਾਤ ਹੋ ਗਈ, ਪਰ ਗੱਡੀ ਕਿਤੇ ਖੜ੍ਹੀ ਨਹੀਂ ਸੀ ਹੋ ਰਹੀ। ਜਦ ਇਕ ਸਟੇਸ਼ਨ 'ਤੇ ਰੁਕੀ ਤਾਂ ਨਾਹਰ ਸਿੰਘ ਡੱਬੇ ਦੇ ਬੂਹੇ 'ਚ ਖੜ੍ਹਾ ਹੋ ਕੇ ਪਲੈਟਫਾਰਮ ਉਤੇ ਕੁਝ ਖਾਣ-ਪੀਣ ਲਈ ਦੇਖਣ ਲੱਗਾ, ਪਰ ਕੁਝ ਵੀ ਨਜ਼ਰ ਨਾ ਆਇਆ। ਨਿਰਾਸ਼ ਹੋ ਕੇ ਆਪਣੀ ਸੀਟ 'ਤੇ ਬੈਠ ਗਿਆ। ਉਸ ਦੇ ਪੁੱਤਰ ਕੈਲੇ ਨੂੰ ਭੁੱਖ ਲੱਗੀ ਹੋਈ ਸੀ। ਨਾਹਰ ਸਿੰਘ ਨੂੰ ਸ਼ਾਇਦ ਆਪਣੇ ਆਪ ਨੂੰ ਵੀ। ਮੇਰੀ ਬੀਵੀ, ਉਸ ਦੇ ਨਾਲ ਬੈਠੀਆਂ ਸਵਾਰੀਆਂ ਤੇ ਅਬਦੁਲ ਮਜੀਦ ਨੇ ਆਪੋ-ਆਪਣੇ ਝੋਲਿਆਂ 'ਚੋਂ ਘਰੋਂ ਲਿਆਂਦੀਆਂ ਖਾਣ ਦੀਆਂ ਚੀਜ਼ਾਂ ਕੱਢ ਲਈਆਂ। ਮਜੀਦ ਮੀਆਂ ਨੇ ਵਿਆਹ ਤੋਂ ਮਿਲੀਆਂ ਮਿੱਠੀਆਂ ਕਚੌਰੀਆਂ, ਪੂਰੀਆਂ ਅਤੇ ਮਠਿਆਈ ਦੇ ਦੋ ਡੱਬੇ ਕੱਢ ਲਏ। ਨਾਹਰ ਸਿੰਘ ਨੇ ਆਪਣੇ ਸਟੇਸ਼ਨ ਤੋਂ ਦਿੱਲੀ ਤੱਕ ਪਹੁੰਚਦਿਆਂ ਆਪਣਾ ਲਿਆਂਦਾ ਸ਼ਾਇਦ ਸਭ ਕੁਝ ਖਾ ਲਿਆ ਸੀ। ਸ਼ਾਇਦ ਹਜ਼ਮ ਵੀ ਹੋ ਗਿਆ ਸੀ। ਮਸੂਦ ਨੇ ਇਕ ਕਚੌਰੀ ਕੈਲੇ ਨੂੰ ਦੇ ਦਿੱਤੀ। ਨਾਹਰ ਸਿੰਘ ਨੇ ਸ਼ਾਇਦ ਮਨ੍ਹਾਂ ਕਰਨਾ ਚਾਹਿਆ, ਪਰ ਚੁੱਪ ਰਿਹਾ। ਕੈਲੇ ਨੇ ਅੱਧੀ ਕਚੌਰੀ ਆਪਣੇ ਬਾਪ ਦੇ ਹੱਥ ਫੜਾ ਦਿੱਤੀ। ਮੂੰਹ 'ਚ ਪਾ ਕੇ ਬੋਲਿਆ, "ਸੁਆਦ ਹੈ।" ਆਪ ਖਾ ਰਹੇ ਹੋਈਏ ਅਤੇ ਸਾਹਮਣੇ ਬੈਠਾ ਭੁੱਖਾ ਹੋਵੇ, ਹਿੰਦੋਸਤਾਨ 'ਚ ਆਮ ਕਰਕੇ ਇਸ ਤਰ੍ਹਾਂ ਸੰਭਵ ਨਹੀਂ। ਫੇਰ ਸਭ ਨੇ ਸਮੇਤ ਮਜੀਦ ਮੀਆਂ ਦੇ, ਪਲਾਸਟਿਕ ਦੀਆਂ ਪਲੇਟਾਂ 'ਚ ਕੁਝ ਨਾ ਕੁਝ ਪਾ ਕੇ ਦੋਹਾਂ ਪਿਓ-ਪੁੱਤਾਂ ਨੂੰ ਫੜਾ ਦਿੱਤਾ।

ਰਾਤ ਨੂੰ ਮੈਂ ਛੇਤੀ ਹੀ ਆਪਣੀ ਉਪਰਲੀ ਬਰਥ 'ਤੇ ਜਾ ਕੇ ਸੌਂ ਗਿਆ। ਪਿਛਲੀ ਰਾਤ ਮੇਰੀ ਨੀਂਦ ਪੂਰੀ ਨਹੀਂ ਸੀ ਹੋਈ। ਜਿਸ ਦਿਨ ਮੈਂ ਕਿਤੇ ਯਾਤਰਾ ਲਈ ਜਾਣਾ ਹੋਵੇ ਤਾਂ ਉਸ ਤੋਂ ਪਹਿਲੀ ਰਾਤ ਮੈਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ। ਇਹੀ ਖੁੜਕ ਰਹਿੰਦੀ ਹੈ ਕਿ ਕੋਈ ਚੀਜ਼ ਰਹਿ ਨਾ ਜਾਵੇ। ਹੁਣ ਅੱਧ-ਨੀਂਦੇ 'ਚ ਕਦੀ-ਕਦੀ ਮੇਰੇ ਕੰਨਾਂ 'ਚ ਮੇਰੀ ਬੀਵੀ ਦੇ ਉਤਰ ਪ੍ਰਦੇਸ਼ ਦੀ ਤੀਵੀਂ ਨਾਲ ਅਤੇ ਸ਼ਾਇਦ ਨਾਹਰ ਸਿੰਘ ਦੀ ਮਜੀਦ ਮੀਆਂ ਨਾਲ ਗੱਲਾਂ ਕਰਨ ਦੀ ਅਵਾਜ਼ ਪੈਂਦੀ ਰਹੀ, ਜਾਂ ਸ਼ਾਇਦ ਇਧਰ ਉਧਰ ਦੀਆਂ ਸੀਟਾਂ 'ਤੇ ਬੈਠਿਆਂ, ਲੰਮੇ ਪਿਆਂ ਦੀਆਂ ਮਿਲੀਆਂ ਜੁਲੀਆਂ ਅਵਾਜ਼ਾਂ।

ਅਗਲੀ ਸਵੇਰ ਜਾਗ ਖੁੱਲ੍ਹਣ ਤੋਂ ਕੁਝ ਦੇਰ ਪਿਛੋਂ ਇਕ ਸਟੇਸ਼ਨ 'ਤੇ ਆ ਕੇ ਗੱਡੀ ਖੜ੍ਹੀ ਹੋ ਗਈ। ਪਤਾ ਲੱਗਾ ਕਿ ਪਰਬਾਨੀ ਸਟੇਸ਼ਨ ਆਉਣ ਵਾਲਾ ਹੈ। ਉਸ ਪਿਛੋਂ ਨਾਂਦੇੜ। ਮੈਂ ਮਜੀਦ ਮੀਆਂ ਤੋਂ ਨਾਂਦੇੜ ਦੇ ਰੇਲਵੇ ਸਟੇਸ਼ਨ ਤੋਂ ਗੁਰਦੁਆਰੇ ਦੀ ਦੂਰੀ ਪੁੱਛੀ। ਦੂਰੀ ਦੱਸਣ ਪਿਛੋਂ ਉਸ ਨੇ ਦੱਸਿਆ ਕਿ ਸਟੇਸ਼ਨ ਦੇ ਬਾਹਰ ਟੈਕਸੀ ਮਿਲ ਜਾਵੇਗੀ, ਦੋ ਕੁ ਸੌ ਰੁਪਏ 'ਚ।

"ਦੋ ਸੌ ਰੁਪਏ?" ਨਾਹਰ ਸਿੰਘ ਬੋਲਿਆ। "ਪੈਦਲ ਕਿੰਨੀ ਦੂਰ?"

"ਪੈਦਲ ਵੀ ਦੂਰ ਨਹੀਂ। ਤੀਹ ਚਾਲੀ ਰੁਪਏ 'ਚ ਸਾਈਕਲ ਰਿਕਸ਼ਾ ਮਿਲ ਜਾਵੇਗਾ।"

"ਹਾਂ, ਇਹ ਠੀਕ ਰਹੇਗਾ।" ਨਾਹਰ ਸਿੰਘ ਖੁਸ਼ ਹੁੰਦਿਆਂ ਕਹਿ ਉਠਿਆ।

ਗੱਲਾਂ ਹੀ ਗੱਲਾਂ 'ਚ ਮੈਂ ਮਜੀਦ ਨੂੰ ਦੱਸਿਆ ਕਿ ਨਾਂਦੇੜ ਪਿਛੋਂ ਨਾਗਨਾਥ ਦੇ ਮੰਦਿਰ ਜਾਣਾ ਹੈ, ਖਾਸ ਕਰਕੇ ਆਪਣੀ ਬੀਵੀ ਲਈ।

"ਉਹ ਮੰਦਿਰ...? ਇਹ ਤਾਂ ਉਲਟਾ ਰਸਤਾ। ਇਹ ਪਰਬਾਨੀ ਤੋਂ ਨੇੜੇ ਪਵੇਗਾ। ਇਥੇ ਉਤਰ ਜਾਣਾ। ਉਸ ਪਿਛੋਂ ਨਾਂਦੇੜ ਜਾਣਾ।" ਮਜੀਦ ਮੀਆਂ ਦੇ ਦੱਸਣ 'ਤੇ ਅਸੀਂ ਆਪਣਾ ਸਾਮਾਨ ਚੁੱਕ ਕੇ ਪਰਬਾਨੀ ਸਟੇਸ਼ਨ ਦੇ ਪਲੈਟਫਾਰਮ 'ਤੇ ਉਤਰ ਗਏ। ਇਥੇ ਗੱਡੀ ਕਿਸੇ ਕਾਰਨ ਕੋਈ ਅੱਧਾ-ਪੌਣਾ ਘੰਟਾ ਰੁਕਣੀ ਸੀ। ਬਹੁਤ ਸਾਰੀਆਂ ਸਵਾਰੀਆਂ, ਮਜੀਦ ਅਤੇ ਨਾਹਰ ਸਿੰਘ ਵੀ ਕੁਝ ਖਾਣ-ਪੀਣ ਲਈ ਉਤਰ ਗਏ। ਮਜੀਦ ਨੇ ਪਲੇਟਫਾਰਮ 'ਤੇ ਇਕ ਆਦਮੀ ਨੂੰ ਪਛਾਣਦਿਆਂ ਅਤੇ ਅਵਾਜ਼ ਮਾਰਦਿਆਂ ਆਪਣੇ ਕੋਲ ਬੁਲਾਇਆ। ਫੇਰ ਸਾਡੇ ਵੱਲ ਇਸ਼ਾਰਾ ਕਰਦਿਆਂ ਆਖਿਆ, "ਇਨ੍ਹਾਂ ਨਾਗਨਾਥ ਜਾਣਾ ਹੈ। ਰਿਕਸ਼ੇ 'ਚ ਬਿਠਾ ਕੇ ਇਨ੍ਹਾਂ ਨੂੰ ਬੱਸ ਅੱਗੇ ਲੈ ਜਾਈਂ ਅਤੇ ਮੰਦਿਰ ਜਾਣ ਵਾਲੀ ਬੱਸ 'ਤੇ ਬਿਠਾ ਦੇਵੀਂ।"

ਇਹ ਸੋਚਦਿਆਂ ਕਿ ਇਸ ਪਿਛੋਂ ਕੁਝ ਖਾਣ-ਪੀਣ ਲਈ ਨਾ ਮਿਲੇ, ਅਸੀਂ ਨਾਲ ਵਾਲੇ ਇਕ ਸਟਾਲ ਤੋਂ ਛੋਲੇ-ਭਟੂਰੇ ਲੈ ਕੇ ਅਤੇ ਇਕ ਉਚੀ ਜਿਹੀ ਮੇਜ਼ 'ਤੇ ਰੱਖਦਿਆਂ ਖਾਣ ਲੱਗੇ। ਨਾਲ ਵਾਲੀ ਮੇਜ਼ 'ਤੇ ਆਪਣੀ ਪਸੰਦ ਦੀਆਂ ਕੁਝ ਚੀਜ਼ਾਂ ਰੱਖ ਕੇ ਮਜੀਦ ਮੀਆਂ ਅਤੇ ਨਾਹਰ ਸਿੰਘ ਵੀ ਖਾਣ ਲੱਗੇ। ਨਾਹਰ ਸਿੰਘ ਨੇ ਦੋ ਕੁ ਬੁਰਕੀਆਂ ਖਾ ਕੇ ਆਖਿਆ, "ਬਿਲਕੁਲ ਬੇਸੁਆਦਾ...।"

ਮਜੀਦ ਮੀਆਂ ਨੇ ਉਸ ਵੱਲ ਤੱਕਿਆ ਅਤੇ ਬੋਲਿਆ, "ਤੁਮ ਹਮਾਰੇ ਘਰ ਆਨਾ ਨਾਂਦੇੜ ਪਹੁੰਚ ਕੇ, ਐਸਾ ਖਾਨਾ ਖਿਲਾਊਂਗਾ ਕਿ ਸਾਰੀ ਉਮਰ ਯਾਦ ਕਰੋਗੇ।"

"ਅੱਛਾ!"

"ਪਰ ਆਦਮੀਓਂ ਵਾਲੇ ਕਪੜੇ ਪਹਿਨ ਕਰ ਆਨਾ। ਨਹੀਂ ਤੋਂ ਮੁਹੱਲੇ ਵਾਲੇ ਲੋਗ ਖਿੜਕੀਓਂ ਮੇਂ ਸੇ ਦੇਖਨੇ ਲਗੇਂਗੇ।"

ਨਾਹਰ ਸਿੰਘ ਨੇ ਠਹਾਕਾ ਲਾਉਂਦਿਆਂ ਅਤੇ ਉਸ ਦੇ ਹੱਥ 'ਤੇ ਹੱਥ ਮਾਰਦਿਆਂ ਆਖਿਆ, "ਓਏ ਇਹ ਆਦਮੀਆਂ ਵਾਲੇ ਨਹੀਂ ਭਲਾ...?"

# ਪ੍ਰਫੁਲਤਾ ਸਿੱਖੀ ਦੀ...

**ਹਰਜੀਤ ਦਿਓਲ, ਬਰੈਂਪਟਨ**
ਫੋਨ: 905-676-9242

ਲੰਮੇ ਸਮੇਂ ਤੋਂ ਸਿੱਖੀ ਦੀ ਪ੍ਰਫੁਲਤਾ ਲਈ ਬਹੁਤ ਤਾਣ ਲਾਇਆ ਜਾ ਰਿਹੈ। ਸਭ ਤੋਂ ਬਿਹਤਰ ਸਾਬਤ ਹੋਣ ਲਈ ਅਣਗਿਣਤ ਜਥੇਬੰਦੀਆਂ ਅਤੇ ਵਿਦਵਾਨ ਚਿੰਤਕ ਇਸ ਪਾਸੇ ਯਤਨਸ਼ੀਲ ਹਨ। ਉਂਜ ਤਾਂ ਹਰ ਧਰਮ ਦੇ ਪੈਰੋਕਾਰ ਆਪੋ ਆਪਣੇ ਧਰਮ ਨੂੰ ਸਰਵਸ਼੍ਰੇਸ਼ਠ ਹੋਣ ਦਾ ਦਾਅਵਾ ਕਰ ਕੇ ਇਸ ਦੀ ਪ੍ਰਫੁਲਤਾ ਲਈ ਜੱਦੋਜਹਿਦ ਕਰਨ 'ਚ ਜੁਟੇ ਹੋਏ ਵਿਖਾਈ ਦਿੰਦੇ ਹਨ, ਪਰ ਆਪਾਂ ਪਹਿਲਾਂ ਆਪਣੇ ਘਰ ਦੀ ਗੱਲ ਕਰਦੇ ਹਾਂ। ਅਨੁਕੂਲ ਸਰਕਾਰ ਆਉਣ 'ਤੇ ਇਸ ਫਸਵੇਂ ਮੁਕਾਬਲੇ ਵਿਚ ਹਿੰਦੂਆਂ ਨੇ ਵੀ ਵਾਹਵਾ ਰਫਤਾਰ ਫੜ ਲਈ ਹੈ, ਪਰ ਘੱਟ ਕੋਈ ਵੀ ਨਹੀਂ। ਆਪੋ ਆਪਣੇ ਧਾਰਮਿਕ ਇਤਿਹਾਸ ਨੂੰ ਸਭ ਤੋਂ ਵੱਧ ਮਾਨਵਪੱਖੀ ਅਤੇ ਪਰਉਪਕਾਰੀ ਦੱਸਿਆ ਜਾਂਦਾ ਹੈ ਅਤੇ ਇਸ ਨਾਲ ਚੰਬੜੇ ਰਹਿਣ ਦੀ ਸਖਤ ਤਾਕੀਦ ਵੀ ਕੀਤੀ ਜਾਂਦੀ ਹੈ, ਪਰ ਪਰਨਾਲਾ ਉਥੇ ਦਾ ਉਥੇ ਟਿਕਿਆ ਰਹਿੰਦਾ ਹੈ।

ਕਹਿ ਲਈਏ, 'ਵਰਕ ਸੈਟਿਸਫੈਕਟਰੀ ਬਟ ਪ੍ਰੋਗਰੈਸ ਨਿੱਲ।' ਜਾਂ ਫੇਰ 'ਮਰਜ਼ ਬੜ੍ਹਤਾ ਹੀ ਗਯਾ ਜਿਉਂ ਜਿਉਂ ਦਵਾ ਕੀ।' ਕਿਸੇ ਵੀ ਧਰਮ ਦੀ ਪ੍ਰਫੁਲਤਾ ਜਾਂ ਸ੍ਰੇਸ਼ਠਤਾ ਉਸ ਧਰਮ ਦੇ ਪੈਰੋਕਾਰਾਂ ਦੇ ਚਰਿੱਤਰ ਅਤੇ ਕਾਰਵਿਹਾਰ ਤੋਂ ਨਜ਼ਰ ਆਉਂਦੀ ਹੈ, ਪਰ ਅਫਸੋਸ ਇਸ ਪਾਸੇ ਅਸੀਂ ਛਾਤੀ ਠੋਕ ਕੇ ਕੁਝ ਵੀ ਕਹਿਣ ਤੋਂ ਅਸਮਰਥ ਹਾਂ। ਕਹਿ ਵੀ ਕਿਵੇਂ ਸਕਦੇ ਹਾਂ? ਊਣਤਾਈਆਂ ਵੱਲ ਉਂਗਲ ਤਾਂ ਬਥੇਰੇ ਕਰਦੇ ਹਨ, ਪਰ ਇਨ੍ਹਾਂ ਲਈ ਠੋਸ ਉਪਾਅ ਕਰਨਾ ਭਰਿੰਡਾਂ ਦੇ ਖੱਖਰ 'ਚ ਹੱਥ ਪਾਉਣ ਦੇ ਤੁਲ ਹੈ।

ਲੰਮਾ ਸਮਾਂ ਪੰਜਾਬੋਂ ਬਾਹਰ ਰਹਿ ਕੇ ਆਖਰੀ ਉਮਰੇ ਜਦ ਪੰਜਾਬ 'ਚ ਸੈਟ ਹੋਣ ਲਈ ਘਰ ਘਾਟ ਬਣਾਇਆ ਤਾਂ ਬੜਾ ਤਲਖ ਤਜ਼ਰਬਾ ਹੋਇਆ। ਸਿੱਖੀ ਸਰੂਪ 'ਚ ਅਹੁਦੇਦਾਰਾਂ, ਕਰਮਚਾਰੀਆਂ ਨਾਲ ਵਾਹ ਪਿਆ ਤਾਂ ਪਤਾ ਲੱਗਾ, ਪਈ ਇਹ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਹੋਰ ਥਾਂਈਂ ਗੈਰ ਸਿੱਖਾਂ ਤੋਂ ਕਿਸੇ ਪਾਸਿਓਂ ਵੀ ਘੱਟ ਨਹੀਂ, ਸਗੋਂ ਮਾਸਾ ਵੱਧ ਹੀ ਹਨ। ਇੱਕ ਮੈਰਿਜ ਸਰਟੀਫਿਕੇਟ, ਜਿਸ ਲਈ ਪੰਜਾਬ ਵਿਖੇ ਕੁਝ ਹਜਾਰ ਦਾ ਖਰਚਾ ਦੱਸਿਆ ਜਾ ਰਿਹਾ ਸੀ, ਹਰਿਆਣਾ 'ਚ ਕੇਵਲ 750 ਰੁਪਏ ਵਿਚ ਬਣ ਗਿਆ।

ਸਵਾਲ ਹੈ ਕਿ ਨਗਰ ਕੀਰਤਨਾਂ ਅਤੇ ਹੋਰ ਆਯੋਜਨਾਂ ਰਾਹੀਂ ਬਾਣੀ ਦੀ ਸ੍ਰੇਸ਼ਠਤਾ ਦਾ ਢੰਡੋਰਾ ਪਿੱਟਣ ਵਾਲੀ ਕੌਮ ਇਸ ਦੀਆਂ ਸਿਖਿਅਵਾਂ ਤੋਂ ਸੱਖਣੀ ਕਿਉਂ ਹੈ? ਕੀ ਸਾਰਾ ਕੁਝ ਦਿਖਾਵਾ ਹੀ ਹੈ? ਸਿੱਖ ਇਤਿਹਾਸ ਬਾਰੇ ਲਿਖੀ ਆਪਣੀ ਪੁਸਤਕ ਦੇ ਆਖਰੀ ਪੈਰੇ ਵਿਚ ਖੁਸ਼ਵੰਤ ਸਿੰਘ ਨੇ ਲਿਖਿਆ ਹੈ, "ਸੁਤੰਤਰਤਾ ਉਪਰੰਤ ਸਿੱਖ ਨੇਤਾਵਾਂ ਦੀ ਗੁਣਵੱਤਾ ਅਤੇ ਚਰਿੱਤਰ ਵਿਚ ਗੰਵਾਰਪਨ ਅਤੇ ਉਜੱਡਪੁਣੇ ਵਿਚ ਇਜ਼ਾਫਾ ਹੋਇਆ। ਅਕਾਲੀ ਲੀਡਰਸ਼ਿਪ ਨੀਂਵੇਂ ਪੱਧਰ ਦੇ ਲਾਲਚ ਅਤੇ ਭ੍ਰਿਸ਼ਟਾਚਾਰ ਦੀ ਸ਼ਿਕਾਰ ਹੋਈ ਹੈ।

ਰਹੀ ਸਹੀ ਕਸਰ ਸਿੱਖ ਖਾੜਕੂਵਾਦ ਦੇ ਧਾਰਮਿਕ ਕੱਟੜਵਾਦ ਨੇ ਪੂਰੀ ਕਰ ਦਿੱਤੀ। ਗੁਰਬਾਣੀ ਦੀ ਦਾਰਸ਼ਨਿਕ ਵਿਆਖਿਆ ਦੀ ਥਾਂ ਗ੍ਰੰਥਾਂ ਦੀ ਪੂਜਾ ਤੇ ਪੇਸ਼ੇਵਰ ਅਖੰਡ ਪਾਠਾਂ ਨੇ ਲੈ ਲਈ। ਜਾਪਦਾ ਹੈ, ਖਾਲਸਾ ਇਤਿਹਾਸ ਦਾ ਉਹ ਰਾਹ ਪੂਰਾ ਕਰ ਚੁਕਾ ਹੈ, ਜੋ ਉਸ ਲਈ ਗੁਰੂ ਸਾਹਿਬਾਨ ਨੇ ਆਪਣੀ ਅਗਾਧ ਬੋਧ ਸਿਆਣਪ ਰਾਹੀਂ ਉਲੀਕਿਆ ਸੀ।"

ਪਿੱਛੇ ਜਿਹੇ ਇੱਕ ਖਬਰ ਅਨੁਸਾਰ ਸੰਤ ਸੀਚੇਵਾਲ ਨੇ ਪੰਜਾਬ 'ਚ 550 ਏਕੜ ਖੇਤਾਂ ਦੀ ਪਰਾਲੀ ਦਾ ਮਸ਼ੀਨਾਂ ਰਾਹੀਂ ਨਿਪਟਾਰਾ ਕੀਤਾ ਹੈ। ਵਾਤਾਵਰਣ ਲਈ ਉਨ੍ਹਾਂ ਦੇ ਉੱਦਮ ਸ਼ਲਾਘਾਯੋਗ ਹਨ। ਆਪਣੀ ਸ੍ਰੇਸ਼ਠਤਾ ਦੇ ਸੋਹਲੇ ਗਾਉਣ ਦੀ ਥਾਂ ਸਾਨੂੰ ਇਹੋ ਜਿਹੇ ਸਾਰਥਕ ਉਪਰਾਲਿਆਂ ਦਾ ਭਾਗੀਦਾਰ ਬਣਨਾ ਚਾਹੀਦਾ ਹੈ। ਇਸੇ 'ਚ ਇਨਸਾਨੀਅਤ ਦੀ 'ਪ੍ਰਫੁੱਲਤਾ' ਹੈ। ਸਿੱਖ ਧਰਮ ਦਾ ਮੂਲ ਮਨੋਰਥ ਹੀ ਸਮੁੱਚੀ ਇਨਸਾਨੀਅਤ ਦਾ ਭਲਾ ਹੈ, ਜਿਸ ਲਈ ਬਾਹਰੀ ਦਿੱਖ ਨਾਲੋਂ 'ਚਰਿੱਤਰ' ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ।

# ਸੁੱਚੀਆਂ ਮੁਹੱਬਤਾਂ...

ਮੇਰੇ ਤੋਂ ਗਿਰਧਰ ਗੋਪਾਲ ਦੂਸਰੋ ਨਾ ਕੋਈ
ਜਾਕੇ ਸਿਰ ਮੋਰ ਮੁਕਟ ਮੇਰੋ ਪਤੀ ਸੋਈ।

ਇਨ੍ਹਾਂ ਸਤਰਾਂ ਰਾਹੀਂ ਮੀਰਾਬਾਈ ਕਹਿੰਦੀ ਹੈ ਕਿ ਮੇਰਾ ਗਿਰਧਰ ਗੋਪਾਲ - ਕ੍ਰਿਸ਼ਨ ਤੋਂ ਇਲਾਵਾ ਇਸ ਦੁਨੀਆ ਵਿਚ ਕੋਈ ਨਹੀਂ ਹੈ। ਭਾਰਤੀ ਉਪਮਹਾਦੀਪ ਵਿਚ ਪਿਆਰ, ਮੁਹੱਬਤ, ਇਸ਼ਕ ਤੇ ਭਗਤੀ ਅਤੇ ਰੱਬ ਦੀ ਦੀਵਾਨਗੀ ਦੇ ਗੂੜ੍ਹੇ ਰਿਸ਼ਤੇ ਨੂੰ ਮੀਰਾ ਬਖੂਬੀ ਨਿਭਾਉਂਦੀ ਹੈ। ਇਥੇ ਸਾਈਂ ਅਤੇ ਸੱਜਣ ਵਿਚ ਕੋਈ ਖਾਸ ਫਰਕ ਨਹੀਂ ਹੈ। ਜੇ ਸਾਈਂ ਨੂੰ ਪਾਉਣ ਲਈ ਜੰਗਲਾਂ ਪਹਾੜਾਂ ਵਿਚ ਭਟਕਿਆ ਜਾ ਸਕਦਾ ਹੈ ਤਾਂ ਸੱਜਣ ਦੀ ਇਕ ਝਲਕ ਲਈ 12 ਸਾਲ ਮੱਝਾਂ ਵੀ ਚਰਾਈਆਂ ਜਾ ਸਕਦੀਆਂ ਹਨ। ਜਾਤ, ਜਮਾਤ, ਪਿਤਰਸੱਤਾ ਦੇ ਹਨੇਰੇ ਵਿਚ ਦੱਬੀ ਮੁਹੱਬਤ ਨੇ ਰੱਬ ਦਾ ਰਸਤਾ ਚੁਣਿਆ ਸੀ ਅਤੇ ਇਹ ਵਿਰਾਸਤ



ਅੱਜ ਵੀ ਸਾਡੇ ਨਾਲ ਹੈ। ਅੱਜ ਮੁਹੱਬਤ ਕਰਨਾ ਅਤੇ ਆਪਣੀ ਪਸੰਦ ਦੇ ਸਾਥੀ ਨਾਲ ਜੀਵਨ ਬਿਤਾਉਣਾ ਸਮਾਜ

ਨਿਕਿਤਾ ਆਜ਼ਾਦ

ਕੁਝ ਹੱਦ ਤਕ ਸਵੀਕਾਰ ਕਰਨ ਲੱਗ ਪਿਆ ਹੈ ਪਰ ਅਜੇ ਵੀ ਮੁਹੱਬਤ ਅਤੇ ਭਗਤੀ ਨੂੰ ਇਕਸਾਰ ਬਣਾਉਣ ਦੀ ਰੀਤ ਨਹੀਂ ਗਈ ਹੈ।

ਜੇ ਭਗਤੀ ਆਪਣੇ ਸਵੈ ਨੂੰ ਰੱਬ ਅੱਗੇ ਸਿਫਰ ਕਰਨ ਦਾ ਨਾਂ ਹੈ ਤਾਂ ਅੱਜ ਮੁਹੱਬਤ ਵੀ ਇਹੋ ਹੁਕਮ ਸੁਣਾਉਂਦੀ ਹੈ ਕਿ ਮੇਰੀ ਦਿਨ-ਰਾਤ ਪੂਜਾ ਹੋਵੇ। ਪਿਤਰਸੱਤਾ ਨਾਲ ਮਿਲ ਕੇ ਇਹ ਹੁਕਮ ਔਰਤਾਂ ਲਈ ਹੋਰ ਵੀ ਸਾਹ ਘੁੱਟਵਾਂ ਬਣ ਜਾਂਦਾ ਹੈ। ਉਹ ਆਪਣੀ ਪਸੰਦ ਦਾ ਸਾਥੀ ਤਾਂ ਚੁਣ ਲੈਂਦੀਆਂ ਹਨ ਪਰ ਇਹ ਸਾਥੀ ਅਤੇ ਸਮਾਜ ਉਦੋਂ ਵੀ ਇਹੀ ਆਸ ਰੱਖਦੇ ਹਨ ਕਿ ਔਰਤ ਆਪਣੇ ਸਾਥੀ ਦੀ ਰੱਬ ਵਾਂਗੂ ਇਬਾਦਤ ਕਰੇਗੀ। ਪਤੀ-ਪਤਨੀ ਦੇ ਰਿਸ਼ਤੇ ਵਿਚ ਪਤਨੀ ਨੂੰ ਹਮਸਫਰ ਦੀ ਥਾਂ ਮੁਰੀਦ ਬਣਨਾ ਪੈਂਦਾ ਹੈ ਅਤੇ ਆਪਣੇ ਪਤੀ-ਪਰਮੇਸ਼ਵਰ ਦੀ ਸੇਵਾ ਕਰਨ ਨੂੰ ਆਪਣਾ ਧਰਮ ਸਮਝਣਾ ਪੈਂਦਾ ਹੈ। ਇਹ ਸੇਵਾ ਭਾਵਨਾ ਅੱਜ ਸਿਰਫ ਇਸ ਲਈ ਨਹੀਂ ਪ੍ਰਚਲਿਤ ਕਿ ਸਮਾਜ ਪਿਤਰਕੀ ਦੀਆਂ ਲੀਹਾਂ ਉਤੇ ਚਲ ਰਿਹਾ ਹੈ, ਇਸ ਲਈ ਵੀ ਹੈ ਕਿਉਂਕਿ ਇਸ ਸੇਵਾ ਨੂੰ ਹੀ ਮੁਹੱਬਤ ਕਿਹਾ ਜਾਂਦਾ ਹੈ; ਜਾਂ ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਨੇ ਦੁਨਿਆਵੀ ਅਤੇ ਰੂਹਾਨੀ ਮੁਹੱਬਤ ਨੂੰ ਪ੍ਰੀਭਾਸ਼ਿਤ ਕਰਨ ਦੇ ਸੰਦ ਪਿਤਰਕੀ ਤੋਂ ਉਧਾਰ ਲਏ ਹਨ।

ਇਸ ਲਈ ਭਗਤੀਵਾਦੀ ਮੁਹੱਬਤ ਦਾ ਪਹਿਲਾ ਅਰਥ ਹੈ ਆਪਣੇ ਸਵੈ ਨੂੰ ਖਤਮ ਕਰ ਦੇਣਾ, ਆਪਣੀ ਹੋਂਦ ਮਿਟਾ ਦੇਣਾ ਅਤੇ ਇਸ਼ਕ ਵਿਚ ਦੀਵਾਨਾ ਹੋ ਜਾਣਾ! ਕਬੀਰ ਜੀ ਦੇ ਸ਼ਬਦਾਂ ਵਿਚ, "ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰ॥" ਐਸੀ ਮੁਹੱਬਤ ਮਨੁੱਖ ਨੂੰ ਰੱਬ ਅੱਗੇ ਹਲੀਮ ਬਣਾਉਣ ਅਤੇ ਆਪਣੇ ਹੰਕਾਰ ਨੂੰ ਕਾਬੂ ਕਰਨ ਦਾ ਸੁਨੇਹਾ ਦਿੰਦੀ ਹੈ ਪਰ ਜਦੋਂ ਇਹ ਮਨੁੱਖੀ ਰਿਸ਼ਤਿਆਂ ਅੰਦਰ ਵੜ ਜਾਂਦੀ ਹੈ



ਤਾਂ ਇਹ ਇਕ ਧਿਰ ਨੂੰ ਦੂਜੀ ਧਿਰ ਉਤੇ ਕਾਬਜ਼ ਹੋਣ ਦਾ ਹੱਕ ਦੇ ਦਿੰਦੀ ਹੈ। ਮਨੁੱਖ ਰੱਬ ਨਹੀਂ - ਮਰਦ ਤਾਂ ਬਿਲਕੁਲ ਵੀ ਨਹੀਂ ਪਰ ਭਗਤੀਵਾਦੀ ਮੁਹੱਬਤ ਮਰਦ ਨੂੰ ਰੱਬ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਲਈ ਅਣਗਿਣਤ ਔਰਤਾਂ ਨੂੰ ਰੋਜ਼ ਅਤਿਆਚਾਰ ਸਹਿਣਾ ਪੈਂਦਾ ਹੈ ਅਤੇ ਮੁਹੱਬਤ ਦੇ ਨਾਂ 'ਤੇ ਆਪਣੀ ਆਜ਼ਾਦੀ ਤਿਆਗਣੀ ਪੈਂਦੀ ਹੈ। ਮੈਂ ਇਥੇ ਸਿਰਫ ਪਤੀ-ਪਤਨੀ ਦੇ ਰਿਸ਼ਤੇ ਵਿਚ ਫਸੀ ਹੋਈ ਔਰਤ ਦੀ ਗੱਲ ਨਹੀਂ ਕਰ ਰਹੀ, ਉਨ੍ਹਾਂ ਔਰਤਾਂ ਦੀ ਗੱਲ ਵੀ ਕਰ ਰਹੀ ਹਾਂ ਜੋ ਆਪਣੇ ਸਾਥੀ ਆਪ ਚੁਣਦੀਆਂ ਹਨ। ਇਨ੍ਹਾਂ ਔਰਤਾਂ ਦੇ ਸਾਥੀ ਚਾਹੁੰਦੇ ਹਨ ਕਿ ਮੇਰੀ ਪ੍ਰੇਮਿਕਾ ਜੀਨ ਨਾ ਪਾਵੇ, ਬਾਹਰ ਕੰਮ ਨਾ ਕਰੇ, ਮੇਰੇ ਮਾਪਿਆਂ ਦੀ ਸੇਵਾ ਕਰੇ ਅਤੇ ਆਪਣਾ ਸਾਰਾ ਕੁਝ ਮੇਰੇ ਉਤੇ ਨਿਓ ਦੇਵੇ। ਐਸੀ ਮੁਹੱਬਤ ਦੀ ਚਾਲ ਸਮਝੋ ਕਿ ਜਦੋਂ ਕੋਈ ਔਰਤ ਇਸ ਤਰ੍ਹਾਂ ਦੇ ਦਮ-ਘੋਟੂ ਰਿਸ਼ਤੇ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਨੂੰ ਮੁਹੱਬਤ ਦੇ ਮਿਹਣੇ ਮਾਰ ਕੇ ਚੁੱਪ ਕਰਵਾ ਲਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਮੁਹੱਬਤ ਦਾ ਭਾਵ ਹੀ ਸਮਰਪਣ ਹੈ।

ਜੇ ਭਗਤੀਵਾਦੀ ਮੁਹੱਬਤ ਦਾ ਪਹਿਲਾ ਪੱਖ ਮਨੁੱਖ ਨੂੰ (ਜ਼ਿਆਦਾਤਰ ਔਰਤ ਨੂੰ) ਆਪਣੇ ਸਵੈ ਖਤਮ ਕਰਨ ਲਈ ਮਜਬੂਰ ਕਰਦਾ ਹੈ ਤਾਂ ਇਹਦਾ ਦੂਜਾ ਪਹਿਲੂ ਮਨੁੱਖ (ਜ਼ਿਆਦਾਤਰ ਮਰਦ) ਨੂੰ ਲਗਨ ਦਾ ਪਾਠ ਵੀ ਪੜ੍ਹਾਉਂਦਾ ਹੈ। ਇਹ ਮੁਹੱਬਤ ਸਾਨੂੰ ਸਿਖਾਉਂਦੀ ਹੈ ਕਿ ਸੱਚੇ ਮਨ ਦੀ ਲਗਨ ਨਾਲ ਕਿਸੇ ਨੂੰ ਵੀ ਪਾਇਆ ਜਾ ਸਕਦਾ ਹੈ। ਕਈ ਨੌਜਵਾਨ - ਜ਼ਿਆਦਾਤਰ ਮਰਦ, ਇਸ ਪ੍ਰਵਚਨ ਤੋਂ ਪ੍ਰਭਾਵਿਤ ਹੋ ਕੇ ਆਪਣੀ ਚੁਣੀ ਹੋਈ ਪ੍ਰੇਮਿਕਾ ਪਿੱਛੇ ਪਾਗਲ ਹੋ ਜਾਂਦੇ ਹਨ, ਉਸ ਦਾ ਪਿੱਛਾ ਕਰਦੇ ਹਨ, ਜ਼ਬਰਦਸਤੀ ਵੀਆਂ ਹਰਕਤਾਂ ਤਕ ਉਤਰ ਆਉਂਦੇ ਹਨ ਅਤੇ ਕਈ ਵਾਰ ਨਿਰਾਸ਼ ਹੋ ਕੇ ਖੁਦਕੁਸ਼ੀ ਵੀ ਕਰ ਲੈਂਦੇ ਹਨ।

ਸਮੱਸਿਆ ਇਹ ਹੈ ਕਿ ਮੁਹੱਬਤ ਇਕ ਪਾਤਰੀ ਕਹਾਣੀ ਬਣ ਜਾਂਦੀ ਹੈ। ਇਸ ਵਿਚ ਇਕੋ ਪਾਤਰ ਹੈ ਜਿਸ ਦਾ ਕੰਮ ਜੀਅ-ਜਾਨ ਨਾਲ ਰੱਬ ਜਾਂ ਆਪਣੇ ਪ੍ਰੇਮੀ ਨੂੰ ਪਾਉਣਾ ਹੈ। ਮੁਹੱਬਤ ਨਾ ਮਿਲਣਾ ਆਪਣੀ ਭਗਤੀ ਵਿਚ ਕਮੀ ਹੋਣਾ ਹੈ। ਦੂਜੇ ਪਾਤਰ ਜਾਂ ਰੱਬ ਦੀ ਇੱਛਾ ਦੀ ਇਸ ਕਹਾਣੀ ਵਿਚ ਕੋਈ ਥਾਂ ਨਹੀਂ ਹੈ। ਰੱਬ ਭਲਾ ਕਿਸੇ ਨੂੰ ਨਾਂਹ ਕਿਵੇਂ ਕਰ ਸਕਦਾ ਹੈ, ਸਾਡੇ ਅੰਦਰ ਹੀ ਕੋਈ ਕਮੀ ਹੈ ਕਿ ਅਸੀਂ ਰੱਬ ਨੂੰ ਪਾ ਨਹੀਂ ਸਕਦੇ। ਇਸ ਲਈ ਅਣਗਿਣਤ ਪੰਜਾਬੀ ਫਿਲਮਾਂ ਦਾ ਥੀਮ ਇਹੋ ਹੁੰਦਾ ਹੈ ਕਿ ਮੁੰਡਾ ਸਾਰੀ ਫਿਲਮ ਵਿਚ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲ ਕੇ ਅੰਤ ਕੁੜੀ ਨੂੰ ਆਪਣੀ ਪ੍ਰੇਮਿਕਾ ਬਣਾ ਲੈਂਦਾ ਹੈ। ਕੁੜੀ ਦੀ ਇੱਛਾ ਅਤੇ ਪਸੰਦ ਅਜਿਹੀ ਸ਼ੈਅ ਹੈ ਜਿਸ ਨੂੰ ਜਗਾਇਆ ਜਾ ਸਕਦਾ ਹੈ, ਸਿਰਜਿਆ ਜਾ ਸਕਦਾ ਹੈ, ਆਪਣੇ ਪਿਆਰ ਦਾ ਜਲਵਾ ਦਿਖਾ ਕੇ ਪਾਇਆ ਜਾ ਸਕਦਾ ਹੈ। ਜੇ ਇੰਨੀ ਮਿਹਨਤ ਤੋਂ ਬਾਅਦ ਵੀ 'ਪ੍ਰੇਮਿਕਾ' ਨਾ ਮੰਨੇ ਤਾਂ ਉਹ ਖਲਨਾਇਕਾ ਬਣ ਜਾਂਦੀ ਹੈ ਤੇ ਰੱਬ ਮਰ ਜਾਂਦਾ ਹੈ। ਭਗਤੀਵਾਦੀ ਮੁਹੱਬਤ ਸਿਖਾਉਂਦੀ ਹੈ ਕਿ ਆਪਣਾ ਸਭ ਕੁਝ ਵਾਰ ਕੇ ਕਿਸੇ ਨੂੰ ਵੀ ਪਾਇਆ ਜਾ ਸਕਦਾ ਹੈ। ਜਿਸ ਨੂੰ ਪਾਉਣਾ ਹੈ, ਉਸ ਦੀ ਚੋਣ ਇਸ ਮੁਹੱਬਤ ਵਿਚੋਂ ਗਾਇਬ ਹੈ (ਜੋ ਅਕਸਰ ਔਰਤ ਹੁੰਦੀ ਹੈ)।

ਭਗਤੀਵਾਦੀ ਮੁਹੱਬਤ ਦੇ ਦੋਵੇਂ ਪਹਿਲੂ ਦਰਅਸਲ ਇਕੋ ਸਿੱਕੇ ਦੇ ਦੋ ਪਾਸੇ ਹਨ। ਇਕ ਪਾਸੇ ਆਪਣੇ ਪ੍ਰੇਮੀ ਨੂੰ ਪਾਉਣ ਦੀ ਜ਼ਿਦ ਹੈ ਜੋ ਨਾ ਚਾਹੁੰਦਿਆਂ ਵੀ ਸਵੈ ਨੂੰ ਪਹਾੜ ਵਾਂਗ ਵਿਰਾਟ ਬਣਾ ਦਿੰਦੀ ਹੈ ਅਤੇ ਦੂਜੇ ਪਾਸੇ ਆਪਣੇ ਪ੍ਰੇਮੀ ਦੀ ਸੇਵਾ ਵਿਚ ਆਪਣਾ ਸਵੈ ਗਵਾ ਦੇਣ ਦੀ ਲਿਹਾਜ਼ ਹੈ। ਇਕ ਸਵੈ-ਪੂਰਨ ਹੈ ਅਤੇ ਦੂਜਾ ਸਵੈ-ਹੀਣ! ਕੀ ਇਸ ਨੂੰ ਮੁਹੱਬਤ ਕਿਹਾ ਜਾ ਸਕਦਾ ਹੈ?

ਮੁਹੱਬਤ ਕਰਨਾ ਮਨੁੱਖ ਦੀ ਖੂਬਸੂਰਤੀ ਹੈ; ਕਿਸੇ ਹੋਰ ਪ੍ਰਤੀ ਪਿਆਰ, ਹਮਦਰਦੀ, ਰਹਿਮਦਿਲੀ ਮਹਿਸੂਸ ਕਰ ਸਕਣਾ ਮਨੁੱਖੀ ਮਾਨਸ ਦਾ ਅਜਿਹਾ ਹੁਨਰ ਹੈ ਜਿਸ ਦਾ ਦੁਨੀਆ ਵਿਚ ਕੋਈ ਮੁਕਾਬਲਾ ਨਹੀਂ। ਮੁਹੱਬਤ ਵਿਚ ਮਨੁੱਖ ਆਪਣੇ ਆਪ ਨੂੰ ਦੂਸਰੇ ਸਾਹਮਣੇ ਬੇਨਕਾਬ ਕਰਦਾ ਹੈ; ਆਪਣੇ ਜ਼ਖਮ ਖੋਲ੍ਹਦਾ ਹੈ। ਮੁਹੱਬਤ ਕਰਨ ਦੀ ਖਵਾਹਿਸ਼ ਮਨੁੱਖੀ ਮਾਨਸ ਦੇ ਉਸ ਭਾਗ ਦਾ ਪ੍ਰਗਟਾਵਾ ਹੈ ਜੋ ਆਪਣੇ ਸਵੈ ਨੂੰ ਕਿਸੇ ਹੋਰ ਨਾਲ ਸਾਂਝਾ ਕਰਨਾ ਚਾਹੁੰਦੀ ਹੈ ਅਤੇ ਸਵੈ ਤੇ ਦੂਜੇ ਵਿਚਕਾਰ ਬਣੀਆਂ ਹੱਦਾਂ ਟੱਪਣਾ ਚਾਹੁੰਦੀ ਹੈ। ਸ਼ਾਇਦ ਇਸੇ ਲਈ ਮੁਹੱਬਤ ਨੂੰ ਖਤਰਨਾਕ ਕਿਹਾ ਗਿਆ ਹੈ। ਕਦੋਂ ਮਨੁੱਖ ਦੂਜੇ ਅੰਦਰ ਖੋ ਕੇ ਆਪਣਾ ਆਪ ਗਵਾ ਲਵੇ ਅਤੇ ਕਦੋਂ ਮੁਹੱਬਤ ਤਸ਼ੱਦਦ ਬਣ ਜਾਵੇ, ਇਹੋ ਖਤਰਾ ਹੈ। ਸਾਡੇ ਮੁਲਕ ਦੇ ਲੱਖਾਂ ਮਨੁੱਖਾਂ ਨਾਲ, ਔਰਤਾਂ ਨਾਲ, ਮਰਦਾਂ ਨਾਲ, ਵਿਪ੍ਰੀਤਲਿੰਗੀ ਰਿਸ਼ਤਿਆਂ ਵਿਚ, ਸਮਲਿੰਗੀ ਰਿਸ਼ਤਿਆਂ ਵਿਚ, ਹਰ ਥਾਂ ਮੁਹੱਬਤ ਦੇ ਤਸ਼ੱਦਦ ਬਣਨ ਦਾ ਖਤਰਾ ਰਹਿੰਦਾ ਹੈ। ਇਸ ਦੀ ਕੀਮਤ ਜ਼ਿਆਦਾਤਰ ਔਰਤ ਜਾਂ ਔਰਤ-ਪਛਾਣ ਰੱਖਣ ਵਾਲੇ ਮਨੁੱਖਾਂ ਨੂੰ ਆਪਣਾ ਸਵੈ



ਖਤਮ ਕਰਕੇ ਦੇਣੀ ਪੈਂਦੀ ਹੈ।

ਇਸ ਲਈ ਹੁਣ ਸਾਨੂੰ ਭਗਤੀਵਾਦੀ ਮੁਹੱਬਤ ਨੂੰ ਤਿਆਗ ਕੇ ਦੋ-ਤਰਫਾ ਮੁਹੱਬਤ ਨੂੰ ਅਪਣਾ ਲੈਣਾ ਚਾਹੀਦਾ ਹੈ। ਦੋ-ਤਰਫਾ ਮੁਹੱਬਤ ਵਿਚ ਕੋਈ ਰੱਬ ਨਹੀਂ ਅਤੇ ਕੋਈ ਦਾਸ ਨਹੀਂ, ਦੋਵੇਂ ਬਸ ਮਨੁੱਖ ਹਨ। ਪਰਸਪਰ ਮੁਹੱਬਤ ਸਾਨੂੰ ਸੜ ਚੁੱਕੇ ਰਿਸ਼ਤਿਆਂ ਤੋਂ ਆਜ਼ਾਦ ਕਰੇਗੀ ਅਤੇ ਆਪਣੀ ਪਸੰਦ ਨਾਲ ਖੁਸ਼ਗਵਾਰ ਰਿਸ਼ਤੇ ਲੱਭਣ ਦਾ ਮੌਕਾ ਦੇਵੇਗੀ। ਇਸ ਮੁਹੱਬਤ ਵਿਚ ਸਾਂਝੀਵਾਲਤਾ ਵੀ ਹੋਵੇਗੀ ਅਤੇ ਆਪਣੀ ਹੋਂਦ ਨੂੰ ਵਿਕਸਿਤ ਕਰਨ ਦੀ ਥਾਂ ਵੀ ਹੋਵੇਗੀ। ਅੰਤ ਵਿਚ, ਮੁਹੱਬਤ ਦੀ ਸਭ ਤੋਂ ਅਹਿਮ ਕੜੀ ਹੈ ਕਦਰ; ਦੋ ਮਨੁਖਾਂ ਦਾ ਇਕ ਦੂਜੇ ਦੇ ਅਸਤਿਤਵ ਦੀ ਕਦਰ ਕਰਦੇ ਰਹਿਣਾ ਹੀ ਸੱਚੀ ਮੁਹੱਬਤ ਦੀ ਪਛਾਣ ਹੋ ਸਕਦੀ ਹੈ।

---

# ਕੁਦਰਤ ਦੀ ਗੋਦੜੀ

ਭਾਰਤ ਦੀ ਉਤਰੀ ਸੀਮਾ ਨਾਲ ਲੱਗਦਾ ਦੇਸ਼ ਭੂਟਾਨ ਦੁਨੀਆ ਦੇ ਖੁਸ਼ਹਾਲ ਮੁਲਕਾਂ ਵਿਚ ਸ਼ੁਮਾਰ ਹੈ। ਸਰਮਾਏਦਾਰ ਮੁਲਕਾਂ ਦੇ ਖੁਸ਼ਹਾਲੀ ਦੇ ਮਾਪਦੰਡ, ਭਾਵ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਮੁਤਾਬਿਕ ਭੂਟਾਨ 156 ਮੁਲਕਾਂ ਵਿਚ 130ਵੇਂ ਸਥਾਨ 'ਤੇ ਹੈ ਪਰ ਇਥੋਂ ਦੇ ਲੋਕ, ਜੀਵਨ ਵਿਚ ਸੰਤੁਸ਼ਟ ਅਤੇ ਖੁਸ਼ ਹਨ। ਕਿਸੇ ਦੇਸ਼ ਦੀ ਖੁਸ਼ਹਾਲੀ ਨੂੰ ਮਾਪਣ ਦਾ ਨਿਵੇਕਲਾ ਢੰਗ-'ਕੁੱਲ ਕੌਮੀ ਪ੍ਰਸੰਨਤਾ' (ਜੀ.ਐਨ.ਐਚ.) ਭੂਟਾਨ ਨੇ 1972 ਵਿਚ ਦੁਨੀਆਂ ਸਾਹਮਣੇ ਪੇਸ਼ ਕੀਤਾ। ਇਸ ਮੁਤਾਬਿਕ ਕਿਸੇ ਦੇਸ਼ ਦੀ ਆਰਥਿਕ ਤਰੱਕੀ

ਡਾ. ਅਜਮੇਰ ਸਿੰਘ
ਫੋਨ: +91-94176-02835

ਦੇ ਨਾਲ-ਨਾਲ ਕੁਦਰਤੀ ਵਾਤਾਵਰਨ ਤੇ ਸਭਿਆਚਾਰ ਦੀ ਸਾਂਭ-ਸੰਭਾਲ, ਲੋਕਾਂ ਦੀ ਮਾਨਸਿਕ ਸਿਹਤ ਅਤੇ ਰੂਹਾਨੀ ਸਿੱਖਿਆ ਦਾ ਵਿਕਾਸ ਅਤੇ ਚੰਗਾ ਰਾਜ ਪ੍ਰਬੰਧ ਜ਼ਰੂਰੀ ਹਨ। ਖੁਸ਼ਹਾਲੀ ਦੇ ਇਸ ਫਾਰਮੂਲੇ ਨੂੰ ਭੂਟਾਨ ਸਰਕਾਰ ਨੇ 2008 ਵਿਚ ਦੇਸ਼ ਦੇ ਸੰਵਿਧਾਨ ਵਿਚ ਮੁੱਢਲੇ ਅਧਿਕਾਰ ਵਜੋਂ ਸ਼ਾਮਿਲ ਕੀਤਾ। ਸੰਸਾਰ ਦੀਆਂ ਨਾਮਵਰ ਯੂਨੀਵਰਸਿਟੀਆਂ ਵਿਚ ਘੋਖ ਪੜਤਾਲ ਉਪਰੰਤ ਯੂ.ਐਨ.ਓ. ਨੇ 2011 ਵਿਚ ਇਸ ਨੂੰ ਮਾਨਤਾ ਦੇ ਦਿੱਤੀ ਅਤੇ 22 ਮਾਰਚ ਨੂੰ 'ਕੌਮਾਂਤਰੀ ਪ੍ਰਸੰਨਤਾ ਦਿਵਸ' ਐਲਾਨ ਦਿੱਤਾ। ਯੂ.ਐਨ.ਓ ਦੀ 2019 ਦੀ ਕੌਮੀ ਪ੍ਰਸੰਨਤਾ ਸੂਚਕ ਰਿਪੋਰਟ ਮੁਤਾਬਿਕ ਫਿਨਲੈਂਡ, ਨਾਰਵੇ ਤੇ ਡੈਨਮਾਰਕ ਕ੍ਰਮਵਾਰ ਪਹਿਲੇ ਤਿੰਨ ਸਥਾਨਾਂ ਜਦੋਂਕਿ ਭੂਟਾਨ 57ਵੇਂ ਅਤੇ ਭਾਰਤ 140ਵੇਂ ਸਥਾਨ 'ਤੇ ਹੈ।

ਦਸੰਬਰ 2019 ਵਿਚ ਭੂਟਾਨ ਜਾਣ ਦਾ ਮੌਕਾ ਮਿਲਿਆ। ਕੁਝ ਸ਼ੁਭਚਿੰਤਕਾਂ ਨੇ ਇੰਨੀ ਠੰਢ ਵਿਚ ਪਹਾੜੀ ਸਥਾਨ 'ਤੇ ਨਾ ਜਾਣ ਦੀ ਸਲਾਹ ਦਿੱਤੀ ਪਰ ਅਸੀਂ, ਯੂਨੀਕ ਕਲੱਬ ਦੇ 35 ਮੈਂਬਰ ਗਰਮ ਕੱਪੜਿਆਂ ਨਾਲ ਅਟੈਚੀ ਭਰ ਕੇ ਮੰਜ਼ਿਲ ਵਲ ਚੱਲ ਪਏ। ਰੂਪਨਗਰ ਤੋਂ ਦਿੱਲੀ ਤਕ ਰੇਲਗੱਡੀ ਅਤੇ ਅੱਗੇ ਹਵਾਈ ਜਹਾਜ਼। ਭੂਟਾਨ ਜਾਣ ਲਈ ਵੀਜ਼ੇ ਦੀ ਲੋੜ ਨਹੀਂ। ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਵਿਦੇਸ਼ ਜਾਣ ਲਈ ਸਾਰੀਆਂ ਜ਼ਰੂਰੀ ਕਾਰਵਾਈਆਂ ਉਪਰੰਤ ਅਸੀਂ ਰਾਇਲ ਭੂਟਾਨ ਏਅਰਲਾਈਨਜ਼ ਦੇ ਹਵਾਈ ਜਹਾਜ਼ ਵਿਚ ਸਵਾਰ ਹੋ ਗਏ। ਤਕਰੀਬਨ ਦੋ ਘੰਟੇ ਵਿਚ 500 ਮੀਲ ਸਫਰ ਤੈਅ ਕਰਕੇ ਜਹਾਜ਼ ਨੀਚੇ ਉਤਰਨ ਲੱਗਾ ਤਾਂ ਕਈ ਮੰਜ਼ਿਲਾਂ ਵਾਲੀਆਂ ਇਮਾਰਤਾਂ ਅਤੇ ਸੰਘਣੀ ਆਬਾਦੀ ਵਾਲਾ ਸ਼ਹਿਰ ਨਜ਼ਰ ਆਉਣ ਲੱਗਾ। ਇਹ ਨੇਪਾਲ ਦੀ ਰਾਜਧਾਨੀ ਕਾਠਮੰਡੂ ਸੀ। ਫਿਰ ਜਹਾਜ਼ ਮੁੜ ਉਡਾਰੀਆਂ ਮਾਰਨ ਲੱਗਾ। ਬਾਹਰ ਹਿਮਾਲਿਆ ਪਰਬਤ ਦੀਆਂ ਬਰਫ ਲੱਦੀਆਂ ਪਹਾੜੀਆਂ ਖੂਬਸੂਰਤ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਅਸੀਂ ਕਾਠਮੰਡੂ ਤੋਂ ਤਕਰੀਬਨ 280 ਮੀਲ ਦੂਰ ਭੂਟਾਨ ਦੇ ਇਕਲੌਤੇ ਹਵਾਈ ਅੱਡੇ ਪਾਰੋ 'ਤੇ ਜਾ ਉਤਰੇ। ਦਰਿਆ ਕੰਢੇ ਸਥਿਤ ਇਕ ਹੀ ਟਰਮੀਨਲ ਵਾਲੇ ਛੋਟੇ ਜਿਹੇ ਹਵਾਈ ਅੱਡੇ ਵਿਚ ਕੋਈ ਭੀੜ-ਭੜੱਕਾ ਜਾਂ ਚੈਕਿੰਗ ਨਹੀਂ ਸੀ, ਸਭ ਪਾਸੇ ਸ਼ਾਂਤੀ। ਬਾਹਰ ਨਿਕਲਦਿਆਂ ਬੁੱਧ ਧਰਮ ਦੀਆਂ ਰਵਾਇਤਾਂ ਨਾਲ ਸਾਡਾ ਸਵਾਗਤ ਕੀਤਾ ਗਿਆ।

ਪ੍ਰੋਗਰਾਮ ਅਨੁਸਾਰ ਅਸੀਂ ਭੂਟਾਨ ਟੂਰਿਜ਼ਮ ਦੀਆਂ ਦੋ ਬੱਸਾਂ ਵਿਚ ਬੈਠ ਕੇ ਭੂਟਾਨ ਦੀ ਰਾਜਧਾਨੀ ਥਿੰਪੂ ਵਲ ਚੱਲ ਪਏ। ਇਹ ਸ਼ਹਿਰ ਦੇਸ਼ ਦੇ 20 ਜ਼ਿਲ੍ਹਿਆਂ ਵਿਚੋਂ ਇਕ ਹੈ। ਸਰਕਾਰ ਵਲੋਂ ਨਿਯਤ ਕੀਤੇ ਦੋ ਸਿਖਲਾਈਯਾਫਤਾ ਗਾਈਡ ਸਾਡੇ ਨਾਲ ਸਨ। ਸੂਰਜ ਪਹਾੜੀਆਂ ਪਿੱਛੇ ਛਿਪ ਕੇ ਹਨੇਰੇ ਨੂੰ ਸੱਦਾ ਦੇਣ ਵਾਲਾ ਸੀ। ਭੂਟਾਨ ਦਾ ਸਮਾਂ ਭਾਰਤ ਨਾਲੋਂ ਅੱਧਾ ਕੁ ਘੰਟਾ ਅੱਗੇ ਹੈ। ਸਵਾ ਕੁ ਘੰਟੇ ਬਾਅਦ ਅਸੀਂ 50 ਕਿਲੋਮੀਟਰ ਦੂਰ ਥਿੰਪੂ ਪਹੁੰਚ ਗਏ ਜਿਥੇ ਦਰਿਆ ਵਾਂਗਸ਼ੂ ਕਿਨਾਰੇ ਸਥਿਤ ਹੋਟਲ ਵਿਚ ਦੋ ਰਾਤਾਂ ਗੁਜ਼ਾਰੀਆਂ ਅਤੇ ਥਿੰਪੂ ਸ਼ਹਿਰ ਦੇ ਪ੍ਰਸਿਧ ਸਥਾਨ ਦੇਖੇ। ਸਮੁੰਦਰੀ ਤਲ ਤੋਂ ਔਸਤਨ 2500 ਮੀਟਰ ਦੀ ਉਚਾਈ 'ਤੇ ਵਸਿਆ ਅਤੇ 26 ਵਰਗ ਕਿਲੋਮੀਟਰ ਖੇਤਰ ਵਿਚ ਫੈਲਿਆ ਥਿੰਪੂ ਦੁਨੀਆਂ ਦੀ ਪੰਜਵੀਂ ਸਭ ਤੋਂ ਉਚੀ ਰਾਜਧਾਨੀ



ਹੈ। ਇਹ ਭੂਟਾਨ ਦਾ ਸਭ ਤੋਂ ਵੱਧ ਆਬਾਦੀ (ਇਕ ਲੱਖ ਤੋਂ ਵੱਧ) ਵਾਲਾ ਸ਼ਹਿਰ ਹੈ। ਥਿੰਪੂ ਤੋਂ ਕੁਝ ਦੂਰੀ 'ਤੇ ਪਹਾੜੀ ਉਤੇ ਮਹਾਤਮਾ ਬੁੱਧ ਦਾ ਤਾਂਬੇ ਦਾ ਬਣਿਆ ਅਤੇ ਸੋਨੇ ਦੀ ਝਾਲ ਵਾਲਾ 54 ਮੀਟਰ ਉਚਾ ਬੁੱਤ ਯਾਤਰੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇਸ ਵਿਚ ਬੁੱਧ ਦੀਆਂ 1000 ਛੋਟੀਆਂ ਮੂਰਤੀਆਂ ਹਨ। ਇਹ 2015 ਵਿਚ 4.7 ਕਰੋੜ ਅਮਰੀਕੀ ਡਾਲਰ ਦੀ ਲਾਗਤ ਨਾਲ ਬਣਾਇਆ ਗਿਆ ਹੈ।

ਅਗਲੇ ਦਿਨ ਅਸੀਂ ਭੂਟਾਨ ਦੀ ਪੁਰਾਣੀ ਰਾਜਧਾਨੀ ਪੁਨਾਖਾ ਚੱਲ ਪਏ। ਇਹ ਥਿੰਪੂ ਤੋਂ 85 ਕਿਲੋਮੀਟਰ ਦੂਰ ਹੈ। ਰਾਹ ਵਿਚ 3100 ਮੀਟਰ ਉਚਾਈ 'ਤੇ ਬਰਫ ਕੱਜੀਆਂ ਹਿਮਾਲਿਆ ਚੋਟੀਆਂ ਵਿਚਕਾਰ ਦੁਕਾਲਾ ਪਾਸ (ਦੱਰਾ) ਹੈ। ਇਥੇ ਸਭ ਪਾਸੇ ਬਰਫ ਪਈ ਹੋਣ ਕਾਰਨ ਕੜਾਕੇ ਦੀ ਠੰਢ ਸੀ। ਰਾਹ ਵਿਚ ਸਾਡੇ ਪਾਸੋਂ ਤਿੰਨ ਕਾਲੀਆਂ ਕਾਰਾਂ ਦਾ ਕਾਫਲਾ ਲੰਘਣ ਲੱਗਾ ਤਾਂ ਗਾਈਡ ਨੇ ਦੱਸਿਆ ਕਿ ਸ਼ਾਹੀ ਪਰਿਵਾਰ ਜਾ ਰਿਹਾ ਹੈ। ਨਾ ਕੋਈ ਪੁਲਿਸ ਦੀ ਗੱਡੀ, ਨਾ ਕੋਈ ਹਾਰਨ, ਨਾ ਆਵਾਜਾਈ ਵਿਚ ਵਿਘਨ ਪਿਆ। ਢਾਈ ਕੁ ਘੰਟਿਆਂ ਵਿਚ ਅਸੀਂ ਪੁਨਾਖਾ ਪਹੁੰਚ ਗਏ। ਉਥੇ ਪੁਨਾਖਾ ਦਜੋਂਗ (ਮਹਾਂਖੁਸ਼ੀ ਦਾ ਮਹੱਲ) ਦੇਖਿਆ। ਇਹ ਭੂਟਾਨ ਦੀ ਸਭ ਤੋਂ ਪੁਰਾਣੀ 1637 ਵਿਚ ਬਣੀ ਮੋਨੈਸਟਰੀ ਹੈ। 1955 ਤੱਕ ਇਹ ਭੂਟਾਨ ਸਰਕਾਰ ਦਾ ਹੈੱਡਕੁਆਰਟਰ ਸੀ। ਪੁਨਾਖ ਵਾਦੀ ਵਿਚ ਚੌਲਾਂ ਤੇ ਸਬਜ਼ੀਆਂ ਦੀ ਫਸਲ ਹੁੰਦੀ ਹੈ।

ਅਗਲੇ ਦੋ ਦਿਨ ਪਾਰੋ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਸੁੰਦਰ ਕੁਦਰਤੀ ਨਜ਼ਾਰੇ ਦੇਖਦਿਆਂ ਬਿਤਾਏ। ਇਥੇ ਕੌਮੀ ਅਜਾਇਬਘਰ ਦੇਖਣ ਨਾਲ ਭੂਟਾਨ ਦੀ ਜੈਵਿਕ ਅਮੀਰੀ ਦੇ ਦਰਸ਼ਨ ਹੋਏ। ਭੂਟਾਨ ਦਾ 70 ਫੀਸਦੀ ਖੇਤਰ ਜੰਗਲਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਵਿਚ 5400 ਕਿਸਮ ਦੇ ਦਰੱਖਤ/ਬੂਟੇ ਅਤੇ ਚੀਤਾ, ਗੈਂਡਾ, ਪਾਂਡਾ, ਹਾਥੀ ਸਮੇਤ 700 ਨਸਲਾਂ ਦੇ ਜਾਨਵਰ ਤੇ ਪੰਛੀ ਜੀਵਨ ਬਸਰ ਕਰਦੇ ਹਨ। ਇਸ ਸ਼ਹਿਰ ਤੋਂ ਸੱਤ-ਅੱਠ ਕਿਲੋਮੀਟਰ ਦੂਰ ਕੁਝ ਉਚਾਈ 'ਤੇ 1649 ਦਾ ਬਣਿਆ ਕਿਲ੍ਹਾ 'ਡਰੱਕਜਿਆਲ ਜੋਂਗ' ਹੈ ਜੋ 1950 ਵਿਚ ਅੱਗ ਨਾਲ ਤਬਾਹ ਹੋ ਗਿਆ ਸੀ।

ਅਗਲੇ ਦਿਨ ਸਵੇਰੇ ਭੂਟਾਨ ਨੂੰ ਅਲਵਿਦਾ ਕਹਿੰਦਿਆਂ ਵਾਪਸ ਚਾਲੇ ਪਾ ਦਿੱਤੇ। ਉਥੇ ਠਾਹਰ ਦੌਰਾਨ ਅਸੀਂ ਪੱਛਮੀ ਭੂਟਾਨ ਦੇ ਤਿੰਨ ਸ਼ਹਿਰਾਂ ਦੇ ਲੋਕਾਂ ਨੂੰ ਬਹੁਤ ਨੇੜਿਓਂ ਦੇਖਿਆ ਜਾਣਿਆ ਅਤੇ ਮੈਂ ਮਹਿਸੂਸ ਕੀਤਾ ਕਿ ਭੂਟਾਨ ਦੇ ਲੋਕ ਇੰਨਾ ਸਾਦਾ ਜੀਵਨ ਬਸਰ ਕਰਦਿਆਂ ਸਾਡੇ ਨਾਲੋਂ ਵੱਧ ਸ਼ਾਂਤ, ਖੁਸ਼ ਤੇ ਅਨੁਸ਼ਾਸਨ ਪਸੰਦ ਹਨ। ਉਥੇ ਆਰਥਿਕ ਪੱਖੋਂ ਅਮੀਰ ਮੁਲਕਾਂ ਵਾਲੀਆਂ ਸੁਖ-ਸਹੂਲਤਾਂ ਨਹੀਂ ਹਨ। ਇਸ ਦੇ ਬਾਵਜੂਦ ਉਹ ਲੋਕ ਮਿਠਬੋਲੜੇ, ਮਿਲਾਪੜੇ, ਠਰੰਮੇਵਾਲੇ ਅਤੇ ਨਿਯਮਾਂ ਦੇ ਪਾਬੰਦ ਹਨ। ਆਮ ਤੌਰ 'ਤੇ ਲੜਕੀਆਂ ਹੀ ਹੋਟਲਾਂ ਅਤੇ ਹਵਾਈ ਅੱਡੇ 'ਤੇ ਕੰਮ ਕਰਦੀਆਂ ਦਿਖਾਈ ਦਿੱਤੀਆਂ। ਲੋਕ ਸ਼ਾਕਾਹਾਰੀ ਹਨ। ਪਾਣੀ, ਹਵਾ, ਜ਼ਮੀਨ ਤੇ ਵਾਤਾਵਰਨ ਪ੍ਰਦੂਸ਼ਣ ਰਹਿਤ ਹਨ। ਸਿਗਰਟ ਅਤੇ ਸ਼ਰਾਬ ਪੀਣ ਦੀ ਮਨਾਹੀ ਹੈ। ਕੋਈ ਵੀ ਵਾਹਨ ਅੱਗੇ ਲੰਘਣ ਲਈ ਹਾਰਨ ਨਹੀਂ ਮਾਰਦਾ। ਮੁੱਖ ਸੜਕਾਂ ਦੋ-ਮਾਰਗੀ ਅਤੇ ਸਾਫ-ਸੁਥਰੀਆਂ ਹਨ। ਆਵਾਜਾਈ ਕੰਟਰੋਲ ਕਰਨ ਲਈ ਕਿਤੇ ਕੋਈ ਟ੍ਰੈਫਿਕ ਲਾਈਟ ਜਾਂ ਚੌਕ ਨਹੀਂ। ਪੁਲਿਸ ਦਾ ਸਿਪਾਹੀ ਕਿਤੇ ਨਹੀਂ ਦਿਸਦਾ। ਖਾਲੀ ਲਿਫਾਫਾ ਵੀ ਸੜਕ ਜਾਂ ਕਿਸੇ ਜਨਤਕ ਥਾਂ 'ਤੇ ਪਿਆ ਨਹੀਂ ਮਿਲਦਾ। ਸਿੱਖਿਆ ਅਤੇ ਡਾਕਟਰੀ ਸਹਾਇਤਾ ਸਾਰਿਆਂ ਲਈ ਮੁਫਤ ਹੈ। ਦੇਸ਼ ਦੇ ਜੰਗਲਾਂ ਵਿਚ ਬਨਸਪਤੀ ਤੇ ਜੀਵ-ਜੰਤੂ ਪੂਰੀ ਤਰ੍ਹਾਂ ਸੁਰੱਖਿਅਤ ਹਨ। ਕਿਤੇ ਵੀ ਮਨੁੱਖ ਦੀ ਐਸ਼ੋ-ਇਸ਼ਰਤ ਹਿਤ ਸੜਕਾਂ ਚੌੜੀਆਂ ਕਰਨ ਲਈ ਦਰੱਖਤਾਂ ਅਤੇ ਪਹਾੜਾਂ ਦਾ ਕਤਲ ਨਜ਼ਰ ਨਹੀਂ ਪਿਆ। ਲੋਕ ਆਪਣੇ ਸਭਿਆਚਾਰਕ ਵਿਰਸੇ ਤੇ ਧਾਰਮਿਕ ਰਵਾਇਤਾਂ (ਬੁੱਧ ਧਰਮ) ਦੀ ਕਦਰ ਕਰਦਿਆਂ ਸਾਦਾ ਪੁਸ਼ਾਕ ਪਹਿਨਦੇ ਹਨ। ਸ਼ਹਿਰਾਂ ਵਿਚ ਨਾ ਬਹੁ-ਕਰੋੜੀ ਕੋਠੀਆਂ ਦਿਸੀਆਂ ਤੇ ਨਾ ਹੀ ਝੁੱਗੀ-ਝੌਂਪੜੀਆਂ। ਕਿਤੇ ਮੰਗਤਾ ਨਜ਼ਰ ਨਹੀਂ ਆਇਆ। ਬਹੁਤੇ ਹਸਪਤਾਲ ਤੇ ਸਿੱਖਿਆ ਸੰਸਥਾਵਾਂ ਸਰਕਾਰੀ ਹਨ।

# ਕਲਾਕਾਰ ਇਉਂ ਵੇਲਦੇ ਹਨ ਪ੍ਰਚਾਰ ਦੇ ਪਾਪੜ

***ਹਰ ਸਾਲ ਬਹੁਤ ਸਾਰੀਆਂ ਫਿਲਮਾਂ ਰਿਲੀਜ਼ ਹੁੰਦੀਆਂ ਹਨ ਪਰ ਦਰਸ਼ਕ ਹਰ ਫਿਲਮ ਦੇਖ ਲੈਣ, ਇਹ ਜ਼ਰੂਰੀ ਨਹੀਂ। ਇਸੇ ਕਰਕੇ ਫਿਲਮ ਬਣਾਉਣ ਵਾਲਿਆਂ ਦਾ ਪੂਰਾ ਜ਼ੋਰ ਲੱਗਿਆ ਹੁੰਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਫਿਲਮ ਬਾਰੇ ਲੋਕਾਂ ਨੂੰ ਦੱਸਿਆ ਜਾਵੇ। ਪਹਿਲੇ ਜ਼ਮਾਨੇ ਵਿਚ ਅਜਿਹਾ ਨਹੀਂ ਸੀ ਹੁੰਦਾ। ਅੱਜ ਮੀਡੀਆ ਦੇ ਇਸ ਯੁੱਗ ਵਿਚ ਫਿਲਮਾਂ ਵਾਲੇ ਹਰ ਹਥਕੰਡਾ ਵਰਤਦੇ ਹਨ। ਇਸ ਲੇਖ ਵਿਚ ਪ੍ਰਚਾਰ ਦੇ ਕੁਝ ਢੰਗ-ਤਰੀਕਿਆਂ ਬਾਰੇ ਚਰਚਾ ਕੀਤੀ ਗਈ ਹੈ ਜੋ ਦਿਲਚਸਪ ਤਾਂ ਹਨ ਹੀ, ਕਈ ਵਾਰ ਬਹੁਤ ਖਤਰਨਾਕ ਵੀ ਜਾਪਦੇ ਹਨ।***

ਕੀ ਤੁਸੀਂ ਜਾਣਦੇ ਹੋ ਕਿ ਅੱਜ ਕੱਲ੍ਹ ਕਲਾਕਾਰ ਆਪਣੀ ਫਿਲਮ ਦੇ ਪ੍ਰਚਾਰ ਲਈ ਕਿਹੜੇ-ਕਿਹੜੇ ਅਨੋਖੇ ਤਰੀਕੇ ਅਪਣਾ ਰਹੇ ਹਨ? ਇਹ ਅਜਿਹੇ ਤਰੀਕੇ ਹਨ ਜੋ ਫਿਲਮ ਨੂੰ ਹਿਟ ਹੋਣ ਦਾ ਤਮਗਾ ਤਾਂ ਭਾਵੇਂ ਨਾ ਦਿਵਾਉਣ, ਪਰ ਐਕਟਰ ਅਤੇ ਫਿਲਮ ਦੀ ਚਰਚਾ ਇਕ ਵਾਰ ਤਾਂ ਜ਼ਰੂਰ ਹੋ ਜਾਂਦੀ ਹੈ। ਇਸ ਜ਼ੁਬਾਨੀ ਪ੍ਰਚਾਰ ਨੂੰ ਵੀ ਅੱਜ ਦੇ ਦੌਰ ਵਿਚ ਸਫਲਤਾ ਦੀ ਗਰੰਟੀ ਮੰਨਿਆ ਜਾਂਦਾ ਹੈ।

ਜਨਵਰੀ ਵਿਚ ਰਿਲੀਜ਼ ਹੋਈ ਫਿਲਮ 'ਪੰਗਾ' ਨੇ ਚੰਗੀ ਕਮਾਈ ਕੀਤੀ ਹੈ। ਇਸ ਫਿਲਮ ਦੇ ਪ੍ਰਚਾਰ ਵਿਚ ਕੰਗਨਾ ਰਣੌਤ ਨੇ ਖੁਦ ਨੂੰ ਰੇਲਵੇ ਕਰਮਚਾਰੀ ਬਣਾ ਲਿਆ ਅਤੇ ਛੱਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ, ਮੁੰਬਈ ਵਿਚ ਟਿਕਟਾਂ ਜਾਰੀ ਕੀਤੀਆਂ। ਇਹ ਪ੍ਰਸ਼ੰਸਕਾਂ ਨਾਲ ਜੁੜਨ ਦਾ ਦਿਲਚਸਪ ਤਰੀਕਾ ਹੈ। ਬਾਲੀਵੁਡ ਵਾਲੇ ਫਿਲਮਾਂ ਦੇ ਪ੍ਰਚਾਰ ਤੋਂ ਇਲਾਵਾ ਗੀਤਾਂ ਦਾ ਪ੍ਰਚਾਰ ਵੀ ਵਿਲੱਖਣ ਅੰਦਾਜ਼ ਵਿਚ ਕਰਦੇ ਹਨ। ਅਭਿਨੇਤਾ ਕਾਰਤਿਕ ਆਰਿਅਨ ਨੇ ਫਿਲਮ 'ਪਤੀ-ਪਤਨੀ ਔਰ ਵੋ' ਦੇ ਇਕ ਗੀਤ ਨੂੰ ਜਾਰੀ ਕਰਨ ਅਤੇ ਹਿਟ ਕਰਾਉਣ ਲਈ ਦਿੱਲੀ ਸਥਿਤ ਪੀ.ਵੀ.ਆਰ. ਪਲਾਜ਼ਾ ਦੀ ਛੱਤ 'ਤੇ ਚੜ੍ਹ ਕੇ ਡਾਂਸ ਕੀਤਾ ਸੀ। ਇਹ ਗੀਤ ਸੀ ਆਪਣੇ ਜ਼ਮਾਨੇ ਦੀ ਸੁਪਰ ਹਿੱਟ ਜੋੜੀ ਗੋਵਿੰਦਾ ਅਤੇ ਰਵੀਨਾ ਟੰਡਨ ਦਾ- 'ਅੱਖੀਓਂ ਸੇ ਗੋਲੀ ਮਾਰੇ'।

14 ਫਰਵਰੀ ਨੂੰ ਰਿਲੀਜ਼ ਹੋਈ ਫਿਲਮ 'ਲਵ ਆਜ ਕਲ' ਦਾ ਪ੍ਰਚਾਰ ਕਾਫੀ ਖਤਰਨਾਕ ਸੀ। ਇਸ ਫਿਲਮ ਦੇ ਹੀਰੋ-ਹੀਰੋਇਨ ਕਾਰਤਿਕ ਆਰਿਅਨ ਅਤੇ ਸਾਰਾ ਅਲੀ ਖਾਨ ਇਕ ਯੂਨੀਵਰਸਿਟੀ ਵਿਚ ਪ੍ਰਚਾਰ ਲਈ ਕੈਂਪਸ ਵਿਚ ਖੜ੍ਹੀ ਬੱਸ ਦੀ ਛੱਤ 'ਤੇ ਸਨ। ਉਥੋਂ ਕਾਰਤਿਕ ਨੇ ਸਾਰਾ ਨੂੰ ਗਰਾਊਂਡ ਵਿਚ ਛਾਲ ਮਾਰਨ ਲਈ ਕਿਹਾ ਤਾਂ ਸਾਰਾ ਨੇ ਆਰਿਅਨ ਨੂੰ ਹੌਲੀ ਜਿਹੀ ਪਿਆਰ ਵਾਲਾ ਥੱਪੜ ਮਾਰਿਆ।

ਜਨਵਰੀ ਵਿਚ ਰਿਲੀਜ਼ ਹੋਈ ਫਿਲਮ 'ਸਟਰੀਟ ਡਾਂਸਰ 3' ਟਿਕਟ ਖਿੜਕੀ ਉਤੇ ਤਾਂ ਕੋਈ ਕਮਾਲ ਨਹੀਂ ਕਰ ਸਕੀ, ਪਰ ਰੀਮੇਕ ਗੀਤਾਂ ਨੂੰ ਹੋਰ ਸੁਪਰ-ਡੁਪਰ ਹਿਟ ਕਰਨ ਦੇ ਨਾਲ ਹੀਰੋ-ਹੀਰੋਇਨ ਦੇ ਪ੍ਰਸ਼ੰਸਕਾਂ ਦੀ ਸੰਖਿਆ ਵਾਹਵਾ ਵਧ ਗਈ। ਸਰਦੀ ਵਿਚ ਵਰੁਣ ਧਵਨ ਤੇ ਸ਼ਰਧਾ ਕਪੂਰ ਨੇ ਦਿੱਲੀ ਦੀ ਸਰਦੀ ਵਿਚ 'ਮੁਕਾਬਲਾ', 'ਗਰਮੀ' ਅਤੇ 'ਲਗਦੀ ਲਾਹੌਰ ਦੀ' ਗੀਤਾਂ 'ਤੇ ਡਾਂਸ ਕੀਤਾ।

ਰਾਣੀ ਮੁਖਰਜੀ ਨੇ ਫਿਲਮ 'ਮਰਦਾਨੀ 2' ਲਈ ਘੱਟ ਹਰਮਨ ਪਿਆਰੀ ਪ੍ਰਚਾਰ ਰਣਨੀਤੀ ਅਪਣਾਈ। ਇਸ ਲਈ ਪ੍ਰਚਾਰ ਪ੍ਰੋਗਰਾਮਾਂ ਦੀ ਜਗ੍ਹਾ ਉਹ ਦੇਸ਼ ਦੀਆਂ ਅਸਲੀ ਮਰਦਾਨੀਆਂ ਨੂੰ ਮਿਲੀ। ਉਸ ਨੇ ਫਿਲਮ ਦੀ ਰਿਲੀਜ਼ ਤੋਂ ਪਹਿਲਾਂ ਬਾਰਾਮੂਲਾ, ਜੰਮੂ ਅਤੇ ਕਸ਼ਮੀਰ ਵਿਚ ਜਵਾਨਾਂ ਨਾਲ ਆਜ਼ਾਦੀ ਦਿਵਸ ਵੀ ਮਨਾਇਆ।





*ਕੰਗਨਾ ਰਣੌਤ ਫਿਲਮ 'ਪੰਗਾ' ਦੇ ਪ੍ਰਚਾਰ ਲਈ ਮੁੰਬਈ ਦੇ ਰੇਲਵੇ ਸਟੇਸ਼ਨ 'ਤੇ ਟਿਕਟਾਂ ਦਿੰਦੀ ਹੋਈ ਅਤੇ (ਸੱਜੇ) ਵਿਦਿਆ ਬਾਲਨ ਫਿਲਮ 'ਬੌਬੀ ਜਾਸੂਸ' ਦੇ ਪ੍ਰਚਾਰ ਲਈ ਹੈਦਰਾਬਾਦ ਵਿਚ ਭਿਖਾਰੀ ਬਣ ਕੇ ਭੀਖ ਮੰਗਦੀ ਹੋਈ।*

'ਜਬ ਹੈਰੀ ਮੈਟ ਸੇਜਲ' ਦਾ ਪ੍ਰਚਾਰ ਦਿਲਚਸਪ ਢੰਗ ਨਾਲ ਕੀਤਾ ਗਿਆ ਸੀ। ਇਸ ਫਿਲਮ ਦੇ ਹੀਰੋ ਸ਼ਾਹਰੁਖ ਖਾਨ ਨੇ ਸੇਜਲ ਨਾਂ ਦੀਆਂ ਲੜਕੀਆਂ ਨੂੰ ਮਿਲਣ ਦਾ ਸੱਦਾ ਦਿੱਤਾ। ਇਸ ਲਈ ਅਲਾਹਾਬਾਦ ਵਿਚ 7000 ਤੋਂ ਜ਼ਿਆਦਾ ਸੇਜਲ ਨਾਂ ਦੀਆਂ ਲੜਕੀਆਂ ਨੂੰ ਉਸ ਨਾਲ ਮਿਲਣ ਦਾ ਮੌਕਾ ਮਿਲਿਆ। ਫਿਲਮ 'ਦਾਵਤ-ਏ-ਇਸ਼ਕ' ਦੇ ਪ੍ਰਚਾਰ ਲਈ ਪਰਿਣੀਤੀ ਚੋਪੜਾ ਅਤੇ ਆਦਿਤਿਆ ਰਾਏ ਕਪੂਰ ਸਥਾਨਕ ਵਿਅੰਜਨਾਂ ਦਾ ਸਵਾਦ ਚਖਣ ਲਈ ਮੁੰਬਈ ਤੋਂ ਅੰਬਾਲਾ ਅਤੇ ਦਿੱਲੀ ਤੋਂ ਜੈਪੁਰ ਆਏ। ਦੇਸ਼ ਭਰ ਵਿਚ ਕਈ ਪ੍ਰਕਾਰ ਦੇ ਵਿਅੰਜਨਾਂ ਦਾ ਸਵਾਦ ਚਖਣ ਵਾਲੀ ਇਹ ਰਣਨੀਤੀ ਸਭ ਤੋਂ ਜ਼ਿਆਦਾ ਸੁਆਦੀ ਸੀ।

ਨਵਾਜ਼ੂਦੀਨ ਸਿਦੀਕੀ ਨੇ ਆਪਣੀ ਫਿਲਮ 'ਫਰੀਕੀ ਅਲੀ' ਦੇ ਪ੍ਰਚਾਰ ਲਈ ਹੈਦਰਾਬਾਦ ਦੇ ਚਾਰਮੀਨਾਰ ਵਿਚ ਬੌਕਸਰ ਵੇਚੇ। ਇਸ ਪ੍ਰਚਾਰ ਪ੍ਰੋਗਰਾਮ ਦੀ ਫਿਲਮ ਦੇ ਨਿਰਦੇਸ਼ਕ ਸੋਹੇਲ ਖਾਨ ਨੇ ਫੇਸਬੁੱਕ 'ਤੇ ਵੀਡੀਓ ਸਾਂਝੀ ਕੀਤੀ। ਸਾਲ 2012 ਵਿਚ ਆਈ ਫਿਲਮ 'ਰਾਜ 3' ਅੰਧਵਿਸ਼ਵਾਸ 'ਤੇ ਆਧਾਰਿਤ ਸੀ। ਇਸ ਦਾ ਪ੍ਰਚਾਰ ਫਿਲਮ ਦੀ ਮੁੱਖ ਅਭਿਨੇਤਰੀ ਬਿਪਾਸ਼ਾ ਬਾਸੂ ਨੇ ਅਨੋਖੇ ਤਰੀਕੇ ਨਾਲ ਕੀਤਾ ਸੀ। ਇਸ ਲਈ ਬਿਪਾਸ਼ਾ ਨੇ ਕਈ ਸ਼ਹਿਰਾਂ ਦੇ ਟਰੈਫਿਕ ਸਿਗਨਲਾਂ 'ਤੇ ਨਿੰਬੂ ਅਤੇ ਮਿਰਚਾਂ ਵੰਡੀਆਂ ਸਨ।

ਕਈ ਵਾਰ ਫਿਲਮ ਦੇ ਵਿਸ਼ੇ ਨਾਲ ਮਿਲਦਾ ਜੁਲਦਾ ਪ੍ਰਚਾਰ ਹੋਇਆ ਅਤੇ ਕਦੇ ਇਸ਼ਤਿਹਾਰਾਂ ਜ਼ਰੀਏ। ਅੱਜ ਕੱਲ੍ਹ ਫਿਲਮ ਪ੍ਰੋਮੋਟਰ ਟੈਲੀਵਿਜ਼ਨ ਸੀਰੀਜ਼ ਵੀ ਬਣਾ ਰਹੇ ਹਨ। ਸ਼ਾਹਰੁਖ ਖਾਨ ਅਤੇ ਮਾਹਿਰਾ ਖਾਨ ਦੀ ਫਿਲਮ 'ਰਈਸ' ਆਈ ਸੀ ਤਾਂ ਸਟਾਰ ਕਾਸਟ ਨੇ ਮੁੰਬਈ ਦੀ ਲੋਕਲ ਟਰੇਨ ਵਿਚ ਸਫਰ ਕਰਕੇ ਸਭ ਦਾ ਧਿਆਨ ਖਿੱਚਿਆ। 'ਟੌਇਲਟ- ਏਕ ਪ੍ਰੇਮ ਕਥਾ' ਦੇ ਪ੍ਰਚਾਰ ਦੌਰਾਨ ਅਕਸ਼ੈ ਕੁਮਾਰ ਨੇ ਤਾਂ ਮੱਧ ਪ੍ਰਦੇਸ਼ ਵਿਚ ਟੌਇਲਟ ਤਕ ਖੋਦਿਆ ਸੀ। ਸੋਨਮ ਨੇ ਆਪਣੀ ਫਿਲਮ 'ਪ੍ਰੇਮ ਰਤਨ ਧਨ ਪਾਓ' ਦੇ ਪ੍ਰਚਾਰ ਲਈ ਆਪਣੇ ਪ੍ਰਸ਼ੰਸਕਾਂ ਨੂੰ ਨੱਚਣ ਲਈ ਕਿਹਾ ਅਤੇ ਇਹ ਤਰੀਕਾ ਕੰਮ ਕਰ ਗਿਆ।

ਵਿਦਿਆ ਬਾਲਨ ਆਪਣੀ ਫਿਲਮ 'ਬੌਬੀ ਜਾਸੂਸ' ਦੇ ਪ੍ਰਚਾਰ ਲਈ ਭਿਖਾਰੀ ਬਣ ਗਈ ਅਤੇ ਹੈਦਰਾਬਾਦ ਦੇ ਰੇਲਵੇ ਸਟੇਸ਼ਨ ਦੇ ਬਾਹਰ ਭਿਖਾਰੀਆਂ ਦੀ ਭੀੜ ਵਿਚ ਬੈਠ ਗਈ। ਉਸ ਦੀ ਦਿੱਖ ਇੰਨੀ ਸ਼ਾਨਦਾਰ ਸੀ ਕਿ ਕੋਈ ਉਸ ਨੂੰ ਪਛਾਣ ਨਹੀਂ ਸਕਦਾ ਸੀ, ਤਾਂ ਹੀ ਇਕ ਔਰਤ ਨੇ ਉਸ ਨੂੰ ਰਸਤੇ ਵਿਚ ਆਉਣ ਲਈ ਝਿੜਕ ਦਿੱਤਾ ਸੀ। ਫਿਲਮ 'ਕਹਾਨੀ' ਦੇ ਪ੍ਰਚਾਰ ਲਈ ਉਸ ਨੇ ਗਰਭਵਤੀ ਦਿਸਣ ਲਈ ਪੇਟ 'ਤੇ ਕੁਝ ਸਮਾਨ ਬੰਨ੍ਹ ਲਿਆ ਸੀ।

ਆਲੀਆ ਭੱਟ ਨੇ ਅਰਜੁਨ ਕਪੂਰ ਨਾਲ ਆਪਣੇ ਵਿਆਹ ਦਾ ਕਾਰਡ ਇੰਟਰਨੈਟ 'ਤੇ ਪੋਸਟ ਕਰ ਦਿੱਤਾ। ਕਾਰਨ ਸੀ, ਸਿਰਫ ਫਿਲਮ ਦਾ ਪ੍ਰਚਾਰ। ਇਕ ਵਾਰ ਤਾਂ ਲੋਕ ਹੈਰਾਨ ਹੋ ਗਏ ਕਿ ਆਲੀਆ ਅਤੇ ਅਰਜੁਨ ਵਿਆਹ ਕਰ ਰਹੇ ਹਨ, ਪਰ ਬਾਅਦ ਵਿਚ ਪਤਾ ਲੱਗਿਆ ਕਿ ਇਹ ਹਥਕੰਡਾ ਫਿਲਮ '2 ਸਟੇਟਸ' ਦੇ ਪ੍ਰਚਾਰ ਦਾ ਤਰੀਕਾ ਸੀ।

'ਫਿਲੌਰੀ' ਅਨੁਸ਼ਕਾ ਸ਼ਰਮਾ ਅਤੇ ਦਿਲਜੀਤ ਦੋਸਾਂਝ ਦੀ ਫਿਲਮ ਸੀ। ਇਹ ਬੇਸ਼ੱਕ ਟਿਕਟ ਖਿੜਕੀ 'ਤੇ ਕੋਈ ਕਮਾਲ ਨਹੀਂ ਕਰ ਸਕੀ, ਪਰ ਫਿਲਮ ਦਾ ਪ੍ਰਚਾਰ ਬੇਹੱਦ ਅਲੱਗ ਸੀ। ਇਸ ਫਿਲਮ ਦੇ ਪ੍ਰਚਾਰ ਲਈ ਟੈਲੀਵਿਜ਼ਨ ਸੀਰੀਜ਼ ਚਲਾਈ ਗਈ ਸੀ ਜਿਸ ਵਿਚ ਫਿਲੌਰੀ ਪ੍ਰੇਤ ਆਤਮਾ ਬਣ ਕੇ ਕਦੇ ਔਸਕਰ ਤਾਂ ਕਦੇ ਪੁਲਾੜ ਵਿਚ ਨਜ਼ਰ ਆਈ।

ਆਮਿਰ ਖਾਨ ਦੇ ਪ੍ਰਚਾਰ ਦੇ ਮਾਧਿਅਮ ਸਭ ਤੋਂ ਵਧੀਆ ਹੁੰਦੇ ਹਨ। ਉਹ ਸਿੱਧੇ ਆਮ ਆਦਮੀ ਨਾਲ ਜੁੜਦੇ ਹਨ। ਪਿਛਲੇ ਸਾਲ ਆਪਣੀ ਫਿਲਮ 'ਠੱਗਜ਼ ਆਫ ਹਿੰਦੁਸਤਾਨ' ਦੇ ਪ੍ਰਚਾਰ ਦੌਰਾਨ ਉਹ ਨੱਕ ਵਿਚ ਵੱਡਾ ਕੋਕਾ ਅਤੇ ਕੰਨਾਂ ਵਿਚ ਵਾਲੀਆਂ ਤੇ ਨਾਲ ਹੀ ਅੱਖਾਂ ਵਿਚ ਸੁਰਮਾ ਪਾ ਕੇ ਸੂਟ ਬੂਟ ਪਹਿਨ ਕੇ ਹੀ ਕਿਸੇ ਪ੍ਰੋਗਰਾਮ ਵਿਚ ਪਹੁੰਚਦਾ ਸੀ। ਫਿਲਮ 'ਗਜ਼ਨੀ' ਦੇ ਪ੍ਰਚਾਰ ਲਈ ਵੀ ਆਮਿਰ ਨੇ ਸਿਰ ਮੁੰਨਵਾਇਆ ਸੀ। ਅਕਸ਼ੈ ਕੁਮਾਰ ਦਾ ਅੰਦਾਜ਼ ਵੱਖਰਾ ਹੈ। ਜਦੋਂ ਫਿਲਮ 'ਹਾਊਸਫੁਲ 4' ਰਿਲੀਜ਼ ਹੋਈ ਤਾਂ ਉਹ ਪੂਰੀ ਸਟਾਰ ਕਾਸਟ ਨਾਲ ਟਰੇਨ ਵਿਚ ਪ੍ਰਚਾਰ ਲਈ ਚੜ੍ਹ ਗਿਆ। ਉਹ ਗੱਡੀ ਦੇ 8 ਕੋਚ ਬੁੱਕ ਕਰਵਾ ਕੇ ਰਿਤੇਸ਼ ਦੇਸ਼ਮੁਖ, ਬੌਬੀ ਦਿਓਲ, ਕ੍ਰਿਤੀ ਸੈਨਨ ਅਤੇ ਕ੍ਰਿਤੀ ਖਰਬੰਦਾ ਸਮੇਂ ਇਸ 'ਤੇ ਗਿਆ।

ਸਨੀ ਲਿਓਨੀ ਦੀ ਪ੍ਰਚਾਰ ਰਣਨੀਤੀ ਕਾਫੀ ਅਲੱਗ ਅਤੇ ਅਜੀਬ ਹੈ। ਆਪਣੀ ਫਿਲਮ 'ਰਾਗਿਨੀ ਐਮ.ਐਮ.ਐਸ.' ਦੇ ਪ੍ਰਚਾਰ ਲਈ ਟੀਮ ਨੇ ਕਈ ਆਟੋ ਚਾਲਕਾਂ ਨੂੰ ਆਪਣੇ ਆਟੋ 'ਤੇ 'ਰਾਗਿਨੀ ਐਮ.ਐਮ.ਐਸ. ਦੇਖਿਆ?' ਲਿਖਵਾਇਆ ਸੀ। ਇਹ ਪ੍ਰਚਾਰ ਰਣਨੀਤੀ ਇੰਨੀ ਹਿੱਟ ਹੋਈ ਕਿ ਰਾਤੋ-ਰਾਤ ਗੂਗਲ ਸਰਚ 'ਤੇ ਇਹੀ ਖੋਜਿਆ ਗਿਆ। ਫਿਲਮ 'ਜਿਸਮ 2' ਲਈ ਉਸ ਦੇ ਕੱਪੜਿਆਂ ਨੂੰ ਨਿਲਾਮੀ ਲਈ ਰੱਖਿਆ ਗਿਆ ਸੀ।

ਆਪਣੀ ਫਿਲਮ 'ਤਮਾਸ਼ਾ' ਦਾ ਪ੍ਰਚਾਰ ਕਰਦੇ ਹੋਏ ਰਣਬੀਰ, ਦੀਪਿਕਾ ਅਤੇ ਇਮਤਿਆਜ਼ ਅਲੀ ਨੇ ਮੁੰਬਈ ਤੋਂ ਦਿੱਲੀ ਤਕ ਟਰੇਨ ਰਾਹੀਂ ਯਾਤਰਾ ਕੀਤੀ। ਇਸ ਰਣਨੀਤੀ ਨੇ ਕੰਮ ਕੀਤਾ ਅਤੇ ਮੀਡੀਆ ਨੂੰ ਆਪਣੇ ਵੱਲ ਖਿੱਚਿਆ। ਇਉਂ ਇਹ ਫਿਲਮ ਪੈਸਾ ਕਮਾਉਣ ਵਿਚ ਕਾਫੀ ਹੱਦ ਤਕ ਕਾਮਯਾਬ ਰਹੀ।

**-ਦੀਪਤੀ ਅੰਗਰੀਸ਼**

# ਫਿਲਮਾਂ 'ਤੇ ਵੀ ਭਾਰੀ ਪੈ ਗਿਆ ਕਰੋਨਾ ਵਾਇਰਸ

ਕਰੋਨਾਵਾਇਰਸ ਦੀ ਮਹਾਮਾਰੀ ਕਾਰਨ ਬੰਦ ਕੀਤੇ ਸਿਨੇਮਾ ਘਰਾਂ ਦੇ ਮੱਦੇਨਜ਼ਰ ਅਗਲੇ ਕੁਝ ਦਿਨਾਂ ਵਿਚ ਰਿਲੀਜ਼ ਹੋਣ ਵਾਲੀਆਂ ਫਿਲਮਾਂ ਅੱਗੇ ਪਾ ਦਿੱਤੀਆਂ ਗਈਆਂ ਹਨ ਪਰ ਪਹਿਲਾਂ ਹੀ ਚੱਲ ਰਹੀਆਂ ਫਿਲਮਾਂ 'ਤੇ ਮੰਦੀ ਛਾ ਗਈ ਹੈ। ਅਦਾਕਾਰ ਟਾਈਗਰ ਸ਼ਰੌਫ ਦੀ ਫਿਲਮ 'ਬਾਗੀ 3' ਅਤੇ 'ਅੰਗਰੇਜ਼ੀ ਮੀਡੀਅਮ' ਜਿਸ ਨਾਲ ਇਰਫਾਨ ਪਠਾਨ ਦੀ ਵਾਪਸੀ ਹੋਈ ਹੈ, ਉਪਰ ਸਭ ਤੋਂ ਵੱਧ ਅਸਰ ਪਿਆ ਹੈ।

ਭਾਰਤ ਵਿਚ 6 ਮਾਰਚ ਨੂੰ ਰਿਲੀਜ਼ ਹੋਈ 'ਬਾਗੀ 3' ਵਧੀਆ ਕਾਰੋਬਾਰ ਕਰ ਰਹੀ ਸੀ ਪਰ ਕਈ ਸੂਬਿਆਂ ਵਲੋਂ ਐਮਰਜੈਂਸੀ ਐਲਾਨੇ ਜਾਣ ਮਗਰੋਂ ਸਿਨੇਮਾਘਰ ਬੰਦ ਕਰ ਦਿੱਤੇ ਗਏ ਹਨ, ਜਿਸ ਦਾ ਫਿਲਮ ਦੇ ਕਾਰੋਬਾਰ 'ਤੇ ਮਾੜਾ ਅਸਰ ਪੈਣਾ ਲਾਜ਼ਮੀ ਹੈ। ਇਹ ਫਿਲਮ ਇਸ ਵਰ੍ਹੇ 2020 ਦੀ ਪਹਿਲੇ ਦਿਨ ਸਭ ਤੋਂ ਵੱਧ ਕਮਾਈ (17.59 ਕਰੋੜ ਰੁਪਏ) ਕਰਨ ਵਾਲੀ ਫਿਲਮ ਬਣੀ ਸੀ। ਹੁਣ ਦਿੱਲੀ, ਮਹਾਰਾਸ਼ਟਰ, ਜੰਮੂ, ਬਿਹਾਰ, ਉੜੀਸਾ, ਕਰਨਾਟਕ ਅਤੇ ਕੇਰਲ ਵਿਚ ਬੰਦ ਕੀਤੇ ਸਿਨੇਮਾਘਰਾਂ ਕਾਰਨ ਫਿਲਮ ਦਾ ਕਾਰੋਬਾਰ ਇਕਦਮ ਹੇਠਾਂ ਆ ਗਿਆ ਹੈ। ਇਸ ਹਾਲਾਤ ਵਿਚ 'ਬਾਗੀ 3' ਅਤੇ ਰੋਹਿਤ ਸ਼ੈਟੀ ਦੀ ਅੱਗੇ ਪਾਈ ਗਈ ਫਿਲਮ 'ਸੂਰਿਯਾਵੰਸ਼ੀ' ਦੇ ਕਾਰੋਬਾਰ 'ਤੇ 15-20 ਫੀਸਦ ਤੱਕ ਅਸਰ ਪਵੇਗਾ। ਫਿਲਮ 'ਅੰਗਰੇਜ਼ੀ ਮੀਡੀਅਮ' ਉਪਰ ਇਸ ਦਾ ਵੱਡਾ ਅਸਰ ਪਵੇਗਾ ਅਤੇ ਇਸ ਦਾ 20 ਤੋਂ 30 ਫੀਸਦ ਕਾਰੋਬਾਰ ਪ੍ਰਭਾਵਿਤ ਹੋਵੇਗਾ।

ਉਧਰ, ਕਰੋਨਾਵਾਇਰਸ ਦਾ ਅਸਰ ਲਾਸ ਏਂਜਲਸ (ਅਮਰੀਕਾ) ਹੋਣ ਵਾਲੇ ਭਾਰਤੀ ਫਿਲਮ ਮੇਲੇ 'ਤੇ ਵੀ ਪਿਆ ਹੈ। 'ਇੰਡੀਆ ਫਿਲਮ ਫੈਸਟੀਵਲ ਲਾਸ ਏਂਜਲਸ' ਦੇ ਪ੍ਰਬੰਧਕਾਂ ਨੇ 1 ਤੋਂ 5 ਅਪਰੈਲ ਤਕ ਹੋਣ ਵਾਲੇ ਇਸ ਮੇਲੇ ਨੂੰ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਮੇਲੇ ਦੇ ਬੋਰਡ ਦੀ ਚੇਅਰਪਰਸਨ ਕ੍ਰਿਸਟੀਨਾ ਮਾਰੌਂਡਾ ਨੇ ਕਿਹਾ ਹੈ ਕਿ ਕਰੋਨਾਵਾਇਰਸ ਮਹਾਮਾਰੀ ਨੂੰ ਫੈਲਣ ਅਤੇ ਲੋਕਾਂ ਨੂੰ ਇਸ ਤੋਂ ਬਚਾਉਣ ਲਈ ਇਹ ਕਦਮ ਉਠਾਇਆ ਗਿਆ ਹੈ।

'ਅੰਗਰੇਜ਼ੀ ਮੀਡੀਅਮ' ਉਪਰ ਮਾਰ: ਅਦਾਕਾਰ ਇਰਫਾਨ ਦੀ ਫਿਲਮ 'ਅੰਗਰੇਜ਼ੀ ਮੀਡੀਅਮ' ਕਰੋਨਾਵਾਇਰਸ ਦੇ ਪ੍ਰਭਾਵ ਕਾਰਨ ਆਪਣੇ ਪਹਿਲੇ ਦਿਨ ਸਿਰਫ 4.03 ਕਰੋੜ ਰੁਪਏ ਦੀ ਕਮਾਈ ਹੀ ਕਰ ਸਕੀ। ਕਰੋਨਾਵਾਇਰਸ ਮਹਾਂਮਾਹੀ ਦਾ ਅਸਰ ਸਿਨੇਮਾ ਉਦਯੋਗ 'ਤੇ ਦੇਖਣ ਨੂੰ ਮਿਲ ਰਿਹਾ ਹੈ। ਇਸ ਮਹਾਂਮਾਰੀ ਤੋਂ ਬਚਾਅ ਦੇ ਮੱਦੇਨਜ਼ਰ ਦੇਸ਼ ਦੇ ਕਈ ਸੂਬਿਆਂ ਬਿਹਾਰ, ਦਿੱਲੀ, ਮੱਧ ਪ੍ਰਦੇਸ਼, ਕਰਨਾਟਕ, ਕੇਰਲਾ ਤੇ ਜੰਮੂ ਸਣੇ ਮਹਾਰਾਸ਼ਟਰ ਦੇ ਕਈ ਸ਼ਹਿਰਾਂ ਆਦਿ ਵਿਚ ਸਿਨੇਮਾ ਘਰ ਬੰਦ ਕਰ ਦਿੱਤੇ ਗਏ ਹਨ। ਵਪਾਰ ਵਿਸ਼ਲੇਸ਼ਕ ਤਰਨ ਆਦਰਸ਼ ਨੇ ਟਵੀਟ ਰਾਹੀਂ ਦੱਸਿਆ, 'ਅੰਗਰੇਜ਼ੀ ਮੀਡੀਅਮ ਨੇ ਸ਼ੁੱਕਰਵਾਰ 4.03 ਕਰੋੜ ਰੁਪਏ ਕਮਾਏ। ਕਰੋਨਵਾਇਰਸ ਕਾਰਨ ਸਿਨੇਮਾ ਘਰ ਬੰਦ ਹੋਣ ਦਾ ਅਸਰ ਫਿਲਮ ਉਦਯੋਗ 'ਤੇ ਪਿਆ ਹੈ।' ਇਸੇ ਦੌਰਾਨ ਫਿਲਮ ਦੇ ਨਿਰਮਾਤਾਵਾਂ ਨੇ ਐਲਾਨ ਕੀਤਾ ਕਿ ਭਾਰਤ ਵਿਚ ਸਥਿਤੀ ਸੁਧਰਨ ਅਤੇ ਸਿਨੇਮਾ ਘਰ ਖੁੱਲ੍ਹਣ ਮਗਰੋਂ ਇਸ ਫਿਲਮ ਨੂੰ ਦੁਬਾਰਾ ਰਿਲੀਜ਼ ਕੀਤਾ ਜਾਵੇਗਾ।





*ਫਿਲਮ 'ਅੰਗਰੇਜ਼ੀ ਮੀਡੀਅਮ' ਅਤੇ (ਸੱਜੇ) ਫਿਲਮ 'ਜਰਸੀ' ਦੇ ਪੋਸਟਰ।*

ਕਰੋਨਾਵਾਇਰਸ ਦੇ ਮੱਦੇਨਜ਼ਰ ਅਦਾਕਾਰ ਸ਼ਾਹਿਦ ਕਪੂਰ ਨੇ ਆਪਣੀ ਆਉਣ ਵਾਲੀ ਫਿਲਮ 'ਜਰਸੀ' ਦੀ ਸ਼ੂਟਿੰਗ ਰੋਕ ਦਿੱਤੀ ਹੈ। ਸ਼ਾਹਿਦ ਕਪੂਰ ਜੋ ਫਿਲਮ ਦੀ ਸ਼ੂਟਿੰਗ ਲਈ ਚੰਡੀਗੜ੍ਹ ਪੁੱਜ ਗਿਆ ਸੀ, ਨੇ ਟਵੀਟ 'ਚ ਕਿਹਾ, "ਅਜਿਹੇ ਸਮੇਂ ਦੌਰਾਨ ਸਾਡੀ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਵਾਇਰਸ ਨੂੰ ਰੋਕਣ ਲਈ ਅਸੀਂ ਕਦਮ ਚੁੱਕੀਏ। ਫਿਲਮ ਦੀ ਟੀਮ ਨੇ ਸ਼ੂਟਿੰਗ ਰੋਕਣ ਦਾ ਫੈਸਲਾ ਕੀਤਾ ਹੈ ਅਤੇ ਯੂਨਿਟ ਦੇ ਸਾਰੇ ਮੈਂਬਰ ਆਪਣੇ ਪਰਿਵਾਰਾਂ ਨਾਲ ਘਰਾਂ 'ਚ ਹੀ ਰਹਿਣਗੇ।" ਗੌਤਮ ਤਿੰਨੌਰੀ ਵਲੋਂ ਬਣਾਈ ਜਾ ਰਹੀ ਇਹ ਫਿਲਮ ਤੇਲਗੂ ਭਾਸ਼ਾ 'ਚ ਬਣੀ ਫਿਲਮ ਦਾ ਰੀਮੇਕ ਹੈ।

**-ਆਮਨਾ ਕੌਰ**

Tel.: 317-426-5410
Ext 311 or 340

# XPressCargo

Cell : 317-701-4230
Fax : 317-308-6424

**Pay Every Week**
Single upto 42 Cent + Team Upto 50 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com